Monthly

THE PUNJAB HERALD

ਮਾਨਵੀ ਪਰਚਮ ਨੂੰ ਸਿਦਕ ਦਿਲੀ ਨਾਲ ਬੁਲੰਦ ਰੱਖਣ ਦਾ ਹਸਤਾਖਰ

Bilingual

# ਦਾ ਪੰਜਾਬ ਹੈਰਲਡ

The Punjab Herald




Chief Editor & Publisher - Dr.Avtar S.Sangha B.A.Hons., M.A., Ph.D.(English)-India | Graduate Dip. In Edu. - English & History (NSW) Certificate IV Course in Trg. & Assess. (TAFE)-Australia

Free Copy

Edition - (90) Aug. 2021, Sydney, Canberra, Coffs Harbour & Melbourne, Phone - 0437641033 , Email - thepunjabherald1@gmail.com







English Pages: 31- 40

## ਅਸਟ੍ਰੇਲੀਆ ਦੀ ਮਰਦਮਸ਼ੁਮਾਰੀ 2021

## AUSTRALIAN CENSUS

10 AUGUST 2021

ਮਰਦਮਸ਼ੁਮਾਰੀ FORM ਦੇ ਸਵਾਲ 20, 22 ਅਤੇ 23 ਦਾ ਜਵਾਬ ਲਿਖੇ ਤਰੀਕੇ ਨਾਲ ਦਿਓ




SINGH TRUCK DRIVING SCHOOL

Get your truck licence for MR,HR, HC or MC classes.

One day courses Available

Friendly trainer speaks Punjabi, Hindi and English.

Established 2012



CALL JATINDER SINGH : 0433572723

TULI JEWELLERS

yours forever

The Glittering Symbol of Power & Strength



Design, Manufacture & Remodel

22ct., 18ct., 9ct. (Yellow & white Gold), Diamond & Gold Jewellery, Opals, Pearls & Silver Jewellery, Birth Stones, Gems Engagement Rings & Bridal Jewellery, Astrological Advice, Insurance 'n' Evaluation, Gifts 'n' Baby Showering

Custom Made Jewellery

TULI JEWELLERS PTY. LTD.

79, Marion Street Harris Park - 2150, Ph: 9635 5994 Mob: 0422 401 199


International
Visa Advisers
Migration & Education Advisers
Migration Services
•482 TSS Visa
•Partner Visa
•Business Visa
• 186 ENS Visa
• 500 Student Visa
• Parent Visa
• 491 & 494 Regional Area Visas
Education Services
Free Admission Services in Any College/ University in Australia
HARJINDER CHOUHAN
0403 430 987
MARN : 0956110
QEAC : D034
GURBINDER BRAR
0451011878
QEAC : 0837
E: info@visaadvisers.com.au | www.visaadvisers.com.au
Sydney
1 Boys Avenue Blacktown NSW 2148
(Ground Floor - Altitude Tower) T :02 8814 8888
Melbourne
Level 21, North Tower 459 Collins St.
Email: brar@visaadvisers.com.au


HDT
DRIVE NOW
Hitech driver training
WE PROVIDE TRAINING AND ASSESSMENT
No RMS test required
HEAVY RIGID, HEAVY COMBINATION
MULTI COMBINATION ,
ROAD TRAIN and BUS AUTHORITY
Automatic and Road Ranger gear box Refresher course
Pinder Punia
0450 000 036
Sunny Mander
0414 447 451
Preet Dhadli
0452 225 890
Please contact us for more information
Find us on
Website www.hitechdrivertraining.com
Email info@hitechdrivertraining.com
Admin@hitechdrivertraining.com

# DREAMZ TO REALITY LOANS

Government's First home loan deposit scheme

5% DEPOSIT WITH NO LMI*

If you are first home buyer and have only 5% savings, talk to us today to find out if you are eligible.

*Conditions apply



RAJESH BHATIA

MORTGAGE BROKER

M: 0430 821 823



HOME LOAN EXPERT

CASHBACK

REFINANCE UPTO $4000

*T & C Apply

## Specialised in...

- Home Loans
- Investment Property Loans
- Land & Construction Loans
- Refinancing
- Debt Consolidation
- Car, Business & Personal loans

SPECIAL INTEREST RATE*

* CONDITIONS APPLY.

OWNER OCCUPIED RATES

1.89% fixed for 2 years, Principal & Interest Re-payments
2.19% Variable rate, Principal & Interest Re-payments*

INVESTMENT RATE

2.24% fixed for 2 years Principal & Interest Re-payments

E : raj@dtrloans.com.au | W: dtrloans.com.au
Address : 1/15 Flushcombe Road Blacktown NSW 2148

Rajesh Bhatia is a credit representative (CRN 486345) of BLSSA Pty Ltd (ACL No: 381237)

bankwest nab FASTLEND ANZ Heritage Bank ING BANK Commonwealth Bank SUNCORP BANK citibank Westpac st.george LIBERTY BANK pepper money Virgin money



# Erudite Advisers & Accountants

Servicing the local and Business Community

(ABN:59047644592)

THE TAX INSTITUTE ASSOCIATE

"ਜੀ ਆਇਆਂ ਨੂੰ"



Gurvir Singh Makkar

B Com, CA(I), CPA

CPA

Erudite Advisers & Accountants is a CPA practice

## Specials

- Discounted services for Students
- Home visits for Senior Citizens and with special Needs
- Pet Friendly office

## Services Offered

- Taxation and Compliance services
- SMSF/ Payroll administration
- Cloud Accounting
- Assistance with buying/ selling of new/existing Businesses.
- Structure Advisory
- ABN/GST/BAS guidance
- Assistance with ATO related compliances
- Assistance with Govt Grants

Limited liability by scheme approved under Professional Standards Legislation.

gurvir@eruditeaccountants.com.au

+ 61 424 343 463

38B Langston Place, Epping, NSW 2121


TASTE IS OUR IDENTITY!
www.connaughtplace.com.au
Connaught Place
INDIAN RESTAURANT AND FUNCTION CENTER
contact@connaughtplace.com.au
CP Connaught Place Indian Restaurant and Function Center
0451 749 913
THEKA
FOR THOSE WITH PURE FOOD INDULGENCE IN MIND, COME ON IN AND SATE YOUR DESIRES WITH OUR EVER-CHANGING INTERNATIONALLY AND SEASONALLY INSPIRED SMALL & SHARING PLATES. WE LOVE FOOD, LOTS OF DIFFERENT FOOD, JUST LIKE YOU.
Our own made sweets
Sweets Available
Sweets, Mathi and Mater
Available for Bulk Order Also
SPECIAL EDITION
Order Now
Connaught Place Indian Restaurant and Function Centre
CALL NOW +61 451 749 913
1/95 QUEEN STREET ST. MARYS NSW 2760
For Bookings!
Balraj Singh Malhi 0430466514
Harnaik Sandhu 0402000970
Our Location
Level 1/95 Queen Street Saint Marys NSW 2760
Dine In, Restaurant Reservation and Take Away
+61451749913


KAUR LEGAL is a boutique law firm located at the heart of the Norwest Business Park.
Since we started our firm in 2019, we have helped over 650 clients in
✓ Property Law
✓ Commercial Law
✓ Family Law
✓ Immigration Law
✓ Wills and Estates
✓ Criminal Law
Book your consultation with Kaur Legal now.
CONTACT US ON
02 7200 7535
tkaur@kaurlegal.com

111 Accounting & Taxation Consultants
111 Business & Home Loans
TAX RETURNS
From $49
*Plus GST, Conditions Apply
OPEN 7 DAYS
Tax Returns, Home & Car Loans, BAS, Company Formation, SMSF Setup & Audio.
Present This to Receive $5 off
SANJEEV WALIA
Level 1, 13 Flushcombe Road, Blacktown NSW 2148
(Two minute walk from Blacktown Train Station)
Branch: 95 Wigram Street, Harris Park, NSW 2150
Ph. 02 9676 7302 Mob: 0431 312 081
Email: 111taxconsultant@gmail.com Web: www.111homeloans.com.au
CPA AUSTRALIA

# ਸਾਰੇ ਜਹਾਂ ਸੇ ਅੱਛਾ ਹਿੰਦੁਸਤਾਂ ਹਮਾਰਾ

## ਭਾਰਤ ਅਜ਼ਾਦੀ ਦਿਵਸ ਤੇ ਵਿਸ਼ੇਸ਼

ਭਾਰਤ ਨੂੰ ਕਿਸੇ ਸਮੇਂ 'ਸੋਨੇ ਦੀ ਚਿੜੀ' ਕਿਹਾ ਜਾਂਦਾ ਸੀ, ਲੰਮੇ ਸਮੇਂ ਦੀ ਅੰਗਰੇਜ਼ ਹਕੂਮਤ ਦੀ ਗ਼ੁਲਾਮੀ ਤੋਂ ਬਾਅਦ 15 ਅਗਸਤ, 1947 ਨੂੰ ਦੇਸ਼ ਆਜ਼ਾਦ ਹੋਇਆ। ਦੇਸ਼ ਨੂੰ ਆਜ਼ਾਦ ਕਰਵਾਉਣ ਲਈ ਵੱਖ-ਵੱਖ ਧਰਮਾਂ ਦੇ ਲੋਕਾਂ ਨੇ ਬਿਨਾਂ ਭੇਦ-ਭਾਵ ਤੋਂ ਕੁਰਬਾਨੀਆਂ ਦੇ ਕੇ ਬਰਤਾਨਵੀ ਸ਼ਾਸਨ ਤੋਂ ਸੁਤੰਤਰਤਾ ਪ੍ਰਾਪਤ ਕੀਤੀ। ਇਹ ਰਾਸ਼ਟਰੀ ਤਿਉਹਾਰ ਭਾਰਤ ਦੇ ਮਾਣ ਦਾ ਪ੍ਰਤੀਕ ਹੈ। ਇਸ ਮਹਾਨ ਦਿਨ ਦੀ ਯਾਦ 'ਚ ਭਾਰਤ ਦਾ ਪ੍ਰਧਾਨ ਮੰਤਰੀ ਹਰ ਸਾਲ ਲਾਲ ਕਿਲ੍ਹੇ 'ਤੇ ਝੰਡਾ ਲਹਿਰਾਉਂਦਾ ਹੈ। ਇਸ ਵਾਰ ਅਸੀਂ ਦੇਸ਼ ਦਾ 74ਵਾਂ ਆਜ਼ਾਦੀ ਦਿਹਾੜਾ ਮਨਾਉਣ ਜਾ ਰਹੇ ਹਾਂ।

*ਸਾਰੇ ਜਹਾਂ ਸੇ ਅੱਛਾ ਹਿਂਦੁਸਤਾਂ ਹਮਾਰਾ,*
*ਹਮ ਬੁਲਬੁਲੇਂ ਹੈਂ ਇਸ ਕੀ,*
*ਯੇ ਗੁਲਸਿਤਾਂ ਹਮਾਰਾ ਹਮਾਰਾ...*

ਭਾਰਤੀ ਸੁਤੰਤਰਤਾ ਸੰਘਰਸ਼ ਦੇ ਬਹੁਤ ਸਾਰੇ ਅਧਿਆਏ ਹਨ, ਜੋ 1857 ਦੀ ਬਗ਼ਾਵਤ ਤੋਂ ਲੈ ਕੇ ਜਲ੍ਹਿਆਂਵਾਲਾ ਬਾਗ਼ ਹੱਤਿਆਕਾਂਡ ਤਕ, ਅਸਹਿਯੋਗ ਅੰਦੋਲਨ ਤੋਂ ਲੈ ਕੇ ਲੂਣ ਸੱਤਿਆਗ੍ਰਹਿ ਤਕ ਤੇ ਹੋਰ ਅਨੇਕਾਂ ਸੰਘਰਸ਼ਾਂ ਤੋਂ ਮਿਲ ਕੇ ਬਣਿਆ ਹੈ। ਦੇਸ਼ ਨੂੰ ਅੰਗਰੇਜ਼ਾਂ ਦੀ ਗ਼ੁਲਾਮੀ ਤੋਂ ਮੁਕਤ ਕਰਵਾਉਣ ਲਈ ਭਾਰਤ ਦੇ ਮਹਾਨ ਆਜ਼ਾਦੀ ਘੁਲਾਟੀਏ ਨੇਤਾ ਸੁਭਾਸ਼ ਚੰਦਰ ਬੋਸ, ਭਗਤ ਸਿੰਘ, ਜਵਾਹਰ ਲਾਲ ਨਹਿਰੂ, ਮਹਾਤਮਾ ਗਾਂਧੀ, ਲਾਲਾ ਲਾਜਪਤ ਰਾਏ, ਬਾਲ ਗੰਗਾਧਰ ਤਿਲਕ, ਚੰਦਰ ਸ਼ੇਖ਼ਰ ਆਜ਼ਾਦ, ਉਹ ਪ੍ਰਸਿੱਧ ਦੇਸ਼ ਭਗਤ ਸਨ, ਜਿਨ੍ਹਾਂ ਨੇ ਆਪਣੇ ਜੀਵਨ ਦੇ ਅੰਤ ਤਕ ਸੰਘਰਸ਼ ਕੀਤਾ। ਇਸ ਅਜ਼ਾਦੀ ਦੇ ਨਾਲ ਹੀ ਸਦੀਆਂ ਤੋਂ ਇਕੱਠੇ ਰਹਿ ਰਹੇ ਵੱਖ-ਵੱਖ ਧਰਮਾਂ ਦੇ ਲੋਕ ਗੰਦੀ ਰਾਜਨੀਤੀ ਦੀ ਭੇਟ ਚੜ੍ਹ ਕੇ ਇਕ-ਦੂਜੇ ਦੇ ਖ਼ੂਨ ਦੇ ਪਿਆਸੇ ਹੋ ਗਏ। ਸਿੱਟੇ ਵਜੋਂ ਭਾਰਤ ਦੋ ਹਿੱਸਿਆਂ 'ਚ ਵੰਡਿਆ ਗਿਆ-ਭਾਰਤ ਤੇ ਪਾਕਿਸਤਾਨ। ਪਾਕਿਸਤਾਨ 'ਚ 14 ਅਤੇ ਭਾਰਤ 'ਚ 15 ਅਗਸਤ ਨੂੰ ਸੁਤੰਤਰਤਾ ਦਿਵਸ ਮਨਾਇਆ ਜਾਂਦਾ ਹੈ। ਦੇਸ਼ ਦੀ ਅਜ਼ਾਦੀ ਤੋਂ ਬਾਅਦ ਪੰਡਿਤ ਜਵਾਹਰ ਲਾਲ ਨਹਿਰੂ ਭਾਰਤ ਦੇ ਪਹਿਲੇ ਪ੍ਰਧਾਨ ਮੰਤਰੀ ਬਣੇ, ਜਿਨ੍ਹਾਂ ਨੇ ਦਿੱਲੀ ਦੇ ਲਾਲ ਕਿਲ੍ਹੇ 'ਤੇ ਸਭ ਤੋਂ ਪਹਿਲਾ ਤਿਰੰਗਾ ਝੰਡਾ ਲਹਿਰਾਇਆ ਸੀ।

*'ਸਰਫ਼ਰੋਸ਼ੀ ਕੀ ਤਮੰਨਾ ਅਬ ਹਮਾਰੇ ਦਿਲ ਮੇਂ ਹੈ।*
*ਦੇਖਨਾ ਹੈ ਜ਼ੋਰ ਕਿਤਨਾ ਬਾਜ਼ੂ-ਏ-ਕਾਤਿਲ ਮੇਂ ਹੈ।'*

### ਝੰਡਾ ਲਹਿਰਾਉਣ ਦੀ ਰਸਮ

ਹਰ ਸਾਲ ਪੂਰੇ ਦੇਸ਼ 'ਚ ਆਜ਼ਾਦੀ ਦਿਵਸ ਨੂੰ ਸਮਰਪਿਤ ਰਾਸ਼ਟਰੀ ਪੱਧਰ 'ਤੇ ਸਮਾਰੋਹ ਕਰਵਾਏ ਜਾਂਦੇ ਹਨ। ਇਹ ਭਾਰਤ ਦਾ ਕੌਮੀ ਦਿਹਾੜਾ ਹੈ, ਜਿਸ ਨੂੰ ਪੂਰੇ ਭਾਰਤ 'ਚ ਬੜੇ ਉਤਸ਼ਾਹ ਨਾਲ ਮਨਾਇਆ ਜਾਂਦਾ ਹੈ। ਭਾਰਤ ਦੀ ਰਾਜਧਾਨੀ ਦਿੱਲੀ 'ਚ ਸੁਤੰਤਰ ਦਿਵਸ ਹਰ ਸਾਲ ਵੱਡੇ ਪੱਧਰ 'ਤੇ ਮਨਾਇਆ ਜਾਂਦਾ ਹੈ। ਦੇਸ਼ ਦੇ ਵੱਖੋ-ਵੱਖ ਸੂਬਿਆਂ 'ਚੋਂ ਲੋਕ ਇਸ ਖ਼ਾਸ ਦਿਨ 'ਤੇ ਵਿਸ਼ੇਸ਼ ਸਮਾਰੋਹ ਦੇਖਣ ਲਈ ਆਉਂਦੇ ਹਨ। ਇਹ ਭਾਰਤ ਦਾ ਕੌਮੀ ਦਿਹਾੜਾ ਹੈ, ਜਿਸ ਨੂੰ ਪੂਰੇ ਭਾਰਤ 'ਚ ਬਹੁਤ ਹੀ ਉਤਸ਼ਾਹ ਨਾਲ ਮਨਾਇਆ ਜਾਂਦਾ ਹੈ। ਭਾਰਤ ਦੀ ਰਾਜਧਾਨੀ ਦਿੱਲੀ 'ਚ ਪ੍ਰਧਾਨ ਮੰਤਰੀ ਲਾਲ ਕਿਲ੍ਹੇ



'ਤੇ ਰਾਸ਼ਟਰੀ ਝੰਡਾ ਲਹਿਰਾਉਂਦੇ ਹਨ ਤੇ ਫਿਰ ਰਾਸ਼ਟਰੀ ਗੀਤ ਗਾਇਆ ਜਾਂਦਾ ਹੈ। ਪ੍ਰਧਾਨ ਮੰਤਰੀ ਵੱਲੋਂ ਇਸ ਮੌਕੇ ਲੋਕਾਂ ਨੂੰ ਸੰਬੋਧਨ ਕੀਤਾ ਜਾਂਦਾ ਹੈ ਤੇ ਦੇਸ਼ ਵਾਸੀਆਂ ਨੂੰ ਸੁਤੰਤਰਤਾ ਦਿਵਸ ਦੀਆਂ ਵਧਾਈਆਂ ਦਿੱਤੀਆਂ ਜਾਂਦੀਆਂ ਹਨ।

### ਬੱਚਿਆਂ 'ਚ ਘਟਦੀ ਦੇਸ਼ ਭਗਤੀ ਦੀ ਭਾਵਨਾ

ਕਿਸੇ ਵੀ ਦੇਸ਼ ਦੀ ਖ਼ੁਸ਼ਹਾਲੀ ਇਸ ਗੱਲ 'ਤੇ ਨਿਰਭਰ ਕਰਦੀ ਹੈ ਕਿ ਉੱਥੋਂ ਦੇ ਵਸਨੀਕਾਂ 'ਚ ਦੇਸ਼ ਭਗਤੀ ਦੀ ਭਾਵਨਾ ਕਿੰਨੀ ਕੁ ਹੈ। ਜੇ ਅਜੋਕੇ ਬੱਚਿਆਂ ਦੀ ਗੱਲ ਕੀਤੀ ਜਾਵੇ ਤਾਂ ਉਨ੍ਹਾਂ ਵਿਚ ਦੇਸ਼ ਭਗਤੀ ਦੀ ਭਾਵਨਾ ਘਟਦੀ ਜਾ ਰਹੀ ਹੈ। ਉਹ ਖ਼ੁਦ ਨੂੰ ਦੇਸ਼ ਭਗਤ ਤਾਂ ਕਹਿੰਦੇ ਹਨ ਪਰ ਆਪਣੇ ਦੇਸ਼ ਲਈ ਕੁਝ ਨਹੀਂ ਕਰਦੇ। ਬੱਚਿਆਂ ਕੋਲ ਪਹਿਲਾਂ ਹੀ ਸਮੇਂ ਦੀ ਘਾਟ ਹੁੰਦੀ ਹੈ ਤੇ ਉਸ ਸਮੇਂ 'ਚ ਵੀ ਉਹ ਫੇਸਬੁੱਕ ਤੇ ਵ੍ਹਟਸਐਪ ਚਲਾਉਣ 'ਚ ਰੁੱਝੇ ਰਹਿੰਦੇ ਹਨ। ਜਦੋਂ ਸ਼ਹੀਦੀ ਦਿਵਸ, ਆਜ਼ਾਦੀ ਦਿਵਸ ਜਾਂ ਗਣਤੰਤਰ ਦਿਵਸ ਵਰਗੇ ਕੌਮੀ ਦਿਹਾੜੇ ਆਉਂਦੇ ਹਨ ਤਾਂ ਉਨ੍ਹਾਂ ਦੀ ਦੇਸ਼ ਭਗਤੀ ਜਾਗ ਪੈਂਦੀ ਹੈ। ਉਹ ਆਪਣੇ ਫੇਸਬੁੱਕ ਅਕਾਊਂਟ ਜਾਂ ਵ੍ਹਟਸਐਪ 'ਤੇ ਦੇਸ਼ ਭਗਤੀ ਦੀ ਭਾਵਨਾ ਦਿਖਾਉਣ ਲਗਦੇ ਹਨ। ਇਸ ਨੂੰ ਅਸਲੀ ਦੇਸ਼ ਭਗਤੀ ਨਹੀਂ ਕਿਹਾ ਜਾ ਸਕਦਾ। ਦੇਸ਼ ਭਗਤੀ ਦਾ ਮਤਲਬ ਸਿਰਫ਼ ਝੰਡਾ ਲਹਿਰਾਉਣਾ ਜਾਂ ਦੇਸ਼ ਭਗਤੀ ਦੇ ਗੀਤ ਗਾਉਣਾ ਨਹੀਂ ਹੁੰਦਾ, ਬਲਕਿ ਦੇਸ਼ ਦੇ ਕਣ-ਕਣ ਨਾਲ ਪਿਆਰ ਹੋਣਾ, ਆਸ-ਪਾਸ 'ਚ ਸਫ਼ਾਈ ਰੱਖਣੀ, ਗ਼ਰੀਬ ਬੱਚਿਆਂ ਦੀ ਪੜ੍ਹਾਈ 'ਚ ਮਦਦ ਕਰਨਾ, ਦੇਸ਼ ਵਾਸੀਆਂ ਨਾਲ ਪਿਆਰ ਹੋਣਾ ਤੇ ਵੱਡਿਆਂ ਦਾ ਆਦਰ ਕਰਨਾ ਹੁੰਦਾ ਹੈ। ਸਾਨੂੰ ਅਜਿਹੀ ਕੋਈ ਵੀ ਗ਼ਲਤੀ ਨਹੀਂ ਕਰਨੀ ਚਾਹੀਦੀ, ਜਿਸ ਨਾਲ ਸਾਡੇ ਦੇਸ਼ ਨੂੰ ਨੁਕਸਾਨ ਪਹੁੰਚੇ। ਬੱਚਿਆਂ 'ਚ ਦੇਸ਼ ਭਗਤੀ ਵਧਾਉਣੀ ਬਹੁਤ ਜ਼ਰੂਰੀ ਹੈ, ਕਿਉਂਕਿ ਇਹ ਦੇਸ਼ ਦਾ ਭਵਿੱਖ ਹਨ। ਕੱਲ੍ਹ ਨੂੰ ਇਨ੍ਹਾਂ ਨੇ ਹੀ ਦੇਸ਼ ਚਲਾਉਣਾ ਹੈ ਤੇ ਇਸ ਨੂੰ ਤਰੱਕੀ ਦੀਆਂ ਲੀਹਾਂ 'ਤੇ ਲਿਜਾਣਾ ਹੈ।

### ਅੱਜ ਵੀ ਨਹੀਂ ਮਿਲੀ ਅਜ਼ਾਦੀ

ਭਾਰਤ ਨੂੰ ਅਜ਼ਾਦ ਹੋਇਆਂ 73 ਸਾਲ ਬੀਤ ਚੁੱਕੇ ਹਨ ਪਰ ਕੀ ਅਸੀਂ ਆਜ਼ਾਦ ਹਾਂ, ਦੇਸ਼ ਦਾ ਭਵਿੱਖ ਅਖ਼ਵਾਉਣ ਵਾਲੇ ਬੱਚੇ ਅਜ਼ਾਦ ਹਨ? ਨਹੀਂ, ਅੱਜ ਵੀ ਦੇਸ਼ ਦਾ ਕੌਮੀ ਸਰਮਾਇਆ ਗ਼ੁਲਾਮੀ ਭਰੀ ਜ਼ਿੰਦਗੀ ਜਿਊਣ ਲਈ ਮਜਬੂਰ ਹੈ। ਸਾਡੇ ਦੇਸ਼ ਦੇ ਕਈ ਬੱਚੇ, ਜਿਨ੍ਹਾਂ ਦੀ ਉਮਰ 6-14 ਸਾਲ ਹੈ, ਅੱਜ ਵੀ ਬਾਲ ਮਜ਼ਦੂਰੀ ਦਾ ਸ਼ਿਕਾਰ ਹਨ। ਬੱਚਿਆਂ ਦੀ ਇਹ ਹਾਲਤ ਕਿਸੇ ਤੋਂ ਲੁਕੀ ਹੋਈ ਨਹੀਂ ਹੈ। ਬਾਲ ਮਜ਼ਦੂਰੀ 'ਚ ਭਾਰਤ ਵਿਸ਼ਵ 'ਚੋਂ ਸਭ ਤੋਂ ਅੱਗੇ ਹੈ। ਬਾਲ ਮਜ਼ਦੂਰੀ ਨਾਲ ਬੱਚਿਆਂ ਦਾ ਸਰੀਰਕ, ਮਾਨਸਿਕ, ਬੌਧਿਕ ਤੇ ਨੈਤਿਕ ਵਿਕਾਸ ਤਾਂ ਰੁਕਦਾ ਹੀ ਹੈ, ਨਾਲ ਹੀ ਇਹ ਮਸੂਮ ਸ਼ੋਸ਼ਣ ਦਾ ਸ਼ਿਕਾਰ ਹੋ ਕੇ ਸਿੱਖਿਆ ਵਰਗੇ ਬੁਨਿਆਦੀ ਹੱਕਾਂ ਤੋਂ ਵੀ ਸੱਖਣੇ ਰਹਿ ਜਾਂਦੇ ਹਨ। ਸਰਕਾਰ ਵੱਲੋਂ ਸਿੱਖਿਆ ਦਾ ਅਧਿਕਾਰ ਲਾਗੂ ਕੀਤਾ ਗਿਆ ਹੈ ਪਰ ਅੱਜ ਵੀ ਗ਼ਰੀਬ ਘਰਾਂ ਦੇ ਬੱਚੇ ਸਕੂਲ ਜਾਣ ਦੀ ਬਜਾਏ ਕੰਮ ਕਰਨ ਨੂੰ ਚੰਗਾ ਸਮਝਦੇ ਹਨ। ਜੇ ਸਮਾਜ ਤੇ ਸਰਕਾਰ ਦੇਸ਼ ਦਾ ਭਵਿੱਖ ਮੰਨੇ ਜਾਣ ਵਾਲੇ ਬੱਚਿਆਂ ਦਾ ਵਿਕਾਸ ਕਰਨਾ ਚਾਹੁੰਦੇ ਹਨ ਤਾਂ ਬੱਚਿਆਂ ਦੇ ਵਿਕਾਸ ਤੇ ਸੁਰੱਖਿਆ ਲਈ ਠੋਸ ਨੀਤੀਆਂ ਬਣਾਉਣੀਆਂ ਤੇ ਲਾਗੂ ਕਰਨੀਆਂ ਪੈਣਗੀਆਂ ਤਦ ਹੀ ਬੱਚੇ ਆਜ਼ਾਦੀ ਨਾਲ ਜ਼ਿੰਦਗੀ ਜੀਅ ਸਕਣਗੇ।

### ਦੇਸ਼ ਦਾ ਮਾਣ ਹੈ ਤਿਰੰਗਾ

ਹਰ ਸੁਤੰਤਰ ਦੇਸ਼ ਦਾ ਆਪਣਾ ਇਕ ਝੰਡਾ ਹੁੰਦਾ ਹੈ। ਇਹ ਕਿਸੇ ਵੀ ਦੇਸ਼ ਦੇ ਸੁਤੰਤਰ ਹੋਣ ਦਾ ਚਿੰਨ੍ਹ ਹੈ। ਭਾਰਤ ਦੇ ਰਾਸ਼ਟਰੀ ਝੰਡੇ ਨੂੰ ਇਸ ਦੇ ਵਰਤਮਾਨ ਸਰੂਪ 'ਚ 22 ਜੁਲਾਈ 1947 ਨੂੰ ਹੋਈ ਭਾਰਤੀ ਸੰਵਿਧਾਨ ਸਭਾ ਦੀ ਬੈਠਕ ਦੌਰਾਨ ਅਪਨਾਇਆ ਗਿਆ, ਜੋ ਅੰਗਰੇਜ਼ਾਂ ਤੋਂ ਭਾਰਤ ਦੀ ਆਜ਼ਾਦੀ ਦੇ ਕੁਝ ਦਿਨ ਪਹਿਲਾਂ ਹੀ ਕੀਤੀ ਗਈ ਸੀ। ਇਸ ਨੂੰ 15 ਅਗਸਤ 1947 ਅਤੇ 26 ਜਨਵਰੀ 1950 'ਚ ਭਾਰਤ ਦੇ ਰਾਸ਼ਟਰੀ ਝੰਡੇ ਦੇ ਰੂਪ 'ਚ ਅਪਣਾਇਆ ਗਿਆ। ਤਿੰਨ ਰੰਗਾਂ ਨਾਲ ਬਣਿਆ ਇਹ ਝੰਡਾ ਸਾਨੂੰ ਕਈ ਸੁਨੇਹੇ ਦਿੰਦਾ ਹੈ। ਇਸ ਵਿਚ ਸਭ ਤੋਂ ਉਪਰ ਕੇਸਰੀ, ਵਿਚਾਲੇ ਸਫ਼ੈਦ ਤੇ ਹੇਠਾਂ ਹਰੇ ਰੰਗ ਦੀ ਪੱਟੀ ਹੈ। ਇਹ ਤਿੰਨੇ ਰੰਗ ਬਰਾਬਰ ਅਨੁਪਾਤ 'ਚ ਹਨ।

– ਵਰਸ਼ਾ ਵਰਮਾ

# ਢਾਡੀ ਅਮਰ ਸਿੰਘ ਸ਼ੌਂਕੀ ਨੂੰ ਯਾਦ ਕਰਦਿਆਂ

ਜਨਮ ਦਿਨ ਅਤੇ ਬਰਸੀ 'ਤੇ ਵਿਸ਼ੇਸ਼

ਅਵਤਾਰ ਐੱਸ. ਸੰਘਾ
Avtar S. Sangha
0437641033



ਢਾਡੀ ਅਮਰ ਸਿੰਘ ਸ਼ੌਂਕੀ ਦੇ ਪਿੰਡ ਭੱਜਲ, ਤਹਿਸੀਲ ਗੜ੍ਹਸ਼ੰਕਰ, ਜਿਲ੍ਹਾ ਹੁਸ਼ਿਆਰਪੁਰ (ਪੰਜਾਬ) ਵਿਖੇ ਮੇਰੇ ਬਾਪ ਦੇ ਨਾਨਕੇ ਸਨ। ਸ਼ੌਂਕੀ ਨਾਨਕਿਆਂ ਦੇ ਘਰ ਵਿੱਚੋਂ ਹੀ ਸੀ। ਮੇਰੇ ਆਪਣੇ ਨਾਨਕੇ ਭੱਜਲ ਪਿੰਡ ਤੋਂ ਚਾਰ ਕੁ ਕਿਲੋਮੀਟਰ ਦੂਰ ਪਿੰਡ ਕੁੱਕੜਾਂ ਵਿਖੇ ਹਨ। ਕੁੱਕੜਾਂ ਦੀ ਛਿੰਝ ਬੜੀ ਮਸ਼ਹੂਰ ਏ। ਅਸੀਂ ਆਪਣੇ ਬਚਪਨ ਤੋਂ ਹੀ ਇਹ ਛਿੰਝ ਦੇਖਣ ਅਕਸਰ ਜਾਇਆ ਕਰਦੇ ਸਾਂ। ਛਿੰਝ ਸਮੇਂ ਜਾਂ ਵੈਸੇ ਜਦ ਵੀ ਕਦੀ ਸਾਡਾ ਬਾਪੂ ਸਾਨੂੰ ਕੁੱਕੜਾਂ ਨੂੰ ਲਿਜਾਇਆ ਕਰਦਾ ਸੀ ਤਾਂ ਅਸੀਂ ਪਹਿਲਾਂ ਭੱਜਲ ਰੁਕਿਆ ਕਰਦੇ ਸਾਂ। ਉੱਥੇ ਛਾਹ ਵੇਲਾ ਖਾ ਕੇ ਦੁਪਹਿਰ ਅੱਗੇ ਆਪਣੇ ਨਾਨਕੀ ਕੁੱਕੜਾਂ ਵਿਖੇ ਖਾਇਆ ਕਰਦੇ ਸਾਂ। ਮੇਰੇ ਬਾਪ ਨੇ ਆਪਣੇ ਵਿਆਹ ਤੋਂ ਪਹਿਲਾਂ ਕਈ ਸਾਲ ਆਪਣੇ ਨਾਨਕੇ ਭੱਜਲ ਪਿੰਡ ਵਿਚ ਰਹਿ ਕੇ ਆਪਣੇ ਨਾਨੇ ਨਾਲ ਖੇਤੀ ਵੀ ਕਰਵਾਈ ਸੀ। ਇਸ ਕਰਕੇ ਮੇਰੇ ਬਾਪ ਦਾ ਅਮਰ ਸਿੰਘ ਸ਼ੌਂਕੀ ਨਾਲ ਆਮ ਹੀ ਉੱਠਣਾ ਬੈਠਣਾ ਸੀ। ਕੁੱਕੜਾਂ ਤੋਂ ਚਾਰ ਕੁ ਕਿਲੋਮੀਟਰ ਉੱਪਰ ਸ਼ਿਵਾਲਿਕ ਦੀਆਂ ਪਹਾੜੀਆਂ ਦੀ ਗੋਦ ਵਿਚ ਵਸਿਆ ਇੱਕ ਛੋਟਾ ਜਿਹਾ ਪਿੰਡ

*ਅਸਲ ਵਿਚ ਉਸਦੇ ਜਥੇ ਦੀ ਢੱਡ ਅਤੇ ਸਾਰੰਗੀ ਆਪਣੀ ਹੀ ਕਿਸਮ ਦਾ ਵਾਦਨ ਹੁੰਦਾ ਸੀ। ਅਗਰ ਇਕੱਲੀ ਢੱਡ ਹੀ ਵੱਜੇ ਤਾਂ ਵੀ ਪਤਾ ਲੱਗ ਜਾਂਦਾ ਸੀ ਕਿ ਇਹ ਸ਼ੌਂਕੀ ਦੇ ਜਥੇ ਦੀ ਢੱਡ ਏ। ਸ਼ੌਂਕੀ ਦੇ ਢਾਡੀ ਜਥੇ ਵਿਚ ਇਲਾਕੇ ਦੀਆਂ ਕਈ ਸਖਸ਼ੀਅਤਾਂ ਨੇ ਕੰਮ ਕੀਤਾ। ਬਹੁਤੇ ਢਾਡੀ ਜਥੇ ਪ੍ਰਚਾਰਕ ਦੇ ਨਾਮ ਨਾਲ ਮਸ਼ਹੂਰ ਹੁੰਦੇ ਹਨ ਜਿਵੇਂ ਦਯਾ ਸਿੰਘ ਦਿਲਬਰ ਦਾ ਢਾਡੀ ਜਥਾ, ਸੋਹਣ ਸਿੰਘ ਸੀਤਲ ਦਾ ਢਾਡੀ ਜਥਾ ਅਤੇ ਦੀਦਾਰ ਸਿੰਘ ਰਟੈਂਡਾ ਦਾ ਢਾਡੀ ਜਥਾ ਪ੍ਰੰਤੂ ਸ਼ੌਂਕੀ ਦਾ ਜਥਾ ਪ੍ਰਚਾਰਕ ਦੇ ਨਾਮ ਦੀ ਬਜਾਏ ਐਸੀ ਸਖਸ਼ੀਅਤ ਦੇ ਨਾਮ ਨਾਲ ਮਸ਼ਹੂਰ ਸੀ ਜਿਹੜਾ ਇਸ ਵਿਚ ਢੱਡ ਵਜਾਉਂਦਾ ਸੀ ਜਾਂ ਫਿਰ ਉੱਚੀ ਆਵਾਜ਼ ਵਿਚ ਗਾਉਂਦਾ ਸੀ।*

ਗੱਜਰ ਹੈ। ਉੱਥੋਂ ਦੇ ਇਕ ਬ੍ਰਾਹਮਣ ਪਰਿਵਾਰ ਨਾਲ ਮੇਰੇ ਬਾਪ ਦੀ ਪੁਰਾਣੀ ਸਾਂਝ ਸੀ। ਮੇਰਾ ਆਪਣਾ ਪਿੰਡ ਚਾਹਲਪੁਰ (ਹੁਸ਼ਿਆਰਪੁਰ) ਸ਼ਹੀਦ ਭਗਤ ਸਿੰਘ ਨਗਰ (ਨਵਾਂਸ਼ਹਿਰ) ਜਿਲ੍ਹੇ ਨਾਲ ਲੱਗਦਾ ਹੈ। ਸਾਡੇ ਪਿੰਡਾਂ ਵਿਚ ਬਾਸਮਤੀ ਅਤੇ ਬਰਸੀਨ ਬਹੁਤ ਹੁੰਦਾ ਏ। ਗੱਜਰ ਦੀ ਜ਼ਮੀਨ ਰੇਤਲੀ ਹੈ। ਉਦੋਂ ਇਹ ਮਾਰੂ ਵੀ ਹੋਇਆ ਕਰਦੀ ਸੀ ਕਿਉਂਕਿ ਸਰਕਾਰ ਦੇ ਟਿਊਬਵੈੱਲ ਉੱਥੇ ਕੁੱਝ ਸਮਾਂ ਬਾਅਦ ਲੱਗਣੇ ਸ਼ੁਰੂ ਹੋਏ ਸਨ। ਗੱਜਰ ਅਤੇ ਇਸ ਦੇ ਆਲੇ ਦੁਆਲੇ ਦੇ ਪਿੰਡਾਂ ਵਿਚ ਬਣ ਵਸੂਹਟੀਆਂ (ਹਲਕਾ ਜੰਗਲ) ਹੀ ਹੋਇਆ ਕਰਦੀਆਂ ਸਨ। ਸਾਡਾ ਬਾਪ ਇਧਰੋਂ ਜਾਂਦਾ ਹੋਇਆ ਬਰਸੀਨ ਦਾ ਗੱਡਾ ਭਰ ਕੇ ਪੰਡਿਤਾਂ ਵਾਸਤੇ ਲੈ ਜਾਇਆ ਕਰਦਾ ਸੀ। ਉੱਧਰੋਂ ਆਉਣ ਸਮੇਂ ਪੰਡਿਤ ਉਸੇ ਗੱਡੇ ਨੂੰ ਸੁੱਕੀਆਂ ਲੱਕੜੀਆਂ (ਬਾਲਣ) ਨਾਲ ਭਰ ਦਿਆ ਕਰਦੇ ਸਨ ਜਾਂ ਕਮਾਦ ਝੋਕਣ ਲਈ ਸਰੂਆੜ ਨਾਲ ਭਰ ਦਿਆ ਕਰਦੇ ਸਨ। ਮੈਂ ਅਕਸਰ ਹੀ ਇਹ ਗੱਡਾ ਹੱਕਿਆ ਕਰਦਾ ਸੀ। ਇਸ ਨਾਲ ਦੋਹਾਂ ਟੱਬਰਾਂ ਦੀ ਸਾਂਝ ਬਣੀ ਹੋਈ ਸੀ। ਰਾਹ ਵਿੱਚ ਨਾਨਕਿਆਂ ਅਤੇ ਪੜਨਾਨਕਿਆਂ ਦੇ ਪਿੰਡਾਂ ਵਿਚ ਰੁਕਣ ਦਾ ਤੇ ਮਿਲਣ ਗਿਲਣ ਦਾ ਆਪਣਾ ਹੀ ਮਜ਼ਾ ਸੀ। ਨਾਲਦੀ ਨਾਲ ਅਮਰ ਸਿੰਘ ਸ਼ੌਂਕੀ ਨੂੰ ਮਿਲਣ ਦਾ ਸਿਲਸਿਲਾ ਵੀ ਬਣਿਆ ਹੀ ਰਹਿੰਦਾ ਸੀ।

ਅਮਰ ਸਿੰਘ ਸ਼ੌਂਕੀ ਦੀ ਉਹਨਾਂ ਸਮਿਆਂ ਵਿਚ ਪੂਰੀ ਚੜ੍ਹਤ ਸੀ। ਪਿੰਡਾਂ ਵਿਚ ਲਾਊਡ ਸਪੀਕਰ ਆਮ ਵੱਜਿਆ ਕਰਦੇ ਸਨ। ਜਦ ਸ਼ੌਂਕੀ ਦੀਆਂ ਢੱਡ ਸਾਰੰਗੀ ਤੇ ਵਾਰਾਂ ਵੱਜਦੀਆਂ ਸਨ ਤਾਂ ਹਾਲੀ ਅਕਸਰ ਹਲ ਰੋਕ ਕੇ ਵਾਰ ਸੁਣਨ ਲੱਗ ਪਿਆ ਕਰਦੇ ਸਨ। ਟਰੈਕਟਰ ਉਦੋਂ ਨਹੀਂ ਹੋਇਆ ਕਰਦੇ ਸਨ। ਸ਼ੌਂਕੀ ਦੀ ਲੰਮੀ ਅਤੇ ਗੜ੍ਹਕਵੀਂ ਹੇਕ ਅਕਸਰ ਨਾਲ ਦੇ ਪਿੰਡਾਂ ਵਿੱਚ ਵੀ ਸੁਣਾਈ ਦਿੰਦੀ ਹੁੰਦੀ ਸੀ। ਉਸ ਸਮੇਂ ਸ਼ੌਂਕੀ ਦੇ ਜਿਹੜੇ ਗੀਤ ਸਪੀਕਰ ਤੇ ਵੱਜਿਆ ਕਰਦੇ ਸਨ ਉਹਨਾਂ ਵਿਚੋਂ ਕੁਝ ਇਸ ਪ੍ਰਕਾਰ ਹਨ:-

*ਰਾਣੀ ਮੁੰਦਰਾਂ ਬੇਨਤੀ ਕਰਦੀ ਜੋਗੀ ਦੀ ਬਾਂਹ ਫੜਕੇ, ਸਾਹਿਬਾਂ ਵਾਜਾਂ ਮਾਰਦੀ, ਚਮਕੌਰ ਦੀ ਗੜ੍ਹੀ, ਰਾਂਝਾ ਆਖੇ ਹੀਰ ਨੂੰ, ਕੌਣੀ ਨਿਕਲੇ ਮੈਦਾਨ ਵਿਚ ਸੂਰਮਾ, ਵਾਹ ਧਰਤੀ ਪੰਜਾਬ ਦਇਏ, ਸਿਖਾਂ ਦੇ ਮਨ ਬਦਲ ਗਏ, ਰੋਂਦੀ ਹੀਰ, ਦਿਲਾਂ ਦੇ ਜਾਨੀ, ਗੂੜ੍ਹੀਆਂ ਪ੍ਰੀਤਾਂ ਵਾਲੇ, ਨੀਲੇ ਘੋੜੇ ਵਾਲਿਆ ਵਾਹ ਸ਼ੇਲ ਜਵਾਨਾ, ਰਾਂਝਾ ਜੋਗੀ ਹੋ ਗਿਆ, ਮਿੱਤਰ ਪਿਆਰੇ ਨੂੰ, ਹੱਲਾ ਮੁਰੱਲਾ, ਦੋ ਪੈਰ ਘੱਟ ਤੁਰਨਾ, ਬਾਬਲ ਛੱਡ ਕੇ ਤੇਰਾ ਘਰ, ਮੁੰਦਰਾਂ ਵਾਲਾ ਜੋਗੀ, ਮੁੰਡੇ ਸ਼ੇਰ ਪੰਜਾਬ ਦੇ, ਬੇਦਾਵਾ, ਅਤੇ ਆਜਾ ਭਾਬੀ ਝੂਟ ਲੈ ਆਦਿ।*

ਉਦੋਂ ਮੇਰੀ ਉਮਰ ਮਸਾਂ 13-14 ਕੁ ਸਾਲ ਦੀ ਸੀ। ਜਦ ਵੀ ਸ਼ੌਂਕੀ ਸਾਨੂੰ ਸਾਡੇ ਬਾਪ ਨਾਲ ਮਿਲਦਾ ਉਹ ਸਾਨੂੰ ਬੜਾ ਪਿਆਰ ਕਰਦਾ। ਇੱਕ ਵਾਰੀ ਮੈਨੂੰ ਤੇ ਮੇਰੇ ਛੋਟੇ ਭਰਾ ਨੂੰ ਗੱਜਰ ਵਾਲੇ ਪੰਡਿਤਾਂ ਦਾ ਇਕ ਭਰਾ (ਜਿਹੜਾ ਉਸ ਵੇਲੇ ਊਠ ਵਾਹਿਆ ਕਰਦਾ ਸੀ) ਆਪਣੇ ਊਠ 'ਤੇ ਚੜ੍ਹਾ ਕੇ ਸ਼ੌਂਕੀ ਦੇ ਪਿੰਡ ਵਿਚੋਂ ਦੀ ਹੁੰਦਾ ਹੋਇਆ ਸਾਨੂੰ ਸਾਡੇ ਨਾਨਕੇ ਕੁੱਕੜਾਂ ਨੂੰ ਲੈ ਕੇ ਗਿਆ। ਰਾਹ ਵਿਚ ਭੱਜਲ ਵਿਖੇ ਉਸਨੇ ਸਾਨੂੰ ਊਠ ਤੋਂ ਉਤਾਰ ਕੇ ਕੁਝ ਸਮਾਂ ਆਰਾਮ ਕੀਤਾ। ਅਸੀਂ ਆਪਣੇ ਬਾਪ ਦੇ ਨਾਨਕਿਆਂ ਦੀ ਅਤੇ ਸ਼ੌਂਕੀ ਦੀ ਹਵੇਲੀ ਵਿਚ ਖੇਡਦੇ ਰਹੇ ਅਤੇ ਊਠ ਵਾਲਾ ਪੰਡਿਤ ਊਠ ਨੂੰ ਚਾਰਾ ਪਾ ਕੇ ਕੁਝ ਚਿਰ ਆਰਾਮ ਕਰਦਾ ਰਿਹਾ। ਫਿਰ ਉਹ ਸਾਨੂੰ ਊਠ 'ਤੇ ਚੜ੍ਹਾ ਕੇ ਸਾਡੇ ਨਾਨਕੇ ਪਿੰਡ ਕੁੱਕੜਾਂ ਵੱਲ ਲੈ ਗਿਆ। ਪੰਡਿਤ ਉਥੇ ਸਾਨੂੰ ਸਾਡੇ ਬਾਪ ਨੂੰ ਸੰਭਾਲ ਕੇ ਆਪ ਅੱਗੇ ਆਪਣੇ ਪਿੰਡ ਗੱਜਰ ਨੂੰ ਚਲਾ ਗਿਆ।ਸਾਨੂੰ ਊਠ ਦੀ ਸਵਾਰੀ ਕਰਕੇ ਬੜਾ ਮਜ਼ਾ ਆਇਆ। ਸ਼ੌਂਕੀ ਨੇ ਸਾਨੂੰ ਸਾਡੀ ਇਸ ਸਵਾਰੀ ਬਾਰੇ ਤਜ਼ਰਬਾ ਪੁਛਿਆ। ਅਸੀਂ ਉਸਦੀ ਘਨੇਘੀ ਚੜ ਕੇ ਖੇਲ੍ਹਦੇ ਮਲ੍ਹਦੇ ਰਹੇ ਤੇ ਆਪਣਾ ਮਜ਼ਾ ਬਿਆਨ ਕਰਦੇ ਰਹੇ

ਫਿਰ ਮੇਰੀ ਵਿਚਕਾਰਲੀ ਭੈਣ ਦਾ ਵਿਆਹ ਆ ਗਿਆ। ਵਿਆਹ ਦੀ ਰਸਮ ਪਿੰਡ ਵਾਲੇ ਘਰ ਦੀ ਛੱਤ ਉੱਪਰ ਅਦਾ ਕੀਤੀ ਗਈ। ਥੱਲੇ ਚਾਚਿਆਂ ਤਾਇਆਂ ਅਤੇ ਸਾਡੇ ਘਰਾਂ ਦੇ ਮੂਹਰੇ ਘੱਟ ਥਾਂ ਸੀ। ਸਾਰੇ ਘਰ ਜੁੜੇ ਹੋਣ ਕਰਕੇ ਉੱਪਰ ਖੁੱਲ੍ਹਾ ਥਾਂ ਸੀ। ਇਸ ਲਈ ਚਾਨਣੀ ਅਤੇ ਕਨਾਤਾਂ ਉੱਪਰ ਲਗਾਈਆਂ ਗਈਆਂ। ਸਾਨੂੰ ਤਾਂ ਪਤਾ ਵੀ ਨਹੀਂ ਸੀ ਕਿ ਵਿਆਹ ਦੀ ਰਸਮ ਕਰਵਾਉਣ ਕੌਣ ਆ ਰਿਹਾ ਸੀ। ਸਾਨੂੰ ਉਦੋਂ ਅਚਾਨਕ ਖੁਸ਼ੀ ਹੋਈ ਜਦ ਸ਼ੌਂਕੀ ਦਾ ਢਾਡੀ ਜਥਾ ਘਰ ਆ ਢੁੱਕਿਆ। ਰਸਮ ਸਮੇਂ ਇਸ ਢਾਡੀ ਜਥੇ ਨੇ ਜੋਸ਼ ਅਤੇ ਵੈਰਾਗ ਦਾ ਬੜਾ ਵਧੀਆ ਮਾਹੌਲ ਸਿਰਜਿਆ। ਸ਼ੌਂਕੀ ਦਾ ਢਾਡੀ ਜਥਾ 'ਲੜ ਫੜ ਮੇਰੀਏ ਲਾਡਲੀਏ ਤੇਰਾ ਬਾਬੁਲ ਪੱਲਾ ਫੜਾਵੇ' ਵਾਲਾ ਲਾਵਾਂ ਦਾ ਗੀਤ ਵੀ ਬੜਾ ਹੀ ਖੂਬਸੂਰਤ ਅੰਦਾਜ਼ ਵਿਚ ਗਾਉਂਦਾ ਹੁੰਦਾ ਸੀ। ਅਸਲ ਵਿਚ ਉਸਦੇ ਜਥੇ ਦੀ ਢੱਡ ਅਤੇ ਸਾਰੰਗੀ ਆਪਣੀ ਹੀ ਕਿਸਮ ਦਾ ਵਾਦਨ ਹੁੰਦਾ ਸੀ। ਅਗਰ ਇਕੱਲੀ ਢੱਡ ਹੀ ਵੱਜੇ ਤਾਂ ਵੀ ਪਤਾ ਲੱਗ ਜਾਂਦਾ ਸੀ ਕਿ ਇਹ ਸ਼ੌਂਕੀ ਦੇ ਜਥੇ ਦੀ ਢੱਡ ਏ। ਸ਼ੌਂਕੀ ਦੇ ਢਾਡੀ ਜਥੇ ਵਿਚ ਇਲਾਕੇ ਦੀਆਂ ਕਈ ਸਖਸ਼ੀਅਤਾਂ ਨੇ ਕੰਮ ਕੀਤਾ। ਬਹੁਤੇ ਢਾਡੀ ਜਥੇ ਪ੍ਰਚਾਰਕ ਦੇ ਨਾਮ ਨਾਲ ਮਸ਼ਹੂਰ ਹੁੰਦੇ ਹਨ ਜਿਵੇਂ ਦਯਾ ਸਿੰਘ ਦਿਲਬਰ ਦਾ ਢਾਡੀ ਜਥਾ, ਸੋਹਣ ਸਿੰਘ ਸੀਤਲ ਦਾ ਢਾਡੀ ਜਥਾ ਅਤੇ ਦੀਦਾਰ ਸਿੰਘ ਰਟੈਂਡਾ ਦਾ ਢਾਡੀ ਜਥਾ ਪ੍ਰੰਤੂ ਸ਼ੌਂਕੀ ਦਾ ਜਥਾ ਪ੍ਰਚਾਰਕ ਦੇ ਨਾਮ ਦੀ ਬਜਾਏ ਐਸੀ ਸਖਸ਼ੀਅਤ ਦੇ ਨਾਮ ਨਾਲ ਮਸ਼ਹੂਰ ਸੀ ਜਿਹੜਾ ਇਸ ਵਿਚ ਢੱਡ ਵਜਾਉਂਦਾ ਸੀ ਜਾਂ ਫਿਰ ਉੱਚੀ ਆਵਾਜ਼ ਵਿਚ ਗਾਉਂਦਾ ਸੀ।

ਜਦ ਮੈਂ ਕਾਲਜ ਵਿਚ ਦਾਖਲ ਹੋਇਆ ਤਾਂ ਸਾਡਾ ਨਾਨਕਿਆਂ ਵਲ ਜਾਣਾ ਘਟ ਗਿਆ। ਅਸੀਂ ਨਾਨਕਿਆਂ ਦੀ ਛਿੰਝ ਦੇਖਣ ਵੀ ਕਦੀ ਕਦੀ ਜਾਇਆ ਕਰਦੇ ਸਾਂ। ਉਦੋਂ ਸਾਨੂੰ ਪਤਾ ਲੱਗਿਆ ਕਿ ਸ਼ੌਂਕੀ ਦਾ ਵਿਆਹ ਹੋ ਗਿਆ ਸੀ। ਇਹ ਵਿਆਹ ਉਸਦੀ ਕੁਝ ਪੱਕੀ ਉਮਰ ਵਿਚ ਹੋਇਆ ਸੀ। ਫਿਰ ਸ਼ੌਂਕੀ ਦੇ ਤਿੰਨ ਔਲਾਦਾਂ ਹੋਈਆਂ ਜਿਹੜੇ ਕਿ ਤਿੰਨੇ ਹੀ ਲੜਕੇ ਸਨ- ਸਵਰਾਜ, ਪਰਗਟ ਤੇ ਜਸਪਾਲ। ਸ਼ੌਂਕੀ ਦੀ ਘਰਵਾਲੀ ਸਾਡੇ ਪਿੰਡ ਵੀ ਕਦੀ ਕਦੀ ਆਉਂਦੀ ਹੁੰਦੀ ਸੀ। ਜਦ ਵੀ ਉਹ ਆਉਂਦੀ ਤਾਂ ਸ਼ੌਂਕੀ ਨੂੰ ਉਹ 'ਗਿਆਨੀ ਜੀ' ਕਹਿ ਕੇ ਉਸ ਬਾਰੇ ਗੱਲ ਕਰਿਆ ਕਰਦੀ ਸੀ। ਵੈਸੇ ਸ਼ੌਂਕੀ ਦੇਖਣ ਪਾਖਣ ਤੋਂ ਗਿਆਨੀ ਘੱਟ ਲੱਗਦਾ ਸੀ, ਇਕ ਜੱਟ ਗਵੱਈਆ ਵੱਧ। ਉਹ ਸਿੱਖ ਗਿਆਨੀ ਵੱਧ ਲੱਗਦੇ ਹਨ ਜਿਹੜੇ ਸਚਿਆਰੇ, ਸ਼ਾਂਤ-ਚਿੱਤ, ਸੂਝਵਾਨ, ਸਾਦੇ ਅਤੇ ਪੂਰਣ ਰੂਪ ਵਿਚ ਸਿੱਖੀ ਸਰੂਪ ਵਾਲੇ ਹੋਣ। ਸ਼ੌਂਕੀ ਦਾ ਜਥਾ ਤਾਂ ਮੂਲ ਰੂਪ ਵਿਚ ਬੀਰ ਰਸੀ ਵਾਰਾਂ, ਲੋਕ ਗਾਥਾਵਾਂ ਅਤੇ ਸੂਰਮਿਆਂ ਦੀਆਂ ਵਾਰਾਂ ਗਾਉਣ ਦਾ ਮਾਹਰ ਸੀ। ਸ਼ੌਂਕੀ ਮਾਝੇ ਅਤੇ ਮਾਲਵੇ ਵਿਚ ਇਸ ਕਰਕੇ ਵੱਧ ਮਸ਼ਹੂਰ ਸੀ ਕਿਉਂਕਿ ਉੱਥੇ ਸਿੱਖੀ ਦਾ ਬੋਲਬਾਲਾ ਹਮੇਸ਼ਾ ਹੀ ਜਿਆਦਾ ਰਿਹਾ ਹੈ। ਦੁਆਬੇ ਵਿਚ ਬਾਹਰਲੇ ਦੇਸ਼ਾਂ ਵਿਚ ਜਾਣ ਦਾ ਰਿਵਾਜ ਕਾਫੀ ਪਹਿਲਾਂ ਸ਼ੁਰੂ ਹੋ ਗਿਆ। ਇਸ ਲਈ ਉੱਥੇ ਬਹੁਤੇ ਸਾਰੇ ਲੋਕ ਵਾਲ ਕਟਵਾਉਣ ਲੱਗ ਪਏ ਸਨ। ਦੁਆਬੇ ਵਿਚ ਕਾਮਰੇਡਾਂ ਦੇ ਵੱਧ ਪ੍ਰਭਾਵ ਨੇ ਵੀ ਸਿੱਖੀ ਨੂੰ ਕਾਫੀ ਢਾਅ ਲਾਈ ਸੀ। ਦੁਆਬੇ ਵਿਚ ਜੱਟਾਂ ਦੇ ਕਈ ਪਿੰਡ ਹੁਣ ਤੱਕ ਵੀ ਹੁੱਕਾ ਪੀਂਦੇ ਹਨ। ਸ਼ੌਂਕੀ ਦੇ ਆਪਣੇ ਪਿੰਡ ਵਿਚ ਵੀ ਸਿੱਖੀ ਦਾ ਬਹੁਤਾ ਬੋਲਬਾਲਾ ਨਹੀਂ ਸੀ। ਉਸ ਪਿੰਡ 'ਤੇ ਕਾਮਰੇਡ ਵਿਚਾਰਧਾਰਾ ਦਾ ਵੀ ਕਾਫੀ ਅਸਰ ਪਿਆ ਸੀ।

ਜਦ ਸਵਰਾਜ ਤੇ ਪਰਗਟ ਜਵਾਨ ਹੋਏ ਉਹ ਵੀ ਢਾਡੀ ਬਣ ਗਏ। ਮੈਂ ਉਸ ਸਮੇਂ ਕਾਲਜ ਵਿਚ ਪ੍ਰੋਫੈਸਰ ਸਾਂ। ਅਸੀਂ ਆਪਣੇ ਕਾਲਜ ਵਿਚ ਵੀ ਸਵਰਾਜ ਹੋਰਾਂ ਦੇ ਢਾਡੀ ਜਥੇ ਨੂੰ ਦੋ ਕੁ ਵਾਰ ਬੁਲਾਇਆ ਸੀ। ਗਾਉਂਦੇ ਤਾਂ ਇਹ ਲੜਕੇ ਵੀ ਚੰਗਾ ਸਨ ਪ੍ਰੰਤੂ ਉਹਨਾਂ ਦੇ ਬਾਪ ਦਾ ਅੰਦਾਜ਼ ਵੱਖਰਾ ਹੀ ਸੀ। ਸ਼ੌਂਕੀ ਦੇ ਛੋਟੇ ਲੜਕੇ ਜਸਪਾਲ ਨੇ ਮੇਰੇ ਮੂਹਰੇ ਪੜ੍ਹ ਕੇ ਬੀ. ਏ. ਪਾਸ ਕੀਤੀ ਸੀ। ਉਸੇ ਕੁ ਸਮੇਂ ਪੰਜਾਬੀ ਗਾਇਕ ਨਛੱਤਰ ਗਿੱਲ ਵੀ ਮੇਰੇ ਕਾਲਜ ਵਿਚ ਹੀ ਪੜ੍ਹਿਆ ਕਰਦਾ ਸੀ। ਜਸਪਾਲ ਨੇ ਮੇਰੇ ਨਿਰਦੇਸ਼ਨ ਹੇਠ ਦੋ ਕੁ ਨਾਟਕਾਂ ਵਿਚ ਵੀ ਹਿੱਸਾ ਲਿਆ ਸੀ। ਇਹ ਨਾਟਕ ਜ਼ੋਨਲ ਯੁਵਕ ਮੇਲੇ ਵਿਚ ਖੇਡੇ ਗਏ ਸਨ।

1975 ਵਾਲਾ ਸੈਸ਼ਨ ਮੈਂ ਅਮਰ ਸ਼ਹੀਦ ਬਾਬਾ ਅਜੀਤ ਸਿੰਘ ਜੁਝਾਰ ਸਿੰਘ ਕਾਲਜ ਬੇਲਾ (ਰੋਪੜ) ਵਿਖੇ ਪੜ੍ਹਾਇਆ। ਉਸ ਸਮੇਂ ਮੈਂ ਚਮਕੌਰ ਸਾਹਿਬ ਰਹਿੰਦਾ ਸਾਂ। ਕਤਲਗੜ੍ਹ ਗੁਰਦੁਆਰਾ ਵਿਖੇ ਕੋਈ ਜੋੜ ਮੇਲਾ ਸੀ। ਮੈਂ ਗੁਰਦੁਆਰਾ ਸਾਹਿਬ ਦੇ ਮੂਹਰੇ ਕੇਵਲ ਦੇ ਢਾਬੇ ਤੋਂ ਉੱਠ ਕੇ ਵੱਡੇ ਗੇਟ ਰਾਂਹੀ ਅੰਦਰ ਨੂੰ ਜਾ ਰਿਹਾ ਸੀ। ਜਦ ਮੈਂ ਸਾਹਮਣੇ ਦੇਖਿਆ ਤਾਂ ਅੱਗਿਓਂ ਸ਼ੌਂਕੀ ਆ ਰਿਹਾ ਸੀ। ਹੁਣ ਤੱਕ ਉਸਨੂੰ ਮੇਰੇ ਬਾਰੇ ਬਹੁਤਾ ਪਤਾ ਨਹੀਂ ਸੀ ਕਿ ਮੈਂ ਪੜ੍ਹ ਲਿਖ ਕੇ ਕਿੱਥੇ ਕੰਮ ਕਰ ਰਿਹਾ ਸਾਂ। ਉਸਦੀ ਨਿਗਾਹ ਵੀ ਕੁਝ ਕਮਜ਼ੋਰ ਲੱਗਦੀ ਸੀ। ਉਸਨੇ ਨੀਲੀਆਂ ਐਨਕਾਂ ਲਾਈਆਂ ਹੋਈਆਂ ਸਨ। ਮੇਰੀ ਸ਼ਕਲ ਵਿਚ ਵੀ ਬਹੁਤ ਫਰਕ ਸੀ। ਮੈਂ ਵੀ ਪਿੰਡੋਂ ਜਾ ਕੇ ਸ਼ਹਿਰੀ ਹੋ ਗਿਆ ਸਾਂ। ਉਹ ਮੈਨੂੰ ਪਛਾਣ ਨਾ ਸਕਿਆ। ਸ਼ੌਂਕੀ ਤਾਂ ਉਹੀ ਕੁਝ ਸੀ- ਲੰਮ ਸਲੰਮਾ, ਪਗੜੀ ਨੀਲੀ ਕੁਝ ਛੋਟੇ ਆਕਾਰ ਦੀ, ਪਹਿਰਾਵਾ ਢਾਡੀਆਂ ਵਾਲਾ, ਬੋਲਣ ਦਾ ਲਹਿਜ਼ਾ ਮਿੱਠਾ ਤੇ ਕਾਵਿਕ, ਪੁੱਤ ਬੱਚਾ ਪੁੱਤ ਬੱਚਾ। ਜਦ ਉਹ ਮੇਰੇ ਬਿਲਕੁਲ ਨੇੜੇ ਆ ਗਿਆ ਤੇ ਸਿੱਧਾ ਅੱਗੇ ਗੇਟ ਵੱਲ ਨੂੰ ਵੱਧਣ ਲੱਗਾ ਤਾਂ ਮੈਂ ਬੋਲ ਪਿਆ, "ਅੰਕਲ ਜੀ, ਸਤਿ ਸ੍ਰੀ ਅਕਾਲ।" ਉਸਨੇ ਫਤਿਹ ਦਾ ਜਵਾਬ ਤਾਂ ਦਿੱਤਾ ਪ੍ਰੰਤੂ ਪਛਾਣਿਆ ਅਜੇ ਵੀ ਨਾ। ਮੇਰੇ ਵੱਲ ਨੂੰ ਦੇਖੀ ਜਾਵੇ ਤੇ ਸੋਚੀ ਜਾਵੇ। ਜਦ ਮੈਂ ਆਪਣੇ ਬਾਰੇ ਦੱਸਿਆ ਤਾਂ ਉਸਨੇ ਮੇਰੇ ਸਿਰ 'ਤੇ ਹੱਥ ਰੱਖ ਕੇ ਮੈਨੂੰ ਪਿਆਰ ਦਿੱਤਾ। ਉਸਦੇ ਮੂੰਹ ਚੋਂ ਆਵਾਜ਼ ਨਿਕਲੀ "ਸੁਣਿਐ ਬੱਲਿਆ ਤੂੰ ਕਿਤੇ ਪੜ੍ਹਾਉਂਦਾ ਏਂ? ਅੱਜ ਇੱਥੇ ਕਿਵੇਂ?" ਮੈਂ ਆਪਣੇ ਬਾਰੇ ਦੱਸਿਆ। "ਕਾਕਾ, ਤੂੰ ਤਾਂ ਕਮਾਲ ਕਰ 'ਤੀ। ਅਜੇ ਕੱਲ੍ਹ ਤੁਸੀਂ ਸਾਡੇ ਹੱਥਾਂ ਵਿਚ ਖੇਡਦੇ ਹੁੰਦੇ ਸੀ। ਹੋਰ ਪਰਿਵਾਰ ਦਾ ਕੀ ਹਾਲ ਏ?" ਮੈਂ ਬਣਦਾ ਸਰਦਾ ਜਵਾਬ ਦਿੰਦਾ ਗਿਆ। ਉਸਨੇ ਦੂਜੇ ਦਿਨ ਆਪਣਾ ਪ੍ਰੋਗਰਾਮ ਪੇਸ਼ ਕੀਤਾ। ਲੋਕ ਅੱਛ ਅੱਛ ਕਰ ਉੱਠੇ। ਸ਼ੌਂਕੀ ਨਾਲ ਮੇਰੀ ਆਖਰੀ ਮੁਲਾਕਾਤ 1981 ਦੀਆਂ ਗਰਮੀਆਂ ਵਿਚ ਹੋਈ। ਹੁਣ ਲੰਮੇ ਸਮੇਂ ਤੋਂ ਨਾ ਮੈਂ ਕਦੀ ਭੱਜਲ ਗਿਆ ਸਾਂ ਤੇ ਨਾ ਹੀ ਕੁੱਕੜਾਂ। ਮੈਂ ਖਾਲਸਾ ਕਾਲਜ ਗੜ੍ਹਸ਼ੰਕਰ ਵਿਖੇ ਪੜ੍ਹਾਉਂਦਾ ਸਾਂ। ਕਾਲਜ ਦੀ ਰੁਟੀਨ ਖਤਮ ਹੋਣ ਤੋਂ ਬਾਅਦ ਮੈਂ ਆਪਣੇ ਪਿੰਡ ਨੂੰ ਨਵਾਂਸ਼ਹਿਰ ਵਾਲੀ ਸੜਕ ਤੇ ਜਾ ਰਿਹਾ ਸਾਂ। ਦੇਖਿਆ ਤਾਂ ਸਾਹਮਣਿਓਂ ਸ਼ੌਂਕੀ ਪੈਦਲ ਆ ਰਿਹਾ ਸੀ। ਇਵੇਂ ਮਹਿਸੂਸ ਹੋਇਆ ਜਿਵੇਂ ਸ਼ਾਮ ਦੀ ਲੰਬੀ ਸੈਰ ਕਰਕੇ ਉਹ ਨਹਿਰ ਦੀ ਤਰਫੋਂ ਸ਼ਹਿਰ ਵਲ ਨੂੰ ਆ ਰਿਹਾ ਸੀ। ਮੈਂ ਉਸ ਕੋਲ ਮੋਟਰ ਸਾਈਕਲ ਰੋਕ ਲਿਆ। ਮੈਂ ਫਤਿਹ ਬੁਲਾਈ। ਹੁਣ ਉਸਨੇ ਮੈਨੂੰ ਜਲਦੀ ਪਹਿਚਾਣ ਲਿਆ। ਸੁੱਖ ਸਾਂਦ ਦੀਆਂ ਗੱਲਾਂ ਹੋਈਆਂ ਮੈਂ ਆਪਣੇ ਰਾਹ ਚਲਾ ਗਿਆ ਉਹ ਆਪਣੇ ਰਾਹ। ਇਸ ਮਿਲਣੀ ਤੋਂ ਤਿੰਨ ਕੁ ਮਹੀਨੇ ਬਾਅਦ ਖ਼ਬਰ ਆਈ ਕਿ ਸ਼ੌਂਕੀ ਇਸ ਫਾਨੀ ਸੰਸਾਰ ਨੂੰ ਅਲਵਿਦਾ ਕਹਿ ਗਿਆ ਏ। ਖ਼ਬਰ ਸੁਣ ਕੇ ਮਨ ਬੜਾ ਦੁਖੀ ਹੋਇਆ।

ਇਸ ਪ੍ਰਕਾਰ ਇਹ ਢੱਡ ਸਾਰੰਗੀ ਦਾ ਬਾਦਸ਼ਾਹ ਇਸ ਦੁਨੀਆ ਤੋਂ ਕੂਚ ਕਰ ਗਿਆ। ਮੌਤ ਤੋਂ ਬਾਦ ਸ਼ੌਂਕੀ ਦੀ ਯਾਦ ਵਿਚ ਮਾਹਿਲਪੁਰ (ਹੁਸ਼ਿਆਰਪੁਰ) ਵਿਖੇ ਕਈ ਸਾਲ ਸ਼ੌਂਕੀ ਮੇਲਾ ਲੱਗਦਾ ਰਿਹਾ। ਇਸ ਮੇਲੇ ਵਿਚ ਗੀਤ ਸੰਗੀਤ ਨਾਲ ਜੁੜੀਆਂ ਪੰਜਾਬ ਦੀਆਂ ਉੱਘੀਆਂ ਹਸਤੀਆਂ ਹਿੱਸਾ ਲੈਂਦੀਆਂ ਰਹੀਆਂ ਹਨ। ਇਸ ਮੇਲੇ ਵਿਚ ਐੱਨ. ਆਰ. ਆਈਜ਼ ਵੀ ਚੋਖਾ ਯੋਗਦਾਨ ਪਾਉਂਦੇ ਰਹੇ ਹਨ।




JAG
JARA
TRUCK TRAINING
ਜੇ ਠਾਠ ਨਾਲ ਡਾਲਰ ਕਮਾਉਣੇ
ਜੈਗ ਤੋਂ ਟਰੱਕ ਸਿੱਖ ਲੈ।
MC (B DOUBLE & ROAD TRAIN)
HC (SEMI TRAILER)
HR
(ALL TYPE GEAR BOXES
ROAD RANGER AUTOMATIC
SYNCHRO MESH)
Direct HR-MC*
Bus Authority Just $150*
No RTA Driving Test
We will beat any advertised price
Jag Toor
For booking please contact in Sydney:
0412 128 443, 0435 272 878
(043 JARATPT)
Guri Gill
0426 86 86 53
Raman
0426 86 86 85
Harman
0426 86 86 80
Drive BIG - Earn BIG!

## ਸੰਪਾਦਕ ਦੀ ਕਲਮ ਤੋਂ

ਅਵਤਾਰ ਐਸ. ਸੰਘਾ

# ਕੁਦਰਤੀ ਸੰਤੁਲਨ

ਜਿਮ ਕੌਰਬੈੱਟ (Jim Cobett) ਦੀ ਪੁਸਤਕ 'ਕਮਾਓ ਦੇ ਸ਼ੇਰ' (Man-eaters of Kumaon) ਵਿੱਚ ਇੱਕ ਸ਼ੇਰ ਤੇ ਭਾਲੂ ਦਰਮਿਆਨ ਗੱਲ ਬਾਤ ਦਾ ਜ਼ਿਕਰ ਆਉਂਦਾ ਏ। ਸ਼ੇਰ ਭਾਲੂ ਨੂੰ ਪੁੱਛਦਾ ਏ ਕਿ ਇਸ ਦੁਨੀਆ ਵਿੱਚ ਸਭ ਤੋਂ ਖਤਰਨਾਕ ਜਾਨਵਰ ਕੌਣ ਹੈ। ਭਾਲੂ ਜਵਾਬ ਦਿੰਦਾ ਏ ਕਿ ਸਭ ਤੋਂ ਖਤਰਨਾਕ ਜਾਨਵਰ ਮਨੁੱਖ ਏ। ਅੱਜ ਦੇ ਯੁੱਗ ਵਿੱਚ ਜਾਨਵਰਾਂ ਦੇ ਇਹ ਭੋਲੇ ਭਾਲੇ ਡਾਇਲਾਗ ਮਨੁੱਖ ਤੇ ਸੱਚਮੁੱਚ ਹੀ ਸਹੀ ਢੁੱਕਦੇ ਮਹਿਸੂਸ ਹੁੰਦੇ ਹਨ।

ਮਨੁੱਖ ਪਿਛਲੇ ਕਿੰਨੇ ਹੀ ਸਾਲਾਂ ਤੋਂ ਭਰੂਣ ਹੱਤਿਆ ਰਾਹੀਂ ਲੜਕੀਆਂ ਨੂੰ ਮਾਰਦਾ ਆਇਆ ਹੈ। ਜੰਮਦੀ ਕੁੜੀ ਨੂੰ ਮਾਰਕੇ ਉਹਦੇ ਕੋਲ ਗੁੜ ਤੇ ਰੂੰ ਰੱਖ ਕੇ ਅਖੌਤੀ ਅਮੀਰ ਲੋਕ ਇੱਕ ਕਹਾਵਤ ਬੋਲ ਦਿਆ ਕਰਦੇ ਸਨ:-

*ਗੁੜ ਖਾਈਂ ਪੂਣੀ ਕੱਤੀਂ*
*ਆਪ ਨਾ ਆਈਂ, ਵੀਰ ਨੂੰ ਘੱਤੀਂ।*

ਮਨੁੱਖ ਦਾ ਇਹ ਵਰਤਾਰਾ ਕੁਦਰਤ ਦੇਖਦੀ ਰਹੀ, ਦੇਖਦੀ ਰਹੀ। ਆਖਰ ਐਸਾ ਸਮਾਂ ਆਇਆ ਕਿ ਲੜਕੀਆਂ ਵਲੋਂ ਬਦਲਾ ਲੈਣ ਦਾ ਸਮਾਂ ਆ ਗਿਆ। ਲੜਕੇ ਐਸੇ ਭੋਂਦੂ ਸਾਬਤ ਹੋਣ ਲੱਗ ਪਏ ਕਿ ਉਹ ਇੰਨੀ ਵੀ ਪੜ੍ਹਾਈ ਨਾ ਕਰ ਸਕੇ ਜਿਸ ਨਾਲ਼ ਇੱਕ ਸਾਧਾਰਨ ਅੰਗਰੇਜੀ ਦਾ ਟੈਸਟ ਆਈਲੈਟਸ ਪਾਸ ਕਰ ਸਕਣ। ਉਹ ਸਭ ਕੁਝ ਥਾਲੀ ਵਿੱਚ ਪਰੋਸਿਆ ਉਡੀਕਣ ਲੱਗ ਪਏ। ਉਹ ਜਮੀਨਾ ਵੇਚ ਕੇ ਤੇ ਵਕਵਾ ਕੇ ਲੱਖਾਂ ਰੁਪਏ ਇੱਕ ਸਾਦੇ ਜਿਹੇ ਟੈਸਟ ਤੇ ਖਰਚ ਕਰਨ ਨੂੰ ਤਿਆਰ ਹੋ ਗਏ। ਲੜਕੀਆਂ ਅਕਸਰ ਥੋੜ੍ਹੀਆਂ ਮਿਹਨਤੀ ਹੁੰਦੀਆਂ ਹਨ। ਉਹਨਾਂ ਨੇ ਮਿਹਨਤ ਕਰਕੇ ਇਹ ਟੈਸਟ ਪਾਸ ਕਰ ਲਏ। ਕਈ ਤਾਂ ਮੁੰਡਿਆਂ ਨੂੰ ਕੈਨੇਡਾ ਜਿਹੇ ਦੇਸ਼ਾਂ ਨੂੰ ਲੈ ਗਈਆਂ ਤੇ ਉਹਨਾਂ ਨਾਲ਼ ਸੱਚੀ ਮੁੱਚੀ ਸ਼ਾਦੀ ਕਰਕੇ ਜੀਵਨ ਬਤੀਤ ਕਰਨ ਲੱਗ ਪਈਆਂ। ਕਈਆਂ ਨੂੰ ਬੰਧਨ ਅਸਾਵਾਂ ਮਹਿਸੂਸ ਹੋਇਆ। ਸੰਬੰਧਾਂ ਵਿੱਚ ਦਿਮਾਗੀ ਮਿਆਰ, ਬੋਲ ਚਾਲ, ਸ਼ਿਸ਼ਟਾਚਾਰ, ਸਦਾਚਾਰ, ਤੌਰ ਤਰੀਕੇ (Manners and etiquettes) ਆਦਿ ਵੀ ਆਪਣਾ ਯੋਗਦਾਨ ਪਾਉਂਦੇ ਹੀ ਹਨ। ਬੰਦਾ ਤਾਂ ਬਠਿੰਡੇ ਤੋਂ ਚੰਡੀਗੜ੍ਹ ਜਾ ਕੇ ਹਵਾ ਚ' ਉਡਾਰੀਆਂ ਮਾਰਨ ਲੱਗ ਪੈਂਦਾ ਏ। ਇਹ ਤਾਂ ਕੈਨੇਡਾ ਏ। ਇਹ ਲੜਕੀਆਂ ਮੁੰਡੇ ਵਾਲਿਆਂ ਤੋਂ 20-25 ਲੱਖ ਰੁਪਿਆ ਲੈ ਕੇ ਟੋਰੌਂਟੋ ਜਾਂ ਵੈਨਕੂਵਰ ਪਹੁੰਚ ਗਈਆਂ। ਇਸ ਪੈਸੇ ਨਾਲ਼ ਆਪਣੀ ਅਗਲੀ ਪੜ੍ਹਾਈ ਕਰਨ ਲੱਗ ਪਈਆਂ ਤੇ ਲੜਕੇ ਪਿੱਛੇ ਬੈਠੇ ਉਨ੍ਹਾਂ ਦੇ ਰੋਜ਼ ਫੋਨ ਉਡੀਕਦੇ ਰਹੇ। ਜਿਹੜਾ ਵਿਅਕਤੀ ਕੈਨੇਡਾ ਦੇ ਖੁੱਲ੍ਹੇ ਵਾਤਾਵਰਨ ਵਿੱਚ ਵਿਚਰਨ ਲੱਗ ਪਵੇ ਉਹਨੂੰ ਤਾਂ ਪਿੱਛੇ ਬਠਿੰਡੇ ਜਾਂ ਬਾਘੇਪੁਰਾਣੇ ਬੈਠਾ ਮੁੰਡਾ ਵੈਸੇ ਹੀ ਅੰਤਾਂ ਦਾ ਦਰਿਦਰੀ ਤੇ ਪਿਛਾਂਖਿੱਚੂ ਮਹਿਸੂਸ ਹੋਣ ਲੱਗ ਜਾਂਦਾ ਏ। ਵੈਨਕੂਵਰ ਪੜ੍ਹਦੀ ਕੁੜੀ ਨੂੰ ਜਦ ਆਪ ਉਸ ਸੱਭਿਆਚਾਰ ਵਿੱਚ ਗੁਜਰਨਾ ਔਖਾ ਲਗਦਾ ਏ ਤਾਂ ਉਹ ਸੋਚਦੀ ਏ ਕਿ ਉਹ ਪਿੱਛੇ ਬੈਠਾ ਭੜੂਆ ਇਸ ਨਾਮੇਨਕਲੇਚਰ ਵਿੱਚ ਕਿਵੇਂ ਗੁਜ਼ਾਰਾ ਕਰਿਆ ਕਰੂ। ਉਹ ਸੋਚਦੀ ਏ ਕਿ ਉਹ ਵੈਨਕੂਵਰ ਪਹੁੰਚ ਕੇ ਸ਼ਾਪਿੰਗ ਸੈਂਟਰ ਮੂਹਰਿਓਂ ਟਰਾਲੀਆਂ ਖਿੱਚੂਗਾ ਤੇ ਮੈਂ ਖੁਦ ਉਦੋਂ ਤੱਕ ਇੰਨੀ ਕੁ ਅੰਗਰੇਜੀ ਬੋਲਣ ਲੱਗ ਪਵਾਂਗੀ ਕਿ ਕਿਸੇ ਸ਼ਾਪਿੰਗ ਸੈਂਟਰ ਦੇ ਕਾਊਂਟਰ ਤੇ ਖੜ ਕੇ ਸੇਲਜ ਪਰਸਨ ਤਾਂ ਬਣ ਹੀ ਜਾਵਾਂਗੀ। ਜਦ ਉਹ ਦੋਨੋ ਇਕੱਠੇ ਦੰਪਤੀ ਦੇ ਰੂਪ ਵਿੱਚ ਸਮਾਜ ਵਿੱਚ ਵਿਚਰਨਗੇ ਤਾਂ ਜਾਣ ਪਛਾਣ ਵਾਲੇ ਕਿਹਾ ਕਰਨਗੇ ਕਿ ਘਰਵਾਲੀ ਸੇਲਜ ਪਰਸਨ ਏ ਤੇ ਘਰਵਾਲਾ ਟਰਾਲੀਆਂ ਧੱਕ ਕੇ ਟ੍ਰੈਕਟਰ ਤੇ ਲੱਦ ਕੇ ਲੈ ਜਾਂਦਾ ਏ।

ਇੰਜ ਸੋਚ ਕੇ ਉਹਨਾਂ ਕੁੜੀਆਂ ਨੂੰ ਆਪਣਾ ਕੀਤਾ ਵਿਆਹ ਬੇਜੋੜ ਵਿਆਹ ਲੱਗਣ ਲੱਗ ਪੈਂਦਾ ਏ। ਜਾਂ ਇੱਕ ਹੋਰ ਪ੍ਰਵਿਰਤੀ ਵੀ ਕੰਮ ਕਰਦੀ ਏ। ਕੁੜੀਆਂ ਕੈਨੇਡਾ ਦੇ ਮਹੌਲ ਵਿੱਚ ਜਾ ਕੇ ਅਮੀਰ ਤੇ ਸੋਹਣੇ ਸੁਨੱਖੇ ਮੁੰਡਿਆਂ ਦੇ ਹੱਥੀਂ ਲੱਗ ਜਾਂਦੀਆਂ ਹਨ। ਉਹ ਮੁੰਡੇ ਉਹਨਾਂ ਦੇ ਵੱਡੇ ਰਾਖੇ ਬਣ ਜਾਂਦੇ ਹਨ। ਇਸ ਪ੍ਰਕਾਰ ਪਿੱਛੇ ਰਹਿ ਗਏ ਲਵਪ੍ਰੀਤਾਂ ਨੂੰ ਉਹ ਪੱਠੇ ਪਾਉਣੇ ਬੰਦ ਕਰ ਦਿੰਦੀਆਂ ਹਨ। ਫਿਰ ਉਹ ਲਵਪ੍ਰੀਤ ਖੁਦਕਸ਼ੀਆਂ ਕਰਨ ਲਈ ਮਜਬੂਰ ਹੋ ਜਾਂਦੇ ਹਨ। ਕੁਦਰਤ ਦੇ ਨਿਯਮ ਨੇ ਮੈਨੂੰ ਹੈਰਾਨ ਜਰੂਰ ਕੀਤਾ ਏ। ਜਿੰਨੀਆਂ ਲੋਕਾਂ ਨੇ ਕੁੜੀਆਂ ਮਾਰੀਆਂ, ਕੁਦਰਤ ਨੇ ਓਨੇ ਹੀ ਜਾਂ ਉਸਤੋਂ ਵੀ ਵੱਧ ਪੰਜਾਬ ਵਿੱਚ ਮੁੰਡੇ ਮਾਰ ਦਿੱਤੇ। ਤੁਸੀਂ ਪਿਛਲੇ 30-40 ਸਾਲ ਦੇ ਵੇਰਵੇ ਇਕੱਠੇ ਕਰਕੇ ਦੇਖ ਸਕਦੇ ਹੋ। ਪਹਿਲਾਂ ਮੁੰਡੇ ਅੱਤਵਾਦ ਦੀ ਭੇਂਟ ਚੜ੍ਹੇ, ਫਿਰ ਨਸ਼ਿਆਂ ਦੀ ਭੇਟ ਚੜ੍ਹੇ, ਫਿਰ ਗੈਂਗਬਾਜੀ ਦੀ ਤੇ ਹੁਣ ਆਈਲੈਟਸ ਦੀ।

ਬਾਕੀ ਰਹਿੰਦਾ ਖੂੰਹਦਾ ਕੰਮ ਕਰੋਨਾ ਨੇ ਕਰ ਦਿੱਤਾ। ਦੁਨੀਆਂ ਵਿੱਚ 40 ਲੱਖ ਤੋਂ ਵੱਧ ਬੰਦਾ ਇਸ ਕਰੋਪੀ ਦੀ ਭੇਟ ਚੜ੍ਹ ਚੁੱਕਾ ਹੈ। ਮਨੁੱਖ ਨੇ ਕੁਦਰਤ ਦੀ ਤਬਾਹੀ ਕਰਨ ਦੀ ਕੋਈ ਕਸਰ ਨਹੀਂ ਛੱਡੀ। ਜਾਨਵਰਾਂ ਤੇ ਬਨਸਪਤੀ ਦੋਹਾਂ ਦੀ ਮਨੁੱਖ ਨੇ ਮਿੱਥ ਕੇ ਤਬਾਹੀ ਕੀਤੀ। ਜਾਨਵਰ ਮਾਰ ਮਾਰ ਕੇ ਖਾਧੇ, ਜੰਗਲ ਕੱਟ ਕੱਟ ਕੇ ਜਮੀਨਾ ਰੜੀਆਂ ਕੀਤੀਆਂ, ਸ਼ਹਿਰਾਂ ਦਾ ਗੰਦ ਦਰਿਆਵਾਂ ਵਿੱਚ ਨੂੰ ਧੱਕ ਦਿੱਤਾ, ਧਰਤੀ ਦਾ ਪਾਣੀ ਖਤਮ ਹੋਣ ਨੇੜੇ ਪਹੁੰਚਾ ਦਿੱਤਾ, ਹਵਾ ਗੰਦੀ ਕਰ ਦਿੱਤੀ, ਅਮੀਰ ਨੇ ਗਰੀਬ ਦਾ ਸ਼ਿਕਾਰ ਖੇਡਿਆ, ਸਿਆਸੀ ਨੇਤਾਵਾਂ ਨੇ ਚੰਮ ਦੀਆਂ ਚਲਾਈਆਂ, ਧਰਮ ਗ੍ਰੰਥਾਂ ਦੇ ਅੰਗਾਂ ਦੇ ਪੜਛੇ ਉਡਾਏ ਗਏ, ਮਨੁੱਖ ਨੇ ਇਸਤਰੀ ਨਾਲ਼ ਜਬਰ ਜਨਾਹ ਦੀਆਂ ਹੱਦਾਂ ਬੰਨੇ ਕਰਾਸ ਕਰ ਦਿੱਤੇ। ਕੁਦਰਤ ਨੇ ਐਸਾ ਤਮਾਚਾ ਮਾਰਿਆ ਕਿ ਮਨੁੱਖ ਹੁਣ ਘਰਾਂ ਵਿੱਚ ਲੁਕਦਾ ਫਿਰਦਾ ਏ। ਮਨੁੱਖ ਨੂੰ ਸ਼ਰਮ ਕਰਨੀ ਚਾਹੀਦੀ ਏ। ਕੁਦਰਤ ਨਾਲ਼ ਮੱਥਾ ਲਗਾਉਣਾ ਬਹੁਤ ਮਹਿੰਗਾ ਪੈਂਦਾ ਹੁੰਦਾ ਏ। ਮਨੁੱਖ ਅਜੇ ਵੀ ਸੁਧਰ ਜਾਵੇ ਤਾਂ ਉਹਦੇ ਲਈ ਚੰਗਾ ਹੋਵੇਗਾ।

ਮਨੁੱਖ ਨੂੰ ਵਾਪਸ ਧਰਮ ਗ੍ਰੰਥਾਂ ਦੇ ਲੜ ਲੱਗਣਾ ਪਊ। ਨਿਰ੍ਹਾ ਦਿਖਾਵਾ ਨਾ ਕਰੇ, ਅਮਲ ਵੀ ਕਰੇ। ਜੇ 100 ਫੀਸਦੀ ਅਮਲ ਨਹੀਂ ਹੁੰਦਾ ਤਾਂ 60-70 ਫੀਸਦੀ ਹੀ ਕਰ ਲਵੇ। ਪੰਜਾਬ ਵਿਚਾਰਧਾਰਾ ਤੇ ਦਾਰਸ਼ਨਿਕਤਾ ਨਾਲ਼ ਭਰਿਆ ਪਿਆ ਏ। ਉੱਥੇ ਹੀ ਵੇਦ ਰਚੇ ਗਏ ਸਨ। ਓੱਥੇ ਹੀ ਗੁਰਬਾਣੀ ਰਚੀ ਗਈ। ਗੱਲ ਅਮਲ ਦੀ ਏ, ਗੱਲ ਜੀਵਨ ਵਿੱਚ ਵਰਤ ਕੇ ਸਾਂਵੀ ਪੱਧਰੀ ਤੇ ਸੁਚੱਜੀ ਜਿੰਦਗੀ ਜਿਊਣ ਦੀ ਏ।

ਕਿਸੇ ਨੇ ਕਿਹਾ ਹੈ:- *ਬਸਤੀ ਕੇ ਸਾਰੇ ਲੋਗ ਹੀ ਆਤਿਸ਼ ਪ੍ਰਸਤ ਥੇ,*
*ਘਰ ਜਲ ਰਹਾ ਥਾ ਔਰ ਸਮੁੰਦਰ ਕਰੀਬ ਥਾ।*

# - ਮਿੱਟੀ ਦੀ ਮਹਿਕ -

## ਖੇਤੀ ਵਿਗਿਆਨੀ ਤੋਂ ਵੈਟਰਨ ਅੰਤਰਰਾਸ਼ਟਰੀ ਦੌੜਾਕ

ਮਨੁੱਖੀ ਸਖ਼ਸ਼ੀਅਤ ਬਹੁ-ਰੰਗੀ ਕਬੂਲੀ ਜਾਂਦੀ ਹੈ। ਪਰ ਜਨਤਕ ਸਖ਼ਸ਼ੀਅਤਾਂ ਦਾ ਵਰਗੀਕਰਨ ਮੁੱਢਲੇ ਤੌਰ ਤੇ-ਦੋ ਬੁਨਿਆਦੀ ਸ਼੍ਰੇਣੀਆਂ ਹੇਠ ਹੀ ਕਰ ਲਿਆ ਜਾਂਦਾ ਹੈ ਇਕ ਉਹ ਸਖ਼ਸ਼ੀਅਤਾਂ ਜਿਨ੍ਹਾਂ ਨੂੰ ਯੋਜਨਾਵੱਧ ਤਰੀਕੇ ਨਾਲ-ਸਾਲਾਂ-ਵੱਧੀ ਝੂਠੇ ਪ੍ਰਾਂਪੇਗੰਡੇ ਰਾਂਹੀ ਨਿਖਾਰ ਕੇ,ਉਭਾਰ ਕੇ,ਫੁਲਾ ਕੇ ਮਹਾਨ ਬਣਾ ਕੇ ਪੇਸ਼ ਕੀਤਾ ਜਾਦਾ ਹੈ ਜਿੰਨ੍ਹਾਂ ਦੀ ਝੂਠੀ ਦਿੱਖ ਬਰਕਰਾਰ ਰੱਖਣ ਲਈ, ਕਰੋੜਾ ਰੁਪਇਆ ਦੇ ਇਸ਼ਤਿਹਾਰਾਂ ਦੇ ਠੁੰਮਣੇ ਦੀ ਲਗਾਤਾਰ ਜਰੂਰਤ ਰਹਿੰਦੀ ਹੈ। ਇਸ ਸ਼੍ਰੇਣੀ ਵਿਚ ਸਾਡੇ ਵਰਤਮਾਨ ਮਹਾਨ ਆਗੂ ( ਭਾਵੇ ਗਲਤ ਕਾਰਣਾ ਕਰਕੇ ਹੀ ) ਮੋਦੀ ਜੀ ਨੂੰ ਰੱਖਿਆ ਜਾ ਸਕਦਾ ਹੈ-ਨਾਨਕ ਤੇ ਨਰ ਅਸਲਿ ਖਰ ਜਿ ਬਿਨੁ ਗੁਣ ਗਰਬੁ ਕਰੰਤ। ਦੂਸਰੀ ਸ਼੍ਰੇਣੀ ਵਿਚ ਅਸਲੋਂ ਮਹਾਨ ਉਹ ਸਖ਼ਸ਼ੀਅਤਾਂ ਆਉਦੀਆਂ ਹਨ ਜਿੰਨ੍ਹਾਂ ਦੇ ਗੁਣ ,ਜਿੰਨ੍ਹਾਂ ਦੀ ਵਿਦਵੱਤਾ, ਜਿੰਨ੍ਹਾਂ ਦੀ ਇਮਾਨਦਾਰੀ ,ਜਿੰਨ੍ਹਾਂ ਦੇ ਕੰਮ, ਜਿੰਨ੍ਹਾਂ ਦੀ ਸਾਦਗੀ ਹੀ ਉਨ੍ਹਾਂ ਦੀ ਮਹਾਨਤਾ ਦੀ ਗਵਾਹੀ ਭਰਦੀ ਹੈ ਜਿਨ੍ਹਾਂ ਬਾਰੇ ਅਕਸਰ ਕਿਹਾ ਜਾਂਦਾ ਹੈ- (Time will tell the Difference) ਵਕਤ ਉਨ੍ਹਾਂ ਦੀ ਮਹਾਨਤਾ ਦੀ ਗਵਾਹੀ ਭਰੇਗਾ ਇਸ ਸ਼੍ਰੇਣੀ ਦੇ ਮੋਢੀ ਸਾਬਕਾ ਪ੍ਰਧਾਨ ਮੰਤ੍ਰੀ ਸ ਮਨਮੋਹਨ ਸਿੰਘ ਜੀ ਗਿਣੇ ਜਾਦੇ ਹਨ ਅਜੇਹੀਆਂ ਮਹਾਨ ਸਖ਼ਸ਼ੀਅਤਾਂ ਹੀ ਆਪਣੀ ਅਮੀਰ ਵਿਰਾਸਤ ਰਾਂਹੀ-ਨਵੀ ਪੀੜੀ ਦੀ ਵਿਚਾਰਧਾਰਾ ਨੂੰ ਸਹੀ ਦਿਸ਼ਾ ਅਤੇ ਦਸ਼ਾ ਪ੍ਰਦਾਨ ਕਰਨ ਵਿਚ ਰਾਹ-ਦਸੇਰਾ ਸਾਬਤ ਹੁੰਦੀਆਂ ਹਨ ਜਿਸ ਸਖ਼ਸ਼ੀਅਤ ਨਾਲ ਮੈਂ ਤੁਹਾਡਾ ਤਾਰੁਫ ਕਰਾਉਣ ਜਾ ਰਿਹਾਂ ਹਾਂ, ਉਹ ਵੀ ਇਸੇ ਸ਼੍ਰੇਣੀ ਵਿਚ ਅਉਣ ਦੇ ਸਾਰੇ ਗੁਣਾ ਨਾਲ ਭਰਪੂਰ ਹਨ-ਉਹ ਹਨ, ਲੁਧਿਆਣੇ ਦੇ-ਕਦੇ ਮਸ਼ਹੂਰ-ਗਰੇਵਾਲਾਂ ਦੀ ਰਾਜਧਾਨੀ ਕਰਕੇ ਜਾਣੇ ਜਾਂਦੇ ਕਸਬੇ-ਗੁਜਰਵਾਲ ਵਿਚ ਜਨਮੇ, ਨਿੱਪੁਨ ਖੇਤੀ ਵਿਗਿਆਨੀ ਅਤੇ ਅੰਤ੍ਰਾਸ਼ਟਰੀ ਪੱਧਰ ਦੇ ਵੈਟਰਨ ਦੌੜਾਕ ਡਾ. ਹਰਸ਼ਰਨ ਸਿੰਘ ਗਰੇਵਾਲ ਲੁਧਿਆਣੇ ਜ਼ਿਲੇ ਦੇ ਇਸ ਕਸਬੇ ਗੁਜਰਵਾਲ ਦੀ ਅਹਿਮੀਅਤ ਦੀ ਪਛਾਣ ਇਸ ਤੱਥ ਤੋਂ ਲਗਾਈ ਜਾ ਸਕਦੀ ਹੈ ਕਿ ਅਗੰਰੇਜ਼ ਇਤਹਾਸਕਾਰ ਕਨਿੰਘਮ ਆਪਣੀ ਕਿਤਾਬ-ਹਿਸਟਰੀ ਆਫ ਸਿਖਜ਼-ਵਿਚ ਵੱਡੇ ਘੱਲੂਘਾਰੇ ਦੇ ਸਥਾਨ ਦੀ ਨਿਸ਼ਾਨਦੇਹੀ ਕਰਦਿਆ ਲਿਖਦਾ ਹੈ-'ਇਹ ਗੁਜਰਵਾਲ ਅਤੇ ਬਰਨਾਲਾ ਦੇ ਵਿਚਕਾਰ ਵਾਪਰਿਆ' ਗੁਜਰਵਾਲ ਉਦੋਂ ਵਿਦਿਆ ਦਾ ਮਰਕਜ਼ ਕਰਕੇ ਵੀ ਜਾਣਿਆ ਜਾਦਾਂ ਸੀ।



ਵੈਟਰਨ ਦੌੜਾਕ ਡਾ. ਹਰਸ਼ਰਨ ਸਿੰਘ ਗਰੇਵਾਲ (ਖੱਬੇ) ਲੇਖਕ ਨਾਲ

ਮਾਸਟਰ ਨਿਰੰਜਨ ਸਿੰਘ ਅਤੇ ਮਾਤਾ ਨਿਰਮਲ ਕੌਰ ਦੇ ਘਰ 1952 ਵਿਚ ਜਨਮੇ ਹਰਸ਼ਰਨ ਸਿੰਘ ਗਰੇਵਾਲ ਨੇ ਸਕੂਲੀ ਵਿਦਿਆ ਗੁਜਰਾਵਲ ਦੇ-ਇਲਾਕੇ ਭਰ ਚ ਮਸ਼ਹੂਰ-ਗੌਰਮਿੰਟ ਸਕੂਲ ਤੋਂ ਪ੍ਰਾਪਤ ਕਰਨ ਤੋਂ ਬਾਅਦ, ਉੱਚ ਸਿੱਖਿਆ ਲਈ ਪੰਜਾਬ ਐਗਰੀਕਲਚਰ ਯੂਨੀਵਰਸਿਟੀ ਲੁਧਿਆਣੇ ਜਾ ਦਾਖਲਾ ਲਿਆ ਜਿਥੋਂ ਉਨ੍ਹਾਂ ਨੇ ਵਧੀਆ ਨੰਬਰ ਲੈ ਕੇ ਬੀ.ਐਸ ਸੀ ਕਰਨ ਤੋਂ ਬਾਅਦ ਐਗਰੋਨੋਮੀ ਵਿਚ ਐਮ ਐਸ ਸੀ ਦੀ ਪੜਾਈ ਪੂਰੀ ਕੀਤੀ ਫੇਰ ਏਥੋਂ ਹੀ ਯੂਨੀਵਰਸਿਟੀ ਦੀ ਵਿਦਿਅਕ ਯੋਗਤਾ ਦੀ ਪਉੜੀ ਦੇ ਸਿਰੇ ਦੇ ਡੰਡੇ-ਪੀ.ਐਚ ਡੀ-ਸਰ ਕਰਕੇ ਡਾਕਟਰੇਟ ਦਾ ਖਿਤਾਬ ਹਾਸਲ ਕੀਤਾ ਦੇਖਣ ਨੂੰ ਸਾਵਾ-ਪੱਧਰਾ ਜਾਪਦਾ ਇਹ ਉੱਚ ਵਿਦਿਅਕ ਸਫਰ-ਇਸ ਪੇਂਡੂ ਮੁੰਡੇ ਲਈ ਬੇਹੱਦ ਚਨੌਤੀ ਭਰਪੂਰ ਸੀ ਸਭ ਤੋਂ ਪਹਿਲੀ ਤੇ ਵੱਡੀ ਚੁਨੌਤੀ ਪੜਾਈ ਦਾ ਮੱਧਿਅਮ ਯੱਕਦਮ ਅੰਗਰੇਗੀ ਭਾਸ਼ਾ ਵਿਚ ਹੋਣਾ ਸੀ ਜਿਸ ਵਿਚ ਪੇਂਡੂ ਮੁੰਡੇ ਅਕਸਰ ਦਿਕਤ ਮਹਿਸੂਸ ਕਰਦੇ ਹਨ ਦੂਸਰੀ ਵੱਡੀ ਚੁਨੌਤੀ ਪੜਾਈ ਦੇ ਮਹੌਲ ਚ ਤਬਦੀਲੀ ਸਾਬਤ ਹੁੰਦੀ ਹੈ ਮਾਪਿਆ ਅਤੇ ਮਾਸਟਰਾਂ/ਉਸਤਾਦਾਂ ਦਾ ਜਿੰਮੇਵਾਰੀ ਅਤੇ ਡਰ ਭਰਪੂਰ ਮਹੌਲ ਯਕਦੱਮ ਬਦਲ ਕੇ ਲੈਕਚਰਾਰਾ ਦੇ ਖੁੱਲੇ-ਡੁੱਲੇ ਅਤੇ ਜਿੰਮੇਵਾਰੀ ਰਹਿਤ ਮਹੌਲ ਵਿਚ ਬਦਲ ਜਾਦਾ ਹੈ,ਜੋ ਅਕਸਰ ਹੁਸ਼ਿਆਰ ਪੇਂਡੂ ਮੁੰਡਿਆ ਨੂੰ ਲੀਹੋਂ ਲਾਹ ਦੇਂਦਾ ਹੈ ਪਰ ਇਸ ਪੇਂਡੂ ਮੁੰਡੇ ਨੇ ਦ੍ਰਿੜ ਇਰਾਦੇ, ਸਖਤ ਮੇਹਨਤ ਅਤੇ ਬੇਹੱਦ ਲਗਨ ਨਾਲ ਆਪਣੇ ਆਪ ਨੂੰ ਨਵੇ ਮਹੌਲ ਨਾਲ ਢਾਲ ਕੇ ਲੰਮੇ ਸਫਰ ਦਾ ਕਾਮਯਾਬ ਪਾਂਧੀ ਹੋਣ ਦੇ ਗੁਣਾ ਦਾ ਸਪਸ਼ਟ ਇਜ਼ਹਾਰ ਕੀਤਾ।

ਯੋਗਤਾ ਭਰਪੂਰ ਵਿਦਿਅਕ ਪ੍ਰਾਪਤੀਆ ਸਦਕਾ ਪੀਏਯੂ ਵਿਚ ਹੀ 1980 ਵਿਚ ਐਗਰੋਨੋਮੀ ਦੇ ਪ੍ਰੋਫੈਸਰ ਦੇ ਅਹੁਦੇ ਤੇ ਨਿਯੁਕਤ ਹੋਏ ਅਤੇ 1982 ਵਿਚ ਸੁਘੜ-ਸਰੂਪ ਅਤੇ ਉੱਚ ਯੋਗਤਾ ਭਰਪੂਰ ਡਾ. ਰਵਿੰਦਰ ਕੌਰ ( ਪੀਐਡੀ-ਫਿਜ਼ਿਕਸ) ਨੂੰ ਜੀਵਨ ਸਾਥੀ ਬਣਾ ਕੇ ਗ੍ਰਿਹਸਥ ਜੀਵਨ ਵਿਚ ਪ੍ਰਵੇਸ਼ ਕੀਤਾ ਆਪਣੀ ਅਤੇ ਆਪਣੇ ਜੀਵਨ-ਸਾਥੀ ਦੀ ਉੱਚ ਵਿਦਿਅਕ ਯੋਗਤਾ ਸਦਕਾ ਅਸਟਰੇਲੀਆ ਵਰਗੇ ਵਿਕਸਤ ਮੁਲਕ ਵਿਚ ਪੱਕਾ ਆਵਾਸ ਪ੍ਰਾਪਤ ਕਰਨ ਵਿਚ ਕੋਈ ਦਿੱਕਤ ਨਹੀ ਆਈ ਇਥੇ ਆ ਕੇ ਉਨ੍ਹਾ ਨੇ ਆਪਣੀ ਉਚ ਵਿਦਿਅਕ ਯੋਗਤਾ ਮੁਤਾਬਕ ਪਹਿਲਾਂ ਐਡੀਲੇਡ ਯੂਨੀਵਰਸਿਟੀ ਵਿਚ ਰਿਸਰਚ ਸਾਂਇੰਟਿਸਟ ਵਜੋਂ ਕੰਮ ਕੀਤਾ ਫੇਰ ਨਿਊ ਸਾਉਥ ਵੇਲਜ ਦੇ ਟੈਮਵਰਥ ਰਿਸਰਚ ਸੈਂਟਰ ਅਤੇ ਬਾਅਦ ਵਿਚ ਵੈਸਟਰਨ ਸਿਡਨੀ ਯੂਨੀਵਰਸਿਟੀ ਵਿਖੇ ਸੀਨੀਅਰ ਰਿਸਰਚ ਸਾਇੰਟਿਸਟ ਜੇਹੇ ਮਾਨ-ਮੱਤੇ ਅਹੁਦਿਆ ਉੱਪਰ ਕੰਮ ਕਰਦਿਆ ਉਪ-ਕੁਲਪਤੀ ਐਕਸੇਲੇਂਸੀ ਪੁਰਸਕਾਰ 2009 ਨਾਲ ਨਿਵਾਜੇ ਗਏ ਪੱਛਮੀ ਵਿਦਿਅਕ ਸੱਭਿਆਚਾਰ ਦੀ ਵਿਸ਼ੇਸ਼ਤਾ ਹੈ ਕਿ ਇਥੇ ਕਿਸੇ ਵੀ ਅਹੁਦੇ ਲਈ ਤੁਹਾਡੀ ਯੋਗਤਾ ਅਤੇ ਕਾਬਲੀਅਤ ਹੀ ਪਛਾਣੀ ਤੇ ਕਬੂਲੀ ਜਾਂਦੀ ਹੈ, ਕਿਸੇ ਕਿਸਮ ਦੇ ਸਫਾਰਸ਼ੀ ਮੋਢੇ ਨੂੰ ਕੋਈ ਬੁੱਕਤ ਨਹੀ ਦਿੱਤੀ ਜਾਂਦੀ। ਇਹਨਾਂ ਦੀ ਕੰਮਕਾਜੀ ਸਭਿਅਤਾ ਦਾ ਇਹ ਗੁਣ ਏਨ੍ਹਾਂ ਦੀ ਵਿਆਪਕ ਤਰੱਕੀ ਦਾ ਕਾਰਣ ਬਣਦਾ ਹੈ ਆਪ ਹੁਣ 1991 ਤੋਂ ਆਪਣੇ ਦੋ ਪੁੱਤਰਾਂ ਅਤੇ ਉਨ੍ਹਾਂ ਦੇ ਸੁਯੋਗ ਪਰਵਾਰਾ ਸਮੇਤ,ਅਸਟਰੇਲੀਆ ਦੇ ਪੱਕੇ ਨਿਵਾਸੀ ਹਨ, ਅਤੇ ਅਪਣੀ ਸਖਸ਼ੀਅਤ ਦੇ ਦੂਜੇ ਮਹੱਤਵਪੂਰਨ ਮਨੋਰਥ-ਆਪਣੇ ਆਪ ਨੂੰ ਵਿਸ਼ਵ ਦੇ ਨਾਮਵਰ ਵੈਟਰਨ ਦੌੜਾਕ ਦੇ ਤੌਰ ਤੇ ਸਥਾਪਤ ਕਰਨਾ ਲਈ-ਦ੍ਰਿੜ।

ਜਿੰਦਗੀ ਦੇ ਤਕਰੀਬਨ ਸਾਰੇ ਬੁਨਿਆਦੀ ਟੀਚੇ-ਮਸਲਨ ਉੱਚ-ਸਿਖਿਆ ਪ੍ਰਾਪਤ ਕਰਨ ਤੋਂ ਬਾਅਦ ਢੁੱਕਵਾਂ ਰੋਜਗਾਰ, ਸੁਘੜ ਜੀਵਨ ਸਾਥੀ, ਮਨਚਾਹੀ ਔਲਾਦ ਵਰਗੀਆ ਦੁਨਿਆਵੀ ਪ੍ਰਾਪਤੀਆਂ ਤੋਂ ਬਾਅਦ,ਆਮ ਇਨਸਾਨ ਅਕਸਰ ਸੰਤੁਸ਼ਟ ਮਹਿਸੂਸ ਕਰਦਾ ਹੋਇਆ ਹੋਰ ਔਕੜ ਭਰੇ ਟੀਚੇ ਮਿਥਨ ਤੋਂ ਗੁਰੇਜ਼ ਕਰਦਾ ਹੈ ਜਦ ਤੱਕ ਵਧਦੀ ਉਮਰ ਦੇ ਨਾਲ ਸਰੀਰਕ ਤਾਕਤ ਵੀ ਘਟਣੀ ਸ਼ੁਰੂ ਹੋ ਜਾਂਦੀ ਹੈ,ਜਿਸ ਕਾਰਨ ਸਰੀਰ ਕਰੜੀ ਮੇਹਨਤ ਤੋਂ ਕਤਰਾਉਣ ਲਗ ਜਾਂਦਾ ਹੈ ਪਰ ਇਸ ਸਿਰੜੀ ਬੰਦੇ ਦੇ ਇਰਾਦੇ ਹੋਰ ਹੀ ਸਨ ਆਪਣੇ ਨਵੇਂ ਚੁਣੇ ਮੁਲਕ ਅਸਟਰੇਲੀਆ ਦੀ ਕਸਰਤ ਪਸੰਦ ਜੀਵਨਸ਼ੇਲੀ ਨਾਲ ਆਢਾ ਲੈਣ ਦਾ ਦ੍ਰਿੜ ਨਿਸਚਾ ਕੀਤਾ ਆਪਣੀ ਔਸਤ ਸਰੀਰਕ ਦਿੱਖ ਦੇ ਬਾਵਜੂਦ-ਹੱਟੇ-ਕੱਟੇ ਬੇਪਰਵਾਹ ਅੰਗਰੇਜ਼ ਹਮਉਮਰਾਂ ਨੂੰ-ਸਿਖਾਂ ਦੀ ਚੜਦੀ-ਕਲਾਂ ਵਾਲੀ ਮਾਨਸਿਕਤਾ ਦਾ ਮੁਜਾਹਰਾ ਕਰਦਿਆਂ-ਵੈਟਰਨ ਦੌੜਾਂ ਦੇ ਵਰਗ ਵਿਚ-ਵੰਗਾਰਣ ਦਾ ਜੋਖਮ ਭਰਿਆ ਨਿਰਣਾ ਲਿਆ।

ਜਦੋਂ ਮੇਰੀ ਉਤਸੁਕਤਾ ਨੇ ਦੌੜਾਕ ਵਾਲੇ ਕੀੜ੍ਹੇ ਦੇ ਕਦੋਂ ਅਤੇ ਕਿਵੇਂ ਕ੍ਰਿਆਸ਼ੀਲ ਹੋਣ ਬਾਰੇ ਜਾਨਣਾ ਚਾਹਿਆ ਤਾਂ ਜਵਾਬ ਸੀ ਕਿ 'ਇਹ ਤਾਂ ਸ਼ਾਇਦ ਬਚਪਨ ਤੋਂ ਹੀ ਸਰਗਰਮ ਹੈ ਬਚਪਨ ਵਿਚ ਮੱਝਾਂ ਚਾਰਨੀਆ ਪੈਂਦੀਆਂ ਸਨ ਮੱਝਾਂ ਚਾਰਦੇ ਅਸੀ ਅਕਸਰ ਸਿਖਰ ਦੁਪਹਰੇ ਗੁਰੁਸਰ ਗੁਰਦੁਆਰੇ ਦੇ ਤਲਾਂ ਵਿਚ ਨ੍ਹਾਉਣ ਅਤੇ ਇਸਦੇ ਉਦਾਲੇ ਖੇਡਣ ਅਤੇ ਮਸਤੀ ਕਰਨ ਲੱਗ ਜਾਣਾ ਭਾਈ ਜੀ ਨੇ ਕਈ ਬਾਰ ਰੋਕਣਾ ਤਾਂ ਅਸੀ ਏਧਰ-ਉਧਰ ਖਿਸਕ ਜਾਣਾ ਫੇਰ ਆਕੇ ਮਸਤੀ ਸ਼ੁਰੂ ਕਰ ਦੇਣੀ। ਉਸਦੇ ਇਹ ਆਰਾਮ ਕਰਣ ਦਾ ਵਕਤ ਹੁੰਦਾ ਸੀ ਤੇ ਸਾਡਾ ਖੇਡਣ ਦਾ ਇਕ ਦਿਨ ਭਾਈ ਜੀ ਜਿਆਦਾ ਹੀ ਖਿਝ ਕੇ ਸਾਡੇ ਮਗਰ ਪੈ ਗਿਆ ਪਤਾ ਨਹੀ ਕਿਵੇ ਉਸਦੇ ਮਨ ਵਿਚ ਆਇਆ ਕਿ ਹੋਰ ਨਹੀ ਤਾਂ ਅੱਜ ਇਸ ਛੀਂਟਕੇ ਜਿਹੇ ਮੁੰਡੇ ਨੂੰ ਫੜਕੇ ਇਹਦੀ ਧੌੜੀ ਜਰੂਰ ਲਉਣੀ ਹੈ ਉਹ ਮੇਰੇ ਮਗਰ ਪੈ ਗਿਆ ਬਾਬੇ ਦੀ ਕਿਰਪਾ ਨਾਲ ਮੈਂ ਜਿਉਂ ਭੱਜਿਆ ਡੇਢ ਦੋ ਕਿਲੋਮੀਟਰ ਮੈਂ ਉਸਨੂੰ ਡਾਹ ਨੀ ਦਿੱਤੀ ਉਹ ਹਫਦਾ ਬੁੜ-ਬੁੜ ਕਰਦਾ ਮੁੜ ਆਇਆ ਸੱਤ ਅੱਠ ਸਾਲ ਦੇ ਮੁੰਡੇ ਦੀਆਂ ਲੱਤਾ ਚ ਕਿਨੀ ਜਾਨ ਸੀ ਇਸਦਾ ਅੰਦਾਜ਼ਾ ਤੁਸੀ ਆਪ ਲਗਾ ਸਕਦੇ ਹੋ ਆਪਮੁਹਾਰੀ ਦੌੜ ਦਾ ਇਹ ਸਿਲਸਲਾ ਸਕੂਲੀ ਵਿਦਿਆ ਦੌਰਾਨ ਵੀ ਜਾਰੀ ਰਿਹਾ ਜਦੋਂ ਕਿਸੇ ਦਿਨ ਨਾਲ ਰੋਟੀ ਲਜਾਣੀ ਭੁੱਲ ਜਾਣੀ ਤਾਂ ਅੱਧੀ ਛੁੱਟੀ ਵੇਲੇ ਭੱਜ ਕੇ ਈ ਘਰੋਂ ਰੋਟੀ ਖਾ ਕੇ-ਘੰਟੀ ਵੱਜਣ ਤੋਂ ਪਹਿਲਾਂ ਸਕੂਲ ਮੁੜ ਜਾਣਾ ਯੂਨੀਵਰਸਿਟੀ ਦੀ ਪੜਾਈ ਤੱਕ ਤਾਂ ਸਵੇਰੇ ਸਾਹਜਰੇ ਉਠਣਾ,ਅਤੇ ਤਿਨ ਚਾਰ ਕਿਲੋਮੀਟਰ ਭੱਜਣਾ-ਟੇਵ ਏਵ ਪਰੀ-ਮੇਰੀ ਨਿਤ ਦੀ ਰੁਟੀਨ ਬਣ ਚੁਕੀ ਸੀਂ'।

ਇਥੇ ਆ ਕੇ ਮੁਕਾਬਲੇ ਦੀਆਂ ਦੌੜਾ ਚ ਕੁੱਦਣ ਦਾ ਸਬੱਬ ਕਿਵੇ ਬਣਿਆ :-ਦੱਸਦੇ ਹਨ ਕਿ 'ਮੇਰੀ ਰੁਟੀਨ ਤਕਰੀਬਨ ਪੰਜ ਕਿਲੋਮੀਟਰ ਦੀ ਸੀ ਸਾਲ 2013 ਮੈਨੂੰ ਸਿਡਨੀ ਮੌਰਨਿੰਗ ਹੈਰਾਲਡ ਹਾਫ ਮੈਰਾਥਨ ( 21 ਕਿਲੋਮੀਟਰ) ਬਾਰੇ ਪਤਾ ਲੱਗਿਆ ਇਸ ਦੌੜ ਵਿਚ ਹਿਸਾ ਲੈਣ ਦੇ ਇਰਾਦੇ ਨਾਲ ਮੈ ਆਪਣੀ ਦੂਰੀ ਪੰਜ ਕਿਲੋਮੀਟਰ ਤੋਂ ਹੌਲੀ-ਹੌਲੀ ਵਧਾਉਣ ਦੇ ਨਾਲ-ਨਾਲ ਲੰਮੀ ਦੌੜ ਲਈ ਆਪਣਾ ਦਮ-ਖਮ ਵੀ ਵਧਾਉਣਾ ਸ਼ੁਰੂ ਕਰ ਦਿੱਤਾ। 2014 ਵਿਚ ਪਹਿਲੀ ਬਾਰ ਮੈਂ ਇਸ ਈਵੈਂਟਸ ਵਿਚ ਹਿਸਾ ਲਿਆ ਅਤੇ ਪਹਿਲੀ ਬਾਰ ਹੀ ਆਪਣੀ ਉਮਰ ਦੇ ਵਰਗ ਵਿਚ ਇਕ ਘੰਟਾ ਪੰਤਾਲੀ ਮਿੰਟ ਦੇ-ਹੌਸਲਾਂ ਵਧਾਉ ਸਮੇ ਨਾਲ ਪੂਰੀ ਕੀਤੀ ਅਤੇ ਇਸੇ ਸਾਲ ਹੀ ਸਿਟੀ-2-ਸਰਫ 14 ਕਿਲੋਮੀਟਰ ਦੀ ਤਿੱਖੀ ਪਹਾੜੀ ਰਾਸਤੇ-ਜਿਸਨੂੰ ਬਰੇਕਿੰਗ ਹਾਰਟ ਹਿਲ ਕਰਕੇ ਜਾਣਿਆਂ ਜਾਦਾਂ ਹੈ-ਵਾਲੀ ਈਵੈਂਟ ਮੂਹਰਲੀ ਸਫਾਂ ਚ ਰਹ ਕੇ ਪੂਰੀ ਕੀਤੀ ਉਸਤੋਂ ਬਾਅਦ ਤਾਂ ਚਲ-ਸੋ-ਚਲ ਮੈਂ ਲਗਾਤਾਰ ਇਹਨਾਂ ਦੌੜਾਂ ਚ ਹਿਸਾ ਲੈਂਦਾ ਆ ਰਿਹਾਂ ਹਾਂ ਸਿਟੀ-2-ਸਰਫ ਦਾ ਮੇਰਾ 2016 ਦਾ ਰਿਕਾਡ 63 ਮਿੰਟ ਤੇ 39 ਸਕਿੰਟ ਦਾ ਹੈ ਅਤੇ ਸਿਡਨੀ ਵਾਲੀ ਹਾਫ ਮੈਰਾਥਨ ਦਾ 94 ਮਿੰਟ ਤੇ 27 ਸਕਿੰਟ ਦਾ ਸਰਬੋਤਮ ਸਮਾਂ ਮੈਂ 2017 ਦਰਜ ਕੀਤਾ'।

ਇਸ ਤੋਂ ਬਾਅਦ ਉਹਨਾਂ ਨੇ ਅਸਟਰੇਲੀਆ ਦੀਆਂ ਵਰਲਡ ਵੈਟਰਨ ਦੌੜਾ ਦੇ ਤਕਰੀਬਨ ਹਰ ਨਾਮਵਰ ਈਵੈਂਟਸ ਚ ਹਿਸਾ ਲਿਆ ਅਤੇ ਹਰ ਥਾਂ ਆਪਣੀ ਤਾਕਤ ਦਾ ਲੋਹਾ ਮਨਵਾਇਆ ਅਸਟਰੇਲੀਅਨ ਮਾਸਟਰਜ਼ (ਐਡੀਲੇਡ) ਵਿਖੇ ਦੋ ਗੋਲਡ (5000 ਅਤੇ 1500 ਮੀਟਰ) ਇਕ ਸਿਲਵਰ (800 ਮੀਟਰ) ਪ੍ਰਾਪਤ ਕੀਤਾ ਨਿਊ ਸਾਊਥ ਵੇਲਜ਼ ਮਾਸਟਰਜ਼ 2021 ਵਿਚ ਏਨਾਂ ਹੀ ਤਿੰਨ ਈਵੈਂਟਸ ਵਿਚ ਗੋਲਡ ਮੈਡਲ ਜਿੱਤੇ ਅਤੇ 400 ਮੀਟਰ ਅਤੇ 2000 ਮੀਟਰ ਸਟੀਪਲਚੇਜ ਚ ਸਿਲਵਰ ਉਹਨਾਂ ਦੀ 4x800 ਮੀਟਰ ਦੀ ਰਿਲੇ ਟੀਮ ਨੇ ਮਾਰਚ 2021 ਵਿਚ ਨਿਊ ਸਾਊਥ ਵੇਲਜ਼ ਸੂਬੇ ਲਈ 10 ਮਿੰਟ ਤੇ 42.42 ਦਾ ਨਵਾਂ ਰਿਕਾਡ ਕਾਇਮ ਕੀਤਾ। ਇਸੇ ਸਾਲ ਹੀ ਨਿਊ ਸਾਊਥ ਵੇਲਜ਼ ਸੂਬੇ ਦੀ ਸਿਡਨੀ ਓਲੰਪਿਕ ਪਾਰਕ ਵਿਖੇ ਕਰਾਈ ਗਈ 10 ਕਿਲੋਮੀਟਰ ਦੀ ਦੌੜ ਵਿਚ 65-69 ਸਾਲ ਦੀ ਉਮਰ ਦੇ ਵਰਗ ਵਿਚ ਪਹਿਲਾਂ ਸਥਾਨ ਪ੍ਰਾਪਤ ਕੀਤਾ ਏਨਾਂ ਹੀ ਖੇਡਾਂ ਦੌਰਾਨ ਹਿਲਜ਼ ਕਲੱਬ ਦੀ ਟੀਮ ਦੇ ਮੈਂਬਰ ਵਜੋਂ 4x4 ਕਿਲੋਮੀਟਰ ਰਿਲੇਅ ਕਰਾਸ ਕੰਟਰੀ ਵਿਚ ਭਾਗ ਲਿਆ ਅਤੇ ਆਪਣੀ ਟੀਮ ਦੀ-ਸਾਰੀਆ ਕਲੱਬਾ ਉਪਰ-ਜਿੱਤ ਵਿਚ ਭਰਪੂਰ ਯੋਗਦਾਨ ਪਾਇਆ।

ਹਰਸ਼ਰਨ ਬਚਪਨ ਦੀ ਖਤਰੇ ਤੋਂ ਬਚਣ ਲਈ ਦੌੜਣ ਦੀ ਪ੍ਰਵਿਰਤੀ ਹੁਣ ਖਤਰੇ ਨਾਲ ਮੁਕਾਬਲੇ ਦੀ ਦੌੜ ਵਿਚ ਕਿਵੇ ਬਦਲ ਗਈ ?ਥੋੜਾ ਗੰਭੀਰ ਹੋ ਕੇ ਕਹਿੰਦੇ;- 'ਬਲਦੇਵ ਸਿੰਘ ਇਹ ਬਦਲਾਵ ਤਾਂ ਗੁਰਬਾਣੀ ਦਾ ਕ੍ਰਿਸ਼ਮਾ ਹੀ ਕਿਹਾ ਜਾ ਸਕਦਾ ਹੈ ਕਿਸੇ ਵੀ ਔਖੀ ਘੜੀ ਵੇਲੇ ਮੈਂ ਸਿਰਫ ਗੁਰਬਾਣੀ ਦਾ ਹੀ ਆਸਰਾ ਤੱਕਦਾ ਹਾਂ ਦੌੜਦੇ ਵਕਤ ਵੀ ਮੈਂ ਗੁਰਬਾਣੀ ਦੇ ਕੰਠ ਕੀਤੇ ਸ਼ਬਦ ਮਨ ਚ ਚਿਤਾਰਦਾ ਰਹਿੰਦਾ ਹਾਂ ਜਿਸਦੀ ਬਦੌਲਤ ਬਰੇਕਿੰਗ ਹਾਰਟ ਹਿੱਲ ਵਰਗੀ ਮੁਸ਼ਕਲ ਭਰੀ ਦਿਸਦੀ ਮੰਜਲ ਮੈਨੂੰ-ਸਾਗਰੁ ਤਰਿਓ ਬਾਛਰ ਖੋਜ-ਭਇਆਨਕ ਦਿਸਦਾ ਸਮੁੰਦਰ ਵੱਛੇ ਦੇ ਖੁਰ ਦੇ ਬਣੇ ਟੋਏ ਚ ਭਰੇ ਪਾਣੀ ਜਿਨਾ ਆਸਾਨ ਜਾਪਦਾ ਹੈ' ਗੁਰੂ ਦੀ ਦ੍ਰਿੜ ਪ੍ਰਤੀਤ ਦਾ-ਇਸ ਜ਼ਾਂਬਾਜ ਵੈਟਰਨ ਦੌੜਾਕ ਦਾ ਇਹ ਪ੍ਰੇਰਨਾ ਭਰਪੂਰ ਜਜ਼ਬਾ-ਸਲਾਹੁਣ ਅਤੇ ਅਪਨਾਉਣਯੋਗ ਹੈ।

ਅਧੁਨਿਕ ਸੰਚਾਰ-ਸਾਧਨਾ ਦੇ ਉਭਰ ਰਹੇ-ਇੰਟਰਨੈਟ ਦੇ ਦਿਲ ਲੁਭਾਉ ਜਾਲ ਦੇ ਖਿਲਾਰੇ-ਜਿਸਦੀ ਮਿਕਨਾਤੀਸੀ ਖਿੱਚ ਤੋਂ ਕੋਈ ਵਿਰਲਾ ਹੀ ਬਚ ਪਾਇਆ- ਵਿਚ ਖਚਤ ਹੋਣ ਤੋਂ ਆਪਣੇ ਆਪ ਨੂੰ ਦ੍ਰਿੜਤਾ ਨਾਲ ਬਚਾਈ ਰੱਖਣਾਂ-ਇਸ ਬਹੁ-ਰੰਗੀ ਸਖ਼ਸ਼ੀਅਤ ਦਾ ਇਕ ਹੋਰ ਵਰਨਣਯੋਗ ਗੁਣ ਹੈ। ਆਪਣੇ ਅਕੈਡਮਿਕ ਕੰਮ ਦੌਰਾਨ ਇਸ ਮੱਧਿਅਮ ਦੀ ਯੋਗ ਵਰਤੋਂ ਬਾਖੂਬ ਕੀਤੀ ਪਰ ਇਸ ਵਿਚ ਬੇਮੁਹਾਰਾ ਖਚਤ ਹੋਣ ਤੋਂ ਬਚ ਕੇ-ਮਨ ਦੀਆਂ ਗੱਝੀਆ ਤਾਕਤਾਂ ਨੂੰ-ਆਪਣੇ ਚੁਣੇ ਮਨੋਰਥ ਦੀ ਪੂਰਤੀ ਲਈ ਬਚਾਈ ਰੱਖਿਆ। ਕੁਦਰਤ ਦੇ ਉਤਭੁਜ ਚਲਤ ਦੇ ਵਰਤਾਰੇ ਦਾ ਸ਼ੌਕ ਪਾਲਣ ਅਤੇ ਮਾਨਣ ਲਈ-ਆਪਣੇ ਘਰ ਵਿਚ ਹੀ ਬਹੁਤ ਵਧੀਆ ਵਿਉਂਤਬੰਦੀ ਕਰਕੇ-ਆਪਣੀ ਕ੍ਰਿਸਾਨੀ ਵਿਰਾਸਤ ਨਾਲ ਓਤ-ਪੋਤ ਰਹਿਣ ਦਾ ਨਿਵੇਕਲਾ ਉਦਮ-ਏਸ ਸਖ਼ਸ਼ ਦੀ ਇਕ ਹੋਰ ਅਜੇਹੀ ਵਿਲੱਖਣ ਪਿਰਤ ਹੈ।

ਹਰ ਇਕ ਖਿਡਾਰੀ,ਹਰ ਇਕ ਦੌੜਾਕ ਦੀ ਉਚਤਮ ਚਾਹਤ, ਦਿਲੀ ਤਾਂਘ ਅਤੇ ਆਖੀਰਲਾ ਮਨੋਰਥ ਓਲਾਂਪਿਕ ਖੇਡਾਂ ਵਿਚ ਆਪਣੇ ਦੇਸ਼ ਵੱਲੋਂ ਖੇਡਣਾ ਹੀ ਹੁੰਦਾ ਹੈ ਇਸ ਮਾਣ-ਮੱਤੇ ਦੌੜਾਕ ਨੇ, ਅਸਟਰੇਲੀਅਨ ਵੈਟਰਨ ਦੌੜਾਂ ਦੇ ਮੁਕਾਬਲਿਆਂ ਵਿਚ ਨਿਯਮਤ ਅਤੇ ਲਗਾਤਾਰ ਜਿੱਤਾਂ ਪ੍ਰਾਪਤ ਕਰਕੇ-ਆਪਣੀ ਕਾਬਲੀਅਤ ਦਾ ਵਿਆਪਕ ਮੁਜਾਹਰਾਂ ਕਰਦਿਆ-2022 ਵਿਚ ਜਪਾਨ ਵਿਖੇ ਹੋ ਰਹੀਆਂ ਵਿਸ਼ਵ ਮਾਸਟਰਜ਼ ਐਥਲੈਟਿਕ ਚੈਪੀਅਨਸ਼ਿਪ ਵਿਚ ਹਿਸਾ ਲੈਣ ਵਾਲੀ ਅਸਟਰੇਲੀਆ ਦੀ ਟੀਮ ਵਿਚ ਆਪਣੀ ਥਾਂ ਨਿਸਚਿਤ ਕਰ ਲਈ ਹੈ ਮਰਹੂਮ ਮਿਲਖਾ ਸਿੰਘ ਦੀ ਓਲੰਪਿਕ ਟਰੈਕ ਵਿਚ ਪਾਈ ਮਹਾਨ ਪਿਰਤ ਨੂੰ ਦੁਰਹਾਉਣ ਲਈ ਇਹ ਸਿਰੜੀ ਸਿੱਖ ਦ੍ਰਿੜ ਵੀ ਹੈ ਅਤੇ ਉਤਸੁਕ ਵੀ ਵਾਹਿਗੁਰੂ ਆਪਣੇ ਸਿੱਖ ਨੂੰ ਕਾਮਯਾਬੀ ਬਖਸ਼ੇ, ਇਹੀ ਸਾਡੀ ਸਾਰਿਆ ਦੀ ਦਿਲੀ ਖ਼ਾਹਸ਼ ਵੀ ਹੈ ਅਤੇ ਦਿਲ ਦੀਆਂ ਡੂੰਘਾਈਆਂ ਤੋਂ ਅਰਦਾਸ ਵੀ।

ਬਲਦੇਵ ਸਿੰਘ
ਗੁਜਰਵਾਲ ਸਿਡਨੀ
0491-033-909

*ਲੇਖਕ ਗੁਜਰਾਵਾਲ ਦਾ ਹੀ ਵਸਨੀਕ ਹੈ,ਅਤੇ ਕਿਤਾਬ "ਗਰਬਾਣੀ ਦੀ ਮਹੱਤਤਾ-ਅਧੁਨਿਕ ਵਿਗਿਆਨਕ ਖੋਜਾਂ ਦੇ ਸੰਦਰਭ ਵਿਚ" ਦਾ ਲੇਖਕ ਹੈ।(ਐਡੀਟਰ)*




# ਅਖਬਾਰ ਦੇ ਸੰਪਾਦਕ ਅਵਤਾਰ ਐਸ. ਸੰਘਾ ਦਾ ਛਪ ਰਿਹਾ ਨਵਾਂ ਨਾਵਲ ਅਗਸਤ ਦੇ ਅੰਤ ਤੱਕ ਬਜ਼ਾਰ ਵਿੱਚ ਆ ਰਿਹਾ ਹੈ।

## ਪ੍ਰਸਿੱਧ ਗਾਇਕਾ ਅਮਰ ਨੂਰੀ ਅੰਤਰਰਾਸ਼ਟਰੀ ਕਲਾਕਾਰ ਮੰਚ ਦੀ ਪ੍ਰਧਾਨ ਨਿਯੁਕਤ

ਅੰਤਰਰਾਸ਼ਟਰੀ ਕਲਾਕਾਰ ਮੰਚ ਦੇ ਪ੍ਰਧਾਨ ਰਹੇ ਮਰਹੂਮ ਸਰਦੂਲ ਸਿਕੰਦਰ ਦੀ ਥਾਂ 'ਤੇ ਉਨ੍ਹਾਂ ਦੀ ਧਰਮ ਪਤਨੀ ਅੰਤਰਰਾਸ਼ਟਰੀ ਪ੍ਰਸਿੱਧ ਗਾਇਕਾ ਅਮਰ ਨੂਰੀ ਨੂੰ ਸਮੂਹ ਕਲਾਕਾਰ ਭਾਈਚਾਰੇ ਵੱਲੋਂ ਸਰਬਸੰਮਤੀ ਨਾਲ ਪ੍ਰਧਾਨ ਚੁਣਿਆ ਗਿਆ। ਇਹ ਫੈਸਲਾ ਗੁਰਪੂਰਨਿਮਾ ਦੇ ਸ਼ੁੱਭ ਦਿਹਾੜੇ 'ਤੇ ਮਰਹੂਮ ਸਰਦੂਲ ਸਿਕੰਦਰ ਦੇ ਬੁੱਲ੍ਹੇਪੁਰ ਸਥਿਤ ਗ੍ਰਹਿ ਵਿਖੇ ਸਮੂਹ ਕਲਾਕਾਰ ਭਾਈਚਾਰੇ ਦੀ ਬੈਠਕ 'ਚ ਲਿਆ ਗਿਆ।



ਇਸ ਦੌਰਾਨ ਦੌਰਾਨ ਗਾਇਕ ਤੇ ਸੰਸਦ ਮੈਂਬਰ ਹੰਸ ਰਾਜ ਹੰਸ ਵੱਲੋਂ ਪ੍ਰਧਾਨਗੀ ਦੇ ਅਹੁਦੇ ਲਈ ਅਮਰ ਨੂਰੀ ਦਾ ਨਾਂ ਪੇਸ਼ ਕੀਤਾ, ਜਿਸ ਨੂੰ ਸਮੂਹ ਕਲਾਕਾਰਾਂ ਨੇ ਹੱਥ ਖੜੇ ਕਰਕੇ ਪ੍ਰਵਾਨਗੀ ਦਿੱਤੀ। ਹੰਸ ਰਾਜ ਹੰਸ ਨੇ ਕਿਹਾ ਕਿ ਸਿਕੰਦਰ ਪਰਿਵਾਰ ਦੀ ਸੰਗੀਤ ਜਗਤ ਨੂੰ ਵੱਡੀ ਦੇਣ ਹੈ, ਇਸ ਕਰਕੇ ਇਸ ਅਹੁਦੇ ਦਾ ਅਸਲ ਹੱਕਦਾਰ ਇਹੋ ਪਰਿਵਾਰ ਹੈ। ਉਨ੍ਹਾਂ ਕਿਹਾ ਕਿ ਕਲਾਕਾਰ ਭਾਈਚਾਰਾ ਇਸ ਪਰਿਵਾਰ ਦੇ ਨਾਲ ਚੱਟਾਨ ਵਾਂਗ ਖੜ੍ਹਾ ਹੈ ਤੇ ਅਸੀ ਅਮਰ ਨੂਰੀ ਦਾ ਮਨੋਬਲ ਕਦੇ ਵੀ ਡਿੱਗਣ ਨਹੀਂ ਦੇਵਾਂਗੇ। ਸਮੂਹ ਕਲਾਕਾਰਾਂ ਨੇ ਅਮਰ ਨੂਰੀ ਨੂੰ ਅੰਤਰਰਾਸ਼ਟਰੀ ਕਲਾਕਾਰ ਮੰਚ ਦਾ ਪ੍ਰਧਾਨ ਐਲਾਨਦਿਆਂ ਕਿਹਾ ਕਿ ਸਮੁੱਚਾ ਭਾਈਚਾਰਾ ਉਨ੍ਹਾਂ ਦੇ ਮੋਢੇ ਨਾਲ ਮੋਢਾ ਜੋੜ ਕੇ ਖੜ੍ਹਾ ਹੈ। ਕਲਾਕਾਰਾਂ ਦੀ ਉਨ੍ਹਾਂ ਵੱਲੋਂ ਜੋ ਵੀ ਡਿਊਟੀ ਲਗਾਈ ਜਾਵੇਗੀ ਉਸ ਨੂੰ ਪੂਰੀ ਤਨਦੇਹੀ ਨਾਲ ਨਿਭਾਇਆ ਜਾਵੇਗਾ। ਅਮਰ ਨੂਰੀ ਨੇ ਕਿਹਾ ਕਿ ਭਾਵੇਂ ਸਰਦੂਲ ਸਿਕੰਦਰ ਦੀ ਥਾਂ ਕੋਈ ਨਹੀਂ ਲੈ ਸਕਦਾ ਪਰ ਸਮੂਹ ਕਲਾਕਾਰ ਭਾਈਚਾਰੇ ਨੇ ਉਸ 'ਤੇ ਜੋ ਵਿਸ਼ਵਾਸ ਪ੍ਰਗਟਾਇਆ ਹੈ ਉਹ ਉਸ 'ਤੇ ਪੂਰੇ ਉਤਰਨ ਦੀ ਕੋਸ਼ਿਸ ਕਰੇਗੀ।

ਨੂਰੀ ਨੇ ਕਿਹਾ ਕਿ ਉਹ ਯਕੀਨ ਦਿਵਾਉਂਦੀ ਹੈ ਕਿ ਕਲਾਕਾਰ ਭਾਈਚਾਰੇ ਦੀਆਂ ਸਾਰੀਆਂ ਸਮੱਸਿਆਵਾਂ ਜਾਂ ਮੁੱਦਿਆਂ ਨੂੰ ਜੋਰ ਸ਼ੋਰ ਨਾਲ ਉਠਾਉਣਗੇ। ਇਸ ਮੌਕੇ ਹੰਸ ਰਾਜ ਹੰਸ, ਜਸਵੀਰ ਜੱਸੀ, ਬੱਬੂ ਮਾਨ, ਹਰਦੀਪ ਗਿੱਲ, ਸਰਦਾਰ ਅਲੀ, ਸਤਵਿੰਦਰ ਬੁੱਗਾ, ਦੇਬੀ ਮਖਸੂਸਪੁਰੀ, ਬਿੱਟੂ ਖੰਨੇ ਵਾਲਾ, ਗੁਰਲੇਜ ਅਖ਼ਤਰ, ਕੁਲਵਿੰਦਰ ਕੈਲੀ, ਦਵਿੰਦਰ ਖੰਨੇ ਵਾਲਾ, ਸੁਖਵਿੰਦਰ ਸੁੱਖੀ, ਇੰਦਰਜੀਤ ਨਿਕੂ, ਸੁੱਖੀ ਬਰਾੜ, ਜਸ਼ਨ ਗਿੱਲ, ਬਲਬੀਰ ਬੀਰਾ, ਜਮੀਲ ਅਖਤਰ, ਅਲਾਪ ਸਿਕੰਦਰ, ਰਣਜੀਤ ਰਾਣਾ ਆਦਿ ਹਾਜ਼ਰ ਸਨ।

### ਸਿਆਸੀ ਸ਼ਖ਼ਸੀਅਤਾਂ ਨੇ ਦਿੱਤੀ ਵਧਾਈ

ਪ੍ਰਸਿੱਧ ਗਾਇਕਾ ਅਮਰ ਨੂਰੀ ਦੇ ਅੰਤਰਰਾਸ਼ਟਰੀ ਕਲਾਕਾਰ ਮੰਚ ਦਾ ਪ੍ਰਧਾਨ ਬਣਨ 'ਤੇ ਜਿੱਥੇ ਸੰਗੀਤ ਜਗਤ ਦੀਆਂ ਹਸਤੀਆਂ ਨੇ ਉਨ੍ਹਾਂ ਨੂੰ ਵਧਾਈ ਦਿੱਤੀ। ਉਥੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ, ਕੈਬਨਿਟ ਮੰਤਰੀ ਸਾਧੂ ਸਿੰਘ ਧਰਮਸੋਤ, ਚਰਨਜੀਤ ਚੰਨੀ, 'ਆਪ' ਪਾਰਟੀ ਦੇ ਪੰਜਾਬ ਪ੍ਰਧਾਨ ਭਗਵੰਤ ਮਾਨ, ਸੰਸਦ ਮੈਂਬਰ ਅਮਰ ਸਿੰਘ, ਖੰਨਾ ਤੋਂ ਵਿਧਾਇਕ ਗੁਰਕੀਰਤ ਸਿੰਘ ਸਮੇਤ ਵੱਖ-ਵੱਖ ਰਾਜਸੀ ਆਗੂਆਂ ਨੇ ਵੀ ਵਧਾਈ ਸੰਦੇਸ਼ ਭੇਜਿਆ।


# ਦਾ ਪੰਜਾਬ ਹੈਰਲਡ

ਵਿਚ ਕਿਸੇ ਵੀ ਤਰ੍ਹਾਂ ਦੀਆਂ ਖਬਰਾਂ, ਸਾਹਿਤਕ ਕ੍ਰਿਤਾਂ, ਜਾਇਦਾਦ ਸੰਬੰਧੀ ਸੂਚਨਾਵਾਂ ਤੇ ਵਿਆਹ ਸ਼ਾਦੀਆਂ ਸੰਬੰਧੀ ਇਸ਼ਤਿਹਾਰ ਛਪਵਾਉਣ ਲਈ ਤੁਸੀਂ ਸਾਡੇ ਨਾਲ ਹੇਠ ਲਿਖੇ ਨੰਬਰ ਅਤੇ ਈ-ਮੇਲ ਤੇ ਸੰਪਰਕ ਕਰ ਸਕਦੇ ਹੋ। ਚੰਗਾ ਹੋਵੇਗਾ ਜੇ ਇਹ ਸਭ ਪ੍ਰਕਾਰ ਦੀ ਸਮਗਰੀ ਹਰ ਮਹੀਨੇ 20 ਤਰੀਖ ਤੋਂ ਪਹਿਲਾਂ ਪਹਿਲਾਂ ਸਾਡੇ ਪਾਸ ਪਹੁੰਚ ਜਾਵੇ।

thepunjabherald1@gmail.com

ਜੇਕਰ ਕਿਸੇ ਨੇ ਇਸ਼ਤਿਹਾਰ ਛਪਵਾਉਣਾ ਬੰਦ ਕਰਾਉਣਾ ਹੋਵੇ ਤਾਂ ਉਹ ਮਹੀਨੇ ਦੀ 20 ਤਾਰੀਖ ਤੋਂ ਪਹਿਲਾਂ ਪਹਿਲਾਂ ਸਾਨੂੰ ਸੂਚਿਤ ਕਰੇ।

If somebody wishes to discontinue the advertisement, then please intimate us by calling 0437641033 before 20th every month.

ਸੰਪਰਕ 0437641033

Disclaimer

he Punjab Herald and the staff associated with it are not responsible for any claims made by the advertisers and do not ndorse any product or advertisement published in the newspaperl The views expressed in the advertisement and various articles belong solely to the concerned advertisers and authorsl They do not reflect the views of the newspaper management Jurisdiction Sydneyl

# ਬੇਰੁਜਗਾਰ ਅਧਿਆਪਕਾਂ ਤੇ ਪੁਲੀਸ ਵਿਚਾਲੇ ਧੱਕਾ-ਮੁੱਕੀ



ਰੁਜਗਾਰ ਪ੍ਰਾਪਤੀ ਦੀ ਮੰਗ ਸਬੰਧੀ ਪੰਜ ਜਥੇਬੰਦੀਆਂ ਆਧਾਰਤ ਬੇਰੁਜ਼ਗਾਰ ਸਾਂਝਾ ਮੋਰਚਾ ਵੱਲੋਂ ਅੱਜ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਦੀ ਸਥਾਨਕ ਰਿਹਾਇਸ਼ ਵੱਲ ਕੀਤੇ ਜਾ ਰਹੇ ਰੋਸ ਮਾਰਚ ਨੂੰ ਪੁਲੀਸ ਨੇ ਵਾਈਪੀਐੱਸ ਚੌਕ ਨੇੜੇ ਹੀ ਰੋਕ ਲਿਆ। ਪ੍ਰਦਰਸ਼ਨਕਾਰੀਆਂ ਅਤੇ ਪੁਲੀਸ ਵਿਚਾਲੇ ਹੋਈ ਖਿੱਚ-ਧੂਹ ਦੌਰਾਨ ਨੌਜਵਾਨਾਂ ਦੀਆਂ ਪੱਗਾਂ ਵੀ ਉਤਰ ਗਈਆਂ। ਪ੍ਰਸ਼ਾਸਨ ਵੱਲੋਂ ਤਿੰਨ ਅਗਸਤ ਨੂੰ ਚੰਡੀਗੜ੍ਹ ਵਿੱਚ ਸਟੇਟ ਅਥਾਰਟੀ ਨਾਲ ਮੀਟਿੰਗ ਤੈਅ ਕਰਵਾਉਣ ਮਗਰੋਂ ਪ੍ਰਦਰਸ਼ਨਕਾਰੀ ਸ਼ਾਂਤ ਹੋਏ।

ਜਾਣਕਾਰੀ ਅਨੁਸਾਰ ਵੱਖ-ਵੱਖ ਬੇਰੁਜਗਾਰ ਜਥੇਬੰਦੀਆਂ ਬੀਐੱਡ ਟੈੱਟ ਪਾਸ ਅਧਿਆਪਕ ਯੂਨੀਅਨ, ਬੇਰੁਜਗਾਰ ਆਰਟ ਐਂਡ ਕਰਾਫਟ ਅਧਿਆਪਕ ਯੂਨੀਅਨ, 873 ਆਲ ਪੰਜਾਬ ਬੇਰੁਜਗਾਰ ਡੀਪੀਈ ਯੂਨੀਅਨ ਪੰਜਾਬ, ਬੇਰੁਜਗਾਰ ਪੀਟੀਆਈ ਅਧਿਆਪਕ ਯੂਨੀਅਨ ਪੰਜਾਬ ਦੇ ਕਾਰਕੁਨ ਪਹਿਲਾਂ ਇਥੇ ਬਾਰਾਂਦਰੀ ਗਾਰਡਨ 'ਚ ਇਕੱਤਰ ਹੋਏ ਤੇ ਮਗਰੋਂ ਕੈਪਟਨ ਦੀ ਰਿਹਾਇਸ਼ ਵੱਲ ਰੋਸ ਮਾਰਚ ਆਰੰਭ ਕਰ ਦਿੱਤਾ। ਪ੍ਰਦਰਸ਼ਨਕਾਰੀ ਜਦੋਂ ਵਾਈਪੀਐੱਸ ਚੌਕ ਨੇੜੇ ਪੁੱਜੇ ਤਾਂ ਪੁਲੀਸ ਨੇ ਉਨ੍ਹਾਂ ਨੂੰ ਉੱਥੇ ਹੀ ਰੋਕ ਲਿਆ। ਇਸ ਦੌਰਾਨ ਪ੍ਰਦਰਸ਼ਨਕਾਰੀਆਂ ਅਤੇ ਪੁਲੀਸ ਵਿਚਾਲੇ ਖਿੱਚ-ਧੂਹ ਵੀ ਹੋਈ। ਮਗਰੋਂ ਬੇਰੁਜਗਾਰਾਂ ਨੇ ਵਾਈਪੀਐੱਸ ਚੌਕ 'ਚ ਹੀ ਧਰਨਾ ਸ਼ੁਰੂ ਕਰ ਦਿੱਤਾ, ਜਿਹੜਾ ਸਟੇਟ ਅਥਾਰਟੀ ਨਾਲ ਅਗਲੀ ਮੀਟਿੰਗ ਤੈਅ ਹੋਣ ਤੱਕ ਜਾਰੀ ਰਿਹਾ। ਮੋਰਚੇ ਦੇ ਸੂਬਾ ਆਗੂ ਸੁਖਵਿੰਦਰ ਢਿੱਲਵਾਂ ਨੇ ਚਿਤਾਵਨੀ ਦਿੱਤੀ ਕਿ ਜੇ ਤਿੰਨ ਅਗਸਤ ਦੀ ਮੀਟਿੰਗ ਦੌਰਾਨ ਵੀ ਉਨ੍ਹਾਂ ਦੇ ਮਸਲੇ ਹੱਲ ਨਾ ਕੀਤੇ ਗਏ ਤਾਂ ਉਹ ਸੰਘਰਸ਼ ਹੋਰ ਤਿੱਖਾ ਕਰਨਗੇ।

# ਕੈਪਟਨ ਵੱਲੋਂ ਘੱਗਰ 'ਚ ਵਧ ਰਹੇ ਪਾਣੀ ਦਾ ਹਵਾਈ ਸਰਵੇਖਣ



ਪੰਜਾਬ-ਹਰਿਆਣਾ ਹੱਦ ਨੇੜਲੇ ਜ਼ਿਲ੍ਹਾ ਸੰਗਰੂਰ ਦੇ ਇਲਾਕੇ 'ਚੋਂ ਲੰਘਦੇ ਘੱਗਰ ਦਰਿਆ 'ਚ ਪਾਣੀ ਦੇ ਵਧ ਰਹੇ ਪੱਧਰ ਦਾ ਜਾਇਜਾ ਲੈਣ ਲਈ ਅੱਜ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਹਵਾਈ ਦੌਰਾ ਕੀਤਾ। ਉਨ੍ਹਾਂ ਮੂਨਕ ਇਲਾਕੇ ਵਿਚ ਡੁੱਬੀ ਝੋਨੇ ਦੀ ਫਸਲ ਬਾਰੇ ਜ਼ਿਲ੍ਹਾ ਪ੍ਰਸ਼ਾਸਨ ਤੋਂ ਰਿਪੋਰਟ ਮੰਗੀ ਹੈ। ਇਸੇ ਤਰ੍ਹਾਂ ਡਿਪਟੀ ਕਮਿਸ਼ਨਰ ਰਾਮਵੀਰ ਨੇ ਵੀ ਅਧਿਕਾਰੀਆਂ ਸਮੇਤ ਮੌਕੇ 'ਤੇ ਪੁੱਜ ਕੇ ਘੱਗਰ ਦਰਿਆ 'ਚ ਪਾਣੀ ਦੇ ਪੱਧਰ ਦਾ ਜਾਇਜ਼ਾ ਲਿਆ। ਉਨ੍ਹਾਂ ਦੱਸਿਆ ਕਿ ਪ੍ਰਸ਼ਾਸਨ ਘੱਗਰ ਦਰਿਆ ਦੇ ਹਾਲਾਤ 'ਤੇ ਪੂਰੀ ਨਜ਼ਰ ਰੱਖ ਰਿਹਾ ਹੈ। ਬੀਤੀ ਰਾਤ ਘੱਗਰ 'ਚ ਪਾਣੀ ਦਾ ਪੱਧਰ 747.9 ਫੁੱਟ ਸੀ ਪਰ ਪਿਛਲੇ 12 ਘੰਟਿਆਂ ਤੋਂ ਪਾਣੀ ਦਾ ਪੱਧਰ 748 ਫੁੱਟ 'ਤੇ ਚੱਲ ਰਿਹਾ ਹੈ, ਜੋ ਕਿ ਖ਼ਤਰੇ ਦੇ ਨਿਸ਼ਾਨ ਤੋਂ ਤਿੰਨ ਫੁੱਟ ਹੇਠਾਂ ਹੈ। ਭਲਕੇ ਤੱਕ ਕਰੀਬ ਡੇਢ ਫੁੱਟ ਪਾਣੀ ਦਾ ਪੱਧਰ ਘਟਣ ਦੇ ਆਸਾਰ ਹਨ। ਭਾਵੇਂ ਘੱਗਰ 'ਚ ਪਾਣੀ ਹਾਲੇ ਵੀ ਖ਼ਤਰੇ ਦੇ ਨਿਸ਼ਾਨ ਤੋਂ ਹੇਠਾਂ ਵਗ ਰਿਹਾ ਹੈ ਪਰ ਭਾਰੀ ਮੀਂਹ ਕਾਰਨ ਸਬ- ਡਿਵੀਜ਼ਨ ਮੂਨਕ, ਲਹਿਰਾਗਾਗਾ ਸਮੇਤ ਹੋਰਨਾਂ ਬਲਾਕਾਂ ਅਧੀਨ ਆਉਂਦੇ ਪਿੰਡਾਂ 'ਚ ਹਜਾਰਾਂ ਏਕੜ ਝੋਨੇ ਦੀ ਫਸਲ ਪਾਣੀ ਵਿੱਚ ਡੁੱਬ ਗਈ ਹੈ। ਜ਼ਿਲ੍ਹਾ ਮੁੱਖ ਖੇਤੀਬਾੜੀ ਅਫ਼ਸਰ ਡਾ. ਜਸਵਿੰਦਰਪਾਲ ਸਿੰਘ ਗਰੇਵਾਲ ਨੇ ਦੱਸਿਆ ਕਿ 24 ਘੰਟੇ ਪਹਿਲਾਂ ਘੱਗਰ ਦਰਿਆ ਵਿਚ ਪਾਣੀ ਦਾ ਪੱਧਰ 747.9 'ਤੇ ਸੀ ਪਰ ਬੀਤੀ ਰਾਤ ਤੋਂ ਪਾਣੀ ਦਾ ਪੱਧਰ 748 'ਤੇ ਚੱਲ ਰਿਹਾ ਹੈ, ਜੋ ਕਿ ਖ਼ਤਰੇ ਦੇ ਨਿਸ਼ਾਨ ਤੋਂ ਹੇਠਾਂ ਹੈ। ਪਿਛਲੇ ਲੰਮੇ ਸਮੇਂ ਤੋਂ ਹੜ੍ਹਾਂ ਦੀ ਮਾਰ ਝੱਲ ਰਹੇ ਘੱਗਰ ਨਾਲ ਲੱਗਦੇ ਪਿੰਡਾਂ ਦੇ ਲੋਕ ਸਹਿਮੇ ਹੋਏ ਹਨ।

# ਜਮੀਨੀ ਵਿਵਾਦ ਤੇ ਪੈਸਿਆਂ ਦੇ ਲੈਣ-ਦੇਣ ਨੂੰ ਲੈ ਕੇ ਛੋਟੇ ਭਰਾ ਨੇ ਵੱਡੇ ਭਰਾ ਤੇ ਚਚੇਰੇ ਭਰਾ 'ਤੇ ਚਲਾਈਆਂ ਗੋਲੀਆਂ



ਮੁੱਲਾਂਪੁਰ ਦਾਖਾ: ਲਾਗਲੇ ਪਿੰਡ ਜਾਂਗਪੁਰ ਰਹਿੰਦੇ ਦੋ ਸਕੇ ਭਰਾਵਾਂ ਦਾ ਜਮੀਨੀ ਅਤੇ ਪੈਸਿਆਂ ਦੇ ਲੈਣ-ਦੇਣ ਨੂੰ ਲੈ ਕੇ ਵਿਵਾਦ ਚੱਲ ਰਿਹਾ ਹੈ ਜਿਸ ਕਾਰਨ ਐਤਵਾਰ ਸਵੇਰੇ ਛੋਟੇ ਭਰਾ ਨੇ ਆਪਣੇ ਵੱਡੇ ਭਰਾ ਅਤੇ ਚਚੇਰੇ ਭਰਾ 'ਤੇ ਗੋਲੀਆਂ ਚਲਾ ਦਿੱਤੀਆਂ। ਦੋਵੇਂ ਗੰਭੀਰ ਜਖਮੀ ਹੋ ਗਏ ਤੇ ਉਨ੍ਹਾਂ ਪਿੰਡ ਵਾਸੀਆਂ ਨੇ ਇਲਾਜ ਲਈ ਲੁਧਿਆਣਾ ਦੇ ਡੀਐਮਸੀ ਹਸਪਤਾਲ 'ਚ ਦਾਖਲ ਕਰਵਾਇਆ, ਜਿੱਥੇ ਦੋਵਾਂ ਦੀ ਹਾਲਤ ਠੀਕ ਦੱਸੀ ਜਾ ਰਹੀ ਹੈ ।

ਜਾਣਕਾਰੀ ਅਨੁਸਾਰ ਐਤਵਾਰ ਸਵੇਰੇ ਜਦੋਂ ਅਮਰੀਕ ਸਿੰਘ ਪਿੰਡ ਦੇ ਗੁਰਦੁਆਰਾ ਸਾਹਿਬ ਵਿਖੇ ਮੱਥਾ ਟੇਕਣ ਉਪਰੰਤ ਘਰ ਪੁੱਜਾ ਤਾਂ ਪਹਿਲਾਂ ਹੀ ਤਿਆਰੀ 'ਚ ਬੈਠੇ ਉਸ ਦੇ ਛੋਟੇ ਭਰਾ ਸ਼ੇਰ ਸਿੰਘ ਨੇ ਆਪਣੇ ਪਿਸਤੌਲ ਨਾਲ ਉਸ 'ਤੇ ਤਾਬੜਤੋੜ ਗੋਲੀਆਂ ਚਲਾ ਦਿੱਤੀਆਂ ਤੇ ਫਿਰ ਮੋਟਰ 'ਤੇ ਚਲਾ ਗਿਆ। ਇੱਥੇ ਉਸ ਨੇ ਪੱਠੇ ਵੱਢ ਰਹੇ ਆਪਣੇ ਚਚੇਰੇ ਭਰਾ ਹਾਕਮ ਸਿੰਘ 'ਤੇ ਵੀ ਫਾਇਰ ਕਰ ਦਿੱਤਾ, ਜਿਹੜਾ ਉਸ ਦੇ ਕੰਨ ਕੋਲ ਦੀ ਨਿਕਲ ਗਿਆ। ਇੰਨੇ ਵਿੱਚ ਹਾਕਮ ਸਿੰਘ ਨੇ ਸ਼ੇਰ ਸਿੰਘ ਨੂੰ ਫੜ ਲਿਆ। ਪਿੰਡ ਵਾਸੀਆਂ ਨੇ ਇਸ ਘਟਨਾ ਦੀ ਸੂਚਨਾ ਥਾਣਾ ਦਾਖਾ ਦੀ ਪੁਲਿਸ ਨੂੰ ਦਿੱਤੀ । ਸੂਚਨਾ ਮਿਲਦੇ ਹੀ ਥਾਣਾ ਦਾਖਾ ਮੁਖੀ ਇੰਸਪੈਕਟਰ ਜਗਜੀਤ ਸਿੰਘ ਆਪਣੀ ਪੁਲਿਸ ਪਾਰਟੀ ਸਮੇਤ ਮੌਕੇ 'ਤੇ ਪੁੱਜੇ ਅਤੇ ਸ਼ੇਰ ਸਿੰਘ ਨੂੰ ਕਾਬੂ ਕਰਨ ਉਪਰੰਤ ਘਟਨਾ ਬਾਰੇ ਜਾਣਕਾਰੀ ਹਾਸਲ ਕੀਤੀ। ਜਦੋਂ ਇਸ ਮਾਮਲੇ ਬਾਰੇ ਥਾਣਾ ਮੁੱਖੀ ਜਗਜੀਤ ਸਿੰਘ ਨਾਲ ਗੱਲ ਕੀਤੀ ਤਾਂ ਉਨ੍ਹਾਂ ਕਿਹਾ ਕਿ ਮਾਮਲੇ ਦੀ ਪੜਤਾਲ ਕੀਤੀ ਜਾ ਰਹੀ ਅਤੇ ਦੋਸ਼ੀ ਨੂੰ ਕਾਬੂ ਕੀਤੇ ਜਾਣ ਦੀ ਉਨ੍ਹਾਂ ਵੱਲੋਂ ਪੁਸ਼ਟੀ ਨਹੀਂ ਕੀਤੀ ਗਈ।

# ਸਰਹਿੰਦ ਸ਼ਹਿਰ ਦੀ ਮੁੱਖ ਸੜਕ 'ਤੇ ਆਵਾਰਾ ਪਸ਼ੂਆਂ ਦਾ ਕਬਜਾ



ਸਰਹਿੰਦ ਸ਼ਹਿਰ ਦੇ ਵਾਰਡ ਨੰਬਰ 21 ਦੀ ਨਵੀਂ ਬਣੀ ਮੁੱਖ ਸੜਕ ਜੋ ਸਿਵਲ ਹਸਪਤਾਲ, ਫਤਿਹਗੜ੍ਹ ਸਾਹਿਬ ਹੁੰਦੀ ਹੋਈ ਡੇਰਾ ਮੀਰਾਂ ਮੀਰ ਵੱਲ ਜਾਂਦੀ ਹੈ, 'ਤੇ ਆਵਾਰਾ ਪਸ਼ੂਆਂ ਦਾ ਕਬਜਾ ਹੈ। ਇਥੇ ਦਿਨ ਰਾਤ ਦਰਜਨਾਂ ਦੀ ਗਿਣਤੀ 'ਚ ਆਵਾਰਾ ਢੱਠੇ ਘੁੰਮਦੇ ਜਾਂ ਬੈਠੇ ਰਹਿੰਦੇ ਹਨ।

ਇਥੇ ਜਕਿਰਯੋਗ ਹੈ ਕਿ ਇਸ ਸੜਕ ਦੇ ਸਾਹਮਣੇ ਹੀ ਸਿਵਲ ਸਕੱਤਰੇਤ, ਬੱਚਤ ਭਵਨ ਆਦਿ ਇਮਾਰਤਾਂ ਸਥਿਤ ਹਨ, ਜਿਥੇ ਪ੍ਰਸ਼ਾਸਨ ਦੇ ਉੱਚ ਅਧਿਕਾਰੀਆਂ ਦੀਆਂ ਆਏ ਦਿਨ ਮੀਟਿੰਗਾਂ ਹੁੰਦੀਆਂ ਰਹਿੰਦੀਆਂ ਹਨ ਪਰ ਕਿਸੇ ਅਧਿਕਾਰੀ ਦੀ ਨਜਰ ਹਾਲੇ ਇਨ੍ਹਾਂ ਆਵਾਰਾ ਪਸ਼ੂਆਂ 'ਤੇ ਨਹੀਂ ਪਈ। ਦੱਸਣਯੋਗ ਹੈ ਕਿ ਬੀਤੇ ਦਿਨ ਨਾਭੇ ਨੇੜਲੇ ਪਿੰਡ ਦੇ ਇਕ 35 ਸਾਲਾ ਨੌਜਵਾਨ ਦੀ ਕਿਸੇ ਆਵਾਰਾ ਪਸ਼ੂ ਦੇ ਟਕਰਾਉਣ ਕਾਰਨ ਮੌਤ ਹੋ ਚੁੱਕੀ ਹੈ। ਵਾਰਡ ਵਾਸੀਆਂ ਦੀ ਪ੍ਰਸਾਸਨ ਨੂੰ ਅਪੀਲ ਕੀਤੀ ਹੈ ਕਿ ਇਨ੍ਹਾਂ ਆਵਾਰਾ ਜਾਨਵਰਾਂ ਦੀ ਸਮੱਸਿਆ ਦਾ ਪਹਿਲ ਦੇ ਆਧਾਰ 'ਤੇ ਹੱਲ ਕੀਤਾ ਜਾਵੇ, ਤਾਂ ਜੋ ਕਿਸੇ ਦਾ ਜਾਨੀ ਨੁਕਸਾਨ ਨਾ ਹੋ ਸਕੇ।

ਕੀ ਕਹਿਣਾ ਹੈ ਵਾਰਡ ਦੀ ਐਮਸੀ ਦਾ: ਇਸ ਸਬੰਧੀ ਵਾਰਡ 21 ਦੀ ਐਮਸੀ ਅਤੇ ਮਿਊਂਸਿਪਲ ਕੌਂਸਲ ਦੀ ਮੀਤ ਪ੍ਰਧਾਨ ਅਮਰਜੀਤ ਕੌਰ ਨਾਲ ਗੱਲ ਕੀਤੀ ਤਾਂ ਫੋਨ 'ਤੇ ਉਨ੍ਹਾਂ ਦੇ ਬੇਟੇ ਨੇ ਕਿਹਾ ਕਿ ਉਹ ਜਲਦੀ ਹੀ ਮਿਊਂਸਿਪਲ ਕਮੇਟੀ ਦੇ ਅਧਿਕਾਰੀਆਂ ਨਾਲ ਗੱਲ ਕਰਕੇ ਇਸ ਸਮੱਸਿਆ ਦਾ ਸਥਾਈ ਹੱਲ ਕਰਵਾਉਗੇ।

# 9 ਕੇਸਾਂ 'ਚ ਲੋੜੀਂਦੇ ਦੋ ਭਗੌੜੇ ਕਾਬੂ



ਜਸਪਾਲ ਸਿੰਘ ਜੱਸੀ, ਤਰਨਤਾਰਨ : ਥਾਣਾ ਕੱਚਾ ਪੱਕਾ ਦੀ ਪੁਲਿਸ ਨੇ 4 ਅਤੇ 5 ਮੁੱਕਦਮਿਆਂ ਵਿਚ ਲੋੜੀਂਦੇ ਦੋ ਪੀਓ ਮੁਲਜ਼ਮਾਂ ਨੂੰ ਗ੍ਰਿਫਤਾਰ ਕੀਤਾ ਹੈ। ਜਿਨ੍ਹਾਂ ਦੀ ਪਛਾਣ ਗੁਰਪ੍ਰੀਤ ਸਿੰਘ ਉਰਫ ਗਲੋਲਾ ਪੁੱਤਰ ਕਸ਼ਮੀਰ ਸਿੰਘ ਵਾਸੀ ਕੁੱਲਾ ਅਤੇ ਗੋਪੀ ਪੁੱਤਰ ਤਰਸੇਮ ਸਿੰਘ ਵਾਸੀ ਕੁੱਲਾ ਵਜੋਂ ਹੋਈ ਹੈ। ਇਸ ਸਬੰਧੀ ਜਾਣਕਾਰੀ ਦਿੰਦਿਆਂ ਐੱਸਐੱਸਪੀ ਧਰੁਮਨ ਐੱਚ ਨਿੰਬਾਲੇ ਨੇ ਦੱਸਿਆ ਕਿ ਗੁਰਪ੍ਰੀਤ ਸਿੰਘ ਉਰਫ ਗਲੋਲਾ ਥਾਣਾ ਭਿੱਖੀਵਿੰਡ, ਥਾਣਾ ਫਗਵਾੜਾ, ਥਾਣਾ ਸਿਟੀ ਕਪੂਰਥਲਾ ਅਤੇ ਥਾਣਾ ਸੁਲਤਾਨਪੁਰ ਲੋਧੀ ਵਿਖੇ ਚੋਰੀ ਆਦਿ ਧਾਰਾਵਾਂ ਦੇ ਤਹਿਤ ਦਰਜ ਕੇਸਾਂ ਵਿਚ ਲੋੜੀਂਦਾ ਸੀ। ਜਦੋਂਕਿ ਗੋਪੀ ਥਾਣਾ ਸਦਰ ਫਗਵਾੜਾ, ਥਾਣਾ ਸੁਲਤਾਨਪੁਰ, ਥਾਣਾ ਸਿਟੀ ਕਪੂਰਥਲਾ, ਥਾਣਾ ਧਰਮਕੋਟ ਜ਼ਿਲ੍ਹਾ ਮੋਗਾ ਤੇ ਥਾਣਾ ਸਿਟੀ ਕਪੂਰਥਲਾ ਵਿਖੇ ਦਰਜ ਮੁਕੱਦਮਿਆਂ ਵਿਚ ਪੀਓ ਸੀ। ਉਨ੍ਹਾਂ ਦੱਸਿਆ ਕਿ ਦੋਵਾਂ ਵਿਰੁੱਧ ਕੁੱਲ 9 ਕੇਸ ਹਨ ਅਤੇ ਇਹ ਮੁਲਜ਼ਮ ਪੀਓ ਚੱਲੇ ਆ ਰਹੇ ਸਨ, ਜਿਨ੍ਹਾਂ ਨੂੰ ਥਾਣਾ ਕੱਚਾ ਪੱਕਾ ਦੀ ਮੁਖੀ ਸਬ-ਇੰਸਪੈਕਟਰ ਸੋਨੇ ਦੀ ਅਗਵਾਈ ਹੇਠ ਪੁਲਿਸ ਕਰਮਚਾਰੀਆਂ ਨੇ ਗ੍ਰਿਫਤਾਰ ਕਰ ਲਿਆ ਹੈ।

# ਖੁਸ਼ਕ ਬੰਦਰਗਾਹ ਅੱਗੇ ਬਜੁਰਗਾਂ ਨੇ ਲਾਈ 'ਕਿਸਾਨ ਸੰਸਦ'



ਜੱਲ੍ਹਿਆਂਵਾਲੇ ਬਾਗ ਦੇ ਖੂਨੀ ਸਾਕੇ ਦਾ ਬਦਲਾ ਲੈਣ ਵਾਲੇ ਸਹੀਦ ਊਧਮ ਸਿੰਘ ਸੁਨਾਮ ਦੇ ਸਹੀਦੀ ਦਿਹਾੜੇ ਮੌਕੇ ਉਨ੍ਹਾਂ ਨੂੰ ਸਰਧਾਂਜਲੀ ਭੇਟ ਕਰਨ ਬਾਅਦ ਕਿਲ੍ਹਾ ਰਾਏਪੁਰ ਵਿਚ ਅਡਾਨੀਆਂ ਦੀ ਖੁਸਕ ਬੰਦਰਗਾਹ ਸਾਹਮਣੇ ਸੰਯੁਕਤ ਕਿਸਾਨ ਮੋਰਚੇ ਅਤੇ ਜਮਹੂਰੀ ਕਿਸਾਨ ਸਭਾ ਦੇ ਬਜੁਰਗਾਂ ਵੱਲੋਂ ਬੁਲਾਈ ਅੱਜ ਦੀ ਵਿਸੇਸ 'ਕਿਸਾਨ ਸੰਸਦ' ਦੀ ਕਾਰਵਾਈ ਸ਼ੁਰੂ ਕੀਤੀ ਗਈ। ਕਿਸਾਨ ਸੰਸਦ ਵਿੱਚ 'ਬਹਿ ਕੇ ਦੇਖ ਸਰਕਾਰੇ, ਬਾਬੇ ਸੰਸਦ ਵੀ ਲਾਉਂਦੇ ਨੇ' ਗੀਤ ਵੀ ਗੂੰਜਿਆ। ਇਸ ਮੌਕੇ ਪ੍ਰੋ. ਸੁਰਿੰਦਰ ਕੌਰ ਨੂੰ ਸਪੀਕਰ ਅਤੇ ਬੀਬੀ ਮਹਿੰਦਰ ਕੌਰ ਨੂੰ ਡਿਪਟੀ ਸਪੀਕਰ ਚੁਣਿਆ ਗਿਆ। ਕਿਸਾਨ ਆਗੂ ਬਲਰਾਜ ਸਿੰਘ ਕੋਟਉਮਰਾ, ਰਘਵੀਰ ਸਿੰਘ ਬੈਨੀਪਾਲ, ਹਰਨੇਕ ਸਿੰਘ ਗੁੱਜਰਵਾਲ ਅਤੇ ਸੁਰਜੀਤ ਸਿੰਘ ਸੀਲੋਂ ਨੇ ਬਹਿਸ ਵਿਚ ਹਿੱਸਾ ਲੈਂਦਿਆਂ ਕਿਹਾ ਕਿ ਸਹੀਦ ਊਧਮ ਸਿੰਘ ਸੁਨਾਮ ਨੇ ਕੇਵਲ ਜੱਲ੍ਹਿਆਂਵਾਲੇ ਬਾਗ ਦਾ ਬਦਲਾ ਨਹੀਂ ਲਿਆ ਸੀ, ਸਗੋਂ ਸਿਧਾਂਤਕ ਤੌਰ 'ਤੇ ਬਰਤਾਨਵੀ ਸਾਮਰਾਜ ਵਿਰੁੱਧ ਆਪਣੀ ਲੜਾਈ ਸੇਧਿਤ ਕੀਤੀ ਸੀ। ਰਾਮ ਮੁਹੰਮਦ ਸਿੰਘ ਆਜਾਦ ਵਜੋਂ ਆਪਣਾ ਨਾਮ ਦਰਜ ਕਰਵਾ ਕੇ ਉਨ੍ਹਾਂ ਧਰਮ ਦੇ ਨਾਮ 'ਤੇ ਲੋਕਾਂ ਨੂੰ ਲੜਾਉਣ ਵਾਲਿਆਂ ਉੱਪਰ ਵੀ ਹਮਲਾ ਕੀਤਾ ਸੀ। ਸਰਕਾਰੀ ਪੱਖ ਪੂਰਨ ਲਈ ਬਣਾਏ ਕੇਂਦਰੀ ਮੰਤਰੀ ਜਗਤਾਰ ਸਿੰਘ ਚਕੋਹੀ, ਖੇਤੀ ਮੰਤਰੀ ਅਮਰੀਕ ਸਿੰਘ ਜੜਤੌਲੀ ਅਤੇ ਸਵਰਨਜੀਤ ਸਿੰਘ ਮੁੱਲਾਂਪੁਰ ਨੂੰ ਵਿਰੋਧੀ ਧਿਰ ਨੇ ਸੰਸਦ ਵਿੱਚ ਬੋਲਣ ਨਾ ਦਿੱਤਾ ਅਤੇ ਉਨ੍ਹਾਂ ਨੂੰ ਮੰਤਰੀ ਅਤੇ ਭਾਜਪਾ ਦੇ ਅਹੁਦਿਆਂ ਤੋਂ ਵੀ ਅਸਤੀਫਾ ਦੇਣ ਲਈ ਮਜਬੂਰ ਕਰ ਦਿੱਤਾ। ਜਨਵਾਦੀ ਇਸਤਰੀ ਸਭਾ ਦੀ ਆਗੂ ਅਮਨਦੀਪ ਕੌਰ, ਰਜਿੰਦਰ ਕੌਰ, ਪਰਮਜੀਤ ਕੌਰ ਅਤੇ ਸੁਖਵਿੰਦਰ ਕੌਰ ਨੇ ਵੀ ਬਹਿਸ ਵਿੱਚ ਭਾਗ ਲਿਆ।

**'ਸਾਮਰਾਜ ਵਿਰੋਧੀ ਦਿਵਸ' ਮਨਾਇਆ**

ਸੂਬੇ ਵਿੱਚ 32 ਕਿਸਾਨ ਜਥੇਬੰਦੀਆਂ ਵੱਲੋਂ ਭਾਰਤੀ ਜਨਤਾ ਪਾਰਟੀ ਨਾਲ ਸਬੰਧਤ ਨੇਤਾਵਾਂ, ਰੇਲਵੇ ਸਟੇਸ਼ਨਾਂ ਦੇ ਪਾਰਕਾਂ, ਟੌਲ ਪਲਾਜ਼ਿਆਂ, ਅੰਬਾਨੀ ਅਤੇ ਅਡਾਨੀ ਟਿਕਾਣਿਆਂ ਅਤੇ ਪੈਟਰੋਲ ਪੰਪਾਂ ਸਮੇਤ ਸਵਾ ਸੌ ਤੋਂ ਵੱਧ ਥਾਵਾਂ 'ਤੇ ਚੱਲ ਰਹੇ ਧਰਨਿਆਂ ਦੌਰਾਨ ਅੱਜ ਸੰਯੁਕਤ ਕਿਸਾਨ ਮੋਰਚੇ ਦੇ ਸੱਦੇ 'ਤੇ ਸ਼ਹੀਦ ਊਧਮ ਸਿੰਘ ਦਾ ਸ਼ਹੀਦੀ ਦਿਨ 'ਸਾਮਰਾਜ ਵਿਰੋਧੀ ਦਿਵਸ' ਵਜੋਂ ਮਨਾਇਆ ਗਿਆ। ਦੋ ਮਿੰਟ ਦਾ ਮੌਨ ਧਾਰ ਕੇ ਭਾਵ-ਭਿੰਨੀ ਸ਼ਰਧਾਂਜਲੀ ਦੇਣ ਬਾਅਦ ਸ਼ਹੀਦ ਊਧਮ ਸਿੰਘ ਦੇ ਪ੍ਰਸੰਗ 'ਚ ਕਵੀਸ਼ਰੀਆਂ ਤੇ ਇਨਕਲਾਬੀ ਗੀਤਾਂ ਦਾ ਦੌਰ ਚੱਲਿਆ। ਬੁਲਾਰਿਆਂ ਨੇ ਕਿਹਾ ਕਿ ਪਿਛਲੇ ਦਿਨੀਂ ਯੂਪੀ ਭਾਜਪਾ ਦੇ ਪ੍ਰਮਾਣਿਤ ਟਵਿੱਟਰ ਹੈਂਡਲ ਰਾਹੀਂ ਇੱਕ ਕਾਰਟੂਨ ਨਸ਼ਰ ਕੀਤਾ ਗਿਆ, ਜਿਸ ਵਿੱਚ ਕਿਸਾਨ ਅੰਦੋਲਨਕਾਰੀਆਂ ਨੂੰ 'ਚਮੜੀ ਉਧੇੜ ਦੇਣ' ਤੱਕ ਦੀਆਂ ਧਮਕੀਆਂ ਦਿੱਤੀਆਂ ਗਈਆਂ ਹਨ। ਕਿਸਾਨ ਜਥੇਬੰਦੀਆਂ ਨੇ ਭਾਜਪਾ ਦੀ ਹਰ ਚਾਲ ਦਾ ਮੂੰਹ ਤੋੜ ਜੁਆਬ ਦੇਣ ਦਾ ਸੱਦਾ ਦਿੱਤਾ ਹੈ।

# ਡਰੇਨ 'ਚ ਗੁੱਜਰਾਂ ਦੀਆਂ 24 ਮੱਝਾਂ ਦੀ ਮੌਤ

ਵਿਧਾਨ ਸਭਾ ਹਲਕਾ ਖੇਮਕਰਨ ਅਧੀਨ ਆਉਂਦੇ ਪਿੰਡ ਭਗਵਾਨਪੁਰਾ ਕਲਾਂ ਨੇੜੇ ਪਾਣੀ ਵਾਲੀ ਡਰੇਨ ਵਿਚ ਗੁੱਜਰਾਂ ਦੀਆਂ ਦੋ ਦਰਜਨ ਦੇ ਕਰੀਬ ਮੱਝਾਂ ਮਰਨ ਦਾ ਸਮਾਚਾਰ ਹੈ। ਘਟਨਾ ਸਬੰਧੀ ਜਾਣਕਾਰੀ ਦਿੰਦਿਆਂ ਪੀੜਤ ਗੁੱਜਰ ਸ਼ੇਰੂ ਪੁੱਤਰ ਹਸੈਨ ਵਾਸੀ ਏਕਤਾ ਗੱਡਾ ਨੇ ਦੱਸਿਆ ਕਿ ਪਸ਼ੂਆਂ ਨੂੰ ਚਾਰਦੇ-ਚਾਰਦੇ ਅੱਗੇ ਜਾ ਰਹੇ ਸੀ ਤਾਂ ਅਚਾਨਕ ਪਸ਼ੂ ਡਰੇਨ ਵਿਚ ਵੜ ਗਏ, ਡਰੇਨ ਵਿਚ ਗਾਜਰ ਬੂਟੀ ਹੋਣ ਦੇ ਕਾਰਨ ਦੋ ਦਰਜਨ ਦੇ ਕਰੀਬ ਪਸ਼ੂ ਮੱਝਾਂ ਬੁਰੀ ਤਰ੍ਹਾਂ ਫਸ ਗਈਆਂ, ਲੋਕਾਂ ਦੀ ਸਹਾਇਤਾ ਨਾਲ ਮੱਝਾਂ ਨੂੰ ਡਰੇਨ 'ਚੋਂ ਕੱਢਣ ਦੀ ਕੋਸ਼ਿਸ਼ ਕੀਤੀ ਜੋ ਅਸਫ਼ਲ ਸਿੱਧ ਹੋਈ। ਘਟਨਾ ਸਥਾਨ 'ਤੇ ਪਹੁੰਚੇ ਥਾਣਾ ਭਿੱਖੀਵਿੰਡ ਦੇ ਮੁਖੀ ਬਲਵਿੰਦਰ ਸਿੰਘ ਨੇ ਪੀੜਤ ਸ਼ੇਰੂ ਨਾਲ ਮੁਲਾਕਾਤ ਕਰਕੇ ਸਾਰੀ ਜਾਣਕਾਰੀ ਹਾਸਲ ਕੀਤੀ। ਇਸ ਮੌਕੇ ਪੀੜਤ ਪਰਿਵਾਰ ਦੀ ਮਦਦ ਲਈ ਪਹੁੰਚੇ ਸਰਪੰਚ ਗੁਰਜੰਟ ਸਿੰਘ ਭਗਵਾਨਪੁਰਾ ਕਲਾਂ ਨੇ ਘਟਨਾਂ ਸਬੰਧੀ ਗਹਿਰਾ ਦੁੱਖ ਪ੍ਰਗਟ ਕਰਦਿਆਂ ਸੇਰੂ ਗੁੱਜਰ ਨਾਲ ਹਮਦਰਦੀ ਪ੍ਰਗਟ ਕੀਤੀ ਤੇ ਮੁੱਖ ਮੰਤਰੀ ਪੰਜਾਬ ਕੈਪਟਨ ਅਮਰਿੰਦਰ ਸਿੰਘ, ਹਲਕਾ ਵਿਧਾਇਕ ਸੁਖਪਾਲ ਸਿੰਘ ਭੁੱਲਰ, ਡਿਪਟੀ ਕਮਿਸ਼ਨਰ ਕੁਲਵੰਤ ਸਿੰਘ ਧੂਰੀ ਪਾਸੋਂ ਪੁਰਜ਼ੋਰ ਮੰਗ ਕਰਦਿਆਂ ਪੀੜਤ ਪਰਿਵਾਰ ਨੂੰ ਮੁਆਵਜ਼ਾ ਦੇਣ ਦੀ

# ਅਸਾਮ-ਮਿਜ਼ੋਰਮ ਹੱਦ 'ਤੇ ਕੇਂਦਰੀ ਦਸਤੇ ਦੀ ਤਾਇਨਾਤੀ, ਸੂਬਾਈ ਪੁਲਿਸ ਦੇ ਜਵਾਨ ਰਹੇ 100 ਮੀਟਰ ਹੱਦਾਂ ਦੇ ਅੰਦਰ

ਅਸਾਮ-ਮਿਜ਼ੋਰਮ ਹੱਦ 'ਤੇ ਇਸ ਹਫਤੇ ਦੀ ਸ਼ੁਰੂਆਤ 'ਚ ਹਿੰਸਾ ਤੇ ਸੱਤ ਲੋਕਾਂ ਦੀ ਮੌਤ ਤੋਂ ਬਾਅਦ ਵੀਰਵਾਰ ਨੂੰ ਸਥਿਤੀ ਸ਼ਾਂਤ ਤੇ ਕਾਬੂ ਵਿਚ ਰਹੀ। ਲੈਲਾਪੁਰ 'ਚ ਅੰਤਰਰਾਜੀ ਹੱਦ 'ਤੇ ਕੇਂਦਰੀ ਦਸਤਿਆਂ ਨੂੰ ਤਾਇਨਾਤ ਕੀਤਾ ਗਿਆ, ਜਦਕਿ ਸੂਬਾਈ ਪੁਲਿਸ ਦੇ ਜਵਾਨ ਆਪਣੀਆਂ-ਆਪਣੀਆਂ ਹੱਦਾਂ ਦੇ 100 ਮੀਟਰ ਅੰਦਰ ਰਹੇ। ਇਸ ਵਿਵਾਦ 'ਚ ਅਸਾਮ ਪੁਲਿਸ ਦੇ ਛੇ ਜਵਾਨਾਂ ਸਮੇਤ ਕੁਲ ਸੱਤ ਲੋਕਾਂ ਦੀ ਜਾਨ ਜਾ ਚੁੱਕੀ ਹੈ। ਕਛਾਰ ਦੇ ਜ਼ਿਲ੍ਹਾ ਅਧਿਕਾਰੀ ਨੇ ਕਿਹਾਕਿ ਲੋਕਾਂ ਨੂੰ ਹੱਦ ਵੱਲ ਜਾਣ ਦੀ ਇਜਾਜ਼ਤ ਨਹੀਂ ਹੈ, ਇਸ 'ਤੇ ਸਖ਼ਤ ਨਿਗਰਾਨੀ ਰੱਖੀ ਜਾ ਰਹੀ ਹੈ ਕਿਉਂਕਿ ਇਹ ਇਸ ਸਮੇਂ ਸੰਘਰਸ਼ ਵਾਲਾ ਇਲਾਕਾ ਹੈ। ਉਨ੍ਹਾਂ ਕਿਹਾ ਕਿ ਹਿੰਸਾ ਭੜਕਾਉਣ ਤੋਂ ਬਾਅਦ ਤੋਂ ਹੀ ਕੁਝ ਥਾਵਾਂ 'ਤੇ ਕੁਝ ਜਥੇਬੰਦੀਆਂ ਵਲੋਂ ਲਗਾਈ ਗਈ ਆਰਥਿਕ ਨਾਕੇਬੰਦੀ ਦਾ ਅਸਰ ਅੰਸ਼ਕ ਰਿਹਾ ਹੈ। ਬਰਾਕ ਘਾਟੀ ਦੇ ਤਿੰਨ ਜ਼ਿਲ੍ਹਿਆਂ 'ਚ ਰਹਿਮ ਵਾਲੇ ਵਿਦਿਆਰਥੀਆਂ ਤੇ ਮਿਜ਼ੋ ਲੋਕਾਂ ਲਈ ਵੀ ਸੁਰੱਖਿਆ ਕਰੜੀ ਕਰ ਦਿੱਤੀ ਗਈ ਹੈ। ਅਸਾਮ ਜਾਤੀ ਪ੍ਰੀਸ਼ਦ ਪਾਰਟੀ ਦੇ ਬੁਲਾਰੇ ਨੇ ਕਿਹਾਿ ਕ ਪਾਰਟੀ ਦੇ ਪ੍ਰਧਾਨ ਲੁਰਿਨਜਯੋਤੀ ਗੋਗੋਈ ਦੀ ਅਗਵਾਈ 'ਚ ਇਕ ਵਫ਼ਦ ਸਿਲਚਰ ਦਾ ਦੌਰਾ ਕਰੇਗਾ ਤੇ ਜ਼ਖਮੀ ਪੁਲਿਸ ਮੁਲਾਜ਼ਮਾਂ ਨਾਲ



ਮੁਲਾਕਾਤ ਕਰੇਗਾ।

ਇਸ ਦੌਰਾਨ ਕਛਾਰ ਦੇ ਇੰਚਾਰਜ ਮੰਤਰੀ ਅਸ਼ੋਕ ਸਿੰਘਲ ਤੇ ਵਾਤਾਵਰਨ ਤੇ ਜੰਗਲਾਤ ਮੰਤਰੀ ਪਰਿਮਲ ਸ਼ੁਕਲਾ ਵੈਦਿਆ ਨੇ ਬੁੱਧਵਾਰ ਰਾਤ ਸਿਲਚਰ ਮੈਡੀਕਲ ਕਾਲਜ ਤੇ ਹਸਪਤਾਲ 'ਚ ਜ਼ਕਮੀਆਂ ਦਾ ਹਾਲ ਜਾਣਿਆ ਤੇ 35 ਜ਼ਖਮੀ ਪੁਲਿਸ ਵਾਲਿਆਂ ਤੇ ਦੋ ਨਾਗਰਿਕਾਂ ਨੂੰ ਇਕ ਲੱਖ ਰੁਪਏ ਦਾ ਚੈਕ ਤੇ ਫਲਾਂ ਦਾ ਬਾਕਸ ਸੌਂਪਿਆ।ਮਿਜ਼ੋ ਪੁਲਿਸ ਨੇ ਅਸਾਮ ਹੱਦ ਸਥਿਤ ਚੌਕੀ ਖਾਲੀ ਨਹੀਂ ਕੀਤੀ

ਸਿਲਚਰ (ਅਸਾਮ) : ਅਸਾਮ ਤੇ ਮਿਜ਼ੋਰਮ ਵਿਚਾਲੇ ਹੋਏ ਖ਼ੂਨਖਰਾਬ ਦੇ ਬਾਅਦ ਅਸਾਮ ਦੇ ਮੰਤਰੀ ਅਸ਼ੋਕ ਸਿੰਘਲ ਦਾ ਦੋਸ਼ ਹੈ ਕਿ ਮਿਜ਼ੋਰਮ ਸਰਕਾਰ ਨੇ ਹੱਦ 'ਤੇ ਵਿਵਾਦਤ ਖੇਤਰ 'ਚ ਸਥਿਤ ਚੌਕੀ ਤੋਂ ਆਪਣਾ ਪੁਲਿਸ ਦਸਤਾ ਹਾਲੇ ਤਕ ਨਹੀਂ ਹਟਾਇਆ।

ਅਸਾਮ ਦੇ ਹਾਊਸਿੰਗ ਤੇ ਸ਼ਹਿਰੀ ਮਾਮਲਿਆਂ ਤੇ ਸਿੰਚਾਈ ਮੰਤਰੀ ਸਿੰਘਲ ਨੇ ਕਿਹਾ ਕਿ ਕੇਂਦਰੀ ਗ੍ਰਹਿ ਮੰਤਰਾਲੇ ਨੇ ਵਿਵਾਦਤ ਖੇਤਰ 'ਚ ਕੇਂਦਰੀ ਦਸਤੇ ਸੀਆਰਪੀਐੱਫ ਨੂੰ ਤਾਇਨਾਤ ਕਰਨ ਦਾ ਆਦੇਸ਼ ਦਿੱਤਾ ਹੈ। ਅਸੀਂ ਤੁਰੰਤ ਸੀਆਰਪੀਐੱਫ ਨੂੰ ਤਾਇਨਾਤ ਕਰਨ ਦਾ ਆਦੇਸ਼ ਦਿੱਤਾ ਹੈ। ਪਰ ਮਿਜ਼ੋਰਮ ਨੇ ਹੁਣ ਤਕ ਉੱਥੋਂ ਆਪਣੀ ਪੁਲਿਸ ਨਹੀਂ ਹਟਾਈ। ਇਹ ਬਹੁਤ ਹੀ ਦੁੱਖਦਾਈ ਹੈ।

ਜ਼ਿਕਰਯੋਗ ਹੈ ਕਿ ਸੋਮਵਾਰ ਨੂੰ ਹੱਦ ਪਾਰ ਤੋਂ ਮਿਜ਼ੋਰਮ ਪੁਲਿਸ ਮੁਲਾਜ਼ਮਾਂ ਤੇ ਨਾਗਰਿਕਾਂ ਵਲੋਂ ਕਥਿਤ ਤੌਰ 'ਤੇ ਕੀਤੇ ਗਏ ਹਮਲੇ 'ਚ ਪੰਜ ਪੁਲਿਸ ਮੁਲਾਜ਼ਮ ਤੇ ਇਕ ਨਾਗਰਿਕ ਦੀ ਮੌਤ ਹੋ ਗਈ ਤੇ 50 ਹੋਰ ਜ਼ਖਮੀ ਹੋ ਗਏ, ਜਦਕਿ ਇਕ ਹੋਰ ਪੁਲਿਸ ਮੁਲਾਜ਼ਮ ਨੇ ਮੰਗਲਵਾਰ ਨੂੰ ਦਮ ਤੋੜ ਦਿੱਤਾ। ਅਸਾਮ ਦੇ ਕਛਾਰ ਤੇ ਹੈਲਾਕਾਂਡੀ ਜ਼ਿਲ੍ਹਿਆਂ 'ਚ ਮਿਜ਼ੋਰਮ ਦੇ ਨਾਲ ਹੱਦ 'ਤੇ ਤਣਾਅ ਅਕਤੂਬਰ 2020 ਤੋਂ ਘਰਾਂ ਨੂੰ ਸਾੜਨ ਤੇ ਜ਼ਮੀਨ 'ਤੇ ਕਬਜ਼ੇ ਦੀਆਂ ਲਗਾਤਾਰ ਘਟਨਾਵਾਂ ਦੇ ਨਾਲ ਵੱਧ ਰਿਹਾ ਹੈ। ਦੋਵੇਂ ਸੂਬੇ, ਅਸਾਮ ਕਛਾਰ, ਹੈਲਾਕਾਂਡੀ ਤੇ ਕਰੀਮਗੰਜ ਜ਼ਿਲ੍ਹਿਆਂ ਤੇ ਮਿਜ਼ੋਰਮ ਦੇ ਕੋਲਾਸਿਬ, ਮਮਿਤ ਤੇ ਆਇਜ਼ੋਲ 'ਚ 164.6 ਕਿਲੋਮੀਟਰ ਦੀ ਹੱਦ ਸਾਂਝਾ ਕਰਦੇ ਹਨ।

# ਯੂਪੀ 'ਚ ਵੋਟ ਮੰਗਣ ਆਉਣ ਵਾਲੇ ਭਾਜਪਾ ਆਗੂਆਂ ਨੂੰ ਚਾਰ ਪੈਰਾਂ 'ਤੇ ਭੇਜੋ: ਰਾਜਭਰ



ਸੁਹੇਲਦੇਵ ਭਾਰਤੀ ਸਮਾਜ ਪਾਰਟੀ (ਐੱਸਬੀਐੱਸਪੀ) ਦੇ ਪ੍ਰਧਾਨ ਤੇ ਸਾਬਕਾ ਮੰਤਰੀ ਓਮ ਪ੍ਰਕਾਸ਼ ਰਾਜਭਰ ਨੇ ਔਰਤਾਂ ਨੂੰ ਕਿਹਾ ਕਿ ਉਹ ਉਨ੍ਹਾਂ ਤੋਂ ਵੋਟਾਂ ਮੰਗਣ ਲਈ ਆਉਣ ਵਾਲੇ ਭਾਜਪਾ ਆਗੂਆਂ ਦਾ ਕੁਟਾਪਾ ਚਾੜ੍ਹਨ। ਉਨ੍ਹਾਂ ਪਾਰਟੀ ਦੀ ਇੱਕ ਮੀਟਿੰਗ ਦੌਰਾਨ ਕਿਹਾ,'ਬੀਜੇਪੀ ਵਾਲੇ ਵੋਟ ਮਾਂਗਨੇ ਦੋ ਪੈਰ ਪੇ ਆਏ, ਤੋ ਉਨਕੋ ਚਾਰ ਪੈਰ ਪੇ ਵਾਪਸ ਭੇਜੋ।' ਆਪਣੇ ਬਿਆਨ ਦੀ ਪੁਸ਼ਟੀ ਕਰਦਿਆਂ ਉਨ੍ਹਾਂ ਪੱਤਰਕਾਰਾਂ ਨਾਲ ਗੱਲਬਾਤ ਮੌਕੇ ਕਿਹਾ,'ਹਾਂ, ਮੈਂ ਇਸ ਹਫਤੇ ਵਾਰਾਨਸੀ ਮੀਟਿੰਗ ਮੌਕੇ ਮੌਜੂਦ ਔਰਤਾਂ ਨੂੰ ਕਿਹਾ ਸੀ ਕਿ ਜੇਕਰ ਭਾਜਪਾ ਆਗੂਆਂ ਨੇ ਉਨ੍ਹਾਂ ਲਈ 33 ਫੀਸਦੀ ਰਾਖਵਾਂਕਰਨ ਤੇ ਮਹਿੰਗਾਈ 'ਤੇ ਰੋਕ ਲਾਉਣ ਸਬੰਧੀ ਵਾਅਦੇ ਪੂਰੇ ਨਹੀਂ ਕੀਤੇ ਤੇ ਜੇਕਰ ਉਹ ਮੁੜ ਵੋਟਾਂ ਮੰਗਣ ਲਈ ਆਉਣ ਤਾਂ ਉਨ੍ਹਾਂ ਨੂੰ ਚਾਰ ਟੰਗਾਂ 'ਤੇ ਭੇਜਿਆ ਜਾਣਾ ਚਾਹੀਦਾ ਹੈ।' ਉਨ੍ਹਾਂ ਕਿਹਾ,'ਉਹ (ਭਾਜਪਾ ਆਗੂ) ਗਾਂਜੇ ਦਾ ਸੇਵਨ ਕਰਦੇ ਹਨ ਤੇ ਦਾਰੂ ਪੀਂਦੇ ਹਨ ਤੇ ਲੰਮੇ-ਲੰਮੇ ਵਾਅਦੇ ਕਰਨ ਲੱਗਦੇ ਹਨ। ਔਰਤਾਂ ਨੇ ਉਨ੍ਹਾਂ ਨੂੰ ਵੋਟ ਪਾਈ, ਪਰ ਉਹ ਉਨ੍ਹਾਂ ਨਾਲ ਕੀਤੇ ਵਾਅਦੇ ਪੂਰੇ ਕਰਨ ਵਿੱਚ ਫੇਲ੍ਹ ਹੋ ਗਏ, ਜਿਨ੍ਹਾਂ ਵਿੱਚ ਹਰ ਖਾਤੇ ਵਿੱਚ 15 ਲੱਖ ਰੁਪਏ ਪਾਉਣਾ ਵੀ ਸ਼ਾਮਲ ਹੈ।

# ਹੁਰੀਅਤ ਵੱਲੋਂ ਮੀਰਵਾਈਜ ਉਮਰ ਫਾਰੂਕ ਨੂੰ ਰਿਹਾਅ ਕਰਨ ਦੀ ਮੰਗ

ਸ੍ਰੀਨਗਰ: ਹੁਰੀਅਤ ਕਾਨਫਰੰਸ ਨੇ ਅੱਜ ਪਾਰਟੀ ਦੇ ਚੇਅਰਮੈਨ ਮੀਰਵਾਈਜ ਉਮਰ ਫਾਰੂਕ ਨੂੰ ਰਿਹਾਅ ਕਰਨ ਦੀ ਮੰਗ ਕੀਤੀ ਹੈ। ਇਹ ਮੰਗ ਹੁਰੀਅਤ ਕਾਨਫਰੰਸ ਦੀ ਕਾਰਜਕਾਰੀ ਕਮੇਟੀ ਵੱਲੋਂ ਇੱਥੇ ਬਿਲਾਲ ਲੋਨ ਦੀ ਰਿਹਾਇਸ਼ 'ਤੇ ਹੋਈ ਮੀਟਿੰਗ ਦੌਰਾਨ ਕੀਤੀ ਗਈ। ਮੀਟਿੰਗ ਦੌਰਾਨ ਕਿਹਾ ਗਿਆ, 'ਹੁਰੀਅਤ ਕਾਨਫਰੰਸ ਦੇ ਕਾਰਜਕਾਰੀ ਮੈਂਬਰ ਮੀਰਵਾਇਜ ਦੀ ਘਰ 'ਚੋਂ ਨਜਰਬੰਦੀ ਖਤਮ ਕਰਕੇ ਉਨ੍ਹਾਂ ਨੂੰ ਰਿਹਾਅ ਕਰਨ ਦੀ ਮੰਗ ਕਰਦੇ ਹਨ।' ਉਨ੍ਹਾਂ ਸਾਰੇ ਮਨੁੱਖੀ ਅਧਿਕਾਰਾਂ ਬਾਰੇ ਕਾਰਕੁਨਾਂ, ਜਥੇਬੰਦੀਆਂ ਤੇ ਜਮਹੂਰੀ ਸੰਸਥਾਵਾਂ ਨੂੰ ਅਪੀਲ ਕੀਤੀ ਕਿ ਮੀਰਵਾਈਜ ਦੀ ਰਿਹਾਈ ਤੇ ਮਨੁੱਖੀ ਅਧਿਕਾਰਾਂ ਦੀ ਬਹਾਲੀ ਯਕੀਨੀ ਬਣਾਉਣ 'ਚ ਮਦਦ ਕੀਤੀ ਜਾਵੇ। ਉਨ੍ਹਾਂ ਕਿਹਾ ਕਿ ਮੀਰਵਾਈਜ ਨੂੰ ਨਿਗੀਨ ਰਿਹਾਇਸ਼ 'ਤੇ ਨਜਰਬੰਦ ਕੀਤਾ ਹੋਇਆ ਹੈ ਤੇ ਪਾਰਟੀ ਦੇ ਕਾਰਜਕਾਰੀ ਮੈਂਬਰਾਂ ਪ੍ਰੋ. ਅਬਦੁਲ ਗਨੀ ਭੱਟ, ਬਿਲਾਲ ਲੋਨ ਤੇ ਮਸਰੂਰ ਅਬਾਸ ਅਨਸਾਰੀ ਨੂੰ ਉਨ੍ਹਾਂ ਨੂੰ ਮਿਲਣ ਨਹੀਂ ਦਿੱਤਾ ਜਾ ਰਿਹਾ।

# ਵਿਆਹ ਦੇ ਬਹਾਨੇ ਮਹਿਲਾ ਨਾਲ ਸਬੰਧ ਬਣਾਉਣ 'ਤੇ ਇਕੱਲਾ ਮਰਦ ਦੋਸ਼ੀ ਨਹੀਂ

## ਹਰਿਆਣਾ ਦੇ ਇਕ ਮਾਮਲੇ 'ਤੇ ਹਾਈ ਕੋਰਟ ਦੀ ਟਿੱਪਣੀ

ਪੰਜਾਬ ਤੇ ਹਰਿਆਣਾ ਹਾਈ ਕੋਰਟ ਨੇ ਸਪੱਸ਼ਟ ਰੂਪ 'ਚ ਕਿਹਾ ਹੈ ਕਿ ਇਕ ਪੁਰਸ਼ ਜਿਸ ਨੇ ਇਕ ਵਿਆਹੁਤਾ ਸਹਿਮਤੀ ਨਾਲ ਵਿਆਹ ਕਰਨ ਬਹਾਨੇ ਸਰੀਰਕ ਸਬੰਧ ਬਣਾਏ ਹਨ। ਅਜਿਹੇ ਮਾਮਲੇ 'ਚ ਉਸ ਇਕੱਲੇ ਨੂੰ ਪੂਰੀ ਤਰ੍ਹਾਂ ਨਾਲ ਦੋਸ਼ੀ ਨਹੀਂ ਮੰਨਿਆ ਜਾ ਸਕਦਾ ਹੈ। ਜਸਟਿਸ ਸੁਦੀਪ ਆਹਲੂਵਾਲੀਆ ਨੇ ਕਿਹਾ ਕਿ ਉਸ ਮਾਮਲੇ ਦੀ ਦੇਖਣ ਤੋਂ ਪਤਾ ਚੱਲਦਾ ਹੈ ਕਿ ਅਜਿਹਾ ਕੋਈ ਦੋਸ਼ ਨਹੀਂ ਹੈ ਕਿ ਪੁਰਸ਼ ਨੇ ਮਹਿਲਾ ਨਾਲ ਜਬਰਨ ਸਬੰਧ ਬਣਾਏ ਹੋਣ।

ਮਾਮਲਾ ਸਿਰਫ ਇਹ ਸੀ ਕਿ ਸ਼ਿਕਾਇਤਕਰਤਾ ਮਹਿਲਾ ਨਾਲ ਪਟੀਸ਼ਨਕਰਤਾ ਪੁਰਸ਼ ਨੇ ਵਿਆਹ ਕਰਨ ਦਾ ਵਾਅਦਾ ਕੀਤਾ ਸੀ ਕਿਉਂਕਿ ਸ਼ਿਕਾਇਤਕਰਤਾ ਮਹਿਲਾ ਦੇ ਆਪਣੇ ਪਤੀ ਨਾਲ ਸਬੰਧ ਠੀਕ ਨਹੀਂ ਸੀ। ਦੋਸ਼ੀ ਨੂੰ ਜਮਾਨਤ ਦਿੰਦੇ ਹੋਏ ਹਾਈ ਕੋਰਟ ਨੇ ਫੈਸਲਾ ਸੁਣਾਇਆ ਹੈ ਕਿ ਇਹ ਸਹਿਮਤੀ ਨਾਲ ਸਰੀਰਕ ਸਬੰਧ ਬਣਾਉਣ ਦਾ




ਸਪੱਸ਼ਟ ਮਾਮਲਾ ਪ੍ਰਤੀਤ ਹੁੰਦਾ ਹੈ।

ਕੋਰਟ ਮੁਤਾਬਕ ਇਹ ਦੋਵੇਂ ਪੱਖਾਂ 'ਚ ਸਹਿਮਤੀ ਨਾਲ ਸਰੀਰਕ ਸਬੰਧ ਦਾ ਇਕ ਸਪੱਸ਼ਟ ਮਾਮਲਾ ਪ੍ਰਤੀਤ ਹੁੰਦਾ ਹੈ ਤੇ ਦੋਵਾਂ 'ਚ ਵਿਆਹ ਘੱਟ ਤੋਂ ਘੱਟ ਉਦੋਂ ਤਕ ਸੰਭਵ ਨਹੀਂ ਸੀ ਜਦੋਂ ਤਕ ਕਿ ਸ਼ਿਕਾਇਤਕਰਤਾ ਦਾ ਪਹਿਲਾਂ ਵਿਆਹ ਸਮਾਪਤ ਨਹੀਂ ਹੁੰਦਾ। ਕਾਨੂੰਨੀ ਤੌਰ 'ਤੇ ਹੁਣ ਤਕ ਉਸ ਦਾ ਪਹਿਲਾਂ ਵਿਆਹ ਚਲ ਰਿਹਾ ਹੈ। ਅਜਿਹੀਆਂ ਸਥਿਤੀਆਂ 'ਚ ਪਟੀਸ਼ਨਕਰਤਾ ਨੂੰ ਮਾਮਲੇ 'ਚ ਪੂਰੀ ਤਰ੍ਹਾਂ ਨਾਲ ਦੋਸ਼ੀ ਨਹੀਂ ਮੰਨਿਆ ਜਾ ਸਕਦਾ ਹੈ ਬੇਸ਼ੱਕ ਹੀ ਉਸ ਖਿਲਾਫ ਦੋਸ਼ ਲਾਏ ਗਏ ਹੋਣ।

ਕੋਰਟ ਨੇ ਐਸਸੀ ਐਸਟੀ ਨੋਟੀਫਿਕੇਸ਼ਨ ਤਹਿਤ ਮਾਮਲਾ ਦਰਜ ਕਰਨ 'ਤੇ ਵੀ ਸਵਾਲ ਚੁੱਕੇ ਹੋਏ ਕਿਹਾ ਕਿ ਇਸ ਬਾਬਤ ਐਫਆਈਆਰ 'ਚ ਕੋਈ ਉਚਿਤ ਆਧਾਰ ਨਹੀਂ ਹੈ। ਅਜਿਹਾ ਕੋਈ ਦੋਸ਼ ਨਹੀਂ ਸੀ ਕਿ ਪਟੀਸ਼ਨਕਰਤਾ ਨੇ ਪੂਰੀ ਤਰ੍ਹਾਂ ਨਾਲ ਅਨੁਸੂਚਿਤ ਜਾਤੀ ਨਾਲ ਸਬੰਧਿਤ ਹੋਣ ਕਰਾਨ ਸ਼ਿਕਾਇਤਕਰਤਾ ਦੀ ਬੇਇੱਜਤੀ ਕੀਤੀ ਜਾਂ ਉਸ ਨੂੰ ਪੀੜਤ ਕੀਤਾ। ਇਸ ਮਾਮਲੇ 'ਚ ਐਸਸੀ ਐਸਟੀ ਐਕਟ ਜੋੜਨਾ ਕਿਸੇ ਹੈਰਾਨੀ ਤੋਂ ਘੱਟ ਨਹੀਂ ਹੈ। ਹਾਈ ਕੋਰਟ ਨੇ ਦੋਸ਼ੀ ਨੂੰ ਰੈਗੂਲਰ ਜਮਾਨਤ ਦੇਣ ਦਾ ਆਦੇਸ਼ ਦਿੰਦੇ ਹੋਏ ਪਟੀਸ਼ਨ ਦਾ ਨਿਪਟਾਰਾ ਕਰ ਦਿੱਤਾ। ਇਸ ਨਾਲ ਹਾਈ ਕੋਰਟ ਨੇ ਟਰਾਇਲ ਕੋਰਟ ਨੂੰ ਸਲਾਹ ਦਿੱਤੀ ਕਿ ਉਹ ਇਸ ਮਾਮਲੇ 'ਚ ਹਾਈ ਕੋਰਟ ਦੁਆਰਾ ਦਿੱਤੀ ਪ੍ਰਤੀਕਿਰਿਆ ਤੋਂ ਪ੍ਰਭਾਵਿਤ ਹੋਏ ਬਗੈਰ ਮਾਮਲੇ ਦਾ ਮੈਰਿਟ 'ਤੇ ਨਿਪਟਾਰਾ ਕਰੋ।

# ਰਾਹੁਲ ਗਾਂਧੀ ਬੋਲੇ - ਸੰਸਦ ਦਾ ਸਮਾਂ ਬਰਬਾਦ ਨਾ ਕਰੋ, ਵਿਰੋਧੀਆਂ ਨੂੰ ਮਹਿੰਗਾਈ-ਕਿਸਾਨ ਤੇ ਪੈਗਾਸਸ ਦਾ ਮੁੱਦਾ ਸਦਨ 'ਚ ਚੱਕਣ ਦਿਓ



ਕਾਂਗਰਸੀ ਆਗੂ ਰਾਹੁਲ ਗਾਂਧੀ ਨੇ ਵੀਰਵਾਰ ਨੂੰ ਸੰਸਦ ਦਾ ਜ਼ਿਆਦਾ ਸਮਾਂ ਬਰਬਾਦ ਨਾ ਕਰਨ ਤੇ ਵਿਰੋਧੀ ਪਾਰਟੀਆਂ ਨੂੰ ਮਹਿੰਗਾਈ, ਕਿਸਾਨਾਂ ਤੇ ਪੈਗਾਸਸ ਦੇ ਮੁੱਦਿਆਂ ਨੂੰ ਸਦਨ 'ਚ ਚੁੱਕਣ ਦੇਣ ਨੂੰ ਕਿਹਾ। ਉਨ੍ਹਾਂ ਨੇ ਇਹ ਵੀ ਕਿਹਾ ਕਿ ਭਾਰਤ ਦੇ ਲੋਕਤੰਤਰ ਦੀ ਨੀਂਹ ਇਹ ਹੈ ਕਿ ਸੰਸਦ ਮੈਂਬਰ ਲੋਕਾਂ ਦੀ ਆਵਾਜ਼ ਬਣਨ ਤੇ ਰਾਸ਼ਟਰੀ ਮਹੱਤਵ ਦੇ ਮੁੱਦਿਆਂ 'ਤੇ ਚਰਚਾ ਕਰਨ ਪਰ ਕੇਂਦਰ ਸਰਕਾਰ ਅਜਿਹਾ ਨਹੀਂ ਹੋਣ ਦੇ ਰਹੀ। ਵਿਰੋਧੀ ਪਾਰਟੀਆਂ ਪੈਗਾਸਸ ਜਾਸੂਸੀ ਮੁੱਦਿਆਂ 'ਤੇ ਚਰਚਾ ਤੇ ਸੰਸਦ ਦੇ ਨਵੇਂ ਖੇਤੀ ਕਾਨੂੰਨਾਂ ਨੂੰ ਰੱਦ ਕਰਨ ਦੀ ਮੰਗ ਕਰ ਰਹੇ ਹਨ। ਇਸ ਨੂੰ ਲੈ ਕੇ ਸੰਸਦ 'ਚ ਰੋਜ਼ਾਨਾ ਹੰਗਾਮਾ ਹੋ ਰਿਹਾ ਹੈ। ਸੰਸਦ ਦੀ ਕਾਰਵਾਈ ਮੁਲਤਵੀ ਹੋ ਰਹੀ ਹੈ। ਰਾਹੁਲ ਗਾਂਧੀ ਨੇ ਟਵਿੱਟਰ 'ਤੇ ਲਿਖਿਆ - ਸਾਡੇ ਲੋਕਤੰਤਰ ਦੀ ਨੀਂਹ ਇਹ ਹੈ ਕਿ ਸੰਸਦ ਜਨਤਾ ਦੀ ਆਵਾਜ ਬਣੇ ਤੇ ਰਾਸ਼ਟਰੀ ਮਹੱਤਵ ਦੇ ਮੁੱਦਿਆਂ 'ਤੇ ਚਰਚਾ ਕਰੇ। ਮੋਦੀ ਸਰਕਾਰ ਵਿਰੋਧੀ ਪਾਰਟੀਆਂ ਇਹ ਕੰਮ ਕਰਨ ਨਹੀਂ ਦੇ ਰਹੀ ਹੈ। ਸੰਸਦ ਦਾ ਜ਼ਿਆਦਾਤਰ ਸਮਾਂ ਬਰਬਾਦ ਨਾ ਕਰੋ, ਉਨ੍ਹਾਂ ਨੂੰ ਮਹਿੰਗਾਈ, ਕਿਸਾਨਾਂ ਤੇ ਪੈਗਾਸਸ ਬਾਰੇ ਗੱਲ ਕਰਨ ਦਿਓ।

ਪੈਗਾਸਸ ਤੇ ਕੁਝ ਹੋਰ ਮੁੱਦਿਆਂ ਨੂੰ ਲੈ ਕੇ ਪਿਛਲੇ ਕਈ ਦਿਨਾਂ ਤੋਂ ਸੰਸਦ ਦੇ ਦੋਵਾਂ ਸਦਨਾਂ 'ਚ ਗਤੀਰੋਧ ਬਣਿਆ ਹੋਇਆ ਹੈ। 19 ਜੁਲਾਈ ਤੋਂ ਮਾਨਸੂਨ ਸੈਸ਼ਨ ਸ਼ੁਰੂ ਹੋਇਆ ਸੀ ਪਰ ਅਜੇ ਤਕ ਦੋਵਾਂ ਸਦਨਾਂ ਦੀ ਕਾਰਵਾਈ ਮੁਲਤਵੀ ਰਹੀ ਹੈ। ਵਿਰੋਧੀ ਦਲਾਂ ਦਾ ਕਹਿਣਾ ਹੈ ਕਿ ਪੈਗਾਸਸ ਜਾਸੂਸੀ ਮੁੱਦੇ 'ਤੇ ਚਰਚਾ ਕਰਨ ਲਈ ਸਰਕਾਰ ਦੇ ਤਿਆਰ ਹੋਣ ਤੋਂ ਬਾਅਦ ਹੀ ਸੰਸਦ 'ਚ ਗਤੀਰੋਧ ਖ਼ਤਮ ਹੋਵੇਗਾ।

# ਕਈ ਮੁਲਕਾਂ ਨੇ ਵਿਦਿਆਰਥੀਆਂ ਨੂੰ ਸਫਰ 'ਚ ਦਿੱਤੀ ਢਿੱਲ: ਕੇਂਦਰ

ਕੇਂਦਰ ਸਰਕਾਰ ਨੇ ਅੱਜ ਦੱਸਿਆ ਕਿ ਕਈ ਮੁਲਕਾਂ ਵੱਲੋਂ ਭਾਰਤੀ ਵਿਦਿਆਰਥੀਆਂ ਲਈ ਸਫਰ ਪਾਬੰਦੀਆਂ 'ਚ ਢਿੱਲ ਦਿੱਤੀ ਜਾ ਰਹੀ ਹੈ। ਇਨ੍ਹਾਂ ਮੁਲਕਾਂ ਵਿੱਚ ਅਮਰੀਕਾ, ਕੈਨੇਡਾ, ਇੰਗਲੈਂਡ, ਨੀਦਰਲੈਂਡ, ਬੈਲਜੀਅਮ, ਲਕਸਮਬਰਗ, ਜੌਰਜੀਆ ਅਤੇ ਜਰਮਨੀ ਸ਼ਾਮਲ ਹਨ ਜਦਕਿ ਕਰੋਨਾਵਾਇਰਸ ਸਬੰਧੀ ਸਥਿਤੀ ਵਿੱਚ ਸੁਧਾਰ ਆਉਣ 'ਤੇ ਹੋਰ ਮੁਲਕਾਂ ਵੱਲੋਂ ਵੀ ਪਾਬੰਦੀਆਂ ਵਿੱਚ ਢਿੱਲ ਦਿੱਤੇ ਜਾਣ ਦੀ ਆਸ ਹੈ। ਵਿਦੇਸ਼ ਰਾਜ ਮੰਤਰੀ ਵੀ ਮੁਰਲੀਧਰਨ ਨੇ ਅੱਜ ਰਾਜ ਸਭਾ ਵਿੱਚ ਦੱਸਿਆ ਕਿ ਵਿਦੇਸ਼ੀ ਯੂਨੀਵਰਸਿਟੀਆਂ ਵਿੱਚ ਦਾਖਲ ਭਾਰਤੀ ਵਿਦਿਆਰਥੀਆਂ ਲਈ ਲੱਗੀਆਂ ਸਫਰ ਪਾਬੰਦੀਆਂ ਸੁਖਾਲੀਆਂ ਕਰਵਾਉਣ ਲਈ ਸਰਕਾਰ ਵੱਲੋਂ ਕੋਸ਼ਿਸ਼ਾਂ ਕੀਤੀਆਂ ਜਾ ਰਹੀਆਂ ਹਨ। ਭਾਰਤ ਵਿੱਚ ਕਰੋਨਾਵਾਇਰਸ ਦੀ ਦੂਜੀ ਲਹਿਰ ਆਉਣ ਮਗਰੋਂ ਵੱਡੀ ਗਿਣਤੀ ਵਿੱਚ ਮੁਲਕਾਂ ਨੇ ਭਾਰਤੀ ਵਿਦਿਆਰਥੀਆਂ ਲਈ ਸਫਰ ਪਾਬੰਦੀਆਂ ਲਾ ਦਿੱਤੀਆਂ ਸਨ। ਉਨ੍ਹਾਂ ਇੱਕ ਸੁਆਲ ਦਾ ਜੁਆਬ ਦਿੰਦਿਆਂ ਸ੍ਰੀ ਮੁਰਲੀਧਰਨ ਨੇ ਦੱਸਿਆ,'ਵਿਦੇਸ਼ਾਂ ਵਿੱਚ ਸਾਡੇ ਸਫਾਰਤਖਾਨੇ ਇਨ੍ਹਾਂ ਮਸਲਿਆਂ ਨੂੰ ਪੂਰੀ ਸਰਗਰਮੀ ਨਾਲ ਸਬੰਧਤ ਮੁਲਕਾਂ ਦੀਆਂ ਸਰਕਾਰਾਂ ਕੋਲ ਚੁੱਕ ਕੇ ਸਫਰ ਪਾਬੰਦੀਆਂ ਵਿੱਚ ਢਿੱਲ ਦੇਣ ਲਈ ਜੋਰ ਦੇ ਰਹੇ ਹਨ।

ਪੜ੍ਹਾਈ ਮਗਰੋਂ ਵਿਦਿਆਰਥੀਆਂ ਦੇ ਅਮਰੀਕਾ 'ਚ ਰਹਿਣ ਸਬੰਧੀ ਪ੍ਰੋਗਰਾਮ ਖਤਮ ਕਰਨ ਦੀ ਤਿਆਰੀ

ਵਾਸ਼ਿੰਗਟਨ: ਅਮਰੀਕੀ ਕਾਨੂੰਨਸਾਜਾਂ ਦੇ ਇੱਕ ਸਮੂਹ ਨੇ ਪ੍ਰਤੀਨਿਧੀ ਸਦਨ ਵਿੱਚ ਵਿਦੇਸ਼ੀ ਵਿਦਿਆਰਥੀਆਂ ਨੂੰ ਪੜ੍ਹਾਈ ਮਗਰੋਂ ਕੁਝ ਹਾਲਤਾਂ ਵਿੱਚ ਮੁਲਕ 'ਚ ਰਹਿਣ ਦੀ ਆਗਿਆ ਦੇਣ ਵਾਲਾ ਪ੍ਰੋਗਰਾਮ ਖਤਮ ਕਰਨ ਸਬੰਧੀ ਨਵੇਂ ਸਿਰਿਓਂ ਇੱਕ ਬਿੱਲ ਪੇਸ਼ ਕੀਤਾ ਹੈ। ਜੇਕਰ ਇਹ ਬਿੱਲ ਪਾਸ ਹੋ ਕੇ ਕਾਨੂੰਨ ਬਣ ਜਾਂਦਾ ਹੈ ਤਾਂ ਇਹ ਮੁਲਕ ਵਿੱਚ ਪੜ੍ਹ ਰਹੇ ਹਜਾਰਾਂ ਵਿਦਿਆਰਥੀਆਂ ਨੂੰ ਪ੍ਰਭਾਵਿਤ ਕਰ ਸਕਦਾ ਹੈ। ਜਾਣਕਾਰੀ ਮੁਤਾਬਕ ਕਾਂਗਰਸੀ ਕਾਨੂੰਨਸਾਜਾਂ- ਪੌਲ ਏ ਗੋਸਰ, ਮੋਅ ਬਰੁੱਕਸ, ਐਂਡੀ ਬਿੱਗਜ ਅਤੇ ਮੈਟ ਗੈਟਜ ਨੇ 'ਫੇਅਰਨੈੱਸ ਫਾਰ ਹਾਈ-ਸਕਿੱਲ ਅਮੈਰੀਕਨਜ ਐਕਟ' ਪੇਸ਼ ਕੀਤਾ ਜੋ 'ਆਪਸ਼ਨਲ ਪ੍ਰੈਕਟਿਸ ਟਰੇਨਿੰਗ (ਓਟੀਪੀ) 'ਤੇ ਬਣੇ 'ਇਮੀਗ੍ਰੇਸ਼ਨ ਐਂਡ ਨੈਸ਼ਨੈਲਿਟੀ ਐਕਟ' ਵਿੱਚ ਸੋਧ ਲਿਆਏਗਾ। ਇਸ ਸਮੇਂ ਅਮਰੀਕਾ ਵਿੱਚ ਓਪੀਟੀ 'ਤੇ 80,000 ਭਾਰਤੀ ਵਿਦਿਆਰਥੀ ਹਨ। ਇਹ ਬਿੱਲ ਸੈਨੇਟ ਵਿੱਚ ਵੀ ਪਾਸ ਕਰਵਾਉਣਾ ਪਵੇਗਾ, ਜਿਸ ਮਗਰੋਂ ਹੀ ਇਸ ਨੂੰ ਰਾਸ਼ਟਰਪਤੀ ਕੋਲ ਭੇਜਿਆ ਜਾ ਸਕੇਗਾ। ਹਾਲਾਂਕਿ ਸੈਨੇਟ 'ਚ ਇਹ ਬਿੱਲ ਪਾਸ ਕਰਵਾਉਣਾ ਸੌਖਾ ਕੰਮ ਨਹੀਂ ਹੈ।

# ਫਿਰੋਜ਼ਪੁਰ ਡਵੀਜ਼ਨ 'ਚ ਬਿਨਾਂ ਗਾਰਡ ਦੌੜ ਰਹੀਆਂ ਮਾਲ ਗੱਡੀਆਂ, ਹੋ ਰਿਹੈ ਸੁਰੱਖਿਆ ਨਾਲ ਖਿਲਵਾੜ



ਰੇਲਵੇ ਦੀ ਫਿਰੋਜ਼ਪੁਰ ਡਵੀਜ਼ਨ 'ਚ ਦਿਨ ਦੇ ਸਮੇਂ ਬਿਨਾਂ ਗਾਰਡ ਤੋਂ ਮਾਲ ਗੱਡੀਆਂ ਚੱਲ ਰਹੀਆਂ ਹਨ ਅਤੇ ਵਿਭਾਗ ਦਾ ਇਹ ਹੁਕਮ ਕਿਸੇ ਵੀ ਸਮੇਂ ਵੱਡੇ ਹਾਦਸੇ ਦਾ ਕਾਰਨ ਬਣ ਸਕਦਾ ਹੈ। ਇਹ ਹੁਕਮ ਜਾਰੀ ਕੀਤੇ ਜਾਣ ਦਾ ਮੁੱਖ ਕਾਰਨ ਫਿਰੋਜ਼ਪੁਰ ਡਵੀਜ਼ਨ 'ਚ ਮਾਲ ਗੱਡੀਆਂ ਦੇ ਗਾਰਡਾਂ ਦੀ ਘਾਟ ਹੈ। ਰੇਲਵੇ ਦੀ ਫਿਰੋਜ਼ਪੁਰ ਡਵੀਜ਼ਨ ਦੇ ਸੀਨੀਅਰ ਡਵੀਜ਼ਨਲ ਆਪਰੇਸ਼ਨ ਮੈਨੇਜਰ ਦੇ ਹਸਤਾਖਰਾਂ ਹੇਠ ਮਿਤੀ 16 ਜੁਲਾਈ 2021 ਨੂੰ ਸੀਨੀਅਰ ਡੀਐੱਮਈ (ਓ ਐਂਡ ਐੱਫ) ਫਿਰੋਜ਼ਪੁਰ ਨੂੰ ਜਾਰੀ ਪੱਤਰ 'ਚ ਕਿਹਾ ਗਿਆ ਹੈ ਕਿ ਫਿਰੋਜ਼ਪੁਰ ਡਵੀਜ਼ਨ ਲਈ 331 ਗੁਡਜ਼ ਗਾਰਡਾਂ ਦੀਆਂ ਅਸਾਮੀਆਂ ਮਨਜ਼ੂਰ ਹਨ ਪਰ ਮੌਜੂਦਾ ਸਮੇਂ 'ਚ ਡਵੀਜ਼ਨ ਕੋਲ 71 ਗਾਰਡ ਹੀ ਹਨ। ਡਵੀਜ਼ਨ ਕੋਲ 260 ਗਾਰਡਾਂ ਦੀ ਕਮੀ ਹੋਣ ਕਰ ਕੇ ਮਾਲ ਗੱਡੀਆਂ ਚਲਾਉਣ 'ਚ ਅਕਸਰ ਦਿੱਕਤ ਆਉਂਦੀ ਹੈ। ਲੁਧਿਆਣਾ ਇਲਾਕੇ 'ਚ ਉਨ੍ਹਾਂ ਵੱਲੋਂ ਮਿਤੀ 24 ਜੂਨ 2021 ਨੂੰ ਜਾਰੀ ਪੱਤਰ ਅਨੁਸਾਰ ਪਹਿਲਾਂ ਹੀ ਸੂਰਜ ਨਿਕਲਣ ਤੋਂ ਲੈ ਕੇ ਡੁੱਬਣ ਤੱਕ ਦੇ ਸਮੇਂ ਦੌਰਾਨ ਮਾਲ ਗੱਡੀਆਂ ਚਲਾਈਆਂ ਜਾ ਰਹੀਆਂ ਹਨ। ਉਨ੍ਹਾਂ ਆਪਣੇ ਪੱਤਰ 'ਚ ਲਿਖਿਆ ਹੈ ਕਿ ਫਿਰੋਜ਼ਪੁਰ ਕੰਟਰੋਲ ਰੂਮ ਜਦੋਂ ਵੀ ਜ਼ਰੂਰਤ ਸਮਝੇ, ਦਿਨ ਦੇ ਸਮੇਂ ਮਾਲ ਗੱਡੀ ਬਿਨਾਂ ਗਾਰਡ ਦੇ ਚਲਾ ਸਕਦਾ ਹੈ। ਉਨ੍ਹਾਂ ਪੱਤਰ 'ਚ ਕਿਹਾ ਹੈ ਕਿ ਬਿਨਾਂ ਗਾਰਡ ਤੋਂ ਚੱਲਣ ਵਾਲੀਆਂ ਗੱਡੀਆਂ ਦੀ ਨਿਗਰਾਨੀ ਬਹੁਤ ਧਿਆਨਪੂਰਵਕ ਸਟੇਸ਼ਨ ਸੁਪਰਡੈਂਟਾਂ/ਟ੍ਰੈਫਿਕ ਇੰਚਾਰਜਾਂ ਤੇ ਫਿਰੋਜ਼ਰਪੁਰ ਕੰਟਰੋਲ ਵੱਲੋਂ ਕੀਤੀ ਜਾਵੇਗੀ।

ਜ਼ਿਕਰਯੋਗ ਹੈ ਕਿ ਗਾਰਡ ਦਾ ਅਰਥ ਹੀ ਅੰਗ੍ਰੇਜ਼ੀ ਭਾਸ਼ਾ 'ਚ ਰੱਖਿਅਕ ਹੁੰਦਾ ਹੈ ਤੇ ਰੇਲ ਵਿਭਾਗ 'ਚ ਇਹ ਇਕ ਬਹੁਤ ਹੀ ਅਹਿਮ ਅਹੁਦਾ ਹੈ। ਉਸ ਦੇ ਮੋਢਿਆਂ 'ਤੇ ਮਾਲ ਗੱਡੀ ਤੋਂ ਲੈ ਕੇ ਸ਼ਤਾਬਦੀ ਗੱਡੀ ਤਕ ਦੀ ਸੁਰੱਖਿਆ ਦੀ ਜ਼ਿੰਮੇਦਾਰੀ ਹੁੰਦੀ ਹੈ। ਆਮ ਤੌਰ 'ਤੇ ਬਹੁਤ ਸਾਰੇ ਰੇਲ ਹਾਦਸਿਆਂ ਨੂੰ ਟਾਲਣ 'ਚ ਗਾਰਡ ਦੀ ਵੱਡੀ ਭੂਮਿਕਾ ਹੁੰਦੀ ਹੈ। ਡੱਬੇ ਨੂੰ ਅੱਗ ਲੱਗਣ ਤੇ ਹੁੱਕ ਟੁੱਟ ਜਾਣ ਦੀ ਸਥਿਤੀ 'ਚ ਗਾਰਡ ਦੀ ਚੌਕਸੀ ਨਾਲ ਹੀ ਵੱਡੇ-ਵੱਡੇ ਹਾਦਸੇ ਟਲ ਜਾਂਦੇ ਹਨ।

**ਸੁਰੱਖਿਆ ਨਾਲ ਖਿਲਵਾੜ : ਈਸ਼ ਦੇਵਗਨ**

ਐੱਨਆਰਐੱਮਯੂ ਦੀ ਅੰਮ੍ਰਿਤਸਰ ਬ੍ਰਾਂਚ ਦੇ ਚੇਅਰਮੈਨ ਕੁਆਰਡੀਨੇਸ਼ਨ ਕਮੇਟੀ ਈਸ਼ ਦੇਵਗਨ ਨੇ ਫਿਰੋਜ਼ਪੁਰ ਡਵੀਜ਼ਨ ਦੇ ਇਸ ਹੁਕਮ ਦੀ ਨਿਖੇਧੀ ਕਰਦੇ ਹੋਏ ਕਿਹਾ ਕਿ ਇਹ ਫ਼ੈਸਲਾ ਸੁਰੱਖਿਆ ਨਾਲ ਖਿਲਵਾੜ ਹੈ ਜੋ ਕਿ ਕਿਸੇ ਵੱਡੇ ਰੇਲ ਹਾਦਸੇ ਦਾ ਕਾਰਨ ਬਣ ਸਕਦਾ ਹੈ। ਉਨ੍ਹਾਂ ਕਿਹਾ ਕਿ ਰੇਲ ਡਰਾਈਵਰ ਦੀ ਡਿਊਟੀ ਸਾਹਮਣੇ ਵੇਖਣਾ ਹੈ, ਨਾ ਕਿ ਪਿੱਛੇ ਧਿਆਨ ਰੱਖਣਾ। ਉਨ੍ਹਾਂ ਕਿਹਾ ਕਿ ਮਾਲ ਗੱਡੀ ਦੇ ਡੱਬਿਆਂ ਨੂੰ ਅੱਗ ਲੱਗਣ ਤੇ ਹੁੱਕ ਟੁੱਟਣ ਦੀ ਸਥਿਤੀ 'ਚ ਜੇਕਰ ਇਸ ਫ਼ੈਸਲੇ ਕਾਰਨ ਕੋਈ ਵੱਡਾ ਹਾਦਸਾ ਵਾਪਰ ਗਿਆ ਤਾਂ ਉਸ ਦੀ ਜ਼ਿੰਮੇਦਾਰੀ ਕੌਣ ਲਵੇਗਾ।

**ਸੁਰੱਖਿਆ ਦੇ ਸਾਰੇ ਮਾਪਦੰਡਾਂ ਅਪਣਾਏ ਜਾ ਰਹੇ : ਸੀਨੀਅਰ ਡੀਓਐੱਮ**

ਫਿਰੋਜ਼ਪੁਰ ਡਵੀਜਨ ਦੇ ਸੀਨੀਅਰ ਡਵੀਜ਼ਨਲ ਆਪਰੇਸ਼ਨ ਮੈਨੇਜਰ (ਡੀਓਐੱਮ) ਸੁਧੀਰ ਕੁਮਾਰ ਦਾ ਕਹਿਣਾ ਸੀ ਕਿ ਬਹੁਤ ਸਾਰੇ ਕੰਮ ਸੁਰੱਖਿਆ ਮਾਪਦੰਡਾਂ ਨੂੰ ਅਪਣਾਉਂਦੇ ਹੋਏ ਬਿਨਾਂ ਗਾਰਡ ਦੇ ਹੋ ਸਕਦੇ ਹਨ। ਉਨ੍ਹਾਂ ਕਿਹਾ ਕਿ ਜਦੋਂ ਤਕ ਗਾਰਡਾਂ ਦੀ ਗਿਣਤੀ ਪੂਰੀ ਨਹੀਂ ਹੁੰਦੀ, ਸੁਰੱਖਿਆ ਦੇ ਸਾਰੇ ਮਾਪਦੰਡ ਅਪਣਾਉਂਦੇ ਹੋਏ ਮਾਲ ਗੱਡੀਆਂ ਨੂੰ ਦਿਨ ਦੇ ਸਮੇਂ ਚਲਾਇਆ ਜਾਵੇਗਾ। ਇਸ ਦੇ ਨਾਲ ਹੀ ਉਨ੍ਹਾਂ ਦਾ ਇਹ ਵੀ ਕਹਿਣਾ ਸੀ ਕਿ ਬਿਨਾਂ ਗਾਰਡ ਦੇ ਮਾਲ ਗੱਡੀ ਚਲਾਉਣਾ ਕੋਈ ਪੱਕਾ ਹੱਲ ਨਹੀਂ ਹੈ।

# ਮੀਂਹ ਦੌਰਾਨ ਭਾਜਪਾ ਆਗੂ ਦਾ ਘਿਰਾਓ



ਇੱਥੋਂ ਦੇ ਪਿੰਡ ਪੋਹੜਕਾ ਵਿੱਚ ਹੋਣ ਵਾਲੀ ਭਾਜਪਾ ਮੰਡਲ ਦੀ ਮੀਟਿੰਗ ਅੱਜ ਕਿਸਾਨਾਂ ਦੇ ਭਾਰੀ ਵਿਰੋਧ ਕਾਰਨ ਰੱਦ ਕਰਨੀ ਪਈ। ਜਾਣਕਾਰੀ ਅਨੁਸਾਰ ਅੱਜ ਇੱਥੇ ਪੋਹੜਕਾ ਮੰਡਲ ਦੇ ਭਾਜਪਾ ਆਗੂਆਂ ਅਤੇ ਵਰਕਰਾਂ ਦੀ ਇੱਕ ਮੀਟਿੰਗ ਮਨਜੀਤ ਸਿੰਘ ਧਾਲੀਵਾਲ ਦੇ ਘਰ ਰੱਖੀ ਗਈ ਸੀ ਪਰ ਜਿਉਂ ਹੀ ਪਿੰਡ ਅਤੇ ਇਲਾਕੇ ਦੇ ਕਿਸਾਨਾਂ ਨੂੰ ਇਸ ਗੱਲ ਦੀ ਭਿਣਕ ਪਈ ਤਾਂ ਮੀਂਹ ਦੇ ਬਾਵਜੂਦ ਵੱਡੀ ਗਿਣਤੀ ਵਿੱਚ ਕਿਸਾਨ ਪਿੰਡ ਪੋਹੜਕਾ ਪਹੁੰਚ ਗਏ ਅਤੇ ਭਾਜਪਾ ਆਗੂਆਂ ਖਲਿਾਫ ਨਾਅਰੇਬਾਜ਼ੀ ਕਰਨ ਲੱਗੇ। ਕਿਸਾਨ ਆਗੂਆਂ ਨੇ ਮਨਜੀਤ ਸਿੰਘ ਨਾਲ ਵੀ ਗੱਲਬਾਤ ਕੀਤੀ ਅਤੇ ਅਖੀਰ ਭਾਜਪਾ ਆਗੂਆਂ ਨੂੰ ਕਿਸਾਨ ਰੋਹ ਅੱਗੇ ਝੁਕਦਿਆਂ ਇਹ ਮੀਟਿੰਗ ਰੱਦ ਕਰਨੀ ਪਈ। ਕਿਸਾਨ ਆਗੂ ਸਰਬਜੀਤ ਸਿੰਘ ਸਿੱਧੂ, ਲਖਵਿੰਦਰ ਸਿੰਘ, ਸੁਰਿੰਦਰ ਸਿੰਘ ਸਿੱਧੂ ਅਤੇ ਪ੍ਰਕਾਸ਼ ਸਿਹਾਗ ਮੁਮੇਰਾ ਨੇ ਕਿਹਾ ਕਿ ਭਾਜਪਾ ਦੇ ਇਸ਼ਾਰੇ 'ਤੇ ਸਿਰਸਾ ਵਿੱਚ ਕਿਸਾਨਾਂ 'ਤੇ ਝੂਠੇ ਕੇਸ ਦਰਜ ਹੋਏ ਹਨ, ਜਿਸ ਕਾਰਨ ਕਿਸਾਨਾਂ ਵਿੱਚ ਸਰਕਾਰ ਪ੍ਰਤੀ ਰੋਸ ਹੋਰ ਵੀ ਵਧ ਗਿਆ ਹੈ। ਉਨ੍ਹਾਂ ਕਿਹਾ ਕਿ ਇਲਾਕੇ ਵਿੱਚ ਜਿੱਥੇ ਵੀ ਭਾਜਪਾ ਆਗੂਆਂ ਦੇ ਪ੍ਰੋਗਰਾਮ ਹੋਣਗੇ, ਉੱਥੇ ਕਿਸਾਨਾਂ ਵੱਲੋਂ ਵਿਰੋਧ ਪ੍ਰਦਰਸ਼ਨ ਕੀਤੇ ਜਾਣਗੇ। ਦੂਜੇ ਪਾਸੇ ਭਾਜਪਾ ਦੀ ਮੀਟਿੰਗ ਦੇ ਮੱਦੇਨਜ਼ਰ ਪ੍ਰਸ਼ਾਸਨ ਨੇ ਪਹਿਲਾਂ ਹੀ ਸੁਰੱਖਿਆ ਦੇ ਪੁਖ਼ਤਾ ਪ੍ਰਬੰਧ ਕੀਤੇ ਹੋਏ ਸਨ ਅਤੇ ਸਿਰਸਾ ਤੋਂ ਵੀ ਪੁਲੀਸ ਫੋਰਸ ਬੁਲਾਈ ਗਈ ਸੀ। ਇਸ ਮੌਕੇ ਡੀਐੱਸਪੀ ਜਗਤ ਸਿੰਘ ਅਤੇ ਥਾਣਾ ਇੰਚਾਰਜ ਰਾਧੇਸ਼ਿਆਮ ਸ਼ਰਮਾ ਦੀ ਅਗਵਾਈ ਹੇਠ ਪੁਲੀਸ ਤਾਇਨਾਤ ਰਹੀ।

# ਗੈਂਗਸਟਰ ਪ੍ਰੀਤ ਸੇਖੋਂ ਨੇ ਫਿਰੌਤੀ ਦੀ ਰਕਮ ਵਿਦੇਸ਼ੀ ਬੈਂਕਾਂ 'ਚ ਜਮ੍ਹਾਂ ਕਰਵਾਈ

ਪੁਲੀਸ ਵੱਲੋਂ ਗ੍ਰਿਫਤਾਰ ਕੀਤੇ ਗਏ ਗੈਂਗਸਟਰ ਦਇਆ ਸਿੰਘ ਉਰਫ ਪ੍ਰੀਤ ਸੇਖੋਂ ਨੇ ਪੁੱਛ-ਪੜਤਾਲ ਦੌਰਾਨ ਖੁਲਾਸਾ ਕੀਤਾ ਕਿ ਉਸ ਨੇ ਡਾਕਟਰਾਂ, ਕਲੋਨਾਈਜ਼ਰਾਂ ਤੇ ਵਪਾਰੀਆਂ ਆਦਿ ਤੋਂ ਫਿਰੌਤੀ ਦੀ ਵੱਡੀ ਰਕਮ ਵਸੂਲੀ ਹੈ ਅਤੇ ਇਹ ਰਕਮ ਹਵਾਲਾ ਰਾਹੀਂ ਵਿਦੇਸ਼ੀ ਕਰੰਸੀ ਦੇ ਰੂਪ ਵਿੱਚ ਵਿਦੇਸ਼ੀ ਬੈਂਕਾਂ ਵਿੱਚ ਜਮ੍ਹਾਂ ਕਰਵਾਈ ਹੈ। ਪੁਲੀਸ ਦੇ ਸੂਤਰਾਂ ਮੁਤਾਬਕ ਸੇਖੋਂ ਨੇ ਆਪਣੇ ਕੈਨੇਡਾ ਆਧਾਰਤ ਸਾਥੀ ਲਖਬੀਰ ਸਿੰਘ ਉਰਫ ਲੰਡਾ ਪੱਟੀ ਦੀ ਮਦਦ ਨਾਲ ਲਗਪਗ 25 ਵਿਅਕਤੀਆਂ ਕੋਲੋਂ ਕਰੋੜਾਂ ਰੁਪਏ ਦੀ ਫਿਰੌਤੀ ਵਸੂਲੀ ਹੈ। ਫਿਰੌਤੀ ਦੇ ਮਾਮਲਿਆਂ ਬਾਰੇ ਪੀੜਤਾਂ ਨੇ ਪੁਲੀਸ ਕੋਲ ਸ਼ਿਕਾਇਤ ਨਹੀਂ ਕੀਤੀ ਸੀ ਪਰ ਸ਼ਿਕਾਰ ਹੋਏ ਲੋਕਾਂ ਨੇ ਆਰਗੇਨਾਈਜਡ ਕਰਾਈਮ ਕੰਟਰੋਲ ਯੂਨਿਟ ਨੂੰ ਇਸ ਦੀ ਜਾਣਕਾਰੀ ਦਿੱਤੀ ਸੀ। ਇੱਥੇ ਦੱਸਣਯੋਗ ਹੈ ਕਿ ਇਹ ਗੈਂਗਸਟਰ ਅਤੇ ਇਸ ਦੇ ਦੋ ਸਾਥੀ ਜਰਮਨਜੀਤ ਸਿੰਘ ਉਰਫ ਨਿੱਕਾ ਖੰਡੂਰੀਆ ਤੇ ਗੁਰਲਾਲ ਸਿੰਘ ਅਜਨਾਲਾ ਹਲਕੇ ਦੇ ਪਿੰਡ ਚਮਿਆਰੀ ਵਿੱਚ ਇੱਕ ਘਰ ਵਿੱਚ ਲੁਕੇ ਹੋਏ ਸਨ ਅਤੇ ਪੁਲੀਸ ਨੇ ਘੇਰਾ ਪਾ ਕੇ ਉਨ੍ਹਾਂ ਕੋਲੋਂ ਆਤਮ ਸਮਰਪਣ ਕਰਵਾਇਆ ਸੀ। ਇਨ੍ਹਾਂ ਕੋਲੋ ਪੰਜ ਪਿਸਤੌਲ, ਇਕ ਰਾਈਫਲ, ਗੋਲੀ ਸਿੱਕਾ ਤੇ ਕਾਰ ਬਰਾਮਦ ਹੋਈ ਸੀ। ਪੁਲੀਸ ਸੂਤਰਾਂ ਮੁਤਾਬਕ ਫਿਰੌਤੀ ਦੀ ਰਕਮ ਹਵਾਲਾ ਅਪਰੇਟਰਾਂ ਰਾਹੀਂ ਕੈਨੇਡਾ ਦੇ ਸਰੀ ਅਤੇ ਇੰਗਲੈਂਡ ਦੇ ਬੈਂਕਾਂ ਵਿੱਚ ਜਮ੍ਹਾਂ ਕਰਵਾਈ ਗਈ ਹੈ। ਪੁਲੀਸ ਨੇ ਹਵਾਲਾ ਅਪਰੇਟਰ ਦਾ ਨਾਂ ਵੀ ਪਤਾ ਲਾ ਲਿਆ ਹੈ ਅਤੇ ਬੈਂਕ ਖਾਤਿਆਂ ਸਬੰਧੀ ਹੋਰ ਜਾਣਕਾਰੀ ਵੀ ਇਕੱਠੀ ਕਰ ਲਈ ਹੈ। ਇਹ ਵੀ ਦੱਸਿਆ ਗਿਆ ਹੈ ਕਿ ਪੁੱਛ-ਪੜਤਾਲ ਦੌਰਾਨ ਮੁਲਜਮਾਂ ਨੇ 8 ਕਤਲਾਂ ਤੇ ਕਈ ਲੁੱਟਾਂ-ਖੋਹਾਂ ਦਾ ਖੁਲਾਸਾ ਕੀਤਾ ਹੈ।

# ਕਰਤਾਰਪੁਰ ਲਾਂਘਾ ਮੁੜ ਖੋਲ੍ਹਿਆ ਜਾਵੇ: ਕੈਪਟਨ



ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਪਾਕਿਸਤਾਨ ਸਥਿਤ ਇਤਿਹਾਸਕ ਗੁਰਧਾਮ ਦੇ ਦਰਸਨ-ਦੀਦਾਰ ਲਈ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੂੰ ਕਰਤਾਰਪੁਰ ਲਾਂਘਾ ਮੁੜ ਖੋਲ੍ਹਣ ਦੀ ਅਪੀਲ ਕੀਤੀ ਹੈ। ਉਨ੍ਹਾਂ ਇਸ ਸਬੰਧੀ ਪ੍ਰਧਾਨ ਮੰਤਰੀ ਨੂੰ ਪੱਤਰ ਲਿਖਿਆ ਹੈ। ਮੁੱਖ ਮੰਤਰੀ ਨੇ ਆਖਿਆ ਕਿ ਕੋਵਿਡ ਦੀ ਸਥਿਤੀ ਵਿੱਚ ਹੁਣ ਕਾਫੀ ਸੁਧਾਰ ਹੋ ਗਿਆ ਹੈ, ਜਿਸ ਕਰਕੇ ਕਰਤਾਰਪੁਰ ਲਾਂਘਾ ਖੋਲ੍ਹਿਆ ਜਾਵੇ। ਮੁੱਖ ਮੰਤਰੀ ਅਮਰਿੰਦਰ ਸਿੰਘ ਨੇ ਪ੍ਰਧਾਨ ਮੰਤਰੀ ਨੂੰ ਲਿਖੇ ਪੱਤਰ ਵਿਚ ਕਿਹਾ ਕਿ ਪੰਜਾਬ ਸਰਕਾਰ ਨੂੰ ਲਾਂਘੇ ਦੀ ਵਰਤੋਂ ਕਰਨ ਵਾਲੇ ਸਰਧਾਲੂਆਂ ਦੀ ਟੈਸਟਿੰਗ ਅਤੇ ਟੀਕਾਕਰਨ ਸਮੇਤ ਕੋਵਿਡ-19 ਦੇ ਪ੍ਰੋਟੋਕੋਲ ਦੀ ਸਹੀ ਢੰਗ ਨਾਲ ਪਾਲਣਾ ਨੂੰ ਯਕੀਨੀ ਬਣਾਉਣ ਲਈ ਭਾਰਤ ਸਰਕਾਰ ਨਾਲ ਮਿਲ ਕੇ ਕੰਮ ਕਰਨ ਵਿੱਚ ਖੁਸੀ ਹੋਵੇਗੀ। ਉਨ੍ਹਾਂ ਨੇ ਪ੍ਰਧਾਨ ਮੰਤਰੀ ਦੇ ਹਾਂ-ਪੱਖੀ ਹੁੰਗਾਰੇ ਲਈ ਉਮੀਦ ਜਾਹਿਰ ਕੀਤੀ। ਚੇਤੇ ਰਹੇ ਕਿ ਮੁੱਖ ਮੰਤਰੀ ਨੇ ਕੋਵਿਡ ਦੇ ਫੈਲਣ ਕਰਕੇ ਮਾਰਚ, 2020 ਵਿੱਚ ਲਾਂਘੇ ਰਾਹੀਂ ਕਰਤਾਰਪੁਰ ਜਾਣ ਵਾਲੇ ਸਰਧਾਲੂਆਂ ਦੀ ਆਵਾਜਾਈ ਨੂੰ ਰੋਕ ਦਿੱਤਾ ਗਿਆ ਸੀ। ਉਨ੍ਹਾਂ ਕਿਹਾ ਕਿ ਬਦਲੇ ਹੋਏ ਹਾਲਾਤ ਵਿੱਚ ਸੁਭਾਵਿਕ ਹੈ ਕਿ ਲੋਕਾਂ ਨੇ ਕਰਤਾਰਪੁਰ ਸਾਹਿਬ ਵਿਚ ਗੁਰਦੁਆਰਾ ਦਰਬਾਰ ਸਾਹਿਬ ਦੇ ਦਰਸਨਾਂ ਦੀ ਤਾਂਘ ਮੁੜ ਜਾਹਰ ਕੀਤੀ ਹੈ। ਮੁੱਖ ਮੰਤਰੀ ਨੇ ਕਿਹਾ, "ਅਸੀਂ ਭਾਗਾਂ ਵਾਲੇ ਹਾਂ ਕਿ ਨਵੰਬਰ, 2019 ਵਿਚ ਗੁਰੂ ਨਾਨਕ ਦੇਵ ਜੀ ਦੇ 550ਵੇਂ ਪ੍ਰਕਾਸ ਪੁਰਬ ਮੌਕੇ ਕਰਤਾਰਪੁਰ ਲਾਂਘਾ ਖੋਲ੍ਹਿਆ ਗਿਆ।"

# ਨੌਜਵਾਨ ਵੱਲੋਂ ਬਜ਼ੁਰਗ ਦਾ ਰਾਡ ਮਾਰ ਕੇ ਕਤਲ



ਪਿੰਡ ਬੋਹਾਨੀ ਵਿੱਚ ਬੀਤੀ ਰਾਤ ਪਿੰਡ ਦੇ ਇੱਕ ਨੌਜਵਾਨ ਸੰਦੀਪ ਨੇ ਕਰਿਆਨੇ ਦੀ ਦੁਕਾਨ ਚਲਾਉਂਦੇ ਗੁਰਦੀਪ ਸਿੰਘ (70) ਦਾ ਸਿਰ 'ਤੇ ਰਾਡ ਮਾਰ ਕੇ ਕਤਲ ਕਰ ਦਿੱਤਾ। ਐੱਸਐੱਸਪੀ ਹਰਕਮਲਪ੍ਰੀਤ ਸਿੰਘ ਖੱਖ ਨੇ ਦੱਸਿਆ ਕਿ ਸੰਦੀਪ ਨੇ ਜਦੋਂ ਦੁਕਾਨਦਾਰ ਗੁਰਦੀਪ ਕੋਲੋਂ ਕੁਝ ਸਾਮਾਨ ਉਧਾਰ ਮੰਗਿਆ ਤਾਂ ਦੁਕਾਨਦਾਰ ਨੇ ਮਨ੍ਹਾਂ ਕਰ ਦਿੱਤਾ। ਇਸੇ ਗੱਲ ਤੋਂ ਗੁੱਸੇ ਵਿੱਚ ਆਇਆ ਨੌਜਵਾਨ ਦੁਕਾਨਦਾਰ ਦੇ ਸਿਰ 'ਤੇ ਰਾਡ ਮਾਰ ਕੇ ਫਰਾਰ ਹੋ ਗਿਆ। ਦੁਕਾਨਦਾਰ ਨੂੰ ਜ਼ਖਮੀ ਹਾਲਤ 'ਚ ਹਸਪਤਾਲ ਲਿਜਾਇਆ ਗਿਆ, ਜਿੱਥੇ ਡਾਕਟਰਾਂ ਨੇ ਉਸ ਨੂੰ ਮ੍ਰਿਤਕ ਐਲਾਨ ਦਿੱਤਾ। ਪੁਲੀਸ ਨੇ ਦੱਸਿਆ ਕਿ ਉਨ੍ਹਾਂ ਮੁਲਜਮ ਨੂੰ ਗ੍ਰਿਫਤਾਰ ਕਰ ਲਿਆ ਹੈ। ਹੁਣ ਉਸ ਨੂੰ ਅਦਾਲਤ 'ਚ ਪੇਸ਼ ਕੀਤਾ ਜਾਵੇਗਾ।

# ਅਫ਼ਗਾਨਿਸਤਾਨ 'ਚ ਸਿੱਖਾਂ ਦੀ ਸੁਰੱਖਿਆ ਯਕੀਨੀ ਬਣਾਈ ਜਾਵੇ: ਸ਼੍ਰੋਮਣੀ ਕਮੇਟੀ

ਸ਼੍ਰੋਮਣੀ ਕਮੇਟੀ ਨੇ ਭਾਰਤ ਅਤੇ ਅਫ਼ਗਾਨਿਸਤਾਨ ਦੀਆਂ ਸਰਕਾਰਾਂ ਨੂੰ ਅਪੀਲ ਕੀਤੀ ਹੈ ਕਿ ਅਫਗਾਨਿਸਤਾਨ ਵਿੱਚ ਵੱਸਦੇ ਸਿੱਖਾਂ ਦੀ ਸੁਰੱਖਿਆ ਯਕੀਨੀ ਬਣਾਇਆ ਜਾਵੇ। ਸ਼੍ਰੋਮਣੀ ਕਮੇਟੀ ਦੇ ਮੁੱਖ ਸਕੱਤਰ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਕਿਹਾ ਕਿ ਅਫ਼ਗਾਨਿਸਤਾਨ ਵਿੱਚ ਸਿੱਖਾਂ ਦੀ ਦਿਨੋ-ਦਿਨ ਘਟ ਰਹੀ ਗਿਣਤੀ ਬੇਹੱਦ ਚਿੰਤਾ ਦਾ ਵਿਸ਼ਾ ਹੈ। ਉਨ੍ਹਾਂ ਅਪੀਲ ਕੀਤੀ ਕਿ ਭਾਰਤ ਸਰਕਾਰ ਇਸ ਮਾਮਲੇ ਨੂੰ ਸੰਜੀਦਗੀ ਨਾਲ ਲੈਂਦਿਆਂ ਉਥੇ ਵੱਸਦੇ ਸਿੱਖਾਂ ਦੀ ਜਾਨ-ਮਾਲ ਦੀ ਸੁਰੱਖਿਆ ਲਈ ਯਤਨ ਕਰੇ। ਸ੍ਰੀ ਧਾਮੀ ਨੇ ਕਿਹਾ ਕਿ ਪਹਿਲਾਂ ਅਫ਼ਗਾਨਿਸਤਾਨ ਵਿੱਚ ਲੱਖਾਂ ਸਿੱਖ ਵੱਸਦੇ ਸਨ, ਜਿਨ੍ਹਾਂ ਦੀ ਗਿਣਤੀ ਹੁਣ ਬਹੁਤ ਘੱਟ ਰਹਿ ਗਈ ਹੈ। ਇਸ ਦਾ ਕਾਰਨ ਅਸੁਰੱਖਿਆ ਦੀ ਭਾਵਨਾ ਹੈ, ਕਿਉਂਕਿ ਸਿੱਖਾਂ ਨੂੰ ਉਥੇ ਕਈ ਮੁਸ਼ਕਲਾਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਪਿਛਲੇ ਥੋੜ੍ਹੇ ਸਮੇਂ ਅੰਦਰ ਹੀ ਅਫ਼ਗਾਨਿਸਤਾਨ ਵਿੱਚ ਸਿੱਖਾਂ 'ਤੇ ਦੋ ਵੱਡੇ ਨਸਲੀ ਹਮਲੇ ਹੋਏ ਹਨ, ਜਿਸ ਕਾਰਨ ਖੌਫਜਦਾ ਸਿੱਖ ਉੱਥੋਂ ਪਰਵਾਸ ਕਰ ਰਹੇ ਹਨ। ਉਨ੍ਹਾਂ ਕਿਹਾ ਕਿ ਉੱਥੇ ਵੱਸਦੇ ਘੱਟਗਿਣਤੀ ਸਿੱਖ ਭਾਈਚਾਰੇ ਦੀ ਸੁਰੱਖਿਆ ਯਕੀਨੀ ਬਣਾਉਣੀ ਸਰਕਾਰਾਂ ਦੀ ਜੰਮਿਵਾਰੀ ਹੈ। ਉਨ੍ਹਾਂ ਕਿਹਾ ਕਿ ਸਿੱਖ ਕੌਮ ਸਮੁੱਚੀ ਮਾਨਵਤਾ ਦਾ ਭਲਾ ਮੰਗਦੀ ਹੈ, ਪਰ ਦੁੱਖ ਦੀ ਗੱਲ ਹੈ ਕਿ ਅਫ਼ਗਾਨਿਸਤਾਨ ਵਿੱਚ ਸਿੱਖਾਂ ਨਾਲ ਧੱਕਾ ਕੀਤਾ ਜਾ ਰਿਹਾ ਹੈ। ਉਨ੍ਹਾਂ ਭਾਰਤ ਸਰਕਾਰ ਨੂੰ ਅਪੀਲ ਕੀਤੀ ਕਿ ਉਹ ਅਫ਼ਗਾਨਿਸਤਾਨ ਵਿੱਚ ਰਹਿੰਦੇ ਸਿੱਖਾਂ ਨੂੰ ਦਰਪੇਸ਼ ਮੁਸ਼ਕਲਾਂ ਦਾ ਹੱਲ ਕਰੇ। ਉਨ੍ਹਾਂ ਮੁਤਾਬਕ ਸ਼੍ਰੋਮਣੀ ਕਮੇਟੀ ਵੱਲੋਂ ਭਾਰਤ ਸਰਕਾਰ ਨੂੰ ਇਸ ਸਬੰਧ ਵਿੱਚ ਪੱਤਰ ਵੀ ਭੇਜਿਆ ਜਾਵੇਗਾ।

# ਕੋਟਕਪੂਰਾ ਗੋਲੀ ਕਾਂਡ: ਪੰਜ ਪੁਲੀਸ ਅਧਿਕਾਰੀਆਂ ਤੋਂ ਪੁੱਛ-ਪੜਤਾਲ

ਕੋਟਕਪੂਰਾ ਗੋਲੀ ਕਾਂਡ ਦੀ ਪੜਤਾਲ ਕਰ ਰਹੀ ਵਿਸ਼ੇਸ਼ ਜਾਂਚ ਟੀਮ ਨੇ ਅੱਜ ਇੱਥੇ ਟੀਮ ਦੇ ਕੈਂਪ ਦਫ਼ਤਰ ਵਿੱਚ ਪੰਜਾਬ ਪੁਲੀਸ ਦੇ ਪੰਜ ਅਧਿਕਾਰੀਆਂ ਕੋਲੋਂ ਪੁੱਛ ਪੜਤਾਲ ਕੀਤੀ। ਸੂਚਨਾ ਅਨੁਸਾਰ ਜਾਂਚ ਟੀਮ ਨੇ ਇੰਸਪੈਕਟਰ ਜਤਿੰਦਰ ਸਿੰਘ, ਗੁਰਵਿੰਦਰ ਸਿੰਘ, ਅਭਿਨਵ, ਅਸ਼ੋਕ ਕੁਮਾਰ ਅਤੇ ਪ੍ਰਗਟ ਸਿੰਘ ਤੋਂ ਪੁੱਛ-ਪੜਤਾਲ ਕੀਤੀ।

ਜਾਂਚ ਟੀਮ ਨੇ ਇਨ੍ਹਾਂ ਪੁਲੀਸ ਅਧਿਕਾਰੀਆਂ ਦੇ ਬਿਆਨ ਵੀ ਕਲਮਬੰਦ ਕੀਤੇ। ਇੱਕ ਦਿਨ ਪਹਿਲਾਂ ਜਾਂਚ ਟੀਮ ਨੇ 9 ਉੱਚ ਪੁਲੀਸ ਅਧਿਕਾਰੀਆਂ ਤੋਂ ਪੁੱਛਗਿੱਛ ਕੀਤੀ ਸੀ। ਇਸੇ ਦੌਰਾਨ ਪਤਾ ਲੱਗਾ ਹੈ ਕਿ ਆਈਜੀ ਪਰਮਰਾਜ ਸਿੰਘ ਉਮਰਾਨੰਗਲ ਵੀ ਨਾਰਕੋ ਟੈਸਟ ਲਈ ਜਾਂਚ ਟੀਮ ਦੇ ਚੰਡੀਗੜ੍ਹ ਸਥਿਤ ਦਫ਼ਤਰ ਵਿੱਚ ਹਾਜਰ ਹੋਏ ਹਨ ਅਤੇ ਆਉਣ ਵਾਲੇ ਕੁਝ ਦਿਨਾਂ ਵਿੱਚ ਉਨ੍ਹਾਂ ਦਾ ਨਾਰਕੋ ਟੈਸਟ ਹੋਣ ਦੀ ਸੰਭਾਵਨਾ ਹੈ। ਸੂਚਨਾ ਅਨੁਸਾਰ ਆਈਜੀ ਉਮਰਾਨੰਗਲ ਦਾ ਨਾਰਕੋ ਟੈਸਟ ਪੰਜਾਬ ਤੋਂ ਬਾਹਰ ਕਿਸੇ ਹੋਰ ਸੂਬੇ ਵਿੱਚ ਹੋਵੇਗਾ।

**ਪ੍ਰੇਮੀਆਂ ਦੀ ਨਹੀਂ ਹੋਈ ਰਿਹਾਈ**

ਗੁਰੂ ਗ੍ਰੰਥ ਸਾਹਿਬ ਦੇ ਪੱਤਰੇ ਗਲੀਆਂ ਵਿੱਚ ਖਿਲਾਰਨ ਅਤੇ ਉਸ ਤੋਂ ਬਾਅਦ ਪਿੰਡ ਬਰਗਾੜੀ ਵਿੱਚ ਇਤਰਾਜਯੋਗ ਪੋਸਟਰ ਲਾਉਣ ਦੇ ਮਾਮਲੇ ਵਿੱਚ ਗ੍ਰਿਫ਼ਤਾਰ ਕੀਤੇ ਗਏ ਡੇਰਾ ਪ੍ਰੇਮੀਆਂ ਨੂੰ ਭਾਵੇਂ ਇਲਾਕਾ ਮੈਜਿਸਟਰੇਟ ਨੇ ਜਮਾਨਤ 'ਤੇ ਰਿਹਾਅ ਕਰਨ ਦਾ ਹੁਕਮ ਦਿੱਤਾ ਹੈ, ਇਸ ਦੇ ਬਾਵਜੂਦ ਅੱਜ ਚੌਥੇ ਦਿਨ ਵੀ ਡੇਰਾ ਪ੍ਰੇਮੀਆਂ ਦੀ ਰਿਹਾਈ ਨਹੀਂ ਹੋ ਸਕੀ। ਅਦਾਲਤ ਨੇ ਸਾਰੇ ਡੇਰਾ ਪ੍ਰੇਮੀਆਂ ਨੂੰ 90 ਹਜਾਰ ਰੁਪਏ ਦਾ ਜਮਾਨਤਨਾਮਾ ਤੇ ਮੁਚੱਲਕਾ ਅਦਾਲਤ ਵਿੱਚ ਭਰਨ ਲਈ ਕਿਹਾ ਸੀ, ਜੋ ਅਜੇ ਤੱਕ ਨਹੀਂ ਭਰਿਆ ਗਿਆ।

# ਕਿਸੇ ਪਾਰਟੀ ਨਾਲ ਗੱਠਜੋੜ ਨਹੀਂ ਕਰੇਗਾ ਸ਼੍ਰੋਮਣੀ ਅਕਾਲੀ ਦਲ (ਸੰਯੁਕਤ): ਢੀਂਡਸਾ



ਸ਼੍ਰੋਮਣੀ ਅਕਾਲੀ ਦਲ (ਸੰਯੁਕਤ) ਦੇ ਪ੍ਰਧਾਨ ਤੇ ਰਾਜ ਸਭਾ ਮੈਂਬਰ ਸੁਖਦੇਵ ਸਿੰਘ ਢੀਂਡਸਾ ਨੇ ਸਪੱਸ਼ਟ ਕੀਤਾ ਕਿ ਪਾਰਟੀ 2022 ਦੀਆਂ ਵਿਧਾਨ ਸਭਾ ਚੋਣਾਂ ਆਪਣੇ ਬਲਬੂਤੇ ਇਕੱਲਿਆਂ ਲੜੇਗੀ। ਉਨ੍ਹਾਂਕਿਹਾ ਕਿ ਪਾਰਟੀ ਸਾਰੇ 117 ਵਿਧਾਨ ਸਭਾ ਹਲਕਿਆਂ ਵਿੱਚ ਆਪਣੇ ਉਮੀਦਵਾਰ ਉਤਾਰੇਗੀ। ਉਨ੍ਹਾਂ ਚੋਣਾਂ ਵਿੱਚ ਇੱਕ ਵਿਸ਼ੇਸ਼ ਪਾਰਟੀ ਨਾਲ ਗੱਠਜੋੜ ਦੀ ਖਬਰ ਨੂੰ ਅਫਵਾਹ ਕਰਾਰ ਦਿੰਦਿਆਂ ਕਿਹਾ ਉਨ੍ਹਾਂ ਦੀ ਕਿਸੇ ਪਾਰਟੀ ਨਾਲ ਗੱਠਜੋੜ ਕਰਨ ਦੀ ਗੱਲ ਨਹੀਂ ਹੋਈ ਹੈ। ਸ਼੍ਰੋਮਣੀ ਅਕਾਲੀ ਦਲ (ਸ) ਦੇ ਸੀਨੀਅਰ ਆਗੂ ਪਰਮਿੰਦਰ ਸਿੰਘ ਢੀਂਡਸਾ ਨੇ ਦੋਸ਼ ਲਾਇਆ ਹੈ ਕਿ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਸ਼ਤਰੰਜੀ ਚਾਲ ਨਾਲ ਦਲਿਤਾਂ ਦੇ ਬਸਪਾ ਨੂੰ ਧੋਖਾ ਦੇ ਰਹੇ ਹਨ। ਉਨ੍ਹਾਂ ਕਿਹਾ ਕਿ ਸੁਖਬੀਰ ਬਸਪਾ ਦੀਆਂ ਸੀਟਾਂ 'ਤੇ ਆਪਣੀ ਹੀ ਪਾਰਟੀ ਦੇ ਉਮੀਦਵਾਰਾਂ ਨੂੰ ਲੁਕਵੇਂ ਢੰਗ ਨਾਲ ਖੜ੍ਹੇ ਕਰਨ ਦੀ ਯੋਜਨਾ ਬਣਾ ਰਿਹਾ ਹੈ।

# (ਬੇਈ)ਮਾਨ ਸਾਹਿਬ

(ਪਾਤਰ ਪ੍ਰਧਾਨ ਕਹਾਣੀ)

ਭਾਰਤ ਵਿੱਚ ਚਲ ਰਹੇ ਕਿਸਾਨ ਅੰਦੋਲਨ ਨੂੰ ਅਸਫਲ ਕਰਨ ਲਈ ਕਈ ਪ੍ਰਕਾਰ ਦੇ ਸਰਕਾਰੀ ਵਿਅਕਤੀਆਂ ਨੇ ਵਿਚੋਲਗਿਰੀ ਕਰਨ ਦੀ ਕੋਸ਼ਿਸ਼ ਕੀਤੀ। ਸਿਆਸੀ ਪਾਰਟੀਆਂ ਨੇ ਵੀ ਆਪਣੇ ਨੰਬਰ ਬਣਾਉਣ ਲਈਸਾਰਾ ਜ਼ੋਰ ਲਗਾਇਆ। ਕੁਝ ਹੋਰ ਸਰਕਾਰੀ ਵਿਅਕਤੀ ਵੀ ਸਨ ਜਿਨ੍ਹਾਂ ਨੇ ਕਿਸਾਨਾ ਨੂੰ ਮੂਰਖ ਬਣਾਉਣ ਦੀ ਪੂਰੀ ਕੋਸ਼ਿਸ਼ ਕੀਤੀ। ਕਿਸਾਨ ਇੰਨੇ ਜ਼ਿਆਦਾ ਨਿਰਪੱਖ ਰਹੇ ਕਿ ਉਨ੍ਹਾਂ ਨੇ ਇਨ੍ਹਾਂ ਸਿਆਸੀ ਬੰਦਿਆਂ ਨੂੰ ਘਾਹ ਨਹੀਂ ਪਾਇਆ ਤੇ ਇਨ੍ਹਾਂ ਨੂੰ ਸਰਕਾਰ ਦੇ ਕੌਲੀ ਚੱਟ ਕਹਿ ਕੇ ਦਿਰਕਾਰ ਦਿੱਤਾ। ਇਨ੍ਹਾਂ ਕੌਲੀ ਚੱਟਾਂ ਤੋਂ ਮੈਨੂੰ ਪੰਜਾਬ ਵਿੱਚ ਆਪਣੇ ਇਲਾਕੇ ਦੇ ਇੱਕ ਕਾਲਜ ਦਾ ਕੌਲੀ ਚੱਟ ਯਾਦ ਆ ਗਿਆ।

ਨਾਮ ਸੀ ਉਸਦਾ ਕਸ਼ਮੀਰਾ ਸਿੰਘ ਮਾਨ (ਜਾਅਲੀ ਨਾਮ) ਪਰ ਬਹੁਤੇ ਬੰਦੇ ਉਸਨੂੰ ਉਸਦੀ ਪਿੱਠ ਪਿੱਛੇ ਬੇਈਮਾਨ ਸਾਹਿਬ ਹੀ ਕਹਿ ਕੇ ਬੁਲਾਇਆ ਕਰਦੇ ਸਨ। ਜੇ ਉਸਨੂੰ '(ਬੇਈ)ਮਾਨ ਸਾਹਿਬ' ਲਿਖ ਲਿਆ ਜਾਵੇ ਤਾਂ ਵੱਧ ਢੁੱਕਵਾਂ ਹੋਵੇਗਾ। ਇੰਜ ਲਿਖਣ ਨਾਲ਼ ਉਸਦੇ ਉਸਨੂੰ ਚਾਹੁਣ ਵਾਲ਼ਿਆਂ ਅਤੇ ਨਾ ਚਾਹੁਣ ਵਾਲ਼ਿਆਂ ਦੋਹਾਂ ਦੀ ਤਸੱਲੀ ਹੋ ਜਾਵੇਗੀ। ਚਾਹੁਣ ਵਾਲ਼ੇ ਮਾਨ ਸਾਹਿਬ ਕਹੀ ਜਾਣ ਤੇ ਨਾ ਚਾਹੁਣ ਵਾਲ਼ੇ ਬੇਈਮਾਨ ਸਾਹਿਬ। ਮਾਨ ਸਾਹਿਬ ਸਰਦਾਰ ਸਨ ਪਰ ਉਹ ਸਿੱਖੀ ਵਿੱਚ ਵੀ ਓਨੇ ਪੱਕੇ ਨਹੀਂ ਸਨ। ਉਹ ਘੁੰਮਚੱਕਰ ਸਨ। ਜਿੱਥੋਂ ਕੋਈ ਕੰਮ ਹੋ ਜਾਵੇ ਉੱਥੇ ਦੇ ਹੀ ਬਣ ਜਾਂਦੇ ਸਨ। ਇੱਕ ਵਾਰ ਉਹਨਾਂ ਨੇ ਇੱਕ ਡੇਰੇ ਦੇ ਸਾਧ ਨੂੰ ਕਾਲਜ ਵਿੱਚ ਲਿਆਉਣ ਦੀ ਸਿਫਾਰਿਸ਼ ਕਰ ਦਿੱਤੀ। ਕਹਿਣ ਲੱਗੇ "ਬੱਚਿਆਂ ਨੂੰ ਇਨਾਮ ਸਾਧ ਤੋਂ ਦੁਆ ਲਓ। ਕਾਲਜ ਨੂੰ ਚੰਗੇ ਪੈਸੇ ਦੇ ਜਾਊ। ਗੱਲ ਮੈਂ ਕਰ ਲੈਂਦਾ ਹਾਂ। ਮੇਰੀ ਉਹਦੇ ਤੱਕ ਚੰਗੀ ਪਹੁੰਚ ਏ।" ਪ੍ਰਿੰਸੀਪਲ ਨਾ ਮੰਨਿਆ। ਉਹ ਨਹੀਂ ਸੀ ਚਾਹੁੰਦਾ ਕਿ ਖਾਲਸਾ ਕਾਲਜ ਵਿੱਚ ਇੱਕ ਡੇਰੇ ਦਾ ਸਾਧ ਸੱਦਿਆ ਜਾਵੇ।

ਪੇਸ਼ੇ ਵਜੋਂ ਮਾਨ ਸਾਹਿਬ ਕਾਲਜ ਵਿੱਚ ਅਕਾਉਂਟਸ ਕਲਰਕ ਸਨ। ਉਹਨਾਂ ਨੇ ਦੋ ਪ੍ਰਿੰਸੀਪਲਾਂ ਨਾਲ਼ ਕੰਮ ਕੀਤਾ। ਪਹਿਲੇ ਪ੍ਰਿਸੀਪਲ ਨਾਲ਼ ਉਹਨਾਂ ਦੀ ਬਹੁਤੀ ਬਣਦੀ ਹੁੰਦੀ ਸੀ। ਜਦ ਦੂਜਾ ਪ੍ਰਿੰਸੀਪਲ ਆਇਆ ਤਾਂ ਉਹ ਛੇ ਕੁ ਮਹੀਨਿਆਂ ਬਾਅਦ ਕਹਿਣ ਲੱਗਾ, "ਮਾਨ ਚੋਰ ਪ੍ਰਿੰਸੀਪਲ ਨਾਲ਼ ਚੋਰ ਏ ਤੇ ਸਾਧ ਪ੍ਰਿੰਸੀਪਲ ਨਾਲ਼ ਸਾਧ!" ਦੂਜਾ ਪ੍ਰਿੰਸੀਪਲ ਚਿੱਟੀ ਚਾਦਰ ਲੈ ਕੇ ਆਇਆ ਸੀ ਤੇ ਤੇ ਉਹ ਚਿੱਟੀ ਲੈ ਕੇ ਹੀ ਜਾਣਾ ਚਾਹੁੰਦਾ ਸੀ। ਪਹਿਲੇ ਪ੍ਰਿੰਸੀਪਲ ਵੇਲੇ ਕਾਲਜ ਦੀਆਂ ਕਈ ਚੀਜਾਂ ਪ੍ਰਿੰਸੀਪਲ ਦੇ ਘਰੋਂ ਮਿਲਦੀਆਂ ਸਨ। ਕਾਲਜ ਲਈ ਖਰੀਦਿਆ ਗਿਆ ਟੀ.ਵੀ ਸੈੱਟ ਪ੍ਰਿੰਸੀਪਲ ਦੇ ਘਰੋਂ ਮਿਲਿਆ। ਕਾਲਜ ਲਈ ਖਰੀਦੇ ਗਏ ਦਸ ਕੰਪਿਊਟਰ ਸੈੱਟਾਂ ਵਿੱਚੋਂ ਇੱਕ ਪ੍ਰਿੰਸੀਪਲ ਦੇ ਘਰੋਂ ਮਿਲਿਆ ਤੇ ਦੂਜਾ ਮਾਨ ਸਾਹਿਬ ਦੇ ਘਰੋਂ ਮਿਲਿਆ ਸੀ। ਮਾਨ ਸਾਹਿਬ ਅਕਾਊਂਟੈਂਟ ਪਤਾ ਨਹੀਂ ਕਿਵੇਂ ਅਖਵਾਉਂਦੇ ਸਨ। ਵੈਸੇ ਉਹ ਅਕਾਊਂਟਸ ਕਲਰਕ ਸਨ। ਕੋਈ ਪਤਾ ਨਹੀਂ ਉਹਨਾਂ ਦੀ ਯੋਗਤਾ ਕੀ ਸੀ। ਪਿਛਲੇ ਕਾਫੀ ਸਮੇਂ ਤੋਂ ਉਹ ਚੱਲਦੇ ਆ ਰਹੇ ਸਨ। ਪੱਕੇ ਉਹ ਹੋ ਹੀ ਚੁੱਕੇ ਸਨ। ਓਹਨਾਂ ਦੀ ਇੱਕ ਖਾਸੀਅਤ ਇਹ ਸੀ ਕਿ ਸਟਾਫ ਨੂੰ ਤਨਖਾਹ ਦੇਣ ਵੇਲੇ ਉਹ ਬੜਾ ਤੰਗ ਕਰਦੇ ਹੁੰਦੇ ਸਨ। ਜਾਣ ਬੁੱਝ ਕੇ ਚੈੱਕ ਤਿਆਰ ਕਰਨ ਵਿੱਚ ਦੇਰੀ ਕਰੀ ਜਾਣਗੇ। ਜਾਣ ਬੁੱਝ ਕੇ ਯੂਟੀਲਾਈਜੇਸ਼ਨ ਸਰਟੀਫਿਕੇਟ (Utilization Certificate) ਬਣਾਉਣ ਵਿੱਚ ਦੇਰੀ ਕਰੀ ਜਾਣਗੇ।ਇਸਦੇ ਅਧਾਰ ਤੇ ਯੂ.ਜੀ.ਸੀ. ਤੋਂ ਗ੍ਰਾਂਟ ਮਿਲਣੀ ਹੁੰਦੀ ਸੀ। ਜਦ ਚੈੱਕ ਬਣ ਗਏ ਫਿਰ ਪ੍ਰਧਾਨ ਦੇ ਦਸਤਖਤ ਕਰਵਾਉਣ ਵਿੱਚ ਦੇਰੀ ਕਰੀ ਜਾਣਗੇ। ਕਹਿਣਗੇ, "ਅੱਜ ਪ੍ਰਧਾਨ ਸਾਹਿਬ ਚੰਡੀਗੜ੍ਹ ਗਏ ਹਨ, ਅੱਜ ਉਹ ਐਮ.ਐਲ.ਏ. ਸਾਹਿਬ ਦੇ ਚੋਣ ਪ੍ਰਚਾਰ ਵਿੱਚ ਮਸ਼ਰੂਫ ਹਨ, ਅੱਜ ਉਹ ਬਿਮਾਰ ਹਨ ਵਗੈਰਾ ਵਗੈਰਾ।" ਜਦ ਚੈੱਕ ਤਿਆਰ ਹੋ ਵੀ ਜਾਣ ਤਾਂ ਉਹ ਆਪ ਇੱਕ ਦੋ ਦਿਨ ਲਈ ਕਾਲਜ ਤੋਂ ਛੁੱਟੀ ਕਰ ਲੈਣਗੇ ਜਾਂ ਡਿਊਟੀ ਪਾ ਕੇ ਕਾਲਜ ਦੇ ਕਿਸੇ ਕੰਮ ਚਲੇ ਜਾਣਗੇ। ਮਕਸਦ ਹੁੰਦਾ ਸੀ ਸਟਾਫ ਨੂੰ ਤੰਗ ਕੀਤਾ ਜਾਵੇ। ਜੇ ਕੋਈ ਜਾ ਕੇ ਪੁੱਛ ਲਵੇ ਕਿ ਤਨਖਾਹ ਕਦੋਂ ਮਿਲ ਰਹੀ ਏ ਤਾਂ ਕਹਿਣਗੇ---- 'ਅਜੇ ਕਿੱਥੇ ਜੀ? ਅਜੇ ਤਾਂ ਕਾਗਜ ਪੱਤਰ ਤਿਆਰ ਹੋ ਰਹੇ ਨੇ। ਅਜੇ ਇੰਤਜਾਰ ਕਰੋ।' ਬਸ ਉਹਨਾਂ ਦੀ ਆਦਤ ਸੀ ਦੂਜੇ ਨੂੰ ਤੰਗ ਕਰਕੇ ਵਿੱਚੋਂ ਮਜਾ (malicious pleasure) ਲੈਣਾ। ਬੱਕਰੀ ਨੇ ਦੁੱਧ ਦੇਣਾ ਪਰ ਦੇਣਾ ਮੀਂਗਣਾਂ ਪਾ ਕੇ।

ਜੇ ਲੜਕਾ ਬਾਹਰ ਨਾ ਜਾਂਦਾ ਤਾਂ ਮੁੰਡਾ ਮਾਨ ਸਾਹਿਬ ਲਈ ਸਿਰਦਰਦੀ ਬਣ ਜਾਣਾ ਸੀ। ਲੋਕਾਂ ਨੇ ਕਹਿਣਾ ਸੀ ਕਿ ਮਾਨ ਆਪ ਕਾਲਜ ਵਿੱਚ ਕਰਮਚਾਰੀ ਹੁੰਦਾ ਹੋਇਆ ਵੀ ਮੁੰਡੇ ਨੂੰ ਪਾਸ ਨਹੀਂ ਕਰਵਾ ਸਕਿਆ। ਫੇਲ੍ਹ ਹੋਣ ਬਾਰੇ ਚਰਚੇ ਹੋਣੋ ਬਚ ਗਏ। ਬਹੁਤਿਆਂ ਨੂੰ ਪਤਾ ਹੀ ਨਹੀਂ ਲੱਗਾ। ਬਸ ਇਹੀ ਚਰਚਾ ਸੀ ਕਿ ਲੜਕਾ ਕੈਨੇਡਾ ਚਲਾ ਗਿਐ। ਕੈਨੇਡਾ ਮੂਹਰੇ ਵੈਸੇ ਵੀ ਪਾਸ ਫੇਲ੍ਹ ਦਾ ਕੋਈ ਮਾਇਨਾ ਹੀ ਨਹੀਂ ਏ। ਪੰਜਾਬ ਵਿੱਚੋਂ ਕੈਨੇਡਾ ਚਲੇ ਜਾਣਾ ਤਾਂ ਪੀ. ਐੱਚ. ਡੀ. ਕਰ ਲੈਣ ਨਾਲ਼ੋਂ ਵੀ ਉਪਰ ਸਮਝਿਆ ਜਾਂਦਾ ਏ।

ਮਾਨ ਸਾਹਿਬ ਦਾ ਲੜਕਾ ਵੀ ਕਾਲਜ ਵਿੱਚ ਹੀ ਪੜ੍ਹਦਾ ਸੀ। ਬੀ.ਏ. ਭਾਗ ਪਹਿਲਾ ਉਹ ਬੜੀ ਜਲਦੀ ਪਾਸ ਕਰ ਗਿਆ। ਉਸ ਸਮੇਂ ਪਹਿਲਾ ਪ੍ਰਿੰਸੀਪਲ ਸੀ। ਲੜਕੇ ਨੂੰ ਪਰਚੇ ਦਿੰਦੇ ਨੂੰ ਮੌਜਾਂ ਲੱਗੀਆਂ ਰਹੀਆਂ। ਕਈ ਸਵਾਲ ਬਾਹਰੋਂ ਹੀ ਨਹੀਂ, ਬਲਕਿ ਪ੍ਰਿੰਸੀਪਲ ਦੇ ਦਫਤਰ ਵਿੱਚੋਂ ਹੀ ਹੱਲ ਹੋ ਕੇ ਅੰਦਰ ਚਲੇ ਗਏ। ਜਦ ਲੜਕਾ ਬੀ.ਏ. ਭਾਗ ਦੂਜਾ ਵਿੱਚ ਹੋਇਆ ਤਾਂ ਪਹਿਲਾ ਪ੍ਰਿੰਸੀਪਲ ਸੇਵਾਮੁਕਤ ਹੋ ਚੁੱਕਾ ਸੀ ਤੇ ਦੂਜਾ ਆ ਚੁੱਕਾ ਸੀ। ਦੂਜੇ ਨੇ ਆ ਕੇ ਪੂਰੀ ਸਖਤੀ ਕਰ ਦਿੱਤੀ ਸੀ। ਮਾਨ ਸਾਹਿਬ ਨੇ ਬਥੇਰੀਆਂ ਕੋਸ਼ਿਸ਼ਾਂ ਕੀਤੀਆਂ ਕਿ ਲੜਕੇ ਦੀ ਇਮਤਿਹਾਨ ਵਿੱਚ ਮਦਦ ਕਰਵਾ ਲਈ ਜਾਵੇ ਪਰ ਗੱਲ ਬਣਦੀ ਨਾ ਦਿਖਾਈ ਦਿੱਤੀ। ਪਰਚੇ ਲੈਣ ਲਈ ਸੁਪਡੈਂਟ ਵੀ ਸਖਤ ਆ ਗਿਆ। ਪ੍ਰੀਖਿਆ ਕੇਂਦਰ ਤੇ ਠੀਕਰੀ ਪਹਿਰਾ ਲਗ ਗਿਐ। ਮਾਨ ਸਾਹਿਬ ਦਾ ਲੜਕਾ ਫੇਲ੍ਹ ਹੋ ਗਿਐ। ਲੜਕੇ ਨੂੰ



ਕੈਨੇਡਾ ਭੇਜਣ ਲਈ ਕੋਈ ਲੜਕੀ ਲੱਭੀ ਜਾ ਰਹੀ ਸੀ। ਪ੍ਰੀਖਿਆ ਦਾ ਨਤੀਜਾ ਆਉਣ ਤੋਂ ਕੁਝ ਦਿਨ ਪਹਿਲਾਂ ਹੀ ਲੜਕੀ ਲੱਭ ਆਈ। ਝੱਟ ਮੰਗਣੀ ਕਰਕੇ ਮੁੰਡੇ ਨੂੰ ਵਿਆਹ ਦੇ ਅਧਾਰ ਤੇ ਬਾਹਰ ਭੇਜ ਦਿੱਤਾ ਗਿਆ।

ਜੇ ਲੜਕਾ ਬਾਹਰ ਨਾ ਜਾਂਦਾ ਤਾਂ ਮੁੰਡਾ ਮਾਨ ਸਾਹਿਬ ਲਈ ਸਿਰਦਰਦੀ ਬਣ ਜਾਣਾ ਸੀ। ਲੋਕਾਂ ਨੇ ਕਹਿਣਾ ਸੀ ਕਿ ਮਾਨ ਆਪ ਕਾਲਜ ਵਿੱਚ ਕਰਮਚਾਰੀ ਹੁੰਦਾ ਹੋਇਆ ਵੀ ਮੁੰਡੇ ਨੂੰ ਪਾਸ ਨਹੀਂ ਕਰਵਾ ਸਕਿਆ। ਫੇਲ੍ਹ ਹੋਣ ਬਾਰੇ ਚਰਚੇ ਹੋਣੋ ਬਚ ਗਏ। ਬਹੁਤਿਆਂ ਨੂੰ ਪਤਾ ਹੀ ਨਹੀਂ ਲੱਗਾ। ਬਸ ਇਹੀ ਚਰਚਾ ਸੀ ਕਿ ਲੜਕਾ ਕੈਨੇਡਾ ਚਲਾ ਗਿਐ। ਕੈਨੇਡਾ ਮੂਹਰੇ ਵੈਸੇ ਵੀ ਪਾਸ ਫੇਲ੍ਹ ਦਾ ਕੋਈ ਮਾਇਨਾ ਹੀ ਨਹੀਂ ਏ। ਪੰਜਾਬ ਵਿੱਚੋਂ ਕੈਨੇਡਾ ਚਲੇ ਜਾਣਾ ਤਾਂ ਪੀ. ਐੱਚ. ਡੀ. ਕਰ ਲੈਣ ਨਾਲ਼ੋਂ ਵੀ ਉਪਰ ਸਮਝਿਆ ਜਾਂਦਾ ਏ।

ਕਾਲਜ ਦੇ ਮੁੰਡਿਆਂ ਵਿਚਕਾਰ ਇੱਕ ਲੜਾਈ ਵੀ ਹੋਈ ਸੀ। ਮਾਨ ਸਾਹਿਬ ਨੇ ਵਿੱਚ ਪੈ ਕੇ ਇਸ ਲੜਾਈ ਦਾ ਫੈਸਲਾ ਕਰਵਾ ਦਿੱਤਾ ਸੀ। ਉਸ ਸਮੇਂ ਤੋਂ ਐੱਸ. ਐੱਚ. ਓ. ਸਾਹਿਬ ਮਾਨ ਦੇ ਕੁਝ ਵਾਕਿਫ ਹੋ ਗਏ ਸਨ। ਇਮਤਿਹਾਨਾਂ ਵਿੱਚ ਥੋੜ੍ਹੀ ਬਹੁਤੀ ਪੁਲਿਸ ਵੀ ਡਿਊਟੀ ਦੇਣ ਆਉਂਦੀ ਹੀ ਹੁੰਦੀ ਸੀ। ਇਸ ਪ੍ਰਕਾਰ ਮਾਨ ਸਾਹਿਬ ਦਾ ਥਾਣੇ ਨਾਲ਼ ਮਾੜਾ ਮੋਟਾ ਤਾਲਮੇਲ ਵੀ ਬਣਿਆ ਹੀ ਰਹਿੰਦਾ ਸੀ। ਦਫਤਰ ਸੁਪਰਡੰਟ ਇਸ ਪ੍ਰਕਾਰ ਦੇ ਕੰਮਾ ਵਿੱਚ ਘੱਟ ਹੀ ਦਿਲਚਸਪੀ ਲੈਂਦਾ ਸੀ। ਮਾਨ ਪਹਿਲੇ ਪ੍ਰਿੰਸੀਪਲ ਨਾਲ ਮਿਲ ਕੇ ਇਸ ਪ੍ਰਕਾਰ ਦੇ ਕੰਮਾ ਵਿੱਚ ਦਿਲਚਸਪੀ ਲੈਂਦਾ ਹੀ ਰਹਿੰਦਾ ਸੀ। ਪਰਚਿਆਂ ਦੌਰਾਨ ਇੱਕ ਵਾਰ ਮਾਨ ਨੇ ਇੱਕ ਪ੍ਰੋਫੈਸਰ ਲਈ ਵੀ ਪਰੇਸ਼ਾਨੀ ਖੜ੍ਹੀ ਕਰ ਦਿੱਤੀ ਸੀ। ਉਹ ਕਾਲਜ ਵਿੱਚ ਅੰਗਰੇਜ਼ੀ ਪੜ੍ਹਾਉਂਦਾ ਸੀ। ਉਸਦੀ ਘਰਵਾਲ਼ੀ ਦਾ ਸ਼ਹਿਰ ਵਿੱਚ ਨਿੱਜੀ ਸਕੂਲ ਸੀ। ਉਸਦਾ ਘਰ ਵੀ ਸਕੂਲ ਦੇ ਵਿੱਚ ਹੀ ਸੀ। ਉਸ ਦਿਨ ਪਹਿਲੀ ਅਪ੍ਰੈਲ ਸੀ। ਉਹ ਕਾਲਜ ਤੋਂ ਛੁੱਟੀ ਤੇ ਸੀ। ਜਦ ਸਵੇਰ ਦੇ ਸਾਢੇ ਕੁ ਨੌਂ ਵੱਜੇ ਤਾਂ ਉਨ੍ਹਾਂ ਦੇ ਸਕੂਲ ਮੂਹਰੇ ਪੁਲਿਸ ਦੀ ਇੱਕ ਜੀਪ ਆ ਖੜ੍ਹੀ ਹੋਈ। ਪ੍ਰੋਫੈਸਰ ਆਪ ਘਰ ਸੀ ਤੇ ਉਸਦੀ ਘਰਵਾਲੀ ਸਕੂਲ ਦੇ ਦਫਤਰ ਵਿੱਚ ਬੈਠੀ ਸੀ। ਐੱਸ. ਐੱਚ. ਓ. ਸਾਹਿਬ ਗੇਟ ਤੇ ਆ ਕੇ ਚਾਰ ਕੁ ਸਿਪਾਹੀਆਂ ਨਾਲ਼ ਅੰਦਰ ਦਾਖਲ ਹੋਏ। ਕਲਾਸ ਰੂਮਾਂ ਮੂਹਰੇ ਖੜ੍ਹੀਆਂ ਅਧਿਆਪਕਾਵਾਂ ਹੈਰਾਨ ਸਨ ਕਿ ਪੁਲਿਸ ਸਕੂਲ ਕਿਓਂ ਆਈ ਸੀ। ਉਹ ਸੋਚ ਰਹੀਆਂ ਸਨ ਕਿ ਸ਼ਾਇਦ ਮੈਡਮ ਪ੍ਰਿੰਸੀਪਲ ਦੇ ਘਰਵਾਲੇ ਨੇ ਕੋਈ ਕੁਤਾਹੀ ਕਰ ਦਿੱਤੀ ਸੀ। ਬੁਲਾਉਣ ਤੇ ਘਰਵਾਲ਼ਾ ਦਫਤਰ 'ਚ ਆ ਗਿਆ। ਜਦ ਉਸਨੇ ਦੇਖਿਆ ਤਾਂ ਮਾਨ ਸਾਹਿਬ ਪੁਲਿਸ ਨਾਲ਼ ਆਏ ਸਨ। ਉਸਨੇ ਐੱਸ. ਐੱਚ. ਓ. ਸਾਹਿਬ ਨੂੰ ਫਤਿਹ ਬੁਲਾਈ ਤੇ ਮਾਨ ਸਾਹਿਬ ਨੂੰ ਕਿਹਾ, "ਕਿਵੇਂ ਆਉਣਾ ਹੋਇਆ, ਮਾਨ ਸਾਹਿਬ?"

"ਮੈਂ ਸੋਚਿਆ, ਸਾਹਿਬ ਨੂੰ ਮਿਲ਼ ਆਈਏ।" ਮਾਨ ਸਾਹਿਬ ਕਹਿਣ ਲੱਗੇ।

"ਪਹਿਲੀ ਅਪ੍ਰੈਲ ਏ। ਮੈਨੂੰ ਲਗਦਾ ਅਪ੍ਰੈਲ ਫੂਲ ਬਣਾਉਣ ਆਏ ਹੋ। ਫਿਰ ਵੀ ਆਦਰ ਨਾਲ਼ ਪੁੱਛਦਾ ਹਾਂ ਕਿ ਕੀ ਸੇਵਾ ਕਰ ਸਕਦਾ ਹਾਂ?"

"ਸਾਹਿਬ ਜੀ, ਪਹਿਲੀ ਅਪ੍ਰੈਲ ਵਾਲੀ ਕੋਈ ਗੱਲ ਨਹੀਂ। ਯੂਨੀਵਰਸਿਟੀ ਨੇ ਤਾਂ ਪਹਿਲੀ ਅਪ੍ਰੈਲ ਨੂੰ ਪਰਚੇ ਸ਼ੁਰੂ ਕਰ ਦਿੱਤੇ। ਤੁਸੀਂ ਇਸਨੂੰ ਬਦਸ਼ਗਨਾ ਸਮਝਦੇ ਹੋ।"



ਅਵਤਾਰ ਐਸ.ਸੰਘਾ
Avtar S. Sangha
Sydney
ਮੋਬਾ:0437641033

ਸੇਵਾਦਾਰਨੀ ਚਾਹ ਲੈਣ ਚਲੀ ਗਈ।

"ਫਿਰ ਵੀ ਦੱਸੋ ਤਾਂ ਸਹੀ, ਕੀ ਖਿਦਮਤ ਕਰ ਸਕਦਾ ਹਾਂ?"

"ਸੇਵਾ ਵੀ ਦੱਸ ਦਿਆਂਗੇ। ਬਹੁਤਾ ਸੋਚਾਂ 'ਚ ਨਾ ਪਓ।"

"ਅੱਜ ਤਾਂ ਐੱਸ. ਐੱਚ. ਓ. ਸਾਹਿਬ ਦੇ ਦਰਸ਼ਨ ਕਰਾ ਤੇ। ਸੁੱਖ ਤਾਂ ਹੈ?"

"ਸਭ ਸੁੱਖ ਏ। ਬਸ ਤੁਸੀਂ ਸਾਡਾ ਇੱਕ ਛੋਟਾ ਜਿਹਾ ਕੰਮ ਕਰਨਾ ਏ।"

"ਫਰਮਾਓ।"

"ਸਾਹਿਬ ਦੀ ਲੜਕੀ ਡੀ.ਏ.ਵੀ. ਕਾਲਜ ਵਿੱਚ ਬੀ. ਏ. ਆਖਰੀ ਸਾਲ ਵਿੱਚ ਅੰਗਰੇਜ਼ੀ ਦੀ ਕੰਪਾਰਟਮੈਂਟ ਦਾ ਪਰਚਾ ਦੇ ਰਹੀ ਏ। ਅਸੀਂ ਪ੍ਰਸ਼ਨ ਪੱਤਰ ਆਊਟ ਕਰਵਾ ਕੇ ਲੈ ਕੇ ਆਏ ਹਾਂ। ਤੁਸੀਂ ਸਾਨੂੰ ਤਿੰਨ ਪ੍ਰਸ਼ਨਾ ਦੇ ਉੱਤਰ ਅੱਧੇ ਕੁ ਘੰਟੇ ਵਿੱਚ ਤਿਆਰ ਕਰ ਦਿਓ। ਬਸ ਤੁਸੀਂ ਡਟ ਜਾਓ। ਅਸੀਂ ਜਦ ਤੱਕ ਬੈਠੇ ਹਾਂ ਨਾਲੇ ਚਾਹ ਪੀ ਲੈਂਦੇ ਹਾਂ।"

ਪ੍ਰੋਫੈਸਰ ਐਸੇ ਹਾਲਤ ਵਿੱਚ ਫਸਿਆ ਕਿ ਉਹ ਜਵਾਬ ਨਹੀਂ ਦੇ ਸਕਦਾ ਸੀ। ਭਾਵੇਂ ਇਹ ਗੈਰ ਕਾਨੂੰਨੀ ਕੰਮ ਸੀ ਪਰ ਮਾਨ ਨੇ ਹਾਲਾਤ ਐਸੇ ਬਣਾ ਦਿੱਤੇ ਕਿ ਇਹ ਕੰਮ ਉਹਨੂੰ ਕਰਨਾ ਹੀ ਪਿਆ। ਪ੍ਰੋਫੈਸਰ ਨੇ ਅੱਧੇ ਘੰਟੇ ਵਿੱਚ ਅੰਗਰੇਜੀ ਵਿਆਕਰਣ ਦੇ ਇਹ ਸਵਾਲ ਹੱਲ ਕਰ ਦਿੱਤੇ। ਇੰਨੇ ਚਿਰ ਵਿੱਚ ਮਾਨ ਸਾਹਿਬ ਨਹੀਂ, ਬੇਈਮਾਨ ਸਾਹਿਬ, ਤੇ ਪੁਲਿਸ ਚਾਹ ਪੀ ਚੁੱਕੇ ਸਨ। ਉਹ ਪੁਲਿਸ ਪਾਰਟੀ ਨੂੰ ਲੈ ਕੇ ਸ਼ਹਿਰ ਦੇ ਡੀ. ਏ. ਵੀ. ਕਾਲਜ ਵਲ ਚਲੇ ਗਏ।

ਕਾਲਜ ਤੋਂ ਸੇਵਾ ਮੁਕਤ ਹੋ ਕੇ ਮਾਨ ਕੈਨੇਡਾ ਆਪਣੇ ਲੜਕੇ ਪਾਸ ਚਲਾ ਗਿਆ ਸੀ। ਕੈਨੇਡਾ ਵਿੱਚ ਉਦੋਂ ਕੁ ਗੁਰਦਾਸ ਮਾਨ ਦਾ ਸ਼ੋਅ ਸੀ। ਸ਼ੋਅ ਵਾਲਾ ਦਿਨ ਮਾਨ ਲਈ ਉਸਦੇ ਜੀਵਨ ਦਾ ਸਭ ਤੋਂ ਖੁਸ਼ੀ ਵਾਲ਼ਾ ਤੇ ਨਾਲ ਦੀ ਨਾਲ ਸਭ ਤੋਂ ਵੱਧ ਉਦਾਸੀ ਵਾਲਾ ਦਿਨ ਹੋ ਨਿੱਬੜਿਆ। ਖੁਸ਼ੀ ਇਸ ਗੱਲ ਦੀ ਸੀ ਕਿ ਉਸਦਾ ਗੋਤੀ ਇੱਕ ਬਹੁਤ ਵੱਡਾ ਕਲਾਕਾਰ ਸੀ। ਲੋਕ ਵਹੀਰਾਂ ਘੱਤ ਕੇ ਗੁਰਦਾਸ ਮਾਨ ਦੇ ਸ਼ੋਅ ਨੂੰ ਦੇਖਣ ਲਈ ਜਾ ਰਹੇ ਸਨ। ਉਦਾਸੀ ਇਸ ਗੱਲ ਦੀ ਹੋ ਗਈ ਕਿ ਗੁਰਦਾਸ ਮਾਨ ਦੇ ਸ਼ੋਅ ਦੌਰਾਨ ਉਦੋਂ ਸ਼ੋਰ ਮਚ ਗਿਆ ਜਦ ਉਹਨੇ ਭਾਰਤ ਵਾਸਤੇ 'ਇੱਕ ਦੇਸ਼ ਇੱਕ ਭਾਸ਼ਾ' ਦਾ ਮੁੱਦਾ ਉਲਾਰ ਦਿੱਤਾ। ਦਰਸ਼ਕਾਂ ਨੇ ਉਹਨੂੰ ਪੰਜਾਬੀ ਦਾ ਗਦਾਰ ਕਹਿ ਕੇ ਭੰਡ ਦਿੱਤਾ। ਗੁਰਦਾਸ ਮਾਨ ਨੇ ਗੁੱਸੇ ਵਿੱਚ ਆ ਕੇ ਕਿਸੇ ਵਾਸਤੇ ਚੰਦ ਐਸੇ ਸ਼ਬਦ ਵਰਤ ਦਿੱਤੇ ਜਿਹੜੇ ਇੱਕ ਗੰਦਾ ਪ੍ਰਗਟਾਵਾ (expletive) ਸਨ ।ਸ਼ਾਇਦ ਉਸ ਦਿਨ ਤੋਂ ਲੈ ਕੇ ਅੱਜ ਤੱਕ ਗੁਰਦਾਸ ਮਾਨ ਪੰਜਾਬੀਆਂ ਵਿੱਚ ਮੁੜ ਉਹ ਸ਼ਾਖ ਕਾਇਮ ਨਹੀਂ ਕਰ ਸਕੇ ਜਿਹੜੀ ਉਸਦੀ ਪਿਛਲੇ ਤਿੰਨ ਦਹਾਕਿਆਂ ਤੋਂ ਕਾਇਮ ਸੀ। ਸਾਡਾ ਮਾਨ ਵੀ ਸ਼ੋਅ ਵਿੱਚ ਮਚੇ ਹੱਲੇ ਤੋਂ ਬਹੁਤ ਉਦਾਸ ਹੋਇਆ ਸੀ।

ਕੈਨੇਡਾ ਵਿੱਚ ਰਹਿੰਦੇ ਹੋਏ ਮਾਨ ਦੇ ਤਿੰਨ ਕੁ ਸਾਲ ਠੀਕ ਬੀਤੇ ਕਿਉਂਕਿ ਉਸਦੀ ਘਰਵਾਲ਼ੀ ਉਸਦੇ ਨਾਲ ਸੀ। ਕੁਝ ਪੈਸੇ ਵੀ ਉਸ ਪਾਸ ਸਨ ਜਿਹੜੇ ਕਿ ਉਸਨੂੰ ਨੌਕਰੀ ਤੋਂ ਫੰਡ ਦੇ ਰੂਪ ਵਿੱਚ ਮਿਲੇ ਸਨ। ਪ੍ਰਾਈਵੇਟ ਕਾਲਜਾਂ ਵਿੱਚ ਪੈਨਸ਼ਨ ਦਾ ਪ੍ਰਾਵਧਾਨ ਨਹੀਂ ਸੀ। ਫੰਡ ਦੇ ਪੈਸੇ ਜਦ ਡਾਲਰਾਂ ਵਿੱਚ ਤਬਦੀਲ ਹੋਏ ਤਾਂ ਇਹ ਬਹੁਤ ਘਟ ਗਏ। ਲੜਕਾ ਉਸਨੂੰ ਖਰਚ ਨਹੀਂ ਦਿੰਦਾ ਸੀ ਕਿਉਂਕਿ ਉਹ ਸਹੁਰਿਆਂ ਦੇ ਪ੍ਰਭਾਵ ਥੱਲੇ ਜਿਆਦਾ ਸੀ ਤੇ ਆਪਣੀ ਘਰਵਾਲ਼ੀ ਦੀ ਵੱਧ ਸੁਣਦਾ ਸੀ। ਸਰਕਾਰ ਦੀਆਂ ਸਹੂਲਤਾਂ ਮਾਨ ਨੂੰ ਅਜੇ ਕਈ ਸਾਲਾਂ ਬਾਅਦ ਮਿਲਣੀਆਂ ਸ਼ੁਰੂ ਹੋਣੀਆਂ ਸਨ। ਲੜਕਾ ਮਾ ਪਿਓ ਨੂੰ ਆਪਣੇ ਨਾਲ਼ ਰੱਖਣ ਤੋਂ ਇਨਕਾਰੀ ਸੀ। ਇਸ ਲਈ ਮਾਨ ਤੇ ਉਸਦੀ ਘਰਵਾਲ਼ੀ ਇੱਕ ਬੇਸਮੈਂਟ ਵਿੱਚ ਅੱਡ ਰਹਿੰਦੇ ਸਨ। ਮਾਨ ਨੂੰ ਸਿਆਣੀ ਉਮਰ ਵਿੱਚ ਵੀ ਕੰਮ ਕਰਨਾ ਪੈਂਦਾ ਸੀ ਕਿਉਂਕਿ ਉਹ ਸਰਕਾਰੀ ਭੱਤੇ ਤੋਂ ਵਾਂਝਾ ਸੀ। ਥੋੜ੍ਹੀ ਦੇਰ ਬਾਅਦ ਉਸਦੀ ਘਰਵਾਲ਼ੀ ਪੂਰੀ ਹੋ ਗਈ। ਹੁਣ ਮਾਨ ਇਕੱਲਾ ਰਹਿ ਗਿਆ।

ਤੁਸੀਂ ਸੋਚੋ ਇੱਕ ਇਕੱਲਾ ਬੁੱਢਾ ਬੰਦਾ ਬੇਸਮੈਂਟ ਵਿੱਚ ਰਹੇ, ਉਹਨੂੰ ਸਰਕਾਰ ਤੋਂ ਕੋਈ ਪੈਸਾ ਮਿਲੇ ਨਾ ਤੇ ਉਸਦਾ ਆਪਣਾ ਮੁੰਡਾ ਉਸਦੀ ਬਾਤ ਨਾ ਪੁੱਛੇ ਤਾਂ ਉਸਦਾ ਕੀ ਹਾਲ਼ ਹੋਵੇਗਾ? ਆਪਣੀ ਮਾੜੀ ਸੋਚ ਦਾ ਖਾਮਿਆਜਾ ਮਾਨ ਨੇ ਇਸ ਮਨੁੱਖੀ ਜਨਮ ਵਿੱਚ ਹੀ ਭੁਗਤ ਲਿਆ!!



# ਬਿਨ ਧੀਆਂ ਕਾਹਦੀਆਂ ਤੀਆਂ



ਸਾਉਣ ਮਹੀਨੇ ਨੂੰ ਬਰਸਾਤ ਦੇ ਦਿਨਾਂ ਵਜੋਂ ਜਾਣਿਆ ਜਾਂਦਾ ਹੈ ਤੇ ਇਸ ਮਹੀਨੇ ਵਿਚ ਹੋਣ ਵਾਲੀਆਂ ਭਾਰੀ ਬਾਰਿਸ਼ਾਂ ਮੌਸਮ ਨੂੰ ਸੁਹਾਵਣਾ ਬਣਾ ਦਿੰਦੀਆਂ ਹਨ, ਜਿਸ ਕਾਰਨ ਇਸ ਮਹੀਨੇ ਦਾ ਹਰ ਇਕ ਨੂੰ ਇੰਤਜ਼ਾਰ ਰਹਿੰਦਾ ਹੈ ਤੇ ਪੰਜਾਬ ਅੰਦਰ ਇਸ ਮਹੀਨੇ ਨਾਲ ਕਈ ਤਰ੍ਹਾਂ ਦੇ ਤਿਉਹਾਰ ਤੇ ਮੇਲੇ ਸੰਬੰਧ ਰੱਖਦੇ ਹਨ। ਜਿਨ੍ਹਾਂ ਵਿਚੋਂ ਧੀਆਂ-ਧਿਆਣੀਆਂ ਵਲੋਂ ਮਨਾਇਆ ਜਾਣ ਵਾਲਾ ਤੀਆਂ ਦਾ ਤਿਉਹਾਰ ਕਾਫੀ ਮਸ਼ਹੂਰ ਹੈ ਪਰ ਸਮੇਂ ਦੀ ਤੇਜ਼ ਚਾਲ ਨੇ ਤੀਆਂ ਦੇ ਤਿਉਹਾਰ ਨੂੰ ਬਹੁਤ ਪਿੱਛੇ ਛੱਡ ਦਿੱਤਾ ਹੈ। ਅੱਜਕਲ ਤੀਆਂ ਮਨਾਉਣ ਦਾ ਸ਼ੌਕ ਵੀ ਘੱਟ ਹੁੰਦਾ ਜਾ ਰਿਹਾ ਹੈ। ਜਿਸ ਦੇ ਚੱਲਦਿਆਂ ਪਿੰਡਾਂ ਆਦਿ ਵਿਚ ਤੀਆਂ ਮੌਕੇ ਲੱਗਣ ਵਾਲੀਆਂ ਰੌਣਕਾਂ ਹੁਣ ਘੱਟ ਹੀ ਦਿਖਾਈ ਦਿੰਦੀਆਂ ਹਨ ਤੇ ਇਸ ਤਿਉਹਾਰ ਦਾ ਰੰਗ ਪਹਿਲਾਂ ਜਿੰਨਾ ਗੂੜਾ ਨਹੀਂ ਰਿਹਾ। ਅੱਜ ਕੱਲ੍ਹ ਲੋਕ ਸੋਸ਼ਲ ਮੀਡੀਆ ਰਾਹੀ ਹੀ ਇੱਕ ਦੂਜੇ ਨੂੰ ਸੁਨੇਹਾ ਭੇਜ ਕੇ ਆਪਣੇ ਫਰਜ਼ ਦੀ ਪੂਰਤੀ ਕਰ ਲੈਂਦੇ ਹਨ।

ਜ਼ਿਕਰਯੋਗ ਹੈ ਕਿ ਸਾਉਣ ਮਹੀਨੇ ਵਿਚ ਤੀਆਂ ਮਨਾਉਣ ਦਾ ਰਿਵਾਜ਼ ਪਿਛਲੇ ਜ਼ਮਾਨੇ ਤੋਂ ਚੱਲਦਾ ਆ ਰਿਹਾ ਹੈ ਤੇ ਤੀਆਂ ਦਾ ਤਿਉਹਾਰ ਪੰਜਾਬ ਦੀਆਂ ਮੁਟਿਆਰਾਂ ਤੇ ਕੁੜੀਆਂ-ਚਿੜੀਆਂ ਇਸ ਤਿਓਹਾਰ ਨੂੰ ਬੜੇ ਹੀ ਚਾਅ ਨਾਲ ਮਨਾਉਂਦੀਆਂ ਹਨ। ਇਸ ਤਿਓਹਾਰ ਦਾ ਆਗਾਜ਼ ਸਾਉਣ ਮਹੀਨੇ ਦੀ ਮੱਸਿਆ ਤੋਂ ਬਾਅਦ ਤੀਜ ਤੋਂ ਹੁੰਦਾ ਹੈ ਤੇ ਪੁੰਨਿਆ ਤੱਕ ਚੱਲਦਾ ਹੈ। ਜਦੋਂ ਬਾਗ਼ਾਂ ਵਿੱਚ ਮੋਰ ਪੈਲਾਂ ਪਾਉਂਦੇ ਹਨ, ਅੰਬਾਂ ਉੱਤੇ ਕੋਇਲ ਕੂਕਦੀ ਹੈ, ਘਨਘੋਰ ਘਟਾਵਾਂ ਅਸਮਾਨ ਦੀ ਹਿੱਕ 'ਤੇ ਮੰਡਰਾਉਂਦੀਆਂ ਹਨ, ਕੁਦਰਤ ਆਪਣੇ ਪੂਰੇ ਜੋਬਨ ਉੱਤੇ ਨੱਚ ਉੱਠਦੀ ਹੈ, ਝਾਂਜਰਾਂ ਦੇ ਬੋਲ ਕੰਨਾਂ ਵਿੱਚ ਮਿੱਠਾ-ਮਿੱਠਾ ਰਸ ਘੋਲਦੇ ਹਨ, ਤਾਂ ਜਿਵੇਂ ਤੀਆਂ ਦੀ ਆਮਦ ਦਾ ਸੁਨੇਹਾ ਮਿਲ ਜਾਂਦਾ ਹੈ। ਇਸ ਮਹੀਨੇ ਬਾਰਿਸ਼ਾਂ ਹੋਣ ਕਾਰਨ ਮੌਸਮ ਕਾਫੀ ਸੁਹਾਵਣਾ ਹੋ ਜਾਂਦਾ ਹੈ ਤੇ ਬਾਰਿਸ਼ ਵਿਚ ਨਹਾ ਕੇ ਰੁੱਖ-ਬੂਟੇ ਵੀ ਟਹਿਕਣ ਲੱਗ ਪੈਂਦੇ ਹਨ। ਅਜਿਹੇ ਵਿਚ ਆਪਣੇ ਪੇਕੇ ਘਰ ਆਈਆਂ ਨਵ-ਵਿਆਹੀਆਂ ਲੜਕੀਆਂ ਆਪਣੀਆਂ ਸਹੇਲੀਆਂ ਨਾਲ ਮਿਲ ਕੇ ਇਸ ਮਹੀਨੇ ਦਾ ਅਨੰਦ ਮਾਣਦੀਆਂ ਹਨ ਤੇ ਪਿੰਡ ਦੀ ਕਿਸੇ ਸਾਂਝੀ ਜਗ੍ਹਾ ਖੂਹ, ਨਹਿਰ ਆਦਿ ਦੇ ਕੰਢੇ ਲੱਗੇ ਦਰੱਖਤਾਂ ਨਾਲ ਰੱਸੇ ਦੀ ਸਹਾਇਤਾ ਨਾਲ ਪੀਂਘ ਪਾ ਕੇ ਪੀਘਾਂ ਝੂਟਦੀਆਂ ਹੋਈਆਂ ਅਸਮਾਨ ਨੂੰ ਹੱਥ ਲਗਾਉਣ ਦੀ ਚਾਹਤ ਰੱਖਦੀਆਂ ਹਨ ਅਤੇ ਰਲ-ਮਿਲ ਕੇ ਗਿੱਧਾ-ਕਿੱਕਲੀ ਪਾਉਂਦੀਆਂ ਹਨ। ਸਾਉਣ ਮਹੀਨੇ ਵਿਚ ਧੀਆਂ-ਧਿਆਣੀਆਂ ਨੂੰ ਵੰਗਾ ਚੜ੍ਹਵਾ ਕੇ ਦੇਣਾ ਵੀ ਪੁੰਨ ਦਾ ਕੰਮ ਮੰਨਿਆ ਜਾਂਦਾ ਹੈ । ਤੀਆਂ ਤੋਂ ਕੁਝ ਦਿਨ ਪਹਿਲਾਂ ਹੀ ਸੱਜ-ਵਿਆਹੀਆਂ ਮੁਟਿਆਰਾਂ ਆਪਣੇ ਦਿਲਾਂ ਅੰਦਰ ਸੱਧਰਾਂ ਤੇ ਚਾਅ ਸਾਂਭ ਕੇ ਆਪਣੇ ਸਹੁਰੇ ਘਰਾਂ ਤੋਂ ਪੇਕਿਆਂ ਨੂੰ ਕੂਚ ਕਰਨ ਲੱਗ ਪੈਂਦੀਆਂ ਹਨ। ਬਾਬਲ ਦੇ ਵਿਹੜੇ ਵਿੱਚ ਪੈਰ ਪਾਉਣ ਦਾ ਚਾਅ ਜਿਵੇਂ ਡੁੱਲ੍ਹ-ਡੁੱਲ੍ਹ ਪੈਂਦਾ ਹੋਵੇ। ਕੋਈ ਮੁਟਿਆਰ ਆਪਣੇ ਕੰਤ ਨੂੰ ਸਾਉਣ ਮਹੀਨਾ ਆਉਣ ਸਾਰ ਹੀ ਤਰਲਾ ਕਰ ਉੱਠਦੀ ਹੈ-

*ਵੇ ਤੀਆਂ ਦਾ ਮਹੀਨਾ ਢੋਲਣਾ,*
*ਪੇਕੀਂ ਘੱਲ ਦੇ ਸਵੇਰ ਵਾਲੀ ਲਾਰੀ।*

ਤੇ ਜੇ ਕੋਈ ਮਨਚਲਾ ਗੱਭਰੂ ਸਾਉਣ ਮਹੀਨੇ ਵਿੱਚ ਭੁੱਲ-ਭੁਲੇਖੇ ਆਪਣੀ ਲਾੜੀ ਨੂੰ ਲੈਣ ਲਈ ਸਹੁਰੇ ਘਰ ਜਾ ਬਹਿੰਦਾ ਤਾਂ ਉਸ ਨੂੰ ਉਸ ਦੇ ਇਹ ਬੋਲ ਸੁਣ ਕੇ ਨਿਰਾਸ਼ ਹੋ ਕੇ ਵਾਪਸ ਮੁੜਨਾ ਪੈਂਦਾ ਹੈ-

*ਸਾਉਣ ਦਾ ਮਹੀਨਾ*
*ਬਾਗ਼ਾਂ ਵਿੱਚ ਬੋਲਣ ਮੋਰ ਵੇ,*
*ਜਾਹ ਮੈਂ ਨਹੀਂ ਸਹੁਰੇ ਜਾਣਾ,*
*ਗੱਡੀ ਨੂੰ ਖ਼ਾਲੀ ਮੋੜ ਵੇ।*

ਤੀਆਂ ਤੋਂ ਕੁਝ ਦਿਨ ਪਹਿਲਾਂ ਸੱਜ-ਵਿਆਹੀਆਂ ਕੁੜੀਆਂ ਨੂੰ ਉਨ੍ਹਾਂ ਦੇ ਵੀਰ ਸਹੁਰੇ ਘਰਾਂ ਤੋਂ ਲੈਣ ਜਾਂਦੇ ਹਨ। ਆਪਣੇ ਵੀਰਾਂ ਦੀ ਉਡੀਕ ਉਨ੍ਹਾਂ ਦੇ ਮਨਾਂ ਵਿੱਚ ਖੌਰੂ ਪਾਉਣ ਲੱਗ ਪੈਂਦੀ ਹੈ। ਉਹ ਕੋਠੇ ਤੋਂ ਕਾਵਾਂ ਨੂੰ ਉਡਾਉਂਦੀਆਂ ਹਨ ਤੇ ਔਂਸੀਆਂ ਪਾਉਂਦੀਆਂ ਹਨ ਤੇ ਅਖੀਰ ਇੰਤਜ਼ਾਰ ਦੀਆਂ ਘੜੀਆਂ ਉਦੋਂ ਖ਼ਤਮ ਹੋ ਜਾਂਦੀਆਂ ਹਨ, ਜਦੋਂ ਵੀਰ ਉਸ ਨੂੰ ਨਜ਼ਰੀਂ ਪੈ ਜਾਂਦਾ ਹੈ। ਖ਼ੁਸ਼ੀ ਵਿੱਚ ਨੱਚਦੀ ਹੋਈ ਉਹ ਸਹੇਲੀਆਂ ਨੂੰ ਦੱਸਦੀ ਹੈ-

*ਹੱਥ ਛਤਰੀ ਰੁਮਾਲ ਪੱਲੇ ਸੇਵੀਆਂ,*
*ਨੀਂ ਉਹ ਮੇਰਾ ਵੀਰ ਕੁੜੀਓ।*

ਤੇ ਜੇ ਕਿਸੇ ਬਦਨਸੀਬ ਭੈਣ ਦਾ ਵੀਰ ਤੀਆਂ 'ਤੇ ਆਪਣੀ ਭੈਣ ਨੂੰ ਲੈਣ ਨਹੀਂ ਆਉਂਦਾ, ਤਾਂ ਉਸ ਵਿਚਾਰੀ ਨੂੰ ਕੌੜੇ ਸੁਭਾਅ ਵਾਲੀ ਸੱਸ ਦੇ ਤਾਹਨੇ-ਮੇਹਣੇ ਵੀ ਸੁਣਨੇ ਪੈਂਦੇ ਹਨ-

*ਤੈਨੂੰ ਤੀਆਂ 'ਤੇ ਲੈਣ ਨਾ ਆਏ,*
*ਨੀਂ ਬਹੁਤਿਆਂ ਭਰਾਵਾਂ ਵਾਲੀਏ।*

ਕਿਸੇ ਮਜਬੂਰੀ ਕਾਰਨ ਜੋ ਸੱਜ-ਵਿਆਹੀਆਂ ਕੁੜੀਆਂ ਪੇਕੇ ਘਰ ਨਹੀਂ ਜਾ ਸਕਦੀਆਂ, ਉਨ੍ਹਾਂ ਨੂੰ ਮਾਂ-ਪਿਓ ਸੰਧਾਰਾ ਭੇਜਦੇ ਹਨ।

ਇਸ ਸੰਧਾਰੇ ਵਿੱਚ ਕੁੜੀ ਲਈ ਮਠਿਆਈ, ਸੂਟ, ਮੱਠੀਆਂ, ਰਿਓੜੀਆਂ, ਚੂੜੀਆਂ, ਗੁਲਗੁਲੇ, ਮਹਿੰਦੀ, ਰੇਸ਼ਮੀ ਪਰਾਂਦਾ, ਵੰਗਾਂ ਆਦਿ ਹੁੰਦੇ ਹਨ। ਕਈ ਲੋਕ ਸੰਧਾਰੇ ਵਿੱਚ ਸੋਨੇ ਦੇ ਗਹਿਣੇ ਵੀ ਬਣਵਾ ਕੇ ਭੇਜਦੇ ਹਨ।

*ਆਇਆ ਸਾਉਣ ਮਹੀਨਾ ਕੁੜੀਓ,*
*ਲੈ ਕੇ ਠੰਢੀਆਂ ਹਵਾਵਾਂ,*
*ਪੇਕੇ ਘਰੋਂ ਮੈਨੂੰ ਆਈਆਂ ਝਾਂਜਰਾਂ,*
*ਮਾਰ ਅੱਡੀ ਛਣਕਾਵਾਂ,*
*ਪੱਟਾ ਡੋਰੀਆ ਉੱਡ-ਉੱਡ ਜਾਂਦਾ,*
*ਜਦ ਮੈਂ ਪੀਂਘ ਚੜ੍ਹਾਵਾਂ,*
*ਸਾਉਣ ਦਿਆ ਬੱਦਲਾ ਵੇ,*
*ਮੈਂ ਤੇਰਾ ਜੱਸ ਗਾਵਾਂ।*

ਤੀਆਂ ਦੀ ਖਿੱਚ ਦਾ ਸਭ ਤੋਂ ਮਹੱਤਵਪੂਰਨ ਅੰਗ ਗਿੱਧਾ ਤੇ ਪੀਂਘ ਝੂਟਣਾ ਹੈ। ਗਿੱਧੇ ਵਿੱਚ ਨੱਚਦੀਆਂ ਮੁਟਿਆਰਾਂ ਦੇ ਬੋਲ ਵਿੱਚ ਜਿਵੇਂ ਜਵਾਨੀਆਂ ਦਾ ਹੜ੍ਹ ਆ ਗਿਆ ਹੋਵੇ। ਪਿੰਡ ਤੋਂ ਬਾਹਰ ਕਿਸੇ ਖੁੱਲ੍ਹੀ ਜਗ੍ਹਾ 'ਤੇ ਉਹ ਨੱਚਦੀਆਂ, ਟੱਪਦੀਆਂ, ਹੱਸਦੀਆਂ, ਖੇਡਦੀਆਂ ਆਪਣੇ ਹੁਸਨ ਦੀ ਸੁਗੰਧੀ ਖਿੰਡਾਉਂਦੀਆਂ ਹਨ।

ਪਰ ਅਜੋਕੇ ਸਮੇਂ ਵਿਚ ਪੰਜਾਬੀ ਸੱਭਿਆਚਾਰ 'ਤੇ ਪੱਛਮੀ ਸੱਭਿਅਤਾ ਦੇ ਪਏ ਪ੍ਰਭਾਵ ਅਤੇ ਸਮੇਂ ਦੀ ਬਦਲਦੀ ਚਾਲ ਕਾਰਨ ਤੀਆਂ ਦਾ ਤਿਉਹਾਰ ਅਲੋਪ ਹੋਣ ਦੇ ਕੰਢੇ ਪਹੁੰਚ ਚੁੱਕਾ ਹੈ। ਲੜਕੀਆਂ ਦੀ ਜਨਮ ਦਰ ਮੁੰਡਿਆਂ ਦੇ ਮੁਕਾਬਲੇ ਘੱਟ ਹੈ। ਅਗਰ ਧੀਆਂ ਹੀ ਨਹੀਂ ਹੋਣਗੀਆਂ ਤਾ ਫਿਰ ਕਾਹਦੀਆਂ ਤੀਆਂ। ਤੀਆਂ ਦੀ ਸ਼ਾਨ ਧੀਆਂ ਨਾਲ ਹੀ ਹੁੰਦੀ ਹੈ ਪਰ ਹੁਣ ਪਿੰਡਾਂ ਵਿਚ ਪਹਿਲਾਂ ਦੀ ਤਰ੍ਹਾਂ ਤੀਆਂ ਮੌਕੇ ਨਾ ਤਾਂ ਲੜਕੀਆਂ ਪੀਘਾਂ ਝੂਟਦੀਆਂ ਹਨ ਤੇ ਨਾ ਹੀ ਇਕੱਠੀਆਂ ਹੋ ਕੇ ਗਿੱਧਾ-ਕਿੱਕਲੀ ਪਾਉਂਦੀਆਂ ਹਨ। ਹੁਣ ਤਾਂ ਸਾਉਣ ਮਹੀਨੇ ਵਿਚ ਰੁੱਖਾਂ ਦੇ ਟਾਹਣੇ ਵੀ ਪੀਘਾਂ ਵਾਲੀਆਂ ਰੱਸੀਆਂ ਦੀ ਉਡੀਕ ਕਰਦੇ ਪ੍ਰਤੀਤ ਹੁੰਦੇ ਹਨ ਪਰ ਸਮੇਂ ਦੀ ਬਦਲਦੀ ਚਾਲ ਅੱਗੇ ਪੀਘਾਂ ਝੂਟਣ ਦਾ ਰਿਵਾਜ਼ ਹੁਣ ਗਾਇਬ ਹੋ ਰਿਹਾ ਹੈ ਅਤੇ ਅਜੋਕੇ ਦੌਰ ਵਿੱਚ ਤੀਆਂ ਦੇ ਤਿਓਹਾਰ ਦੀ ਪਹਿਲਾਂ ਵਾਲੀ ਰੌਣਕ ਘਟਦੀ ਜਾ ਰਹੀ ਹੈ। ਸਾਉਣ ਮਹੀਨੇ ਵਿਚ ਪੀਘਾਂ ਝੂਟਣ ਅਤੇ ਗਿੱਧਾ ਆਦਿ ਪਾਉਣ ਦੀ ਖਤਮ ਹੋ ਰਹੀ ਰੀਤ ਨੂੰ ਬਚਾਉਣਾ ਸਮੇਂ ਦੀ ਮੰਗ ਹੈ ਅਤੇ ਲੋੜ ਹੈ ਸਾਡੇ ਸਦੀਆਂ ਤੋਂ ਮਨਾਏ ਜਾ ਰਹੇ ਇਸ ਸੱਭਿਆਚਾਰਕ ਵਿਰਸੇ ਨਾਲ ਸੰਬੰਧਿਤ ਖ਼ੁਸ਼ੀਆਂ-ਖੇੜਿਆਂ ਭਰੇ ਤਿਓਹਾਰ ਨੂੰ ਜੀਵਤ ਰੱਖਣ ਦੀ। ਅੰਤ ਵਿੱਚ ਇਹੀ ਕਹਾਂਗਾ ਕਿ ਸਮਾਜਿਕ ਸੰਸਥਾਵਾਂ ਅਤੇ ਵਰਤਮਾਨ ਪੀੜ੍ਹੀ ਨੂੰ ਅੱਗੇ ਆਉਂਦੇ ਹੋਏ ਪਿੰਡ-ਪਿੰਡ ਤੀਆਂ ਦੇ ਮੇਲੇ ਲਗਾਉਣ ਅਤੇ ਧੀਆਂ-ਧਿਆਣੀਆਂ ਨੂੰ ਇਨ੍ਹਾਂ ਮੇਲਿਆਂ ਵਿਚ ਭਾਗ ਲੈਣ ਦਾ ਮੌਕਾ ਦੇਣ ਦੀ ਲੋੜ ਹੈ ਤਾਂ ਜੋ ਪੰਜਾਬੀ ਸੱਭਿਆਚਾਰ ਦਾ ਇਹ ਅਨਮੋਲ ਅੰਗ ਗਾਇਬ ਨਾ ਹੋ ਸਕੇ।

ਵਿਜੈ ਗੁਪਤਾ



# ਪੰਚਾਇਤੀ ਰਾਜ 'ਚ ਨੁਕਸ



ਉੱਤਰ ਪ੍ਰਦੇਸ਼ ਦੇ ਉੱਪ ਮੁੱਖ ਮੰਤਰੀ ਕੇਸ਼ਵ ਪ੍ਰਸਾਦ ਮੌਰੀਆ ਨੇ ਹਾਲ ਹੀ ਵਿਚ ਕਿਹਾ ਹੈ ਕਿ ਅਗਲੀ ਵਾਰ ਜ਼ਿਲ੍ਹਾ ਪੰਚਾਇਤ ਮੁਖੀ ਤੇ ਬਲਾਕ ਮੁਖੀ ਲਈ ਚੋਣਾਂ ਸਿੱਧੀਆਂ ਜਨਤਾ ਦੁਆਰਾ ਹੋਣਗੀਆਂ। ਇਸ 'ਤੇ ਬਾਕੀ ਸੂਬਿਆਂ ਨੂੰ ਵੀ ਵਿਚਾਰ ਕਰਨਾ ਚਾਹੀਦਾ ਹੈ। ਜ਼ਿਕਰਯੋਗ ਹੈ ਕਿ ਅਜੇ ਜਨਤਾ ਦੁਆਰਾ ਚੁਣੇ ਗਏ ਜ਼ਿਲ੍ਹਾ ਪੰਚਾਇਤ ਮੈਂਬਰ ਤੇ ਖੇਤਰ ਦੇ ਪੰਚਾਇਤ ਮੈਂਬਰ ਕ੍ਰਮਵਾਰ ਜ਼ਿਲ੍ਹਾ ਪੰਚਾਇਤ ਮੁਖੀ ਤੇ ਬਲਾਕ ਮੁਖੀ ਦੀ ਚੋਣ ਕਰਦੇ ਹਨ। ਇਨ੍ਹਾਂ ਵਿਚ ਹੁਕਮਰਾਨ ਪਾਰਟੀ ਦੇ ਪੱਖ ਵਿਚ ਸ਼ਾਸਨ-ਪ੍ਰਸ਼ਾਸਨ ਦੀ ਮਸ਼ੀਨਰੀ ਦਾ ਵੀ ਬੇਵਜ੍ਹਾ ਇਸਤੇਮਾਲ ਹੁੰਦਾ ਹੈ। ਉੱਤਰ ਪ੍ਰਦੇਸ਼ ਹੀ ਨਹੀਂ, ਬਲਕਿ ਬੰਗਾਲ, ਰਾਜਸਥਾਨ, ਬਿਹਾਰ, ਪੰਜਾਬ, ਹਰਿਆਣਾ, ਓਡੀਸ਼ਾ ਅਤੇ ਜੰਮੂ-ਕਸ਼ਮੀਰ ਆਦਿ ਸੂਬੇ ਜਿੱਥੇ ਵੀ ਤਿੰਨ ਪੱਧਰੀ ਪੰਚਾਇਤੀ ਰਾਜ ਵਿਵਸਥਾ ਲਾਗੂ ਹੈ, ਉੱਥੇ ਇਹੋ ਕਹਾਣੀ ਹੈ। ਹੁਕਮਰਾਨ ਪਾਰਟੀਆਂ ਹੀ ਇਨ੍ਹਾਂ ਵਿਚੋਂ ਜ਼ਿਆਦਾਤਰ ਅਹੁਦਿਆਂ 'ਤੇ ਜਿੱਤ ਹਾਸਲ ਕਰਦੀਆਂ ਹਨ। ਸੰਨ 2015-16 ਵਿਚ ਯੂਪੀ ਵਿਚ ਤਤਕਾਲੀ ਹੁਕਮਰਾਨ ਪਾਰਟੀ ਸਪਾ ਨੇ ਜ਼ਿਲ੍ਹਾ ਪੰਚਾਇਤ ਮੁਖੀ ਦੀਆਂ 75 ਸੀਟਾਂ 'ਚੋਂ ਕੁੱਲ 63 ਸੀਟਾਂ ਅਤੇ ਬਲਾਕ ਮੁਖੀ ਦੀਆਂ 826 ਵਿਚੋਂ 623 ਸੀਟਾਂ ਜਿੱਤ ਕੇ ਰਿਕਾਰਡ ਬਣਾਇਆ ਸੀ। ਸੰਨ 2010 ਦੀਆਂ ਚੋਣਾਂ ਵਿਚ ਹੁਕਮਰਾਨ ਬਸਪਾ ਨੇ ਵੀ ਲਗਪਗ ਇਹੀ ਕੀਤਾ ਸੀ। ਸੰਨ 2021 ਦੀਆਂ ਹਾਲੀਆ ਚੋਣਾਂ ਵਿਚ ਵਿਚ ਵੀ ਹੁਕਮਰਾਨ ਭਾਜਪਾ ਨੇ ਜ਼ਿਲ੍ਹਾ ਪੰਚਾਇਤ ਮੁਖੀ ਦੀਆਂ 67 ਸੀਟਾਂ ਅਤੇ ਬਲਾਕ ਮੁਖੀ ਦੀਆਂ 648 ਸੀਟਾਂ ਜਿੱਤ ਕੇ ਨਵਾਂ ਇਤਿਹਾਸ ਰਚ ਦਿੱਤਾ ਹੈ। ਪੰਚਾਇਤ ਚੋਣਾਂ ਵਿਚ ਇੰਨੀ ਸ਼ਾਨਦਾਰ ਜਿੱਤ ਹਾਸਲ ਕਰਨ ਦੇ ਬਾਵਜੂਦ ਸਾਲ-ਡੇਢ ਸਾਲ ਬਾਅਦ ਹੋਈਆਂ ਵਿਧਾਨ ਸਭਾ ਚੋਣਾਂ ਵਿਚ ਹੁਕਮਰਾਨ ਪਾਰਟੀਆਂ ਦਾ ਹਸ਼ਰ ਬਹੁਤ ਬੁਰਾ ਹੋਇਆ। ਇਸ ਆਧਾਰ 'ਤੇ ਇਹ ਸਿੱਟਾ ਕੱਢਣਾ ਮੁਸ਼ਕਲ ਨਹੀਂ ਹੈ ਕਿ ਇਹ ਚੋਣਾਂ ਅਸਲ ਲੋਕ ਫ਼ਤਵੇ ਦਾ ਪ੍ਰਗਟਾਵਾ ਨਹੀਂ ਕਰਦੀਆਂ। ਦੇਸ਼ ਵਿਚ 24 ਅਪ੍ਰੈਲ 1993 ਨੂੰ 73ਵੀਂ ਸੰਵਿਧਾਨ ਸੋਧ ਦੇ ਸਿੱਟੇ ਵਜੋਂ ਪੰਚਾਇਤੀ ਰਾਜ ਵਿਵਸਥਾ ਨੂੰ ਸੰਵਿਧਾਨਕ ਦਰਜਾ ਪ੍ਰਾਪਤ ਹੋਇਆ ਸੀ। ਇਸ ਵਿਵਸਥਾ ਨੂੰ ਲਾਗੂ ਕਰਨ ਦੀ ਸਭ ਤੋਂ ਵੱਡੀ ਵਜ੍ਹਾ ਗਾਂਧੀ ਜੀ ਦੀ ਗ੍ਰਾਮ ਸਵਰਾਜ ਦੀ ਧਾਰਨਾ ਸੀ। ਉਨ੍ਹਾਂ ਦੇ ਸੁਪਨੇ ਨੂੰ ਸਾਕਾਰ ਕਰਨ ਲਈ ਪੰਚਾਇਤੀ ਰਾਜ ਵਿਵਸਥਾ ਲਾਗੂ ਕੀਤੀ ਗਈ। ਇਸ ਵਿਚ ਗ੍ਰਾਮ ਪੰਚਾਇਤ, ਬਲਾਕ ਸੰਮਤੀ ਅਤੇ ਜ਼ਿਲ੍ਹਾ ਪ੍ਰੀਸ਼ਦ ਨੂੰ ਸ਼ਾਮਲ ਕੀਤਾ ਗਿਆ। ਸਰਪੰਚ ਦੀ ਚੋਣ ਤਾਂ ਠੀਕ ਹੈ ਪਰ ਬਲਾਕ ਸੰਮਤੀ ਤੇ ਜ਼ਿਲ੍ਹਾ ਪ੍ਰੀਸ਼ਦ ਦੇ ਮੁਖੀ ਦੀ ਚੋਣ ਵਿਚ ਤਮਾਮ ਬੁਰਾਈਆਂ ਹਨ। ਬਲਾਕ ਸੰਮਤੀ ਤੇ ਜ਼ਿਲ੍ਹਾ ਪ੍ਰੀਸ਼ਦ ਦੇ ਮੈਂਬਰਾਂ ਦੀ ਆਪੋ-ਆਪਣੇ ਮੁਖੀ ਦੀ ਚੋਣ ਵਿਚ ਵੋਟਾਂ ਪਾਉਣ ਤੋਂ ਸਿਵਾਏ ਹੋਰ ਕੋਈ ਸਰਗਰਮ ਤੇ ਵਿਵਹਾਰਕ ਭੂਮਿਕਾ ਨਹੀਂ ਹੁੰਦੀ ਹੈ। ਉਨ੍ਹਾਂ ਕੋਲ ਕੋਈ ਕਾਰਜਕਾਰੀ ਸ਼ਕਤੀ, ਬਜਟ ਆਦਿ ਵੀ ਨਹੀਂ ਹੁੰਦੇ ਹਨ। ਇਸੇ ਲਈ ਉਹ ਆਪਣੇ ਪ੍ਰਧਾਨ ਦੀ ਚੋਣ ਵਿਚ ਆਮ ਤੌਰ 'ਤੇ ਆਪਣੀ ਵੋਟ ਨੂੰ ਇਕਮੁਸ਼ਤ ਰਕਮ ਲੈ ਕੇ ਵੇਚ ਦਿੰਦੇ ਹਨ।

-ਪ੍ਰੋ. ਰਸਾਲ ਸਿੰਘ

**ਸਮਾਜਿਕ, ਰਾਜਸੀ ਵਰਤਾਇਆਂ 'ਤੇ ਵਿਅੰਗ**

# 'ਉੱਕੜ ਦੁੱਕੜ ਭੰਬਾ ਭੌ':

## ਯਾਦਾਂ ਦੇ ਝਰੋਖੇ 'ਚੋਂ

ਰਵਿੰਦਰ ਸਿੰਘ ਸੋਢੀ
604-369-2371
ਰਿਚਮੰਡ, ਕੈਨੇਡਾ



ਮੈਂ ਪਟਿਆਲੇ ਜਿੰਨਾ ਵੀ ਥੋੜਾ ਬਹੁਤ ਰੰਗ-ਮੰਚ ਤੇ ਵਿਚਰਿਆ, ਅਦਾਕਾਰੀ ਹੀ ਕੀਤੀ। ਨਿਰਦੇਸਕ ਬਹੁਤ ਹੀ ਸੁਲਝੇ ਹੋਏ ਮਿਲੇ, ਉਹਨਾਂ ਦੁਆਰਾ ਕੀਤੀ ਗਈ ਨਾਟਕਾਂ ਦੀ ਚੋਣ ਬਹੁਤ ਵਧੀਆ ਹੁੰਦੀ ਸੀ। ਇਸ ਲਈ ਕਿਰਦਾਰ ਭਾਵੇਂ ਜੋ ਵੀ ਹੁੰਦਾ, ਬਹੁਤ ਕੁਝ ਨਵਾਂ ਸਿੱਖਣ ਨੂੰ ਮਿਲਦਾ। ਹਾਂ, ਇਹ ਜਰੂਰ ਹੈ ਕਿ ਨਿਰਦੇਸਕਾਂ ਨੂੰ ਨੀਝ ਨਾਲ ਨਿਹਾਰਦਾ, ਨਾਟਕ ਦੀ ਸੈੱਟ ਵਿਉਂਤਕਾਰੀ, ਪਾਤਰਾਂ ਦੇ ਵਾਰਤਾਲਾਪ ਬੋਲਣ ਦਾ ਢੰਗ, ਅੱਖਾਂ ਦੀ ਭਾਸ਼ਾ, ਸੰਗੀਤ, ਰੌਸ਼ਨੀ ਪ੍ਰਭਾਵ, ਵੇਸ-ਭੂਸ਼ਾ ਵਰਗੇ ਮਹੱਤਵਪੂਰਨ ਨੁਕਤਿਆਂ ਨੂੰ ਮੈਂ ਸੁਚੇਤ ਜਾਂ ਅਚੇਤ ਰੂਪ ਵਿਚ ਗ੍ਰਹਿਣ ਕਰਦਾ ਰਿਹਾ। ਰੰਗ-ਮੰਚ ਦੀ ਅਜਿਹੀ ਸਿਖਿਆ ਦਾ ਸਭ ਤੋਂ ਪਹਿਲਾ ਇਨਾਮ ਮੈਨੂੰ ਇਹ ਮਿਲਿਆ ਕਿ ਮੈਂ ਨਾਟਕ ਲਿਖਣ ਵੱਲ ਪ੍ਰੇਰਿਤ ਹੋਇਆ। ਇਕਾਂਗੀ ਤਾਂ ਮੈਂ ਵਿਦਿਆਰਥੀ ਜੀਵਨ ਸਮੇਂ ਹੀ ਲਿਖ ਲਿਆ ਸੀ। ਰੰਗ-ਮੰਚ ਕਰਨ ਦੇ ਦਿਨਾ ਵਿਚ ਮੈਂ 'ਹਿੰਦ ਦੀ ਚਾਦਰ' ਅਤੇ 'ਦੋ ਬੂਹਿਆਂ ਵਾਲਾ ਘਰ' ਪੂਰੇ ਨਾਟਕ ਲਿਖੇ। 'ਉੱਕੜ ਦੁੱਕੜ ਭੰਬਾ ਭੌਂ' ਨਾਟਕ ਦਾ ਵਿਸ਼ਾ ਤਾਂ ਭਾਵੇਂ ਵੱਡੇ ਨਾਟਕ ਵਾਲਾ ਹੀ ਸੀ, ਪਰ ਉਸ ਨੂੰ ਰੂਪ ਇਕਾਂਗੀ ਜਾਂ ਛੋਟੇ ਨਾਟਕ ਵਾਲਾ ਦਿੱਤਾ। ਉਹਨਾਂ ਦਿਨਾ ਵਿਚ ਪ੍ਰਯੋਗਵਾਦੀ ਜਾਂ ਐਕਸਪੈਰੀਮੈਂਟਲ ਨਾਟਕਾਂ ਦਾ ਰੁਝਾਨ ਸ਼ੁਰੂ ਹੋ ਚੁੱਕਿਆ ਸੀ। ਮੇਰੇ ਤੋਂ ਵੀ ਅਚੇਤ ਰੂਪ ਵਿਚ ਅਜਿਹੇ ਨਾਟਕ ਦੀ ਰਚਨਾ ਹੋ ਗਈ।



1981 ਵਿਚ ਮੇਰੀ ਨਿਯੁਕਤੀ ਪੰਜਾਬ ਪਬਲਿਕ ਸਕੂਲ ਨਾਭਾ ਵਿਚ ਬਤੌਰ ਪੰਜਾਬੀ ਅਧਿਆਪਕ ਹੋ ਗਈ। ਰਿਹਾਇਸ਼ੀ ਸਕੂਲ ਹੋਣ ਕਰਕੇ ਮੈਨੂੰ ਸਕੂਲ ਵਿਚ ਹੀ ਰਹਿਣਾ ਪੈਣਾ ਸੀ। ਗਰਮੀਆਂ ਦੀਆਂ ਛੁੱਟੀਆਂ ਤੋਂ ਬਾਅਦ, ਜੁਲਾਈ ਮਹੀਨੇ ਵਿਚ ਕਲਾਸਾਂ ਸ਼ੁਰੂ ਹੋ ਗਈਆਂ। ਮੈਨੂੰ ਯਾਦ ਹੈ ਕਿ ਅਗਸਤ ਵਿਚ ਸਕੂਲ ਦੇ ਸੀਨੀਅਰ ਮਾਸਟਰ (ਡਿਪਟੀ ਹੈਡਮਾਸਟਰ) ਨੇ ਮੈਨੂੰ ਕਿਹਾ ਕਿ ਸਕੂਲ ਵਿਚ ਡਰਾਮਾਟਿਕ ਕਲਬ ਨੂੰ ਮੁੜ ਸੁਰਜੀਤ ਕੀਤਾ ਜਾਵੇ। ਮੈਂ ਲੰਚ ਤੋਂ ਬਾਅਦ ਬੱਚਿਆਂ ਨੂੰ ਇਕੱਠਾ ਕਰਨਾ ਸ਼ੁਰੂ ਕਰ ਦਿੱਤਾ। ਮੇਰੇ ਦਿਮਾਗ ਵਿਚ ਆਪਣਾ ਹੀ ਲਿਖਿਆ ਨਾਟਕ 'ਉੱਕੜ ਦੁੱਕੜ ਭੰਬਾ ਭੌਂ' ਮੰਚ ਤੇ ਪੇਸ਼ ਕਰਨ ਦਾ ਖਿਆਲ ਆਇਆ।

ਇਸ ਨਾਟਕ ਵਿਚ ਕੁਲ ਚਾਰ ਪਾਤਰ ਸਨ। ਮੁੱਖ ਤੌਰ ਤੇ ਤਿੰਨ ਪਾਤਰ ਹੀ ਮੰਚ ਤੇ ਰਹਿੰਦੇ ਹਨ। ਚੌਥਾ ਪਾਤਰ ਤਾਂ ਨਾਟਕ ਦੇ ਅੰਤ ਵਿਚ ਹੀ ਆਉਂਦਾ ਹੈ। ਇਹਨਾਂ ਤਿੰਨ ਪਾਤਰਾਂ ਨੇ ਹੀ ਵੱਖ-ਵੱਖ ਰੋਲ ਨਿਭਾਉਣੇ ਸੀ, ਮਸਲਨ, ਪਿੰਡ ਦਾ ਸਰਪੰਚ ਹੀ ਸਕੂਲ ਵਿਦਿਆਰਥੀ ਦਾ ਪਿਤਾ ਬਣ ਕੇ ਸਕੂਲ ਅਧਿਆਪਕਾ ਕੋਲ ਜਾਂਦਾ ਹੈ ਅਤੇ ਮਰੀਜ ਦੇ ਰੂਪ ਵਿਚ ਸਰਕਾਰੀ ਡਾਕਟਰ ਕੋਲ। ਸਕੂਲ ਅਧਿਆਪਕਾ, ਸਰਪੰਚ ਦੇ ਮੁੰਡੇ ਵੱਲੋਂ ਸਤਾਈ ਔਰਤ ਦੇ ਕਿਰਦਾਰ ਵਿਚ ਸਰਪੰਚ ਕੋਲ ਜਾਂਦੀ ਹੈ ਅਤੇ ਮਰੀਜ ਬਣ ਕੇ ਡਾਕਟਰ ਕੋਲ। ਡਾਕਟਰ ਨੇ ਹੀ ਸਰਪੰਚ ਦੇ ਮੁੰਡੇ ਦਾ, ਹੈਡਮਾਸਟਰ ਅਤੇ ਸਕੂਲੀ ਵਿਦਿਆਰਥੀ ਦਾ ਰੋਲ ਨਿਭਾਏ। ਵੱਖੋ-ਵੱਖ ਰੂਪਾਂ ਵਿਚ ਪਾਤਰਾਂ ਦੀ ਵੇਸ-ਭੂਸ਼ਾ ਵਿਚ ਚਿੰਨ੍ਹ ਆਤਮਕ ਬਦਲੀ ਹੀ ਕੀਤੀ ਸੀ। ਸਕੂਲ ਅਧਿਆਪਕਾ ਜਦੋਂ ਸਰਪੰਚ ਕੋਲ ਆਉਂਦੀ ਹੈ ਤਾਂ ਉਸ ਦੇ ਸਿਰ ਤੇ ਚੁੰਨੀ ਨਹੀਂ ਸੀ ਅਤੇ ਪੈਰਾਂ ਵਿਚ ਕੋਈ ਜੁੱਤੀ ਜਾਂ ਚੱਪਲ ਨਹੀਂ ਸੀ ਪਾਈ ਹੋਈ। ਜਦੋਂ ਉਹ ਮਰੀਜ ਦੇ ਤੌਰ ਤੇ ਆਉਂਦੀ ਹੈ ਤਾਂ ਉਸ ਦੇ ਹੱਥ ਵਿਚ ਸੋਟੀ ਸੀ ਅਤੇ ਸਿਰ ਤੇ ਪਟੀ ਹੋਈ ਵੱਡੀ ਚੁੰਨੀ। ਸਰਪੰਚ ਜਦੋਂ ਦੂਜੇ ਦੋ ਰੂਪਾਂ ਵਿਚ ਆਉਂਦਾ ਹੈ ਤਾਂ ਉਹ ਵੀ ਪੈਰਾਂ ਤੋਂ ਨੰਗਾ ਅਤੇ ਮੋਢੇ ਤੇ ਪਰਨਾ(ਡੱਬੀਆਂ ਵਾਲਾ ਛੋਟਾ ਕਪੜਾ) ਨਹੀਂ ਸੀ। ਡਾਕਟਰ ਜਦੋਂ ਵਿਦਿਆਰਥੀ ਬਣ ਕੇ ਆਉਂਦਾ ਹੈ ਤਾਂ ਅਸੀਂ ਪਹਿਲਾਂ ਹੀ ਉਸ ਨੂੰ ਪੈਂਟ ਦੇ ਨਿਚੇ ਨਿੱਕਰ ਪਵਾ ਦਿੱਤੀ ਸੀ। ਉਹ ਪੈਂਟ ਲਾਹ ਕੇ ਨਿੱਕਰ ਵਿਚ ਆਉਂਦਾ ਹੈ। ਸਰਪੰਚ ਦਾ ਲੜਕਾ ਬਣ ਕੇ ਉਹ ਪਹਿਲੇ ਦ੍ਰਿਸ਼ ਵਿਚ ਆਉਂਦਾ ਹੈ, ਉਦੋਂ ਉਸ ਦੇ ਸਿਰ ਤੇ ਮੜਾਸਾ ਬੰਨ੍ਹ ਦਿੱਤਾ ਸੀ। ਬਾਅਦ ਵਿਚ ਉਸ ਨੇ ਪੱਗ ਬੰਨ੍ਹ ਲਈ। ਨਾਟਕ ਜਦੋਂ ਸ਼ੁਰੂ ਹੁੰਦਾ ਹੈ ਤਾਂ ਇਹ ਤਿੰਨ ਪਾਤਰ ਹੀ ਮੰਚ ਤੇ ਇਕ ਕਤਾਰ ਵਿਚ ਖੜੇ ਦਿਖਾਏ ਸੀ। ਉਹ ਇਕੱਠੇ ਹੀ ਬੋਲਦੇ ਹਨ,"ਅਸੀਂ ਇਸ ਨਾਟਕ ਦੇ ਪਾਤਰ ਵੀ ਹਾਂ ਅਤੇ ਸੂਤਰਧਾਰ ਵੀ।" ਇਸ ਤੋਂ ਬਾਅਦ ਉਹ ਦਸਦੇ ਹਨ ਕਿ ਉਹ ਨਾਟਕ ਵਿਚ ਕਿਹੜੇ-ਕਿਹੜੇ ਹੋਰ ਪਾਤਰ ਦੇ ਰੂਪ ਵਿਚ ਆਉਣ ਗੇ। ਮੰਚ ਸਜਾਵਟ ਵੀ ਅਸੀਂ ਸੰਕੇਤਕ ਹੀ ਰੱਖੀ। ਮੰਚ ਦੇ ਵਿਚਕਾਰ ਤਖਤਪੋਸ਼ ਰਖ ਕੇ ਸਰਪੰਚ ਦਾ ਘਰ ਦਿਖਾਇਆ। ਇਕ ਪਾਸੇ ਸਕੂਲ ਦਿਖਾਉਣ ਲਈ ਲੱਕੜ ਦੀ ਕੁਰਸੀ ਰੱਖ ਦਿੱਤੀ ਅਤੇ ਦੂਜੇ ਪਾਸੇ ਛੋਟਾ ਜਿਹਾ ਲੱਕੜ ਦਾ ਮੇਜ ਅਤੇ ਮੇਜ ਦੇ ਪਿੱਛੇ ਕੁਰਸੀ। ਮੇਜ ਤੇ ਦਵਾਈਆਂ ਦੀਆਂ ਦੋ-ਚਾਰ ਸ਼ੀਸ਼ੀਆਂ ਅਤੇ ਡੱਬੇ ਰੱਖ ਦਿੱਤੇ।



ਸਰਪੰਚ ਅਤੇ ਅਧਿਆਪਕਾ ਦੇ ਪਾਤਰਾਂ ਦੀ ਚੋਣ ਤਾਂ ਮੈਂ ਅਸਾਨੀ ਨਾਲ ਹੀ ਕਰ ਲਈ, ਪਰ ਡਾਕਟਰ ਦੇ ਕਿਰਦਾਰ ਲਈ ਕਾਫੀ ਪ੍ਰੇਸ਼ਾਨੀ ਹੋਈ। ਕਈ ਲੜਕੇ ਬਦਲੇ, ਪਰ ਗੱਲ ਨਹੀਂ ਸੀ ਬਣ ਰਹੀ। ਅਖੀਰ ਵਿਚ ਨੌਵੀਂ ਕਲਾਸ ਦੇ ਵਿਦਿਆਰਥੀ ਨਵਦੀਪ ਨੂੰ ਇਹ ਰੋਲ ਦਿੱਤਾ। ਉਹ ਦਰਮਿਆਨੇ ਜਿਹੇ ਕੱਦ ਦਾ ਸੀ(ਬਾਅਦ ਵਿਚ ਕੱਦ ਕਾਫੀ ਕੱਦ ਕੱਢ ਲਿਆ ਸੀ)। ਉਸ ਨੂੰ ਡਾਕਟਰ ਦੇ ਰੂਪ ਵਿਚ ਪੇਸ਼ ਕਰਨ ਲਈ ਡਾਕਟਰਾਂ ਵਾਲਾ ਚਿੱਟਾ ਕੋਟ, ਮੋਢੇ ਤੇ ਸਟੈਥੋਸਕੋਪ ਅਤੇ ਨਜਰ ਵਾਲੀਆਂ ਐਨਕਾਂ ਲਾ ਦਿੱਤੀਆਂ। ਗੁਰਮੀਤ ਕੌਰ(ਸਕੂਲ ਅਧਿਆਪਕਾ), ਸੂਰਜ ਕਾਲਰਾ(ਸਰਪੰਚ), ਨਵਦੀਪ ਸਿੰਘ(ਡਾਕਟਰ) ਨਾਲ ਮੈਂ ਰਿਹਰਸਲ ਸ਼ੁਰੂ ਕਰ ਦਿੱਤੀ। ਪਹਿਲੇ ਹਫਤੇ ਤਾਂ ਮੈਂ ਇਹੋ ਸੋਚਦਾ ਰਿਹਾ ਕਿ ਕਿਥੇ ਨਾਟਕ ਦਾ ਪੰਗਾ ਪਾ ਲਿਆ। ਬੱਚੇ ਜਲਦੀ ਜਲਦੀ ਗੱਲ ਨਹੀਂ ਸੀ ਸਮਝਦੇ ਜਾਂ ਇਹ ਵੀ ਹੋ ਸਕਦਾ ਹੈ ਕਿ ਮੈਂ ਹੀ ਠੀਕ ਤਰਾਂ ਨਾਲ ਸਮਝਾ ਨਹੀਂ ਸੀ ਸਕਦਾ। ਤਿੰਨੋ ਬੱਚੇ ਪਹਿਲੀ ਵਾਰ ਨਾਟਕ ਵਿਚ ਭਾਗ ਲੈ ਰਹੇ ਸੀ ਅਤੇ ਮੈਂ ਪਹਿਲੀ ਵਾਰ ਨਾਟਕ ਦਾ ਨਿਰਦੇਸਕ ਬਣਿਆ ਸੀ। ਪਰ ਹੌਲੀ ਹੌਲੀ ਗੱਡੀ ਲੀਹ ਤੇ ਆਉਣ ਲੱਗੀ। ਤਿੰਨੋ ਬੱਚੇ ਆਪਣੇ ਵੱਖਰੇ-ਵਖੱਰੇ ਪਾਤਰਾਂ ਨੂੰ ਸਮਝਣ ਲੱਗੇ। ਮੇਰੀ ਵੀ ਰੰਗ-ਮੰਚ ਦੀ ਭੁੱਖ ਤ੍ਰਿਪਤ ਹੋਣ ਲੱਗੀ।

ਉਹਨਾਂ ਦਿਨਾਂ ਵਿਚ ਹੀ ਸਟੇਟ ਬੈਂਕ ਆਫ ਪਟਿਆਲਾ(ਹੈਡ ਆਫਿਸ, ਪਟਿਆਲਾ) ਵੱਲੋਂ ਅੰਤਰ ਸਕੂਲ ਨਾਟਕ ਮੁਕਾਬਲੇ ਦਾ ਸੱਦਾ ਆ ਗਿਆ। ਸਾਡੇ ਕੋਲ ਪੰਦਰਾਂ ਕੁ ਦਿਨ ਹੋਰ ਸਨ। ਮੈਂ ਰਿਹਰਸਲ ਲਈ ਕੁਝ ਜਿਆਦਾ ਸਮਾਂ ਕੱਢਣਾ ਚਾਹੁਦਾ ਸੀ, ਪਰ ਸਕੂਲ ਦੀਆਂ ਕਈ ਹੋਰ ਗਤੀਵਿਧੀਆਂ ਕਰਕੇ ਆਡੀਟੋਰੀਅਮ ਖਾਲੀ ਨਹੀਂ ਸੀ ਹੁੰਦਾ। ਮੈਂ ਮਹਿਸੂਸ ਕੀਤਾ ਕਿ ਚਾਰੇ ਕਲਾਕਾਰ ਆਪਣੇ ਵੱਲੋਂ ਪੂਰਾ ਜੋਰ ਲਾ ਰਹੇ ਸੀ। ਗੁਰਮੀਤ ਆਪਣੇ ਚਿਹਰੇ ਦੇ ਹਾਵ-ਭਾਵ ਕੁਦਰਤੀ ਹੀ ਬਦਲ ਲੈਂਦੀ ਸੀ। ਉਸ ਵਿਚ ਸੁੱਚਜੀ ਅਦਾਕਾਰ ਵਾਲੇ ਗੁਣ ਸੀ। ਅਧਿਆਪਕ ਵਜੋਂ ਵਿਦਿਆਰਥੀ ਨਾਲ ਗੱਲ ਕਰਨ ਦਾ ਲਹਿਜਾ ਹੋਰ ਸੀ, ਵਿਦਿਆਰਥੀ ਦੇ ਪਿਓ ਨਾਲ ਹੋਰ ਅਤੇ ਹੈਡਮਾਸਟਰ ਨਾਲ ਚਾਪਲੂਸੀ ਵਾਲਾ। ਜਦੋਂ ਉਹ ਮਰੀਜ ਬਣ ਕੇ ਆਉਂਦੀ ਹੈ ਤਾਂ ਇਕੋ ਦਮ ਗਰੀਬੀ ਤੇ ਬਿਮਾਰੀ ਦੀ ਝੰਬੀ ਪੇਂਡੂ ਔਰਤ ਬਣ ਗਈ। ਸੂਰਜ ਕਾਲਰਾ ਅਤੇ ਨਵਦੀਪ ਨੇ ਵੀ ਬਹੁਤ ਮਿਹਨਤ ਕੀਤੀ ਅਤੇ ਵਧੀਆ ਅਦਾਕਾਰ ਦੇ ਤੌਰ ਤੇ ਆਪਣੇ ਆਪ ਨੂੰ ਪੇਸ਼ ਕੀਤਾ। ਨਵਦੀਪ ਨੂੰ ਵਿਦਿਆਰਥੀ ਦੇ ਰੂਪ ਵਿਚ ਦੇਖ ਕੇ ਅਤੇ ਉਸ ਤੋਂ ਬਾਅਦ ਡਾਕਟਰ ਦੇ ਕਿਰਦਾਰ ਵਿਚ ਦੇਖ ਕੇ ਇਹ ਅੰਦਾਜਾ ਲਾਉਣਾ ਮੁਸ਼ਕਲ ਸੀ ਕਿ ਦੋਵੇਂ ਰੋਲ ਇਕੋ ਪਾਤਰ ਕਰ ਰਿਹਾ ਹੈ। ਸੂਰਜ ਕਾਲਰਾ ਵੀ ਸਰਪੰਚ ਅਤੇ ਬੱਚੇ ਦੇ ਪਿਤਾ ਦੇ ਰੂਪ ਵਿਚ ਵਖਰੇ-ਵਖਰੇ ਅੰਦਾਜ ਵਿਚ ਸਾਹਮਣੇ ਆਇਆ। ਚੌਥੇ ਕਿਰਦਾਰ(ਦਰਸ਼ਕ) ਲਈ ਮੈਂ ਦੋ ਬੱਚੇ ਤਿਆਰ ਕੀਤੇ-ਅਦਵਿਤਆ ਮੋਹਨ ਅਤੇ ਜਸਬੀਰ ਸਿੰਘ। ਦੋਵਾਂ ਨੇ ਬਾਰੀ ਬਾਰੀ ਵਧੀਆ ਅਦਾਕਾਰੀ ਕੀਤੀ।



ਪਟਿਆਲਾ ਜਾਣ ਤੋਂ ਪਹਿਲਾਂ ਅਸੀਂ ਇਕ ਸ਼ੋਅ ਸਕੂਲ ਦੇ ਵਿਦਿਆਰਥੀਆਂ ਲਈ ਕੀਤਾ। ਸਕੂਲ ਦੇ ਵਿਦਿਆਰਥੀਆਂ ਦਾ ਇਸ ਨਾਟਕ ਪ੍ਰਤੀ ਉਤਸ਼ਾਹ ਬਹੁਤ ਸੀ। ਇਕ ਤਾਂ ਅੰਗਰੇਜੀ ਮਾਧਿਅਮ ਸਕੂਲ ਹੋਣ ਕਰਕੇ ਪੰਜਾਬੀ ਦੇ ਨਾਟਕ ਬਹੁਤ ਹੀ ਘੱਟ ਹੁੰਦੇ ਸਨ। ਦੂਜਾ ਨਾਟਕ ਦਾ ਨਾਂ 'ਉੱਕੜ ਦੁੱਕੜ ਭੰਬਾ ਭੌਂ' ਵੀ ਬੱਚਿਆਂ ਨੂੰ ਦਿਲਚਸਪ ਲੱਗਿਆ। ਤੀਜਾ, ਨਾਟਕ ਦੇ ਕਲਾਕਾਰ ਹੀ ਦੂਜੇ ਵਿਦਿਆਰਥੀਆਂ ਨਾਲ ਨਾਟਕ ਦੀਆਂ ਗੱਲਾਂ ਕਰਦੇ ਰਹਿੰਦੇ।

ਸਾਡੀ ਤਿਆਰੀ ਪੂਰੀ ਸੀ। ਚਾਰੇ ਕਲਾਕਾਰ ਚੜ੍ਹਦੀ ਕਲਾ ਵਿਚ ਸਨ। ਸਕੂਲ ਦੇ ਹੈੱਡ ਅਲੈਕਟਰੀਸ਼ੀਅਨ, ਪਿਲਾ ਰਾਮ ਨੇ ਖਰਾਬ ਪਏ ਡਿਮਰ ਦੇ ਤਿੰਨ ਯੂਨਿਟ ਚਾਲੂ ਕਰਕੇ ਮੇਰੀ ਰੌਸ਼ਨੀ ਦੇ ਕੁਝ ਪ੍ਰਭਾਵ ਦੇਣ ਦੀ ਸਮੱਸਿਆ ਹਲ ਕਰ ਦਿੱਤੀ ਸੀ। ਮੈਂ ਆਪਣੇ ਮਿੱਤਰ ਅਤੇ ਫਜਿਕਸ ਅਧਿਆਪਕ ਆਰ ਸੀ ਸਿੰਘ ਨੂੰ ਲਾਈਟਾਂ ਦੀ ਜਿਮੇਦਾਰੀ ਸੌਂਪ ਦਿੱਤੀ। ਪਿਛੋਕੜ ਸੰਗੀਤ ਦਾ ਮੈਨੂੰ ਬਹੁਤਾ ਗਿਆਨ ਨਹੀਂ ਸੀ, ਇਸ ਲਈ ਮੈਂ ਸਕੂਲ ਦੇ ਸੰਗੀਤ ਅਧਿਆਪਕ ਓ ਪੀ ਵਰਮਾ ਸਾਹਿਬ ਦੀ ਡਿਊਟੀ ਲਾਈ। ਵਰਮਾ ਸਾਹਿਬ ਹਰਮੋਨੀਅਮ ਦੇ ਤਾਂ ਮਾਹਿਰ ਸੀ ਪਰ ਉਹਨਾਂ ਨੂੰ ਵੀ ਨਾਟਕ ਦੇ ਪਿਛੋਕੜ ਸੰਗੀਤ ਸੰਬੰਧੀ ਕੁਝ ਨਹੀਂ ਸੀ ਪਤਾ। ਸੋ ਉਹਨਾਂ ਨੇ ਆਰਕੈਸਟਰਾ ਨਾਲ ਕੰਮ ਸਾਰ ਦਿੱਤਾ। ਸਾਰੇ ਸਕੂਲ ਸਾਹਮਣੇ ਇਹ ਮੇਰਾ ਪਹਿਲਾ ਨਾਟਕ ਸੀ। ਮੈਨੂੰ ਡਰ ਲੱਗ ਰਿਹਾ ਸੀ।

ਮੇਰੇ ਸਾਥੀ ਅਧਿਆਪਕ ਰਵੀ ਨੇ ਮੇਰਾ ਹੌਂਸਲਾ ਵਧਾਇਆ। ਨਾਟਕ ਸ਼ੁਰੂ ਹੋਇਆ। ਪਹਿਲੇ ਦ੍ਰਿਸ਼ ਵਿਚ ਸਰਪੰਚ ਦੇ ਮੁੰਡੇ ਦੁਆਰਾ ਸਤਾਈ ਔਰਤ ਦੇ ਰੂਪ ਵਿਚ ਗੁਰਮੀਤ ਦਾ ਬੋਲਿਆ ਪਹਿਲਾ ਵਾਕ, " ਵੇ ਸਰਪੰਚਾਂ, ਮੈਂ ਲੁੱਟੀ ਗਈ। ਮੈਂ ਕਿਤੇ ਜੋਗੀ ਨਹੀਂ ਰਹੀ।" ਅਤੇ ਉਸ ਦੇ ਪ੍ਰਤੀਕਰਮ ਵਜੋਂ ਸਰਪੰਚ(ਸੂਰਜ ਕਾਲਰਾ) ਉਬੜਵਾਹੇ ਉਠਦਾ ਹੋਇਆ ਕਹਿੰਦਾ ਹੈਂ, " ਕੌਣ ਹੈ ? ਕੀ ਹੋ ਗਿਆ ? ਕੌਣ ਹੈ ਤੂੰ ?" ਨਾਲ ਹੀ ਹਾਲ ਵਿਚ ਸਨਾਟਾ ਛਾ ਜਾਂਦਾ ਹੈ। ਗੁਰਮੀਤ ਅਤੇ ਸੂਰਜ ਬੜੇ ਸਹਿਜ ਨਾਲ ਨਾਟਕ ਨੂੰ ਸਹੀ ਦਿਸ਼ਾ ਵੱਲ ਲੈ ਜਾ ਰਹੇ ਸਨ। ਜਦੋਂ ਨਵਦੀਪ (ਸਰਪੰਚ ਦੇ ਮੁੰਡੇ ਦੇ ਰੂਪ ਵਿਚ) ਆ ਕੇ ਰੁੱਖੇ ਜਿਹੇ ਢੰਗ ਨਾਲ ਗੱਲ ਕਰਦਾ ਹੈ ਤਾਂ ਸਰਪੰਚ ਨੂੰ ਪਤਾ ਲੱਗ ਜਾਂਦਾ ਹੈ ਕਿ ਉਸ ਦੇ ਮੁੰਡੇ ਨੇ ਹੀ ਕੋਈ ਕਾਰਾ ਕੀਤਾ ਹੈ ਅਤੇ ਉਹ ਇਕੋ ਦਮ ਗੱਲ ਕਰਨ ਦਾ ਲਹਿਜਾ ਬਦਲ ਲੈਂਦਾ ਹੈ। ਕਹਿਣ ਤੋਂ ਭਾਵ ਕਿ ਨਾਟਕ ਦੇ ਕਿਰਦਾਰ ਸਥਿਤੀ ਅਨੁਸਾਰ ਬਦਲ ਰਹੇ ਸਨ ਅਤੇ ਉਹ ਆਪਣੇ ਅੰਦਰ ਛੁਪੀ ਪ੍ਰਤਿਭਾ ਨੂੰ ਪੇਸ਼ ਕਰ ਰਹੇ ਸਨ। ਨਾਟਕ ਦੀ ਅਜਿਹੀ ਸ਼ੁਰੂਆਤ ਤੋਂ ਮੈਂ ਦਿਲੋਂ ਖੁਸ਼ ਸੀ। ਦਰਸ਼ਕਾਂ ਵੱਲੋਂ ਹਾਂ-ਪੱਖੀ ਹੁੰਗਾਰਾ ਮਿਲ ਰਿਹਾ ਸੀ। ਨਾਟਕ ਸਹੀ ਦਿਸ਼ਾ ਵੱਲ ਜਾ ਰਿਹਾ ਸੀ। ਇਹਨਾਂ ਤਿੰਨੋ ਪਾਤਰਾਂ ਨੇ ਨਾਟਕ ਨੂੰ ਸਫਲਤਾ ਬਖਸ਼ੀ।

ਅਖੀਰਲੇ ਦ੍ਰਿਸ਼ ਵਿਚ ਪਾਤਰ 'ਦਰਸ਼ਕ' ਨੂੰ ਮੈਂ ਦਰਸ਼ਕਾਂ ਵਿਚ ਹੀ ਬਿਠਾਇਆ ਹੋਇਆ ਸੀ। ਜਦ ਉਹ ਆਪਣੀ ਸੀਟ ਤੋਂ ਉਠ ਕੇ ਮੰਚ ਵੱਲ ਜਾਂਦਾ ਹੈ ਤਾਂ ਦਰਸ਼ਕ ਹੈਰਾਨ ਹੁੰਦੇ ਹਨ। ਨਾਟਕ ਦੀ ਕਹਾਣੀ ਅਨੁਸਾਰ ਦਰਸ਼ਕਾਂ ਵਿਚੋਂ ਇਕ ਦਰਸ਼ਕ ਨੂੰ ਇਸ ਲਈ ਬੁਲਾਇਆ ਜਾਂਦਾ ਹੈ ਕਿ ਸਾਡੇ ਆਲੇ-ਦੁਆਲੇ ਜੋ ਵੀ ਗਲਤ ਹੋ ਰਿਹਾ ਹੈ, ਉਸਦਾ ਅਸਲੀ ਜਿਮੇਦਾਰ ਕੌਣ ਹੈ। ਇਕ ਪਾਤਰ ਕਹਿੰਦਾ ਹੈ ਕਿ ਉੱਕੜ ਦੁੱਕੜ--ਕਰ ਕੇ ਦੇਖ ਲੈਂਦੇ ਹਾਂ। ਜਿਸ ਤੇ 'ਖੋਟੇ' ਦਾ ਇਸ਼ਾਰਾ ਆ ਗਿਆ, ਉਹੀ ਜਿਮੇਦਾਰ ਮੰਨਿਆ ਜਾਵੇ ਗਾ। ਸਰਪੰਚ, ਅਧਿਆਪਕਾ ਅਤੇ ਡਾਕਟਰ "ਉੱਕੜ ਦੁੱਕੜ--ਵਾਲੀ ਮੁਹਾਰਨੀ ਇਸ ਤਰਾਂ ਬੋਲਦੇ ਹਨ ਕਿ ਆਈ ਵਾਰ 'ਖੋਟਾ' ਸ਼ਬਦ ਦਰਸ਼ਕ ਤੇ ਹੀ ਆਉਂਦਾ ਹੈ। ਇਥੇ ਹੀ ਨਾਟਕ ਖਤਮ ਹੋ ਜਾਂਦਾ ਹੈ। ਇਸ ਰਾਹੀਂ ਇਹ ਦਰਸਾਉਣ ਦਾ ਯਤਨ ਕੀਤਾ ਗਿਆ ਕਿ ਰਾਜਸੀ ਪੱਧਰ, ਸਰਕਾਰੀ ਕਰਮਚਾਰੀਆਂ ਅਤੇ ਵੱਡੇ ਰੁਤਬਿਆਂ ਤੱਕ ਜੋ ਰਿਸ਼ਵਤਖੋਰੀ ਦਾ ਮਾਹੌਲ ਹੈ, ਉਸਦੀ ਅਸਲੀ ਦੋਸ਼ੀ ਆਮ ਜਨਤਾ ਹੀ ਹੈ, ਜੋ ਅਜਿਹੇ ਵਤੀਰੇ ਵਿਰੁੱਧ ਅਵਾਜ ਨਹੀਂ ਉਠਾਉਂਦੀ। ਸਾਰੇ ਨਾਟਕ ਵਿਚ ਹੀ ਸਾਡੇ ਦੇਸ਼ ਵਿਚ ਫੈਲੇ ਬੇਈਮਾਨੀ ਅਤੇ ਰਿਸ਼ਵਤਖੋਰੀ ਦੇ ਹਾਲਾਤ ਨੂੰ ਉਜਾਗਰ ਕੀਤਾ ਗਿਆ ਸੀ।

ਜਦੋਂ ਮੈਂ ਸਾਰੇ ਪਾਤਰਾਂ ਦੀ ਜਾਣ ਪਹਿਚਾਣ ਕਰਵਾਈ ਤਾਂ ਸਕੂਲ ਦੇ ਵਿਦਿਆਰਥੀਆਂ ਅਤੇ ਅਧਿਆਪਕ ਸਹਿਬਾਨ ਵੱਲੋਂ ਸਾਰਾ ਆਡੀਟੋਰੀਅਮ ਤਾੜੀਆਂ ਨਾਲ ਗੂੰਜ ਰਿਹਾ ਸੀ। ਮੁੱਖ ਅਧਿਆਪਕ ਗਰੁੱਪ ਕੈਪਟਨ ਏ ਜੀ ਐਸ ਗਰੇਵਾਲ ਵੱਲੋਂ ਪੂਰੀ ਟੀਮ ਦੀ ਬਹੁਤ ਤਾਰੀਫ ਕੀਤੀ ਗਈ ਅਤੇ ਅਗਲੇ ਦਿਨ ਦੇ ਨਾਟਕ ਮੁਕਾਬਲੇ ਲਈ ਸ਼ੁਭ ਇਛਾਵਾਂ ਦਿੱਤੀਆਂ।

ਅਗਲੇ ਦਿਨ ਸਾਰੇ ਕਲਾਕਾਰਾਂ ਨੇ ਨਵੇਂ ਜੋਸ਼ ਨਾਲ ਨਾਟਕ ਦੀ ਪੇਸ਼ਕਾਰੀ ਕੀਤੀ। ਮੈਨੂੰ ਯਾਦ ਹੈ ਕਿ ਮੁਕਾਬਲੇ ਵਿਚ ਛੇ ਜਾਂ ਸੱਤ ਟੀਮਾਂ ਸਨ। ਕੁਝ ਸਕੂਲਾਂ ਨੇ ਪੇਸ਼ੇਵਰ ਪੱਧਰ ਦੇ ਨਿਰਦੇਸਕਾਂ ਤੋਂ ਨਾਟਕ ਤਿਆਰ ਕਰਵਾਏ ਸਨ। ਪਰ ਨਤੀਜੇ ਨੇ ਪਾਰੀ ਪਲਟ ਦਿੱਤੀ। ਸਾਡੇ ਨਾਟਕ ਨੂੰ ਮੁਕਾਬਲੇ ਦਾ ਵਧੀਆ ਨਾਟਕ ਹੀ ਨਾ ਚੁਣਿਆ ਗਿਆ, ਸਗੋਂ ਵਧੀਆ ਅਦਾਕਾਰਾ, ਵਧੀਆ ਨਿਰਦੇਸਕ, ਅਤੇ ਮੇਕਅੱਪ ਲਈ ਦੂਜਾ ਸਥਾਨ ਮਿਲਿਆ। ਅਖਬਾਰਾਂ ਵਿਚ ਨਾਟਕ ਦੀ ਬਹੁਤ ਚਰਚਾ ਹੋਈ। ਪੰਜਾਬੀ ਦੇ ਪ੍ਰਸਿੱਧ ਨਾਟਕਕਾਰ ਸਰਦਾਰ ਕਪੂਰ ਸਿੰਘ ਘੁਮੰਨ ਨੇ ਲਿਖਿਆ, " ਨਾਟਕ ਉੱਕੜ ਦੁੱਕੜ ਭੰਬਾ ਭੌ ਦੀ ਖਾਸੀਅਤ ਇਸ ਦੀ ਸਕ੍ਰਿਪਟ ਹੈ। ਇਹ ਨਾਟਕ ਆਪਣੀ ਤਕਨੀਕ ਆਪ ਹੀ ਲੈ ਕੇ ਪੈਦਾ ਹੋਇਆ ਹੈ। ਦਰਸ਼ਕ ਆਪਣੇ ਆਪ ਤੇ ਹੀ ਹੱਸਣ ਲਈ ਮਜਬੂਰ ਹੁੰਦੇ ਹਨ।" ਡਾਕਟਰ ਕੁਲਦੀਪ ਸਿੰਘ ਧੀਰ ਨੇ 1981 ਦੇ ਨਾਟਕਾਂ ਦਾ ਲੇਖਾ-ਜੋਖਾ ਕਰਦੇ ਹੋਏ ਇਸ ਨਾਟਕ ਨੂੰ ਸਾਲ ਦਾ ਸਭ ਤੋਂ ਵਧੀਆ ਨਾਟਕ ਮੰਨਿਆ ਸੀ। ਵਿਦਵਾਨਾਂ ਦੀਆਂ ਅਜਿਹੀਆਂ ਉਸਾਰੀ ਟਿਪਣੀਆਂ ਤੋਂ ਮੈਨੂੰ ਜਿਥੇ ਹੋਰ ਨਾਟਕ ਲਿਖਣ ਦੀ ਪ੍ਰੇਰਣਾ ਮਿਲੀ, ਉਥੇ ਹੀ ਵਿਦਿਆਰਥੀਆਂ ਨਾਲ ਹੋਰ ਰੰਗ-ਮੰਚ ਕਰਨ ਲਈ ਵੀ ਉਤਸ਼ਾਹ ਮਿਲਿਆ।

ਇਹ ਨਾਟਕ ਨੂੰ ਪੰਜਾਬ ਪਬਲਿਕ ਸਕੂਲ ਦੀ ਐਗਜੈਕਟਿਵ ਕਮੇਟੀ ਨੂੰ ਵੀ ਵਿਸ਼ੇਸ਼ ਤੌਰ ਤੇ ਦਿਖਾਇਆ ਗਿਆ। ਕਮੇਟੀ ਦੇ ਉਸ ਸਮੇਂ ਦੇ ਚੇਅਰਮੈਨ ਮੇਜਰ ਜਨਰਲ ਰਾਜਿੰਦਰਾ ਨਾਥ, ਜੇ ਓ ਸੀ, ਪੰਜਾਬ, ਹਰਿਆਣਾ ਹਿਮਾਚਲ ਪ੍ਰਦੇਸ਼ ਇਸ ਨਾਟਕ ਤੋਂ ਐਨੇ ਖੁਸ਼ ਹੋਏ ਕਿ ਉਹਨਾਂ ਨੇ ਸਟੇਜ ਤੇ ਆ ਕੇ ਕਲਾਕਾਰਾਂ ਦੀ ਰਸਮੀ ਪ੍ਰਸੰਸਾ ਹੀ ਨਹੀਂ ਕੀਤੀ ਬਲਕਿ ਉਸ ਸਾਲ ਦੇ ਹੋਣ ਵਾਲੇ ਸਕੂਲ ਫਾਊਂਡਰ ਡੇ(ਸਲਾਨਾ ਸਮਾਗਮ) ਤੇ ਸਾਰੀ ਟੀਮ ਨੂੰ ਵਿਸ਼ੇਸ਼ ਸਨਮਾਨ ਕਰਨ ਦਾ ਐਲਾਨ ਵੀ ਕੀਤਾ।

ਇਥੇ ਮੈਂ ਇਹ ਲਿਖਣ ਵਿਚ ਫਖਰ ਮਹਿਸੂਸ ਕਰਦਾ ਹਾਂ ਕਿ ਇਸ ਨਾਟਕ ਵਿਚ ਭਾਗ ਲੈਣ ਵਾਲੇ ਚਾਰੇ ਵਿਦਿਆਰਥੀ ਵਧੀਆ ਕਲਾਕਾਰ ਹੀ ਨਹੀਂ ਸਗੋਂ ਮਿਹਨਤ ਕਰਕੇ ਆਪਣੀ ਜਿੰਦਗੀ ਵਿਚ ਉੱਚੇ ਮੁਕਾਮ ਤੱਕ ਪਹੁੰਚੇ। ਨਵਦੀਪ ਸਿੰਘ ਬ੍ਰਗੇਡੀਅਰ ਦੇ ਅਹੁਦੇ ਤੱਕ ਪਹੁੰਚਿਆ, ਗੁਰਮੀਤ ਅੰਗਰੇਜੀ ਦੀ ਲੈਕਚਰਾਰ ਹੈ, ਸੂਰਜ ਕਾਲਰਾ, ਐਮ ਬੀ ਏ ਕਰਕੇ ਅਹਿਮ ਜਿਮੇਦਾਰੀ ਨਿਭਾ ਰਿਹਾ ਹੈ, ਅਦਵਿਤਿਆ ਮੋਹਨ ਵੀ ਐਨ ਡੀ ਏ ਕਰਕੇ ਮਿਲਟਰੀ ਦੇ ਉੱਚ ਅਹੁਦੇ ਤੱਕ ਪਹੁੰਚਿਆ। ਇਸ ਆਰਟੀਕਲ ਲਈ ਗੁਰਮੀਤ ਕੌਰ ਵੱਲੋਂ ਚਾਲੀ ਸਾਲ ਤੋਂ ਸਾਂਭੀਆਂ ਫੋਟੋਆਂ ਕੰਮ ਆਈਆਂ। ਇਸ ਨਾਟਕ ਤੋਂ ਬਾਅਦ ਵੀ ਮੈਂ ਆਪਣੇ ਵਿਦਿਆਰਥੀਆਂ ਨਾਲ ਹੋਰ ਕਈ ਨਾਟਕ ਖੇਡੇ ਜਿਸ ਕਰਕੇ ਮੈਨੂੰ ਬੱਚਿਆਂ ਦੇ ਮਨੋਵਿਗਿਆਨ ਨੂੰ ਸਮਝਣ ਵਿਚ ਬਹੁਤ ਸਹਾਇਤਾ ਮਿਲੀ ਅਤੇ ਮੈਂ ਬਤੌਰ ਅਧਿਆਪਕ ਆਪਣੇ ਫਰਜ ਠੀਕ ਤਰਾਂ ਨਿਭਾ ਸਕਿਆ।

# ਭੈਣਾਂ ਵਰਗਾ ਸਾਕ ਨਾ ਕੋਈ...

**ਰੱਖੜੀ 'ਤੇ ਵਿਸ਼ੇਸ਼**

ਗਲੋਬਲੀ ਦੌਰ ਵਿਚ ਪੰਜਾਬੀ ਸੱਭਿਆਚਾਰ ਦੇ ਰਸਮਾਂ-ਰਿਵਾਜਾਂ ਦੇ ਨਾਲ-ਨਾਲ ਪੰਜਾਬੀ ਲੋਕਾਂ ਦੇ ਰਿਸ਼ਤਾ-ਨਾਤਾ ਪ੍ਰਬੰਧ ਵਿਚ ਵੀ ਵੱਡੀਆਂ ਤ੍ਰੇੜਾਂ, ਤਿੜਕਣਾਂ ਪੈਦਾ ਹੋ ਰਹੀਆਂ ਹਨ। ਪੰਜਾਬੀਆਂ ਵਿਚ ਮੋਹ, ਪਿਆਰ ਤੇ ਇੱਜ਼ਤ-ਵਿਸ਼ਵਾਸ ਦੇ ਰਿਸ਼ਤੇ ਪਦਾਰਥਵਾਦੀ ਰਿਸ਼ਤਿਆਂ ਵਿਚ ਬਦਲ ਰਹੇ ਹਨ। ਪਰਿਵਾਰਕ ਰਿਸ਼ਤਿਆਂ ਵਿਚ ਪੈਦਾ ਹੋਏ ਸਵਾਰਥਾਂ ਨੇ ਪੰਜਾਬੀ ਸੱਭਿਆਚਾਰ ਦੀ ਰਿਸ਼ਤਾ-ਨਾਤਾ ਪ੍ਰਣਾਲੀ ਨੂੰ ਖੇਰੂੰ-ਖੇਰੂੰ ਕਰ ਦਿੱਤਾ ਹੈ। ਪਦਾਰਥਕ ਸੁੱਖਾਂ ਦੀ ਪ੍ਰਾਪਤੀ ਲਈ ਭਰਾ ਭਰਾ ਨੂੰ ਕਤਲ ਕਰ ਰਿਹਾ ਹੈ। ਪੁੱਤ, ਪਿਉ ਨੂੰ ਕਤਲ ਕਰ ਰਿਹਾ ਹੈ। ਧੀਆਂ-ਭੈਣਾਂ ਨਾਲ ਜਬਰ ਜਨਾਹ ਕੀਤੇ ਜਾ ਰਹੇ ਹਨ। ਪੰਜਾਬੀ ਸੱਭਿਆਚਾਰ ਦੀ ਕੇਂਦਰੀ ਕਦਰ ਪ੍ਰਣਾਲੀ 'ਕਿਰਤ ਕਰੋ, ਵੰਡ ਛਕੋ' ਵੀ ਪੰਜਾਬੀ ਜੀਵਨ ਵਿਚੋਂ ਮਨਫ਼ੀ ਹੋ ਗਈ ਹੈ। ਕਿਸੇ ਵੀ ਜਾਇਜ਼/ਨਾਜਾਇਜ਼ ਤਰੀਕੇ ਨਾਲ ਪਦਾਰਥ ਇਕੱਠੇ ਕੀਤੇ ਜਾ ਰਹੇ ਹਨ। ਸਾਂਝੇ ਪਰਿਵਾਰ ਦੀ ਥਾਂ ਇਕਹਿਰੇ ਪਰਿਵਾਰ ਹੋਂਦ ਵਿਚ ਆ ਰਹੇ ਹਨ, ਜਿਨ੍ਹਾਂ ਵਿਚ ਬਜ਼ੁਰਗਾਂ ਦੀ ਹਾਲਤ ਬਹੁਤ ਤਰਸਯੋਗ ਹੋ ਗਈ ਹੈ। ਮਾਪਿਆਂ ਦਾ ਸਨਮਾਨ ਖ਼ਤਮ ਹੋ ਗਿਆ, ਬੱਚੇ ਆਪਹੁਦਰੇ ਹੋਣ ਲੱਗੇ ਹਨ। ਸਾਰੇ ਨਿੱਘ ਤੇ ਮਿਠਾਸ ਵਾਲੇ ਰਿਸ਼ਤਿਆਂ ਦਾ ਬਦਲ 'ਅੰਕਲ ਆਂਟੀ' ਆ ਗਿਆ।

ਰਿਸ਼ਤਾ-ਨਾਤਾ ਪ੍ਰਬੰਧ ਵਿਚ ਭੈਣ ਤੇ ਭਰਾ ਦਾ ਪਿਆਰ ਅਸੀਮਤ ਹੁੰਦਾ ਹੈ। ਇਸ ਪਿਆਰ ਨੂੰ ਸ਼ਬਦਾਂ ਵਿਚ ਬਿਆਨ ਕਰਨਾ ਮੁਸ਼ਕਿਲ ਹੀ ਨਹੀਂ ਸਗੋਂ ਅਤਿ ਕਠਿਨ ਵੀ ਹੈ। ਭੈਣ-ਭਰਾ ਦੇ ਰਿਸ਼ਤੇ ਨੂੰ ਦੁਨੀਆ ਦੇ ਹਰੇਕ ਕੋਨੇ ਵਿਚ ਬੜੀ ਮਹੱਤਤਾ ਦਿੱਤੀ ਜਾਂਦੀ ਹੈ। ਭੈਣ-ਭਰਾ ਦੇ ਇਸ ਰਿਸ਼ਤੇ ਦੀ ਮਹੱਤਤਾ ਨੂੰ ਦਰਸਾਉਣ ਲਈ ਇਸ ਨੂੰ ਇਕ ਤਿਉਹਾਰ ਦਾ ਨਾਂਅ ਦਿੱਤਾ ਗਿਆ ਹੈ, ਜਿਸ ਨੂੰ ਪੰਜਾਬੀ ਭਾਸ਼ਾ ਵਿਚ ਰੱਖੜੀ ਦਾ ਤਿਉਹਾਰ ਅਤੇ ਹਿੰਦੀ ਭਾਸ਼ਾ ਵਿਚ ਰਕਸ਼ਾ ਬੰਧਨ ਕਿਹਾ ਜਾਂਦਾ ਹੈ।

ਰੱਖੜੀ ਦਾ ਤਿਉਹਾਰ ਉੱਤਰੀ, ਪੱਛਮੀ ਤੇ ਕੇਂਦਰੀ ਭਾਰਤ ਅਤੇ ਨਿਪਾਲ ਦਾ ਪ੍ਰਮੁੱਖ ਤਿਉਹਾਰ ਹੈ। ਇਹ ਤਿਉਹਾਰ ਸਾਉਣ ਮਹੀਨੇ ਦੇ ਆਖ਼ਰੀ ਦਿਨ ਪੁੰਨਿਆਂ ਜਾਂ ਪੂਰਨਮਾਸ਼ੀ ਨੂੰ ਮਨਾਇਆ ਜਾਂਦਾ ਹੈ। ਇਹ ਤਿਉਹਾਰ ਅੰਗਰੇਜ਼ੀ ਕੈਲੰਡਰ ਦੇ ਅਗਸਤ ਮਹੀਨੇ ਵਿਚ ਆਉਂਦਾ ਹੈ। ਰੱਖੜੀ ਸ਼ਬਦ ਦੋ ਸ਼ਬਦਾਂ ਦੇ ਮੇਲ ਨਾਲ ਬਣਦਾ ਹੈ, ਰੱਖ-ੜੀ। ਰੱਖ ਤੋਂ ਭਾਵ ਹੈ-ਸੁਰੱਖਿਆ ਜਾਂ ਮਹਿਫੂਜ਼ ਅਤੇ ੜੀ ਤੋਂ ਭਾਵ ਹੈ-ਕਰਨ। ਰੱਖਣ ਵਾਲਾ ਜਾਂ ਵਾਲੀ। ਇਸ ਤਰ੍ਹਾਂ ਰੱਖੜੀ ਸ਼ਬਦ ਦਾ ਅਰਥ ਬਣਦਾ ਹੈ ਸੁਰੱਖਿਆ ਕਰਨ ਵਾਲੀ ਜਾਂ ਮਹਿਫੂਜ਼ ਰੱਖਣ ਵਾਲੀ। ਵੀਰ ਭੈਣਾਂ ਦੀ ਰੱਖਿਆ ਕਰਨ ਜਾਂ ਕਹਿ ਲਓ ਰੱਖੜੀ ਬੰਨ੍ਹਾਂ ਕੇ ਵੀਰ ਭੈਣਾਂ ਦੀ ਕਿਸੇ ਔਕੜ ਸਮੇਂ ਰੱਖਿਆ ਕਰਨ ਜਾਂ ਕੰਮ ਆਉਣ ਲਈ ਬਚਨਬੱਧ ਹੋ ਜਾਂਦੇ ਹਨ। ਇਹ ਵੀ ਧਾਰਨਾ ਹੈ ਕਿ ਭੈਣਾਂ ਇਸ ਮੌਕੇ ਭਰਾਵਾਂ ਦੀ ਸੁੱਖ ਮੰਗਦੀਆਂ ਉਨ੍ਹਾਂ ਦੀ ਲੰਮੀ ਉਮਰ ਦੀ ਕਾਮਨਾ ਕਰਦੀਆਂ ਨੇ ਤੇ ਭਰਾਵਾਂ ਦੀ ਉਮਰ ਦਰਾਜ ਹੋ ਜਾਂਦੀ ਹੈ। ਭੈਣ ਭਰਾਵਾਂ ਦਾ ਇਕ ਦੂਜੇ ਨੂੰ ਮਿਲਣ ਦਾ ਸਬੱਬ ਬਣ ਜਾਂਦਾ ਹੈ ਇਹ ਤਿਉਹਾਰ।



ਹਰੇਕ ਤਿਉਹਾਰ ਦੇ ਪਿੱਛੇ ਕੋਈ ਨਾ ਕੋਈ ਇਤਿਹਾਸਕ ਘਟਨਾ ਜ਼ਰੂਰ ਹੁੰਦੀ ਹੈ। ਰੱਖੜੀ ਦੇ ਤਿਉਹਾਰ ਨਾਲ ਮੇਵਾੜ ਦੀ ਰਾਣੀ ਕਰਮਵਤੀ ਦੀ ਕਹਾਣੀ ਜੁੜੀ ਹੋਈ ਹੈ। ਕਰਮਵਤੀ ਨੇ ਬਹਾਦਰ ਸ਼ਾਹ ਦੇ ਹਮਲੇ ਤੋਂ ਬਚਣ ਲਈ ਮੁਗ਼ਲ ਬਾਦਸ਼ਾਹ ਹਮਾਯੂੰ ਨੂੰ ਆਪਣੀ ਤੇ ਆਪਣੇ ਰਾਜ ਦੀ ਸੁਰੱਖਿਆ ਲਈ ਰੱਖੜੀ ਭੇਜੀ ਸੀ। ਹਮਾਯੂੰ ਨੇ ਮੁਸਲਮਾਨ ਹੁੰਦਿਆਂ ਹੋਇਆਂ ਵੀ ਉਸ ਰੱਖੜੀ ਦੀ ਲਾਜ ਰੱਖੀ। ਮੁਗ਼ਲ ਬਾਦਸ਼ਾਹ ਹਮਾਯੂੰ ਨੇ ਬਹਾਦਰ ਸ਼ਾਹ ਵਿਰੁੱਧ ਯੁੱਧ ਕਰ ਕੇ ਰਾਣੀ ਕਰਮਵਤੀ ਅਤੇ ਉਸ ਦੇ ਰਾਜ ਦੀ ਰੱਖਿਆ ਕੀਤੀ ਸੀ। ਮਹਾਂਭਾਰਤ ਵਿਚ ਵੀ ਰੱਖੜੀ ਦਾ ਜ਼ਿਕਰ ਆਉਂਦਾ ਹੈ। ਅੱਜ ਦੇ ਯੁੱਗ ਵਿਚ ਕਹਿ ਲਓ, ਭੈਣ-ਭਰਾ ਦਾ ਪਾਕਿ ਪਵਿੱਤਰ ਰਿਸ਼ਤਾ ਵੀ ਤਿੜਕ ਗਿਆ ਹੈ। ਭੈਣ-ਭਰਾ ਇਕ ਮਾਂ-ਪਿਓ ਦੇ ਜਾਏ ਹੁੰਦੇ ਹਨ। ਇਨ੍ਹਾਂ ਦੀ ਮੁਢਲੀ ਮਾਨਸਿਕਤਾ, ਸਮਾਜਿਕਤਾ, ਆਰਥਿਕਤਾ ਆਦਿ ਦਾ ਆਧਾਰ ਇਕੋ ਹੁੰਦਾ ਹੈ। ਭੈਣ-ਭਰਾ ਦੇ ਪਿਆਰ ਦਾ ਜਨਮ, ਭੈਣ-ਭਰਾ ਦੇ ਜਨਮ ਤੋਂ ਹੀ ਆਰੰਭ ਹੋ ਜਾਂਦਾ ਹੈ। ਭੈਣ ਮਨ ਹੀ ਮਨ ਵਿਚ ਰੱਬ ਪਾਸ ਅਰਜੋਈਆਂ ਕਰਦੀ ਹੋਈ ਆਪਣੀ ਦਿਲੀ ਲੋਚਾ ਦਾ ਪ੍ਰਗਟਾਵਾ ਇਸ ਤਰ੍ਹਾਂ ਕਰਦੀ ਹੈ -

'ਵੀਰਾਂ ਵਾਲੀਆਂ ਦੇ ਨਖ਼ਰੇ ਬਥੇਰੇ,
ਇਕੱਲਿਆਂ ਦੀ ਪੁੱਛ ਕੋਈ ਨਾ।'



ਕਈ ਤਿੱਥਾਂ ਤਿਉਹਾਰਾਂ 'ਤੇ ਭੈਣਾਂ ਆਪਣੇ ਵੀਰ ਪਾਸੋਂ ਮਾਣ-ਤਾਣ ਨਾਲ ਵੀ ਮੋਹ ਦੀਕਸ਼ਾ ਮੰਗ ਲੈਂਦੀਆਂ ਹਨ। ਆਧੁਨਿਕ ਸਮੇਂ ਵਿਚ ਤਬਦੀਲੀਆਂ ਪਦਾਰਥਕ ਰੁਚੀਆਂ ਦੇ ਪ੍ਰਭਾਵ ਅਧੀਨ ਭੈਣ-ਭਰਾ ਦੇ ਆਪਸੀ ਪਿਆਰ ਤੇ ਕੁਝ ਤ੍ਰੇੜਾਂ ਸੌੜੇ ਹਿਤ ਦੀ ਭਾਵਨਾ ਸਦਕਾ ਪਸਰ ਰਹੀਆਂ ਹਨ। ਇਸ ਕਰਕੇ ਲੋਕ ਮਾਨਸਿਕਤਾ ਵਿਚੋਂ ਇਹ ਬੋਲ ਭੈਣ ਦੀ ਤਹਿ ਦਿਲੋਂ ਆਵਾਜ਼ ਬਣ ਕੇ ਨਿਕਲੇ ਹਨ ਕਿ -

ਭੈਣਾਂ ਵਰਗਾ ਸਾਕ ਨਾ ਕੋਈ,
ਟੁੱਟ ਕੇ ਨਾ ਬਹਿ ਜੀਂ ਵੀਰਨਾ।

ਭੈਣ ਨੂੰ ਵੀਰ 'ਤੇ ਮਾਣ ਹੁੰਦਾ ਹੈ ਤਾਂ ਵੀਰ ਵੀ ਭੈਣ ਨੂੰ ਤੱਤੀ ਵਾਅ ਨਹੀਂ ਲੱਗਣ ਦਿੰਦਾ। ਵੀਰ ਹਰ ਤਿਉਹਾਰ 'ਤੇ ਸਹੁਰੇ ਵਸਦੀ ਭੈਣ ਨੂੰ ਸੰਧਾਰਾ ਦੇ ਕੇ ਆਉਂਦਾ ਹੈ। ਉਹ ਵੀਰ ਦੀ ਹਰ ਖ਼ੁਸ਼ੀ 'ਚ ਵਾਰੇ ਵਾਰੇ ਜਾਂਦੀ ਹੈ। ਭੈਣ ਭਰਾ ਦਾ ਰਿਸ਼ਤਾ ਵਧੇਰੇ ਪਾਕਿ ਅਤੇ ਨਜ਼ਦੀਕੀ ਵਾਲਾ ਹੁੰਦਾ ਹੈ। ਇਹ ਤਾਂ ਭੈਣ ਭਰਾ ਦੀ ਸਾਂਝ ਤੇ ਸਨੇਹ ਦਾ ਪਿਆਰਾ ਤਿਉਹਾਰ ਹੈ। ਇਸ ਰੱਖੜੀ ਦੀ ਕਦਰ ਕੀਮਤ ਉਨ੍ਹਾਂ ਭੈਣਾਂ ਨੂੰ ਪੁੱਛ ਕੇ ਵੇਖੋ ਜਿਨ੍ਹਾਂ ਨੂੰ ਰੱਬ ਨੇ ਵੀਰ ਦਿੱਤਾ ਹੀ ਨਾ ਹੋਵੇ ਤੇ ਉਹ ਰੱਬ ਨੂੰ ਵਾਰ ਵਾਰ ਬੇਨਤੀਆਂ ਕਰਦੀਆਂ ਰਹੀਆਂ...

ਇਕ ਵੀਰ ਦੇਈਂ ਵੇ ਰੱਬਾ,
ਸਹੁੰ ਖਾਣ ਨੂੰ ਬੜਾ ਈ ਚਿੱਤ ਕਰਦਾ।

ਪਿਛਲੇ ਸਮੇਂ ਰੱਖੜੀ ਦਾ ਮੁੱਲ ਮੋਹ ਪਿਆਰ ਨਾਲ ਪੈਂਦਾ ਸੀ। ਬੇਸ਼ੱਕ ਅੱਜ ਵੀ ਅਜਿਹੇ ਭਰਾ ਹਨ ਜੋ ਭੈਣਾਂ ਨੂੰ ਮਾਪੇ ਯਾਦ ਨਹੀਂ ਆਉਣ ਦੇਂਦੇ ਤੇ ਉਨ੍ਹਾਂ ਦੇ ਸਾਰੀ ਉਮਰ ਦੇ ਮਾਪੇ ਬਣ ਕੇ ਰਹਿੰਦੇ ਨੇ ਤੇ ਅਜਿਹੀਆਂ ਭੈਣਾਂ ਵੀ ਨੇ ਜੋ ਭਰਾਵਾਂ ਨੂੰ ਮਾਪਿਆਂ ਵਾਂਗ ਤੇ ਪੁੱਤਾਂ ਵਾਂਗ ਸਤਿਕਾਰਦੀਆਂ ਤੇ ਪਿਆਰਦੀਆਂ ਨੇ ਪਰ ਅਜਿਹੇ ਜਿਉੜੇ ਹੁਣ ਬਹੁਤ ਘੱਟ ਹਨ।

ਪਿਆਰ ਦੀ ਪ੍ਰਤੀਕ ਇਸ ਰੱਖੜੀ ਨੂੰ ਬੰਨ੍ਹਣ ਦਾ ਮਨੋਰਥ ਤਾਂ ਹੀ ਪੂਰਾ ਹੋ ਸਕਦਾ ਹੈ ਜੇ ਦੋਵੇਂ ਧਿਰਾਂ ਇਕ ਦੂਜੇ ਨੂੰ ਪਿਆਰ ਸਤਿਕਾਰ ਦੇਣ ਨਹੀਂ ਤਾਂ ਮਹਿੰਗੀਆਂ ਤੇ ਖ਼ੂਬਸੂਰਤ ਰੱਖੜੀਆਂ ਦਾ ਕੋਈ ਮਹੱਤਵ ਨਹੀਂ। ਬੇਸ਼ੱਕ ਅੱਜ ਰਿਸ਼ਤਿਆਂ ਵਿਚ ਪਹਿਲਾਂ ਵਾਲਾ ਨਿੱਘ ਤੇ ਨੇੜਤਾ ਨਹੀਂ ਰਹੀ ਪਰ ਅਜੇ ਵੀ ਕੁਝ ਲੋਕ ਮੋਹ ਭਰੇ ਦਿਲ ਰੱਖਦੇ ਹਨ।

ਡਾ. ਚਰਨਜੀਤ ਕੌਰ

# ਮਜ਼ਦੂਰਾਂ ਦੀ ਕਰਜ਼ਾ ਮੁਆਫ਼ੀ

ਪੰਜਾਬ ਸਰਕਾਰ ਨੇ ਖੇਤ ਮਜ਼ਦੂਰਾਂ ਤੇ ਭੂਮੀਹੀਣਾਂ ਦਾ ਸਹਿਕਾਰੀ ਸਭਾਵਾਂ ਤੋਂ ਲਿਆ ਕਰਜ਼ਾ ਮੁਆਫ ਕਰਨ ਦਾ ਫੈਸਲਾ ਕੀਤਾ ਹੈ। ਫੈਸਲੇ ਨਾਲ 2 ਲੱਖ 85 ਹਜ਼ਾਰ ਤੋਂ ਵੱਧ ਮਜ਼ਦੂਰਾਂ ਨੂੰ 590 ਕਰੋੜ ਰੁਪਏ ਦੀ ਰਾਹਤ ਮਿਲਣ ਦਾ ਅਨੁਮਾਨ ਹੈ। ਇਸ ਐਲਾਨ ਅਨੁਸਾਰ ਸਬੰਧਿਤ ਮਜਦੂਰ ਪਰਿਵਾਰ ਦਾ 20,000 ਰੁਪਏ ਦਾ ਕਰਜਾ ਮੁਆਫ ਕੀਤਾ ਜਾਵੇਗਾ। ਇਸ ਸਬੰਧੀ 20 ਅਗਸਤ ਨੂੰ ਸੂਬਾ ਪੱਧਰ ਦਾ ਸਮਾਗਮ ਕੀਤਾ ਜਾਵੇਗਾ। ਮੰਤਰੀ ਮੰਡਲ ਨੇ ਕਰਜ਼ਾ ਮੁਆਫੀ ਦਾ ਸਿਧਾਂਤਕ ਫੈਸਲਾ ਮਾਰਚ 2019 ਵਿਚ ਕਰਕੇ ਅਤੇ 6 ਮਾਰਚ 2019 ਨੂੰ ਮੁਆਫੀ ਸਬੰਧੀ ਸਕੀਮ ਦਾ ਨੋਟੀਫਕਿਸ਼ਨ ਜਾਰੀ ਕੀਤਾ। ਕਾਂਗਰਸ ਨੇ ਕਿਸਾਨਾਂ ਦਾ ਸਮੁੱਚਾ ਕਰਜ਼ਾ ਮੁਆਫ ਕਰਨ ਦਾ ਵੀ ਐਲਾਨ ਕੀਤਾ ਸੀ। ਸਰਕਾਰ ਦੇ ਤੱਥਾਂ ਅਨੁਸਾਰ 31 ਮਾਰਚ 2017 ਤੱਕ ਸੂਬੇ ਦੇ ਕਿਸਾਨਾਂ ਸਿਰ 73770 ਕਰੋੜ ਰੁਪਏ ਸੰਸਥਾਗਤ ਕਰਜ਼ਾ ਸੀ। ਵਿੱਤੀ ਮੁਸ਼ਕਿਲਾਂ ਕਾਰਨ ਸਰਕਾਰ ਲਈ ਕਰਜ਼ਾ ਮੁਆਫ਼ੀ ਮੁਸ਼ਕਿਲ ਹੋ ਗਈ। ਸਰਕਾਰ ਨੇ ਮਾਰਕਿਟ ਫੀਸ ਅਤੇ ਦਿਹਾਤੀ ਵਿਕਾਸ ਫੰਡ ਦੋਹਾਂ ਨੂੰ ਇਕ ਫੀਸਦੀ ਵਧਾ ਦਿੱਤਾ। ਇਸ ਦੇ ਅਧਾਰ ਉੱਤੇ ਕਰੀਬ 9500 ਕਰੋੜ ਰੁਪਏ ਕਰਜ਼ਾ ਲੈ ਲਿਆ ਗਿਆ। ਇਸ ਤੋਂ ਬਾਅਦ ਸਰਕਾਰ ਨੇ ਕਿਸਾਨਾਂ ਦਾ ਲਗਭੱਗ 4624 ਕਰੋੜ ਰੁਪਏ ਦਾ ਕਰਜਾ ਮੁਆਫ ਕੀਤਾ। ਇਸੇ ਦੌਰਾਨ ਜੂਨ 2017 ਦੀ ਵਿਧਾਨ ਸਭਾ ਵਿਚ ਮੁੱਖ ਮੰਤਰੀ ਦਾ ਇਹ ਬਿਆਨ ਕਿ ਖੇਤ ਮਜ਼ਦੂਰਾਂ ਦੇ ਕਰਜਿਆਂ ਬਾਰੇ ਅੰਕੜੇ ਨਾ ਹੋਣ ਕਰ ਕੇ ਉਨ੍ਹਾਂ ਦੀ ਕਰਜ਼ਾ ਮੁਆਫੀ ਬਾਰੇ ਫੈਸਲਾ ਨਹੀਂ ਹੋ ਸਕਿਆ, ਚਰਚਾ ਦਾ ਵਿਸ਼ਾ ਬਣਿਆ। ਮੁੱਖ ਮੰਤਰੀ ਦੇ ਆਦੇਸ਼ 'ਤੇ ਪੰਜਾਬ ਵਿਧਾਨ ਸਭਾ ਦੀ ਪੰਜ ਮੈਂਬਰੀ ਕਮੇਟੀ ਵੀ ਬਣਾਈ ਗਈ।

ਖੇਤ ਮਜਦੂਰਾਂ ਦੇ ਕਰਜਿਆਂ ਬਾਰੇ ਪੰਜਾਬ ਖੇਤ ਮਜ਼ਦੂਰ ਯੂਨੀਅਨ ਨੇ ਆਪਣੇ ਪੱਧਰ ਉੱਤੇ ਸਰਵੇਖਣ ਕੀਤਾ ਅਤੇ ਉੱਘੇ ਅਰਥਸ਼ਾਸਤਰੀ ਡਾ. ਗਿਆਨ ਸਿੰਘ ਦੀ ਅਗਵਾਈ ਵਾਲੇ ਗਰੁੱਪ ਨੇ ਇਕ ਹੋਰ ਅਧਿਐਨ। ਇਨ੍ਹਾਂ ਦੋਹਾਂ ਸਰਵੇਖਣਾਂ ਅਨੁਸਾਰ ਪ੍ਰਤੀ ਮਜਦੂਰ-ਪਰਿਵਾਰ ਔਸਤਨ ਕਰਜ਼ਾ 77000 ਰੁਪਏ ਸੀ/ਹੈ। ਸਰਕਾਰੀ ਅੰਕੜਾਸਾਰ ਵਿਚ ਖੇਤ ਮਜ਼ਦੂਰ ਪਰਿਵਾਰਾਂ ਦੀ ਸੰਖਿਆ ਲਗਭੱਗ 7 ਲੱਖ ਦੱਸੀ ਗਈ ਹੈ। ਸਰਕਾਰ ਨੇ ਲਗਭੱਗ ਦੋ ਵਰ੍ਹੇ ਪਹਿਲਾਂ ਅਨੁਸੂਚਿਤ ਜਾਤੀ ਅਤੇ ਪਛੜੀ ਸ਼੍ਰੇਣੀਆਂ ਦੀਆਂ ਦੋ ਕਾਰਪੋਰੇਸ਼ਨਾਂ ਤੋਂ ਲਏ ਗਏ ਲਗਭੱਗ 79 ਕਰੋੜ ਰੁਪਏ ਦੇ ਕਰਜੇ ਮੁਆਫ ਕੀਤੇ ਸਨ।

ਕਰਜ਼ਾ ਮੁਆਫੀ ਦੇ ਐਲਾਨ ਤੋਂ ਬਾਅਦ ਸਹਿਕਾਰੀ ਬੈਂਕ ਅਤੇ ਸਭਾਵਾਂ ਦੇ ਕਰਜ਼ੇ ਦਾ ਵੱਡਾ ਹਿੱਸਾ ਵਾਪਸ ਆਉਣਾ ਬੰਦ ਹੋ ਗਿਆ ਸੀ। ਮੌਜੂਦਾ ਫੈਸਲੇ ਨਾਲ ਜ਼ਿਲ੍ਹਾ ਸਹਿਕਾਰੀ ਬੈਂਕ ਅਤੇ ਸੁਸਾਇਟੀਆਂ ਨੂੰ ਰਾਹਤ ਮਿਲੇਗੀ। ਮੰਡੀ ਬੋਰਡ ਨੇ ਜਮ੍ਹਾਂ ਹੋਈ ਫੀਸ ਵਿਚੋਂ ਮਜ਼ਦੂਰ ਕਰਜ਼ਾ ਮੁਆਫੀ ਲਈ ਲਗਭੱਗ 700 ਕਰੋੜ ਰੁਪਏ ਮਾਰਚ 2020 ਵਿਚ ਸਰਕਾਰ ਨੂੰ ਦੇ ਦਿੱਤੇ ਸਨ। ਜਿਨ੍ਹਾਂ ਪਰਿਵਾਰਾਂ 'ਤੇ 20 ਹਜਾਰ ਰੁਪਏ ਤੋਂ ਜਿਆਦਾ ਕਰਜਾ ਹੈ, ਦੇ ਡਿਫਾਲਟਰ ਬਣੇ ਰਹਿਣ ਦੀ ਸੰਭਾਵਨਾ ਤੋਂ ਇਨਕਾਰ ਨਹੀਂ ਕੀਤਾ ਜਾ ਸਕਦਾ। ਸਰਕਾਰ ਨੂੰ ਅਜਿਹੇ ਪਰਿਵਾਰਾਂ ਦੀਆਂ ਸਮੱਸਿਆਵਾਂ ਬਾਰੇ ਵੀ ਵਿਚਾਰ ਕਰਨੀ ਚਾਹੀਦੀ ਹੈ। ਕਰੋਨਾ ਮਹਾਮਾਰੀ ਦੇ ਸਮਿਆਂ ਵਿਚ ਇਨ੍ਹਾਂ ਪਰਿਵਾਰਾਂ 'ਤੇ ਵਿਗੜ ਰਹੇ ਅਰਥਚਾਰੇ ਦਾ ਵੱਡਾ ਅਸਰ ਪਿਆ ਹੈ।

(ਇੰਟਰਨੈਟ)

# ਪੰਜਾਬ ਸਮੱਸਿਆਵਾਂ ਤੋਂ ਪਿੱਠ ਮੋੜੀ ਬੈਠੇ ਪੰਜਾਬ ਦੇ ਸਿਆਸਤਦਾਨ

ਲਗਭਗ ਤਿੰਨ ਕਰੋੜੀ ਆਬਾਦੀ ਅਤੇ ਢਾਈ ਦਰਿਆਵਾਂ ਵਾਲਾ ਪੰਜਾਬ, ਜਦੋਂ ਆਪਣੀ ਹੋਂਦ ਦੀ ਲੜਾਈ ਲੜ ਰਿਹਾ ਹੈ। ਜਦੋਂ ਪੰਜਾਬ ਦਾ ਕਿਸਾਨ, ਹਰ ਵਰਗ ਦੇ ਲੋਕਾਂ ਨੂੰ ਆਪਣੇ ਨਾਲ ਲੈਕੇ ਦੇਸ਼ ਦੇ ਕਿਸਾਨਾਂ ਦੀ ਅਗਵਾਈ ਕਰਦਾ, ਦਿੱਲੀ ਦੀਆਂ ਬਰੂਹਾਂ ਉਤੇ ਸੱਤ ਮਹੀਨਿਆਂ ਤੋਂ ਬੈਠਾ ਹੈ, ਉਦੋਂ ਪੰਜਾਬ ਦੇ ਸਿਆਸਤਦਾਨ ਪੰਜਾਬ ਦੇ ਵੱਡੇ ਮਸਲਿਆਂ, ਮੁੱਦਿਆਂ ਨੂੰ ਦਰ-ਕਿਨਾਰ ਕਰਕੇ ਆਉਂਦੀਆਂ ਵਿਧਾਨ ਸਭਾ ਚੋਣਾਂ ਜਿੱਤਣ ਲਈ ਹੁਣੇ ਤੋਂ ਹੀ ਤਰਲੋ ਮੱਛੀ ਹੋ ਰਹੇ ਹਨ, ਹਾਲਾਂਕਿ ਵਿਧਾਨ ਸਭਾ ਚੋਣਾਂ ਲਈ ਅੱਠ ਮਹੀਨੇ ਦਾ ਸਮਾਂ ਬਾਕੀ ਹੈ।

ਪੰਜਾਬ ਕਾਂਗਰਸ ਡੂੰਘੀ ਫੁੱਟ ਦਾ ਸ਼ਿਕਾਰ ਹੈ। ਦਿੱਲੀ ਦੀ ਕਾਂਗਰਸੀ ਹਾਈ ਕਮਾਨ ਮੌਕਾ ਮਿਲਦਿਆਂ ਹੀ ਆਪਣੀਆਂ ਗੋਟੀਆਂ ਵਿਛਾ ਰਹੀ ਹੈ। ਉਹ ਇਸ ਆਹਰ ਵਿੱਚ ਹੈ ਕਿ ਪੰਜਾਬ ਦੀ ਹਕੂਮਤ ਦਾ ਹਰ ਫ਼ੈਸਲਾ ਸਿਰਫ਼ ਉਸੇ ਤੋਂ ਪੁੱਛਕੇ ਕੀਤਾ ਜਾਏ ਅਤੇ ਮੌਕੇ ਦਾ ਹਾਕਮ ਕੋਈ "ਪੰਜਾਬ ਹਿਤੈਸ਼ੀ" ਫ਼ੈਸਲਾ ਆਪ ਨਾ ਲੈ ਸਕੇ। ਕੈਪਟਨ ਅਮਰਿੰਦਰ ਸਿੰਘ ਚਾਰ ਵਰ੍ਹੇ, ਮੋਦੀ ਸਰਕਾਰ ਵਾਂਗਰ ਇਕੋ ਥਾਂ ਤੋਂ ਆਪਣੇ ਸਲਾਹਕਾਰਾਂ ਦੀ ਮਦਦ ਨਾਲ, ਪੰਜਾਬ ਦੀ ਹਕੂਮਤ ਚਲਾਉਂਦੇ ਰਹੇ। ਸਿੱਟੇ ਵਜੋਂ ਅਫ਼ਸਰਸ਼ਾਹੀ ਭਾਰੂ ਹੋ ਗਈ। ਹਾਕਮ ਧਿਰ ਦੇ ਸਿਆਸਤਦਾਨਾਂ ਦੀ ਕੈਪਟਨ ਅਮਰਿੰਦਰ ਸਿੰਘ ਤੱਕ ਪਹੁੰਚ ਹੀ ਨਾ ਹੋ ਸਕੀ। ਪੰਜਾਬ, ਜਿਹੜਾ ਸਮੱਸਿਆਵਾਂ ਨਾਲ ਗਰੁੱਚਿਆ ਪਿਆ ਹੈ, ਉਸਦੀ ਇਸ ਤੋਂ ਵੱਡੀ ਹੋਰ ਕਿਹੜੀ ਤ੍ਰਾਸਦੀ ਹੋ ਸਕਦੀ ਹੈ? ਪੰਜਾਬ ਵਿੱਚ ਹੀ ਨਹੀਂ, ਸਗੋਂ ਪੂਰੇ ਦੇਸ਼ ਵਿੱਚ ਸਿਆਸਤਦਾਨਾਂ ਦੀ ਇੱਕ ਜਮਾਤ ਬਣ ਗਈ ਹੈ, ਜਿਹਨਾ ਨੂੰ ਲੋਕ ਹਿੱਤ ਨਹੀਂ, ਆਪਣੇ ਹਿੱਤ ਪਿਆਰੇ ਹਨ। ਇਹ ਸਿਆਸਤਦਾਨ ਆਪਣੇ ਭਲੇ ਦੀ ਖਾਤਰ ਲੋਕ ਹਿੱਤਾਂ ਨਾਲ ਖਿਲਵਾੜ ਕਰਦੇ ਹਨ। ਕਦੇ ਇੱਕ ਸਿਆਸੀ ਪਾਰਟੀ ਵਿੱਚ ਰਹਿੰਦੇ ਹਨ ਅਤੇ ਕਦੇ ਦੂਜੀ ਸਿਆਸੀ ਪਾਰਟੀ ਵਿੱਚ ਜਾ ਸ਼ਾਮਲ ਹੁੰਦੇ ਹਨ। ਸਿਆਸੀ ਪਾਰਟੀਆਂ ਜਿਹਨਾ ਦੀ ਕਦੇ ਰਾਸ਼ਟਰ ਹਿੱਤ ਵਿੱਚ, ਲੋਕ ਹਿੱਤ ਵਿੱਚ, ਲੋਕਤੰਤਰ ਦੀ ਰਾਖੀ ਲਈ, ਗਰੀਬ-ਗੁਰਬੇ ਦੇ ਭਲੇ ਲਈ ਕੰਮ ਕਰਨ ਪ੍ਰਤੀ ਇੱਕ ਪਛਾਣ ਹੁੰਦੀ ਸੀ, ਉਹ ਪਛਾਣ ਹੁਣ ਗੁਆਚ ਗਈ ਹੈ। ਸਿਆਸੀ ਪਾਰਟੀਆਂ ਧਰਮ ਨਾਲੋਂ ਧੜਾ ਪਿਆਰਾ ਦੇ ਅਧਾਰ ਤੇ ਕੰਮ ਕਰਦੀਆਂ ਹਨ ਅਤੇ ਲੋਕ ਮਸਲੇ ਭੁਲਾਕੇ, ਲੋਕਾਂ ਨੂੰ ਭਰਮਾ ਕੇ, ਫੁਸਲਾਕੇ ਚੋਣ ਯੁੱਧ ਲੜਦੀਆਂ ਹਨ। ਰੰਗ-ਬਰੰਗੇ ਚੋਣ ਮੈਨੀਫੈਸਟੋ ਸਿਆਸੀ ਪਾਰਟੀਆਂ ਜਾਰੀ ਕਰਦੀਆਂ ਹਨ ਅਤੇ ਫਿਰ ਹਾਕਮ ਧਿਰ ਬਣ ਕੇ ਸਭ ਕੁਝ ਭੁਲ ਜਾਂਦੀਆਂ ਹਨ। ਭਾਰਤ ਦੇ ਸਿਆਸਤਦਾਨਾਂ ਨੇ ਆਜ਼ਾਦੀ ਦੇ 75 ਵਰ੍ਹਿਆਂ 'ਚ ਆਪਣਾ ਰੰਗ, ਆਪਣਾ ਰੂਪ, ਆਪਣੀ ਦਸ਼ਾ, ਆਪਣੀ ਦਿਸ਼ਾ ਇਸ ਢੰਗ ਨਾਲ ਬਦਲ ਲਈ ਹੈ ਕਿ ਲੋਕਾਂ ਦਾ ਸਿਆਸੀ ਪਾਰਟੀਆਂ ਉਤੇ ਵਿਸ਼ਵਾਸ਼ ਲਗਭਗ ਖ਼ਤਮ ਹੁੰਦਾ ਜਾ ਰਿਹਾ ਹੈ।

ਉਦਾਹਰਨ ਵਜੋਂ ਪੰਜਾਬ ਦੇ ਉਹ ਸਿਆਸਤਦਾਨ ਜਿਹੜੇ ਪੰਜਾਬ ਲਈ ਵੱਡੇ ਅਧਿਕਾਰਾਂ ਦੀ ਗੱਲ ਕਰਦੇ ਸਨ, ਜਿਹਨਾ ਨੇ ਅਨੰਦਪੁਰ ਮਤਾ ਪਾਸ ਕਰਕੇ ਵੱਧ ਅਧਿਕਾਰਾਂ ਲਈ ਮੋਰਚੇ ਲਾਏ, ਉਹ ਸਿਆਸੀ ਧਿਰ ਹਿੰਦੂ, ਹਿੰਦੀ, ਹਿੰਦੋਸਤਾਨ ਦੀ ਆਲੰਬਰਦਾਰ ਸਿਆਸੀ ਧਿਰ ਭਾਜਪਾ ਨਾਲ ਸਾਂਝ ਭਿਆਲੀ ਪਾਕੇ



ਪੰਜਾਬ 'ਤੇ ਕਈ ਵਰ੍ਹੇ ਰਾਜ ਕਰਦੀ ਰਹੀ, ਪਰ ਪੰਜਾਬੀਆਂ ਪੱਲੇ ਇਹੋ ਜਿਹੇ ਦੁੱਖ ਪਾ ਗਈ, ਜਿਹੜੇ ਨਾ ਭੁੱਲਣਯੋਗ ਬਣ ਗਏ। ਹੁਣ ਕੁਰਸੀ ਪ੍ਰਾਪਤੀ ਲਈ ਨਵੇਂ ਸਿਆਸੀ ਪੈਂਤੜੇ ਅਪਨਾਕੇ ਇਸੇ ਅਕਾਲੀ ਦਲ ਵਲੋਂ ਬਹੁਜਨ ਸਮਾਜ ਪਾਰਟੀ ਨਾਲ ਸਾਂਝ ਪਾ ਲਈ ਹੈ। ਇਸ ਸਾਂਝ ਦਾ ਉਦੇਸ਼ ਪਹਿਲਾ ਹੀ ਸਪਸ਼ਟ ਹੈ। ਬਸਪਾ 20 ਵਿਧਾਨ ਸੀਟਾਂ ਉਤੇ ਚੋਣ ਲੜੇਗੀ ਅਤੇ ਅਕਾਲੀ ਦਲ (ਬ) 97 ਵਿਧਾਨ ਸਭਾ ਸੀਟਾਂ ਉਤੇ। ਉਹ ਕਿਹੜੇ ਮੁੱਦੇ ਹਨ ਜਿਹਨਾ ਤੇ ਦੋਹਾਂ ਧਿਰਾਂ 'ਚ ਘੱਟੋ-ਘੱਟ ਪ੍ਰੋਗਰਾਮ ਲਾਗੂ ਕਰਨ 'ਤੇ ਸਹਿਮਤੀ ਬਣੀ? ਕੀ ਇਹੋ ਕਿ ਜੇਕਰ ਇਹ ਗੱਠਜੋੜ ਜਿੱਤਦਾ ਹੈ ਤਾਂ ਉਪ ਮੁੱਖ ਮੰਤਰੀ ਦਲਿਤ ਭਾਈਚਾਰੇ ਦਾ ਹੋਏਗਾ। ਤਾਂ ਫਿਰ ਇਸ ਗੱਠਜੋੜ ਵਿੱਚ ਪੰਜਾਬ ਕਿਥੇ ਹੈ?ਪੰਜਾਬ ਦੇ ਮੁੱਦੇ ਕਿਥੇ ਹਨ?

ਭਾਜਪਾ ਨੇ ਪੰਜਾਬ ਦੇ ਕਿਸਾਨਾਂ ਦੀ ਕੋਈ ਗੱਲ ਨਹੀਂ ਮੰਨੀ, ਪਰ ਪੰਜਾਬ 'ਚ ਅਕਾਲੀ ਦਲ (ਬ) ਨਾਲ ਗੱਠਜੋੜ ਤੋੜਕੇ 117 ਵਿਧਾਨ ਸਭਾ ਸੀਟਾਂ ਉਤੇ ਚੋਣ ਲੜਨ ਦਾ ਐਲਾਨ ਇਹ ਕਹਿਕੇ ਕਰ ਦਿੱਤਾ ਕਿ ਪੰਜਾਬ 'ਚ ਮੁੱਖ ਮੰਤਰੀ ਦਲਿਤ ਹੋਏਗਾ। ਜਾਤਾਂ 'ਚ ਪਾੜ ਪਾਉਣ ਦਾ ਪੱਤਾ ਭਾਜਪਾ ਨੇ ਖੇਡਿਆ ਹੈ। ਜਾਤ,ਧਰਮ ਅਧਾਰਤ ਪੱਤਾ ਖੇਡਣਾ ਭਾਜਪਾ ਦਾ ਦੇਸ ਵਿਆਪੀ ਅਜੰਡਾ ਹੈ। ਧਰਮਾਂ ਦਾ ਧਰੁਵੀਕਰਨ, ਜਾਤਾਂ 'ਚ ਪਾੜਾ, ਭਾਜਪਾ ਦਾ ਕੁਰਸੀ ਪ੍ਰਾਪਤੀ ਦਾ ਵੱਡਾ ਪੱਤਾ ਹੈ, ਜਿਸਨੂੰ ਉਹ ਦੇਸ਼ ਭਰ 'ਚ ਵਰ੍ਹਿਆਂ ਤੋਂ ਖੇਡਦੀ ਆ ਰਹੀ ਹੈ। ਉਸ ਵਲੋਂ ਹੁਣ ਉਹਨਾ ਸਿੱਖ ਚਿਹਰਿਆਂ ਨੂੰ, ਜਿਹੜੇ ਸਿਆਸੀ ਚਿਹਰੇ ਨਹੀਂ ਹਨ, ਪਰ ਵੱਡੇ ਲੇਖਕ ਬੁੱਧੀਮਾਨ, ਵਿਦਵਾਨ ਹਨ, ਉਹਨਾ ਨੂੰ ਆਪਣੀ ਪਾਰਟੀ 'ਚ ਸ਼ਾਮਲ ਕਰਨ ਦੀ ਸ਼ੁਰੂਆਤ ਕਰ ਦਿੱਤੀ ਗਈ ਹੈ। ਨਿਸ਼ਾਨਾ ਤਾਂ ਇਹੋ ਹੈ ਕਿ ਪੰਜਾਬ ਦੀ ਸਿਆਸਤ 'ਚ ਪੈਰ ਜਮਾਏ ਜਾਣ। ਪੰਜਾਬ ਜਿਹੜਾ ਸਦਾ ਦਿੱਲੀ ਦੀ ਈਨ ਮੰਨਣੋ ਇਨਕਾਰੀ ਰਿਹਾ ਹੈ, ਉਸ ਨੂੰ ਨੱਥ ਪਾਈ ਜਾਵੇ। ਪੰਜਾਬ ਦੇ ਕਿਸਾਨਾਂ ਦੇ ਆਰੰਭੇ ਅੰਦੋਲਨ ਨੂੰ ਖ਼ਤਮ ਕੀਤਾ ਜਾਏ। ਪਰ ਇਸ ਸਭ ਕੁਝ ਦੇ ਦਰਮਿਆਨ ਭਾਜਪਾ ਦਾ ਪੰਜਾਬ ਪ੍ਰਤੀ ਪਿਆਰ ਕਿਥੇ ਹੈ? ਪੰਜਾਬ ਦੇ ਪਾਣੀਆਂ ਦੀ ਵੰਡ, ਪੰਜਾਬ ਦੀ ਰਾਜਧਾਨੀ, ਪੰਜਾਬ ਦੇ ਪੰਜਾਬੋਂ ਬਾਹਰ ਰਹੇ ਪੰਜਾਬੀ ਇਲਾਕਿਆਂ ਦੀ ਪੰਜਾਬ ਵਾਪਿਸੀ, ਪੰਜਾਬੋਂ ਪ੍ਰਵਾਸ 'ਚ ਵਾਧੇ ਬਾਰੇ ਪਾਰਟੀ ਦੀ ਪਹੁੰਚ ਕੀ ਹੈ? ਇਹਨਾ ਮੁੱਦਿਆਂ ਬਾਰੇ ਪੰਜਾਬ ਭਾਜਪਾ ਦਾ ਮੈਨੀਫੈਸਟੋ ਕੀ ਕੁਝ ਕਹੇਗਾ?

ਆਮ ਆਦਮੀ ਪਾਰਟੀ ਨੇ 2017 'ਚ ਪੰਜਾਬ 'ਚ ਪੰਜਾਬ ਦੀ ਭ੍ਰਿਸ਼ਟਾਚਾਰ ਮੁਕਤੀ ਦਾ ਅਜੰਡਾ ਲੈਕੇ ਪੰਜਾਬ ਦੀ ਸੱਤਾ ਹਥਿਆਉਣ ਦੀ ਕੋਸ਼ਿਸ਼ ਕੀਤੀ। ਪੰਜਾਬ ਦੇ ਮੁੱਦਿਆਂ, ਮਸਲਿਆਂ ਬਾਰੇ ਉਸਦੀ ਪਹੁੰਚ (ਖ਼ਾਸ ਕਰਕੇ ਉਹ ਮਸਲੇ ਜਿਹੜੇ ਨਾਲ ਲੱਗਦੇ ਗੁਆਂਢੀ ਹਰਿਆਣਾ ਨਾਲ ਜੁੜੇ ਹੋਏ ਸਨ) ਬਾਰੇ ਅਸਪਸ਼ਟਤਾ ਨਾਲ ਪੰਜਾਬ 'ਚ ਉਸਦੇ ਪੈਰ ਨਹੀਂ ਲੱਗ ਰਹੇ। 2017 'ਚ ਭਾਵੇਂ ਉਹ ਦੂਜੇ ਨੰਬਰ ਦੀ ਧਿਰ ਬਣੀ, ਪਰ ਇਸਦੇ ਵਿਧਾਇਕ ਅਤੇ ਨੇਤਾ "ਦਿੱਲੀ ਦਰਬਾਰ" ਦੇ ਏਕਾਧਿਕਾਰੀ ਪਹੁੰਚ ਕਾਰਨ ਫੁੱਟ ਦਾ ਸ਼ਿਕਾਰ ਹੋ ਗਏ। ਪਾਰਟੀ ਭਾਵੇਂ ਯਤਨ ਤਾਂ ਕਰ ਰਹੀ ਹੈ ਕਿ ਉਹ ਲੋਕਾਂ 'ਚ ਅਧਾਰ ਬਣਾਵੇ, ਪਰ ਜ਼ਮੀਨੀ ਪੱਧਰ ਉਤੇ ਪਿੰਡਾਂ, ਸ਼ਹਿਰਾਂ 'ਚ ਉਸਨੂੰ ਕੋਈ ਵੱਡਾ ਉਤਸ਼ਾਹ ਨਹੀਂ ਮਿਲ ਰਿਹਾ। ਉਂਜ ਵੀ ਵਿਰੋਧੀ ਪਾਰਟੀ ਹੋਣ ਨਾਤੇ ਪੰਜਾਬ ਦੇ ਮੁੱਦਿਆਂ ਪ੍ਰਤੀ ਕੋਈ ਜਾਗਰੂਕਤਾ ਪੰਜਾਬੀਆਂ ਵਿੱਚ ਪੈਦਾ ਨਾ ਕਰਨਾ ਉਸ ਦੀ ਵੱਡੀ ਨਾਕਾਮਯਾਬੀ ਹੈ। ਪਰ ਕੇਜਰੀਵਾਲ ਦੀਆਂ ਪੰਜਾਬ ਦੀਆਂ ਨਿੱਤ ਫੇਰੀਆਂ ਅਤੇ ਪੰਜਾਬੀਆਂ ਨੂੰ ਮੁਫ਼ਤ ਬਿਜਲੀ, ਪਾਣੀ ਦੇਣ ਦੇ ਵਾਇਦੇ ਨਾਲ ਚੋਣ ਮੁਹਿੰਮ ਛੇੜਣਾ, ਪੰਜਾਬ ਦੇ ਮੁੱਦਿਆਂ ਤੋਂ ਕੀ ਅੱਖਾਂ ਫੇਰਨਾ ਨਹੀਂ?

ਪੰਜਾਬ ਦੀਆਂ ਖੱਬੀਆਂ ਧਿਰਾਂ ਲੰਮੇ ਸਮੇਂ ਤੋਂ ਪੰਜਾਬ ਦੇ ਕਿਸਾਨਾਂ, ਮਜਦੂਰਾਂ, ਮੁਲਾਜ਼ਮਾਂ 'ਚ ਕੰਮ ਕਰ ਰਹੀਆਂ ਹਨ। ਪੰਜਾਬੀਆਂ ਨੂੰ ਜਾਗਰੂਕ ਵੀ ਕਰ ਰਹੀਆਂ ਹਨ। ਕਿਸਾਨੀ ਕਾਲੇ ਕਾਨੂੰਨ ਦੇ ਵਿਰੋਧ 'ਚ ਲਹਿਰ ਖੜੀ ਕਰਨ 'ਚ ਉਹਨਾ ਦੀ ਵਡੇਰੀ ਭੂਮਿਕਾ ਹੈ, ਪਰ ਪੰਜਾਬ ਦੇ ਚੋਣ-ਦੰਗਲ 'ਚ ਉਹਨਾ ਦਾ ਵਡੇਰਾ ਉਪਰਾਲਾ ਹਾਲ ਦੀ ਘੜੀ ਵੇਖਿਆ ਨਹੀਂ ਜਾ ਰਿਹਾ। ਹਾਲੇ ਇਹ ਵੀ ਚਰਚਾ ਹੈ ਕਿ ਖੱਬੀਆਂ ਧਿਰਾਂ ਇਕੱਲੀਆਂ ਚੋਣ ਲੜਨਗੀਆਂ, ਜਾਂ ਕਿਸੇ ਧਿਰ ਨਾਲ ਸਾਂਝ ਭਿਆਲੀ ਕਰਨਗੀਆਂ।

ਪੰਜਾਬ ਦੀਆਂ ਹੋਰ ਪਾਰਟੀਆਂ ਅਤੇ ਨੇਤਾ ਸਿਆਸਤ ਵਿੱਚ ਕੁੱਦਕੇ, ਪੰਜਾਬ ਦੇ ਚੋਣ ਦੰਗਲ 'ਚ ਵੀ ਕੁੱਦ ਜਾਣਗੇ। ਅਕਾਲੀ ਦਲ ਨਾਲ ਰੁੱਸੇ ਸੁਖਦੇਵ ਸਿੰਘ ਢੀਂਡਸਾ ਅਤੇ ਉਹਨਾ ਦੇ ਸਾਥੀ ਅਤੇ ਲੋਕ ਇਨਸਾਫ ਪਾਰਟੀ ਪੰਜਾਬ ਨਾਲ ਬਣ ਰਹੇ ਜਾਂ ਦੂਜੇ, ਤੀਜੇ ਜਾਂ ਚੌਥੇ ਫਰੰਟ ਵਿਚੋਂ ਕਿਸ ਨਾਲ ਭਾਈਵਾਲੀ ਕਰਨਗੇ, ਇਸ ਸਬੰਧੀ ਸਿਰਫ਼ ਕਿਆਸ ਅਰਾਈਆਂ ਹਨ। ਪਰ ਇੱਕ ਗੱਲ ਸਾਫ਼ ਦਿਸਦੀ ਹੈ ਕਿ ਪੰਜਾਬ ਦੀਆਂ ਕਿਸਾਨ ਜਥੇਬੰਦੀਆਂ, ਭਾਵੇਂ ਤਿੰਨ ਕਾਲੇ ਕਾਨੂੰਨਾਂ ਸਬੰਧੀ ਕੇਂਦਰ ਸਰਕਾਰ ਪੰਜਾਬ ਚੋਣਾਂ ਤੱਕ ਕੋਈ ਫ਼ੈਸਲਾ ਕਰੇ ਜਾਂ ਨਾ ਕਰੇ, ਪਰ ਇਹ ਕਿਸਾਨ ਭਾਜਪਾ ਦੇ ਵਿਰੋਧ ਵਿੱਚ ਪੰਜਾਬ ਵਿਧਾਨ ਸਭਾ ਚੋਣਾਂ 'ਚ ਭੁਗਤਣਗੇ। ਇਸਦਾ ਫਾਇਦਾ ਕਿਸਨੂੰ ਅਤੇ ਕਿਹੜੇ ਢੰਗ ਨਾਲ ਹੋ ਸਕੇਗਾ, ਇਸ ਸਬੰਧੀ ਵੱਖੋ-ਵੱਖਰੇ ਸਿਆਸੀ ਸਮੀਖਕ ਵੱਖੋ-ਵੱਖਰੀ ਰਾਏ ਰੱਖਦੇ ਹਨ। ਇੱਕ ਹੋਰ ਗੱਲ ਸਪਸ਼ਟ ਦਿਸਦੀ ਹੈ, ਕਾਂਗਰਸੀਆਂ ਦੀ ਆਪਸੀ ਕਾਟੋ ਕਲੇਸ਼, ਜਿਹੜੀ ਉਸਦੇ ਦੂਜੀ ਵੇਰ ਪੰਜਾਬ ਦੀ ਸੱਤਾ ਹਥਿਆਉਣ 'ਚ ਵੱਡੀ ਰੁਕਾਵਟ ਬਣੇਗੀ। ਭਾਵੇਂ ਕੈਪਟਨ ਅਮਰਿੰਦਰ ਸਿੰਘ ਧੜੇ ਨੂੰ ਮਹੱਤਤਾ ਦੇ ਕੇ ਕਾਂਗਰਸ ਹਾਈਕਮਾਨ ਅੱਗੇ ਲਾਵੇ ਜਾਂ ਨਵਜੋਤ ਸਿੰਘ ਸਿੱਧੂ (ਜੋ ਖਰੀਆਂ-ਖਰੀਆਂ ਤਾਂ ਸੁਣਾਉਂਦਾ ਹੈ, ਪਰ ਉਸਦਾ ਅਮਲਾਂ ਨੂੰ ਕਦੇ ਵੀ ਲੋਕਾਂ 'ਚ ਖਰਾ ਨਹੀਂ ਵੇਖਿਆ ਜਾ ਰਿਹਾ) ਨੂੰ ਕਾਂਗਰਸ ਦੀ ਵਾਂਗਡੋਰ ਸੰਭਾਲ ਦੇਵੇ। ਦੋਵੇਂ ਧੜੇ ਇੱਕ-ਦੂਜੇ ਨੂੰ ਹੇਠਾਂ ਸੁੱਟਣ ਦੇ ਆਹਰ ਵਿੱਚ ਰਹਿਣਗੇ। ਪਰ ਦੂਜੀ ਗੱਲ ਇਹ ਵੀ ਸੰਭਵ ਹੈ ਕਿ ਸਿੱਧੂ ਜੇਕਰ ਨਰਾਜ਼ ਹੋਕੇ ਕਾਂਗਰਸ ਪਾਰਟੀ ਛੱਡ ਜਾਂਦਾ ਹੈ ਤਾਂ ਸ਼ਾਇਦ ਉਹ ਕਾਂਗਰਸ ਦਾ ਨੁਕਸਾਨ ਬਹੁਤਾ ਨਾ ਕਰ ਸਕੇ।

ਪੰਜਾਬ ਇਹਨੀਂ ਦਿਨੀ ਅਸ਼ਾਂਤ ਦਿੱਖ ਰਿਹਾ ਹੈ। ਕਿਸਾਨਾਂ ਨੂੰ ਝੋਨੇ ਦੀ ਬਿਜਾਈ ਲਈ ਸਰਕਾਰੀ ਵਾਇਦੇ ਅਨੁਸਾਰ ਅੱਠ ਘੰਟੇ ਬਿਜਲੀ ਸਪਲਾਈ ਨਹੀਂ ਹੋ ਰਹੀ। ਮੁਲਾਜ਼ਮਾਂ ਨੂੰ ਛੇਵੇਂ ਵਿੱਤ ਕਮਿਸ਼ਨ ਦੀਆਂ ਤਨਖਾਹਾਂ, ਭੱਤੇ ਸਹੀ ਢੰਗ ਨਾਲ ਨਾ ਮਿਲਣ ਕਾਰਨ ਪੇਸ਼ਾਨੀ ਹੋ ਰਹੀ ਹੈ।ਉਹ ਹੜਤਾਲ ਤੇ ਹਨ। ਬੇਰੁਜ਼ਗਾਰ ਅਧਿਆਪਕ ਅਤੇ ਹੋਰ ਮੁਲਾਜ਼ਮਾਂ ਦੀਆਂ ਮੰਗਾਂ ਨਹੀਂ ਮੰਨੀਆਂ ਜਾ ਰਹੀਆਂ। ਆਮ ਲੋਕਾਂ ਦੇ ਦਫ਼ਤਰੀ, ਅਦਾਲਤੀ ਕੰਮਾਂ 'ਚ ਵਿਘਨ ਪਿਆ ਹੋਇਆ ਹੈ। ਤੇਲ, ਡੀਜ਼ਲ, ਪੈਟਰੋਲ ਦੀਆਂ ਕੀਮਤਾਂ 'ਚ ਇੰਤਹਾ ਲਗਾਤਾਰ ਵਾਧੇ ਨੇ ਮਹਿੰਗਾਈ ਇੰਨੀ ਕੁ ਵਧਾ ਦਿੱਤੀ ਹੈ ਕਿ ਆਮ ਆਦਮੀ ਲਈ ਆਪਣੇ ਪਰਿਵਾਰ ਨੂੰ ਰੋਟੀ ਦੇਣੀ ਔਖੀ ਹੋ ਰਹੀ ਹੈ। ਕਿਸਾਨ ਬਿਜਲੀ ਬੋਰਡ ਦੇ ਦਫ਼ਤਰ ਘੇਰ ਰਹੇ ਹਨ। ਮੁਲਾਜ਼ਮ ਹੜਤਾਲਾਂ ਕਰ ਰਹੇ ਹਨ। ਆਮ ਲੋਕ ਪ੍ਰੇਸ਼ਾਨ ਹਨ, ਸਰਕਾਰਾਂ ਨੂੰ ਨਿੰਦ ਰਹੇ ਹਨ। ਪੰਜਾਬ ਸਰਕਾਰ ਨਿੱਤ ਪ੍ਰਤੀ ਰਿਆਇਤਾਂ ਦਾ ਐਲਾਨ ਕਰ ਰਹੀ ਹੈ, ਇਹ ਸਮਝਦੇ ਕਿ ਚੋਣਾਂ ਤੋਂ ਪਹਿਲਾਂ ਲੋਕਾਂ ਨੂੰ ਖ਼ੁਸ਼ ਕਰਨਾ ਜ਼ਰੂਰੀ ਹੈ। ਪਰ ਪੰਜਾਬ ਦੀਆਂ ਵਿਰੋਧੀ ਧਿਰਾਂ ਲੋਕ ਮਸਲਿਆਂ ਪ੍ਰਤੀ, ਲੋਕ ਲਾਮਬੰਦੀ ਨਹੀਂ ਕਰ ਰਹੀਆਂ। ਕੇਂਦਰ ਸਰਕਾਰੀ ਅਦਾਰਿਆਂ ਦੇ ਨਿੱਜੀਕਰਨ ਦੇ ਰਸਤੇ 'ਤੇ ਹੈ, ਪੈਟਰੋਲ, ਡੀਜ਼ਲ, ਤੇਲ ਕੰਪਨੀਆਂ ਨੂੰ ਉਸ ਵਲੋਂ ਤੇਲ ਦੇ ਭਾਅ ਨਿੱਤ ਪ੍ਰਤੀ ਮਹਿੰਗੇ ਕਰੀ ਰੱਖਣ ਦੀ ਖੁੱਲ੍ਹ ਦਿੱਤੀ ਹੋਈ ਹੈ। ਲੋਕ ਬੇਰੁਜ਼ਗਾਰੀ ਦੇ ਮਾਰੇ ਪ੍ਰੇਸ਼ਾਨੀਆਂ 'ਚ ਜ਼ਿੰਦਗੀ ਵਸਰ ਕਰ ਰਹੇ ਹਨ, ਪਰ ਉਹਨਾ ਨੂੰ ਰਾਹ ਕੋਈ ਨਹੀਂ ਦਿਸਦਾ, ਕਿਉਂਕਿ ਉਹਨਾ ਦੇ ਰਾਹ ਦਸੇਰੇ ਸਿਆਸਤਦਾਨ ਮੰਜਿਆਂ ਉੱਤੇ ਲੰਮੀਆਂ ਤਾਣ ਕੇ ਸੁੱਤੇ ਪਏ ਹਨ। ਉਹ ਇਸ ਆਸ 'ਚ ਬੈਠੇ ਹਨ ਕਿ ਪੰਜਾਬੀਆਂ ਨੂੰ ਮੁਫ਼ਤ ਰਾਸ਼ਨ, ਪਾਣੀ, ਬਿਜਲੀ ਅਤੇ ਹੋਰ ਸਹੂਲਤਾਂ ਦੇ ਕੇ ਉਹ ਵੋਟਾਂ ਬਟੋਰ ਲੈਣਗੇ।

ਪਰ ਜਿਹੋ ਜਿਹੀ ਲਹਿਰ ਕਿਸਾਨਾਂ ਦਿੱਲੀ ਦੀਆਂ ਬਰੂਹਾਂ 'ਤੇ ਉਸਾਰੀ ਹੈ ਜਿਥੇ ਲੋਕ ਆਪ ਮੁਹਾਰੇ ਆਪਣੇ ਹੱਕਾਂ ਦੀ ਰਾਖੀ ਲਈ ਤਤਪਰ ਹੋਏ ਦਿਸਦੇ ਹਨ, ਸ਼ਾਂਤਮਈ ਸੰਘਰਸ਼ ਦੇ ਰਸਤੇ ਉੱਤੇ ਹਨ। ਉਹੋ ਜਿਹੀ ਚਿਣਗ ਪੰਜਾਬ 'ਚ ਉਸਾਰਨ ਲਈ ਕਿਸੇ ਪੰਜਾਬ ਹਿਤੈਸ਼ੀ ਸਿਆਸੀ ਧਿਰ ਦੀ ਹੋਂਦ ਖਟਕਦੀ ਹੈ। ਪੰਜਾਬ ਦੇ ਲੋਕ ਮਸਲੇ ਸਿਰਫ਼ ਚੋਣ ਯੁੱਧ ਨਾਲ ਹੱਲ ਨਹੀਂ ਹੋਣੇ। ਪੰਜਾਬ ਦੀ ਖੇਤੀ ਮੁਨਾਫ਼ੇ ਦੀ ਹੋਵੇ। ਪੰਜਾਬ 'ਚ ਖੇਤੀ ਅਧਾਰਤ ਵੱਡੇ ਉਦਯੋਗ ਲੱਗਣ। ਪੰਜਾਬ ਦੇ ਧਰਤੀ ਹੇਠਲੇ ਪਾਣੀਆਂ ਦੀ ਫਸਲਾਂ ਦੀ ਪੈਦਾਇਸ਼ ਦੀ ਰਾਖੀ ਹੋਵੇ, ਬੇਰੁਜ਼ਗਾਰੀ ਜੜ੍ਹੋਂ ਪੁੱਟਣ ਲਈ ਕਦਮ ਚੁੱਕੇ ਜਾਣ ਤਾਂ ਕਿ ਦੇਸ਼ ਦਾ ਬਰੇਨ ਅਤੇ ਮਨੀ (ਦਿਮਾਗ ਅਤੇ ਪੈਸਾ) ਡਰੇਨ(ਬਾਹਰ ਜਾਣਾ) ਨਾ ਹੋਵੇ। ਪੰਜਾਬ ਦੇ ਕੁਦਰਤੀ ਸੋਮਿਆਂ ਦੀ ਦੁਰਵਰਤੋਂ ਰੁਕੇ। ਨਸ਼ਿਆਂ ਦਾ ਵਗਦਾ ਦਰਿਆ ਬੰਦ ਹੋਵੇ ਅਤੇ ਪੰਜਾਬ ਨੂੰ ਆਪਣੇ ਭੈੜੇ ਹਾਲਤ ਸੁਧਾਰਨ ਲਈ ਵਧੇਰੇ ਸੂਬਾਈ ਅਧਿਕਾਰ ਮਿਲਣ। ਇਹ ਸਮੇਂ ਦੀ ਮੰਗ ਹੈ।

ਕੀ ਲੋਕ ਵੋਟ ਮੰਗਣ ਆਉਣ ਵਾਲੇ ਨੇਤਾਵਾਂ ਨੂੰ ਇਹ ਸਵਾਲ ਪੁੱਛਣਗੇ ਕਿ ਉਹਨਾ ਕੋਲ ਲੋਕਾਂ ਨੂੰ ਘੱਟੋ-ਘੱਟ ਜੀਵਨ ਜੋਗੀਆਂ ਸਹੂਲਤਾਂ ਦੇਣ ਜੋਗਾ ਕੋਈ ਅਜੰਡਾ ਹੈ? ਕੀ ਲੋਕਾਂ ਦੀ ਸਖਸ਼ੀ ਅਜ਼ਾਦੀ ਦੇ ਉਹ ਪਹਿਰੇਦਾਰ ਬਣਨਗੇ? ਕੀ ਪੰਜਾਬ ਨੂੰ ਦੇਸ਼ ਦਾ ਮੋਹਰੀ ਸੂਬਾ ਬਨਾਉਣ ਲਈ ਉਹ ਕੋਈ ਉਪਰਾਲੇ ਕਰਨਗੇ?

ਤੁਰੰਡਿਆ-ਮਰੁੰਡਿਆ, ਹਫਦਾ-ਰੋਂਦਾ ਪੰਜਾਬ ਹਾਲ ਦੀ ਘੜੀ ਤਾਂ ਦੁੱਖ ਦੀ ਚਾਦਰ ਤਾਣੀ ਬੈਠਾ ਹੈ। ਕੀ ਉਠੇਗਾ ਪੰਜਾਬ?

ਗੁਰਮੀਤ ਸਿੰਘ ਪਲਾਹੀ

# ਕਰੋਨਾ: ਇਲਾਜ-ਪ੍ਰਬੰਧ ਦਾ ਡਾਇਗਨੋਜ



ਕਰੋਨਾ, ਇੱਕ ਵਾਇਰਸ, ਇੱਕ ਬੀਮਾਰੀ, ਨਾਂ ਧਰਿਆ ਕੋਵਿਡ-ਉੱਨੀ। ਖੁਦ ਬਿਨ ਹੱਡੀਓਂ, ਦਹਿਸਤ ਆਦਮ-ਖਾਣੇ ਦਿਓ ਵਾਲੀ। ਕਹਿੰਦੇ, ਇਹ ਹਲਕਿਆ ਫਿਰਦਾ, ਬਚੋ। ਜੀਹਨੂੰ ਪੈਂਦਾ, ਸਿੱਧਾ ਗਲ ਨੂੰ ਪੈਂਦੈ।ਸਿਮਟਮ ਨੋਟ, ਮਤਲਬ ਮਾਤਮ। ਪ੍ਰੀਵਾਰ ਤੇ ਰਿਸਤੇਦਾਰ,ਸਭ ਸੋਗੀ। ਖਬਰਸਾਰ, ਕਰੋਨਾ ਦੇ ਲਪੇਟੇ 'ਚ। ਰਿਸਤੇ-ਨਾਤੇ ਤੇ ਮੋਹ-ਮਮਤਾ, ਸਭ ਏਸੇ ਦਾ ਸਕਿਾਰ।

ਹਾਕਮ ਦੇ ਫੈਸਲੇ ਤੇ ਹਾਊਮੈਂ, ਦਹਿਸਤ ਵਧਾਉਣ ਦੇ ਸੋਮੇ। ਹਾਕਮਾਂ ਦੇ ਫੁਰਮਾਨ, ਕੱਢਣ ਲੋਕਾਂ ਦੀ ਜਾਨ। ਸਾਲ ਪਹਿਲਾਂ ਵਾਲਾ ਹੀ ਕਹੀ ਤੇ ਕੁਹਾੜਾ। ਘਰਬੰਦੀ,ਰੁਜਗਾਰਬੰਦੀ ਤੇ ਉਜਾੜਾ। ਛੋਟੇ ਕਾਰੋਬਾਰ,ਵੱਡੀ ਮਾਰ।ਕਮਾਊ ਹੱਥ, ਬੇਰੁਜਗਾਰ।

ਤੁਗਲਕੀ ਫੈਸਲੇ,ਡਾਕਟਰੀ ਇਲਾਜ ਦੇ ਮੁਕਾਬਲੇ, ਪੁਲਸੀਆ ਇਲਾਜ ਨੂੰ ਪਹਿਲ।ਬੇਪਤੀਆ, ਜੁਰਮਾਨੇ, ਜੇਲਾਂ।ਲੌਕ-ਡਾਊਨ ਕਦੇ ਦੋ ਵਜੇ ਤੱਕ,ਕਦੇ ਛੇ ਵਜੇ ਤੱਕ, ਕਦੇ ਰਾਤ ਦਾ ਕਰਫਿਊ,ਕਰੋਨਾ, ਜਿਵੇਂ ਹਾਕਮਾਂ ਦੀ ਰਿਜਰਵ ਬਟਾਲੀਅਨ ਹੋਵੇ? ਟੈਸਟਿੰਗ, ਧੱਕੇ ਨਾਲ।ਵੈਕਸੀਨੇਸਨ,ਘੇਰ ਘੇਰ। ਇਹ, ਹਾਕਮਾਂ ਵੱਲੋਂ ਲੇਟ ਕੱਢਣ ਦਾ ਵਿਖਾਵਾ ਵੀ, ਲੋਕਾਂ ਨਾਲ ਹੇਜ ਦਾ ਖੇਖਣ ਵੀ, ਬੀਮਾਰੀ ਦਾ ਦਹਿਲ ਵੀ, ਹਕੂਮਤ ਦਾ ਛੱਪਾ ਵੀ।

ਹਾਕਮੀ ਪ੍ਰਚਾਰ ਤੰਤਰ,ਡਰ ਫੈਲਾਉਂਦਾ ਧੂਤੂ। ਆਈਸੋਲੇਸਨ ਸੈਂਟਰ, ਇੱਕਲਾਪੇ ਦਾ ਭੂਤ ਬੰਗਲਾ, ਕੰਧਾਂ ਟੱਪ ਭੱਜਦੇ ਮਰੀਜ। ਮਰੀਜਾਂ ਤੇ ਮੌਤਾਂ ਦੇ ਵਧਦੇ ਅੰਕੜੇ,ਮੌਤ ਦਾ ਹਊਆ, ਹਾਹਾਕਾਰ। ਉਪਚਾਰ ਦੀ ਕਾਹਲੀ, ਲੰਮੀਆਂ ਲਾਈਨਾਂ, ਦਾਖਲੇ ਲਈ ਤਰਲੇ।

ਕਰੋਨਾ-ਜੀਵ, ਬੜਾ ਅਜੀਬ।ਖੁਦ ਬੀਮਾਰੀ, ਪ੍ਰਬੰਧ ਦਾ ਡਾਇਗਨੋਜ ਕਰ ਧਰਿਆ। ਆਪ ਦਿਖਦਾ ਨੀਂ, ਦਿਖਾਵੇ ਬਾਹਲਾ ਕੁਛ, ਹਾਕਮ ਦਾ ਤੇ ਸਿਹਤ ਸਿਸਟਮ ਦੀ ਪੋਲ। ਕੋਈ ਵਿੰਗ-ਵਲ ਨੀਂ। ਨਾ ਕੋਈ ਟੇਢ-ਮੇਢ।ਸਭ ਸਾਫ ਸਾਫ।

ਲੰਮੀਆਂ ਲਾਈਨਾਂ, ਰੋਣ, ਕਰਲੌਣ। ਇਹ, ਸਰਕਾਰੀ ਹਸਪਤਾਲ, ਬੇਹੱਦ ਮੰਦੇ ਹਾਲ। ਨਾ ਸਾਧਨ,ਨਾ ਸਮਾਨ। ਨਾ ਸਟਾਫ ਤੇ ਨਾ ਸੰਭਾਲ। ਅੰਦਰ ਬਾਹਰ,ਮਰੀਜ ਹਾਲੋਂ ਬੇਹਾਲ।ਐਂਬੂਲੈਂਸਾਂ ਹਾਕਮ ਨੇ ਘਰੇ ਡੱਕੀਆਂ, ਲੋਕੀਂ ਲਾਸਾਂ ਮੋਢੇ ਚੱਕੀਆਂ, ਰਹਿੰਦੀਆਂ ਢੋਹਵੇ ਗੰਗਾ।

"ਬੈੱਡ ਖਾਲੀ ਨਹੀਂ" ਦਾ ਬੋਰਡ, ਹੇਠਾਂ ਫਕਿਰਾਂ ਮਾਰੀ ਭੀੜ। ਇਹ, ਪ੍ਰਾਈਵੇਟ ਹਸਪਤਾਲ, ਮਰੀਜ ਤੋਂ ਪਹਿਲਾਂ ਵੇਖੇ ਮਾਲ। ਸਿਫਾਰਸੀ ਫੋਨ ਤੇ ਫੀਸ ਦੀ ਤਸੱਲੀ, ਬੋਰਡ ਪੁੱਠਾ, ਬੈੱਡ ਖਾਲੀ। ਟਰੀਟਮੈਂਟ ਤੋਂ ਪਹਿਲਾਂ, ਕੈਸ-ਕਾਊਂਟਰ।ਦਾਖਲੇ ਦੇ ਲੱਖਾਂ, ਰੋਜ ਦੇ ਹਜਾਰਾਂ। ਨਾਂ ਵੱਡੇ ਡਾਕਟਰ ਦਾ,ਟਰੀਟ ਕਰੇ ਠੇਕਾ ਮੁਲਾਜਮ। ਇਲਾਜ ! "ਉਪਰਲੇ" ਦੇ ਹੱਥ। " ਉੱਚੀ ਦੁਕਾਨ ਫੀਕਾ ਪਕਵਾਨ।"

ਦੋ ਧੜੇ, ਆਹਮੋ ਸਾਹਮਣੇ। ਇੱਕ ਹਾਕਮਾਂ ਦਾ, ਇੱਕ ਲੋਕਾਂ ਦਾ, ਸਦਾ ਤੋਂ ਚਲਿਆ ਆਉਂਦਾ ਆਹਮੋ ਸਾਹਮਣਾ। ਕਰੋਨਾ ਦੌਰਾਨ ਵੀ, ਦੋ ਧੜੀਂ ਸਪੱਸਟ ਟਕਰਾਅ।ਹਾਕਮ ਦੀਆਂ ਤਰਜੀਹਾਂ, ਸਾਮਰਾਜੀ ਹਿਦਾਇਤਾਂ, ਕਾਰਪੋਰੇਟਾਂ ਦੇ ਹਿੱਤ। ਲੋਕਾਂ ਦੀਆਂ ਲੋੜਾਂ, ਰੋਟੀ, ਰੋਜੀ ਤੇ ਇਲਾਜ। ਬੇਰੁਜਗਾਰੀ ਤੇ ਭੁੱਖਮਰੀ ਲੋਕਾਂ ਦੇ ਜੀਅ ਦਾ ਜੰਜਾਲ, ਵੱਡੀਆਂ ਜੋਕਾਂ ਮਾਲੋ ਮਾਲ।

ਲੋਕਾਂ ਲਈ ਜਾਨ ਦਾ ਖੌਅ, ਹਾਕਮਾਂ ਲਈ ਸੁਨਹਿਰੀ ਮੌਕਾ। ਇਧਰ ਲੋਕਾਂ ਵੇਹੜੇ ਬੀਮਾਰੀ, ਉਧਰ ਹਾਕਮ ਬਣੇ ਵਪਾਰੀ। ਕੇਂਦਰ ਦਾ ਵਿਦੇਸਾਂ ਨਾਲ, ਸੂਬੇ ਦਾ ਪ੍ਰਾਈਵੇਟ ਹਸਪਤਾਲਾਂ ਨਾਲ ਸੌਦਾ। ਖਬਰਾਂ, ਚਰਚਾਵਾਂ ਦਾ ਦਬਾਅ, ਸੂਬੇ ਦਾ ਸੌਦਾ ਵਾਪਸ। ਆਕਸੀਜਨ, ਦਵਾਈਆਂ ਦੀ ਕਾਲਾ ਬਾਜਾਰੀ। ਵਿਧਾਇਕਾਂ, ਸਾਂਸਦਾਂ ਤੇ ਸੈਲੀਬ੍ਰਿਟੀ ਦੀ ਹਿੱਸੇਦਾਰੀ। ਮੁਨਾਫਾ ਲੋਭੀਆਂ,ਖੁੱਲ ਕੇ ਲੁੱਟ ਮਚਾਈ। ਇਲਾਜ ਵਿਚ ਲੁੱਟ, ਬਾਜਾਰ ਵਿੱਚ ਲੁੱਟ। ਸਿਵਿਆਂ ਤੱਕ, ਲੁੱਟ। ਲੁੱਟ ਹੀ ਲੁੱਟ।

ਹਾਕਮ, ਧੜੇ ਤੇ ਧੁਨ ਦਾ ਪੱਕਾ, ਲੋਕਾਂ ਨਾਲ ਹਰ ਪਲ ਧੱਕਾ। ਹਾਕਮ, ਖਜਾਨਾਂ ਵੰਡੇ ਜਾਂ ਨੌਕਰੀਆਂ,ਕੋਟੇ ਵੰਡੇ ਜਾਂ ਲਸੰਸ, ਮੁੜ ਮੁੜ ਆਪਣਿਆਂ ਨੂੰ। ਜੁਮਲੇਬਾਜ ਹਾਕਮ, ਡਰਾਮੇਬਾਜ ਵੀ। ਟੀ. ਵੀ. 'ਤੇ ਰੋਣੀ ਸੂਰਤ ਦਿਖਾਈ, ਉਥੇ ਵੀ ਸੰਗ ਨਾ ਆਈ। ਧੜਾ-ਪੱਖ ਸਿਰ ਨੂੰ ਚੜਿਆ, ਅਖੇ "ਕੁਝ ਆਪਣਿਆਂ ਦਾ ਦੁੱਖ ਹੈ"। ' ਕਪਤਾਨ ' ਟੀਮ ਛੱਡ ਭੱਜਿਆ। ਲੋਕਾਂ ਤੋਂ ਪਹਿਲਾਂ ਹੀ ਭੱਜਿਆ ਹੋਇਆ, ਫਾਰਮ-ਹਾਊਸ ਜਾ ਦੜਿਆ। ਹੁਣ ਉਥੇ ਹੀ ਖਿਚੜੀ ਰਿੰਨਦਾ, ਅਗਲੇ ਪੰਜ ਸਾਲ ਵਾਸਤੇ, ਗੱਦੀ ਹਥਿਆਉਣ ਲਈ। "ਕੋਈ ਮਰੇ ਕੋਈ ਜੀਵੇ,...।" ਲੋਕ ਭੁੱਖ ਨਾਲ ਮਰਨ ਜਾਂ ਬੀਮਾਰੀ ਨਾਲ। ਦਵਾਈ ਦੀ ਤੋਟ ਕਰਕੇ ਮਰਨ ਜਾਂ ਆਕਸੀਜਨ ਦੀ ਥੁੜੋਂ ਕਰਕੇ। ਲਾਸਾਂ ਮੋਢਿਆਂ 'ਤੇ ਲਿਜਾਣ, ਸਿਵਿਆਂ ਵਿੱਚ ਰੁਲਣ ਜਾਂ ਢੋਹਵੇ ਗੰਗਾ।ਹਾਕਮ ਪੱਥਰ ਚਿੱਤ, ਨਾ ਅਫਸੋਸ, ਨਾ ਸੰਗਾਂ।

ਦਸ ਨੰਬਰੀਏ ਬਦਮਾਸ ਵਾਂਗੂੰ, ਨਿੱਜੀਕਰਨ ਦਾ ਦੈਂਤ, ਦਹਾੜੇ। ਸਰਕਾਰੀ ਸਿਹਤ ਸੇਵਾਵਾਂ, ਏਸੇ ਨੇ ਮਰੁੰਡੀਆਂ। ਰੱਜਦਾ ਅਜੇ ਵੀ ਨੀਂ। ਬਰਤਾਨੀਆਂ 'ਚ ਜਣਿਆ, ਨਹਿਰੂ ਦਾ ਲਾਡਲਾ। ਸਾਮਰਾਜੀਆਂ ਦਾ ਪਾਲਿਆ, ਸਾਰੀਆਂ ਹਕੂਮਤਾਂ ਦਾ ਥਾਪੜਾ। ਲੋਕਾਂ ਦੇ ਪੈਸੇ ਨਾਲ ਉਸਰੇ, ਪਬਲਿਕ ਸੈਕਟਰ ਨੂੰ ਨਿਗਲਦਾ, ਖੁੱਲਾਂ ਮਾਣਦਾ।

ਬੀਮਾਰੀ, ਬਣੀ ਮਹਾਂਮਾਰੀ। ਇਲਾਜ ਤੇ ਸੰਭਾਲ, ਨਾ ਹੋਇਆਂ ਬਰਾਬਰ।ਸਰਕਾਰੀ ਹਸਪਤਾਲ, ਮੰਦੇ ਹਾਲ। ਪ੍ਰਾਈਵੇਟਾਂ ਦੀ ਚਾਂਦੀ। ਡਾਕਟਰ ਤੇ ਸਟਾਫ ਦੀ ਘਾਟ।ਦਵਾਈਆਂ, ਆਕਸੀਜਨ ਤੇ ਵੈਂਟੀਲੇਟਰ, ਸਭ ਦੀ ਤੋਟ ਅਤੇ ਕਾਲਾ ਬਾਜਾਰੀ।ਹਕੂਮਤਾਂ ਦਾ ਰਵੱਈਆ, ਨਿਰਦਈ। ਪੁਲਸੀਆ ਇਲਾਜ। ਲੌਕ ਡਾਊਨ ਤੇ ਕਰਫਿਊ ਦਾ ਕਹਿਰ। ਮਰੀਜ ਰੁਲੇ, ਲਾਸਾਂ ਰੁਲੀਆਂ। ਇਸ ਸਭ ਦੀ ਵਜ੍ਹਾ:

* ਸੁਰੂ ਸਮੇਂ, ਜਨਵਰੀ ਵੀਹ ਸੌ ਵੀਹ, ਟੈਸਟਿੰਗ ਨਿੱਲ। ਟਰੰਪ ਨਮਸਤੇ ਲਈ ਇਕੱਠੀ ਕੀਤੀ ਭੀੜ। ਲੋਕ ਬਚਾਉਣ ਲਈ ਦਵਾਈ, ਗੰਭੀਰ ਯਤਨ ਨਹੀਂ।ਚੁਣਾਵੀ ਰੈਲੀਆਂ,ਬਿਨ ਮਾਸਕੋਂ ਤੇ ਬਿਨ ਦੂਰੀ। ਨਿੱਜੀਕਰਨ ਨੂੰ ਖੁੱਲ, ਵੱਡਾ ਹੱਲਾ।

* ਖਜਾਨੇ ਦੀ ਵਰਤੋਂ, ਇਲਾਜ ਲਈ ਨਹੀਂ, ਕਾਰਪੋਰੇਟਾਂ ਨੂੰ ਰਿਆਇਤਾਂ ਛੋਟਾਂ, ਵਜੀਰਾਂ ਸਮੀਰਾਂ ਦੇ ਅੰਨ੍ਹੇ ਖਰਚਿਆਂ ਲਈ।

* ਮਹਾਂ ਸਕਤੀ ਬਣਨ ਦੀ ਲਾਲਸਾ।ਪਤਾਲ ਤੋਂ ਪੁਲਾੜ ਤੱਕ ਫੌਜੀ ਤੇ ਪ੍ਰਮਾਣੂ ਮਸਕਾਂ। ਬਜਟ ਰਕਮਾਂ ਦਾ ਵੱਡਾ ਹਿੱਸਾ ਇਸ ਪਾਸੇ।ਦਰੱਖਤਾਂ ਦੀ ਕਟਾਈ, ਪਹਾੜਾਂ ਦੀ ਢੁਹਾਈ।ਨਹਿਰਾਂ ਨਦੀਆਂ ਵਿੱਚ ਪੈਂਦੀ, ਸੀਵਰ ਤੇ ਫੈਕਟਰੀਆਂ ਦੀ ਸੜਿਆਂਦ। ਆਬੋ ਹਵਾ, ਦੂਸਤਿ।ਖਾਣਾ ਪੀਣਾ ਜਹਿਰੀ।ਗਲਿਆ ਸੜਿਆ ਵਾਤਾਵਰਣ।

* ਰਾਜ-ਪ੍ਰਬੰਧ ਦਾ ਟੀਰ। ਵਸੀਲਿਆਂ ਦੀ ਕਾਣੀ ਵੰਡ। ਵਸੀਲੇ, ਰਾਜ-ਮਾਲਕੀ ਦਾ ਆਧਾਰ। ਬਹੁਤੇ ਵਸੀਲਿਆਂ ਵਾਲੇ ਪਕੌੜੇਵੱਡਿਆਂ ਲਈ ਵੱਡੇ ਹਸਪਤਾਲ, ਵੱਡੇ ਇਲਾਜ। ਲੋਕਾਂ ਲਈ ਖਾਲੀ ਤਾਲਾਬੰਦ ਇਕਲਾਪਾ ਸੈਂਟਰ।

* ਹਿਦਾਇਤਾਂ ਕਰਕੇ ਨੀਤੀਆਂ ਕਾਨੂੰਨ ਬਣਵਾਉਂਦੇ ਸਾਮਰਾਜੀਏ। ਨਿੱਜੀਕਰਨ ਦਾ ਦੈਂਤ। ਇਹ ਸੀਨ ਬਦਲ ਸਕਦੇ ਆ।ਸਰਕਾਰੀ ਸਿਹਤ ਸੰਭਾਲ ਸਿਸਟਮ ਮਜਬੂਤ ਕਰਕੇ। ਡਾਕਟਰਾਂ ਤੇ ਸਟਾਫ ਦੀ ਹੋਰ ਭਰਤੀ ਕਰਕੇ।ਸਮਾਨ ਤੇ ਸਾਧਨ ਪੂਰੇ ਕਰਕੇ। ਬਜਟ ਰਕਮਾਂ ਵਧਾ ਕੇ। ਸਰਕਾਰੀ ਸਿਹਤ ਸੰਭਾਲ ਸਿਸਟਮ ਦੀ ਮਜਬੂਤੀ ਲਈ ਵੱਡੀਆਂ ਜੋਕਾਂ 'ਤੇ ਟੈਕਸ ਲਾ ਕੇ। ਵਾਤਾਵਰਣ ਨੂੰ ਸਵੱਛ ਬਣਾਕੇ।ਕਾਰਪੋਰੇਟੀ ਵਿਕਾਸ ਮਾਡਲ, ਰੱਦ ਕਰਕੇ। ਸਾਮਰਾਜੀ ਸੰਸਾਰੀਕਰਨ ਦੀਆਂ ਨੀਤੀਆਂ ਰੱਦ ਕਰਕੇ। ਰਾਜ ਦੇ ਟੀਰ ਦਾ ਇਲਾਜ ਕਰਕੇ।

ਆਸ ਆ!ਇਹ ਸਭ ਹੋ ਸਕਦੈ। ਸਾਖਸਾਤ ਮਿਸਾਲ, ਕਿਸਾਨਾਂ ਦੀ ਪੰਚਾਇਤ ਬਣੀ, ਦਿੱਲੀ ਘੇਰੀ, ਵੱਡਿਆਂ ਦੇ ਕਾਰੋਬਾਰ ਰੋਕੇ, ਮਜਦੂਰਾਂ ਨਾਲ ਨੇੜਤਾ ਵਧਾਈ।ਰਸਤਾ ਤਾਂ ਇਹੀ ਆ।ਵਾਟ ਤੁਰਿਆਂ ਮੁੱਕਣੀ ਐ,ਤੁਰਨ ਲਈ ਕਦਮ ਉਠਾਉਣਾ ਪੈਣਾ।

ਜਗਮੇਲ ਸਿੰਘ

# ਆਨਲਾਈਨ ਠੱਗੀਆਂ ਦੇ ਨਵੇਂ ਢੰਗ-ਤਰੀਕੇ

ਨੈੱਟਵਰਕਿੰਗ ਸਾਈਟਾਂ ਤੇ ਨਕਦ-ਰਹਿਤ ਖ਼ਰੀਦਦਾਰੀ ਦੇ ਵੱਧਦੇ ਰੁਝਾਨ ਦੇ ਚੱਲਦਿਆਂ ਇਨ੍ਹਾਂ ਦੀ ਸੁਰੱਖਿਆ ਨੂੰ ਲੈ ਕੇ ਬਹੁਤ ਸ਼ੰਕੇ ਹਨ। ਇਹ ਤਾਂ ਆਪਾਂ ਸਾਰੇ ਭਲੀਭਾਂਤ ਜਾਣਦੇ ਹਾਂ ਕਿ ਕਿਸੇ ਵੀ ਨੈੱਟਵਰਕਿੰਗ ਸਾਈਟ ਦੀ ਆਈ.ਡੀ. ਦਾ ਪਾਸਵਰਡ ਨਾਂ, ਗੋਤ, ਜਨਮ ਮਿਤੀ, ਮੋਬਾਈਲ ਨੰਬਰ, ਰੋਲ ਨੰਬਰ, ਬੈਂਕ ਖਾਤਾ ਨੰਬਰ, ਪਾਸਪੋਰਟ ਨੰਬਰ ਜਾਂ ਪੈਨ ਕਾਰਡ ਨੰਬਰ ਆਦਿ ਨਾਲ਼ ਮਿਲਦਾ-ਜੁਲਦਾ ਨਹੀਂ ਹੋਣਾ ਚਾਹੀਦਾ। ਆਪਣੇ ਮੋਬਾਈਲ ਦੇ ਇਨ-ਬਾਕਸ ਵਿੱਚ ਆਏ ਇੱਕ ਵਾਰੀ ਵਾਲ਼ੇ ਪਿਨਕੋਡ (ਓ.ਟੀ.ਪੀ.) ਕਿਸੇ ਵੀ ਹਾਲਤ ਕਿਸੇ ਨੂੰ ਵੀ ਨਹੀਂ ਦੱਸਣਾ, ਕਿਉਂਕਿ ਬੈਂਕ ਵੱਲੋਂ ਕਦੇ ਵੀ ਕਿਸੇ ਗਾਹਕ ਦੇ ਏ.ਟੀ.ਐਮ. ਕਾਰਡ ਦਾ ਨੰਬਰ ਜਾਂ ਪਿਨ-ਕੋਡ ਨਹੀਂ ਮੰਗਿਆ ਜਾਂਦਾ। ਪਰ ਫਿਰ ਵੀ ਭੋਲੇ-ਭਾਲੇ ਲੋਕ ਇਹਨਾਂ ਠੱਗਾਂ ਵਲੋਂ ਝੂਠੇ ਸਬਜ਼ਬਾਗ ਦਿਖਾਏ ਜਾਣ 'ਤੇ ਆਪਣਾ ਆਰਥਿਕ ਨੁਕਸਾਨ ਕਰਵਾ ਬੈਠਦੇ ਹਨ।

ਇਸ ਤਰਾਂ ਦੇ ਠੱਗ ਲੋਕਾਂ ਨੂੰ ਕੋਈ ਵੱਡੀ ਲਾਟਰੀ ਨਿਕਲਣ ਬਾਰੇ ਈ-ਮੇਲਜ਼ ਵੀ ਭੇਜਦੇ ਹਨ। ਉਸ ਵੱਡੀ ਰਕਮ ਨੂੰ ਲੈਣ ਲਈ ਪਹਿਲਾਂ ਗਾਹਕ ਨੂੰ ਇਕ ਨਿਰਧਾਰਿਤ ਰਕਮ ਠੱਗਾਂ ਦੇ ਖਾਤੇ ਵਿਚ ਜਮਾਂ ਕਰਵਾਉਣੀ ਹੁੰਦੀ ਹੈ। ਗਾਹਕ ਵਲੋਂ ਲਾਲਚ ਹਿੱਤ ਪੈਸੇ ਠੱਗਾਂ ਦੇ ਖਾਤੇ 'ਚ ਜਮਾਂ ਕਰਵਾਉਣ ਤੋਂ ਤੁਰੰਤ ਬਾਅਦ ਉਹ ਠੱਗ ਆਪਣੇ ਮੋਬਾਈਲ ਫ਼ੋਨ ਬੰਦ ਕਰ ਦਿੰਦੇ ਹਨ। ਕਈ ਚਿੱਟ-ਫੰਡ ਕੰਪਨੀਆਂ ਵੀ ਲੋਕਾਂ ਨੂੰ ਉਨ੍ਹਾਂ ਦੇ ਪੈਸੇ ਬਹੁਤ ਹੀ ਘੱਟ ਸਮੇਂ ਵਿਚ ਦੁੱਗਣੇ ਜਾਂ ਤਿਗਣੇ ਕਰਨ ਦਾ ਲਾਲਚ ਦੇ ਰਹੀਆਂ ਹਨ। ਕਈ ਚਲਾਕ ਲੋਕ ਏ.ਟੀ.ਐਮ. 'ਚੋਂ ਪੈਸੇ ਕਢਾਉਣ ਆਏ ਕਿਸੇ ਵਿਅਕਤੀ ਨੂੰ ਗੱਲਾਂ 'ਚ ਲਾ ਕੇ ਉਸ ਦਾ ਏ.ਟੀ.ਐਮ. ਕਾਰਡ ਬਦਲ ਲੈਂਦੇ ਹਨ ਤੇ ਕੁਝ ਦੇਰ ਬਾਅਦ ਉਕਤ ਵਿਅਕਤੀ ਨੂੰ ਬੈਂਕ ਵੇਲੋਂ ਪੈਸੇ ਨਿਕਲਣ ਦੇ ਮੈਸੇਜ ਆਉਣੇ ਸ਼ੁਰੂ ਹੋ ਜਾਂਦੇ ਹਨ। ਇਨ੍ਹਾਂ ਢੰਗ ਤਰੀਕਿਆਂ ਬਾਬਤ ਜ਼ਿਆਦਾਤਰ ਲੋਕ ਜਾਗਰੂਕ ਹੋ ਗਏ ਹਨ, ਜਿਸ ਦੇ ਚੱਲਦਿਆਂ ਡਿਜੀਟਲ ਠੱਗੀਆਂ ਮਾਰਨ ਵਾਲੇ ਠੱਗ ਹੋਰ ਵਧੇਰੇ ਚੌਕਸ ਹੋ ਗਏ ਹਨ ਤੇ ਠੱਗੀਆਂ ਦੇ ਨਵੇਂ ਢੰਗ ਤਰੀਕੇ ਅਪਣਾ ਰਹੇ ਹਨ।

ਅੱਜਕੱਲ੍ਹ ਠੱਗਾਂ ਵਲੋਂ 'ਸਿੰਮ ਕਲੋਨਿੰਗ' ਦਾ ਢੰਗ ਅਪਣਾਇਆ ਜਾ ਰਿਹਾ ਹੈ। ਬੇਸ਼ੱਕ ਇਸ ਦੇ ਮੌਕੇ ਘੱਟ ਹਨ ਤੇ ਇਹ ਢੰਗ ਔਖਾ ਵੀ ਹੈ ਪਰ ਪੇਸ਼ਾਵਰ ਠੱਗ ਇਸ ਦੀ ਵਰਤੋ ਕਰ ਕੇ ਲੋਕਾਂ ਦੇ ਬੈਂਕ ਖਾਤੇ ਖ਼ਾਲੀ ਕਰ ਰਹੇ ਹਨ। ਅਜਿਹੇ ਕਈ ਮਾਮਲੇ ਸਾਹਮਣੇ ਆ ਚੁੱਕੇ ਹਨ। ਸਭ ਤੋਂ ਪਹਿਲਾਂ ਠੱਗ ਬੈਂਕ ਦੇ ਕਿਸੇ ਖਾਤਾ ਧਾਰਕ ਨੂੰ ਫ਼ੋਨ ਕਰਦਾ ਹੈ। ਇੱਥੇ ਕਾਲ ਕਰਨ ਵਾਲਾ ਵਿਅਕਤੀ ਆਪਣੇ ਆਪ ਨੂੰ ਉਸੇ ਕੰਪਨੀ ਦਾ ਐਗਜ਼ੀਕਿਊਟਿਵ ਦੱਸਦਾ ਹੈ, ਜਿਹੜਾ ਸਿੰਮ ਕਾਰਡ ਤੁਸੀਂ ਚਲਾ ਰਹੇ ਹੋ। ਗੱਲਾਂ-ਗੱਲਾਂ 'ਚ ਉਹ ਗਾਹਕ ਤੋਂ ਸਾਰੀ ਜਾਣਕਾਰੀ ਲੈ ਲੈਂਦਾ ਹੈ। ਉਹ ਗਾਹਕ ਨੂੰ ਉਲਝਾਉਣ ਲਈ ਕਹਿੰਦਾ ਹੈ ਕਿ ਤੁਹਾਡੇ ਨੰਬਰ ਨੂੰ ਬੰਦ ਕਰਨ ਦੀ ਬੇਨਤੀ ਆਈ ਹੈ, ਕਿਉਂਕਿ ਤੁਹਾਡਾ ਸਿੰਮ ਗੁਆਚ ਗਿਆ ਹੈ।

ਤੁਸੀਂ ਉਸ ਨੂੰ ਕਹੋਗੇ ਕਿ ਸਿੰਮ ਤਾਂ ਮੇਰੇ ਕੋਲ ਹੀ ਹੈ ਪਰ ਉਹ ਤੁਹਾਨੂੰ ਗੱਲਾਂ-ਬਾਤਾਂ 'ਚ ਯਕੀਨ ਦਿਵਾ ਕੇ ਸੁਰੱਖਿਆ ਕਾਰਨਾਂ ਦੇ ਮੱਦੇਨਜ਼ਰ ਦੱਸ ਕੇ ਤੁਹਾਡੇ ਕੋਲੋਂ ਡਿਟੇਲਜ਼ ਲੈ ਲਵੇਗਾ। ਇਸ ਤਰਾਂ ਕੁਝ ਦੇਰ ਬਾਅਦ ਤੁਹਾਡਾ ਸਿੰਮ ਬੰਦ ਹੋ ਜਾਵੇਗਾ ਅਤੇ ਉਹ ਸ਼ਾਤਰ ਦਿਮਾਗ਼ ਬਿਨਾ ਸਮਾਂ ਗਵਾਏ ਕੰਪਨੀ ਤੋਂ ਤੁਹਾਡੇ ਉਹੀ ਨੰਬਰ ਦਾ ਡੁਪਲੀਕੇਟ ਸਿੰਮ ਜਾਰੀ ਕਰਵਾ ਲਵੇਗਾ। ਹੁਣ ਜਦਕਿ ਬਾਕੀ ਡਿਟੇਲ ਉਹ ਤੁਹਾਡੇ ਕੋਲੋਂ ਪਹਿਲਾਂ ਹੀ ਪ੍ਰਾਪਤ ਕਰ ਚੁੱਕਾ ਹੈ, ਬੈਂਕ ਟਰਾਂਸਜੈਕਸ਼ਨ ਕਰਨ ਲਈ ਅਖੀਰਲਾ ਸੁਰੱਖਿਆ ਚੈੱਕ ਯਾਨੀ ਕਿ ਓ.ਟੀ.ਪੀ. ਵੀ ਸਿੱਧਾ ਉਸੇ ਨਵੇਂ ਡੁਪਲੀਕੇਟ ਸਿੰਮ 'ਚ ਜਾਵੇਗਾ। ਜਦੋਂ ਤੱਕ ਤੁਸੀਂ ਕੰਪਨੀ ਦੇ ਕਸਟਮਰ ਕੇਅਰ 'ਤੇ ਕਾਲ ਕਰ ਕੇ ਜਾਂ ਕੰਪਨੀ ਦੇ ਦਫ਼ਤਰ 'ਚ ਜਾ ਕੇ ਸ਼ਿਕਾਇਤ ਦਰਜ ਕਰਵਾਓਗੇ, ਉਦੋਂ ਤੱਕ ਉਹ ਠੱਗ ਓ.ਟੀ.ਪੀ. ਦੀ ਮਦਦ ਨਾਲ ਤੁਹਾਡੇ ਖਾਤੇ ਨੂੰ ਸਾਫ਼ ਕਰ ਚੁੱਕਿਆ ਹੋਵੇਗਾ। ਇੱਥੇ ਦੱਸਣਯੋਗ ਹੈ ਕਿ ਭਾਵੇਂ ਮੋਬਾਈਲ ਸਿੰਮ ਚਲਾਉਣ ਵਾਲੀਆਂ ਕੰਪਨੀਆਂ ਆਪਣੇ ਗਾਹਕਾਂ ਦੀ ਸੁਰੱਖਿਆ ਪ੍ਰਤੀ ਬਹੁਤ ਇਹਤਿਆਤ ਵਰਤਦੀਆਂ ਹਨ ਪਰ ਠੱਗੀ ਦੇ ਇਸ ਢੰਗ 'ਚ ਤੁਹਾਡੇ ਸਿੰਮ ਕਾਰਡ ਕੰਪਨੀ ਦੇ ਕਿਸੇ ਮੁਲਾਜ਼ਮ ਦੀ ਮਿਲੀਭੁਗਤ ਹੋਣ ਤੋਂ ਵੀ ਇਨਕਾਰ ਨਹੀਂ ਕੀਤਾ ਜਾ ਸਕਦਾ।

ਇਸ ਤੋਂ ਇਲਾਵਾ ਸਾਈਬਰ ਠੱਗਾਂ ਵਲੋਂ ਅੱਜਕੱਲ੍ਹ ਇਕ ਨਵੇਂ ਤੇ ਲੁਭਾਉਣੇ ਢੰਗ ਦੀ ਵਰਤੋ ਕੀਤੀ ਜਾ ਰਹੀ ਹੈ। ਇਸ ਦਾ ਬੈਂਤ ਖਾਤੇ, ਏ.ਟੀ.ਐਮ., ਸਿੰਮ ਆਦਿ ਨਾਲ ਕੋਈ ਸਬੰਧ ਨਹੀਂ ਹੈ। ਦਰਅਸਲ ਅਚਾਨਕ ਫੇਸਬੁੱਕ 'ਤੇ ਤੁਹਾਨੂੰ ਕਿਸੇ ਬਹੁਤ ਹੀ ਸੋਹਣੀ ਦਿੱਖ ਵਾਲੀ ਅਤਿ ਮਾਡਰਨ ਲੜਕੀ ਦੇ ਪ੍ਰੋਫਾਈਲ ਤੋਂ ਫਰੈਂਡ ਰਿਕੁਐਸਟ ਆਉਂਦੀ ਹੈ। ਤੁਹਾਡੇ ਵਲੋਂ ਬੇਨਤੀ ਮਨਜ਼ੂਰ ਕਰਨ ਉਪਰੰਤ ਚੈਟ ਸ਼ੁਰੂ ਹੋ ਜਾਂਦੀ ਹੈ। 2-4 ਦਿਨਾਂ 'ਚ ਮੋਬਾਈਲ ਨੰਬਰ ਐਕਸਚੇਂਜ ਹੋ ਜਾਂਦੇ ਹਨ। ਫਿਰ ਵਟਸਐਪ ਜਾਂ ਫੇਸਬੁੱਕ ਮੈਸੰਜਰ 'ਤੇ ਕਾਲਾਂ ਦੀ ਸ਼ੁਰੂਆਤ ਹੋ ਜਾਂਦੀ ਹੈ। ਜ਼ਿਆਦਾਤਰ ਵਿਦੇਸ਼ੀ ਨਾਂ ਜਿਵੇਂ ਕਿ ਐਂਜਲ, ਬਰਾਊਨ ਐਂਡਰਸਨ, ਸੋਫੀਆ ਨਾਂ ਦੇ ਪ੍ਰੋਫਾਈਲ ਵਾਲੀਆਂ ਲੜਕੀਆਂ ਇਸ ਦੌਰਾਨ ਵਟਸਐਪ ਜਾਂ ਫੇਸਬੁੱਕ 'ਤੇ ਆਪਣੀਆਂ ਜਾਂ ਫ਼ਰਜ਼ੀ ਉਤੇਜਿਤ ਤੇ ਭੜਕਾਊ ਫ਼ੋਟੋਆਂ ਅੱਪਲੋਡ ਕਰਦੀਆਂ ਰਹਿੰਦੀਆਂ ਹਨ।

ਉਹ ਆਪਣੇ ਆਪ ਨੂੰ ਬਹੁਤ ਹੀ ਜ਼ਿਆਦਾ ਰਈਸ ਦਰਸਾਉਂਦੀਆਂ ਹਨ। ਹੌਲੀ-ਹੌਲੀ ਦੋਸਤੀ ਤੇ ਫਿਰ ਪਿਆਰ ਦਾ ਇਜ਼ਹਾਰ ਕਰਦੀਆਂ ਹਨ। ਪੂਰੇ ਵਿਸ਼ਵਾਸ 'ਚ ਲੈਣ ਉਪਰੰਤ ਉਹ ਤੁਹਾਨੂੰ ਕਿਸੇ ਵੱਡੇ ਗਿਫ਼ਟ ਦੇਣ ਦੇ ਇਵਜ਼ ਵੱਜੋਂ ਤੁਹਾਡਾ ਐਡਰੈੱਸ ਮੰਗਦੀਆਂ ਹਨ, ਤਾਂ ਕਿ ਉਹ ਗਿਫ਼ਟ (ਜਿਸ ਦੀ ਕੀਮਤ ਉਹ ਕਈ-ਕਈ ਲੱਖ ਦੱਸਦੀਆਂ ਹਨ) ਕੋਰੀਅਰ ਕੀਤਾ ਜਾ ਸਕੇ। ਤੁਸੀਂ ਖ਼ੁਸ਼ੀ ਤੇ ਲਾਲਚ ਦੇ ਮਾਰੇ ਸਾਰਾ ਕੁਝ ਦੱਸਦੇ ਜਾਂਦੇ ਹੋ। ਇਸ ਦੌਰਾਨ ਉਨ੍ਹਾਂ ਵਲੋਂ ਕਾਲ ਆਉਂਦੀ ਹੈ ਕਿ ਉਨ੍ਹਾਂ ਦਾ ਬੈਂਕ ਖਾਤਾ ਟੈਕਸ ਜਾਂ ਕਿਸੇ ਹੋਰ ਕਾਰਨਾਂ ਕਰ ਕੇ ਕੁਝ ਦਿਨਾਂ ਲਈ ਬੰਦ ਕਰ ਦਿੱਤਾ ਗਿਆ ਹੈ, ਇਸ ਲਈ ਉਹ ਤੁਹਾਡੇ ਕੋਲੋਂ ਉਧਾਰ ਪੈਸੇ ਦੀ ਮੰਗ ਕਰਦੀਆਂ ਹਨ ਅਤੇ ਆਪਣੇ ਪਿਆਰ ਦਾ ਵਾਸਤਾ ਪਾ ਕੇ ਵਿਸ਼ਵਾਸ ਦਿਵਾਉਂਦੀਆਂ ਹਨ ਕਿ ਖਾਤਾ ਚੱਲਦੇ ਹੀ ਸਾਰੇ ਪੈਸੇ ਵਾਪਸ ਭੇਜ ਦੇਣਗੀਆਂ। ਇਸ ਤਰਾਂ ਤੁਸੀਂ ਪਿਆਰ-ਪਿਆਰ 'ਚ ਲੁੱਟ ਦਾ ਸ਼ਿਕਾਰ ਹੋ ਜਾਂਦੇ ਹੋ ਤੇ ਤੁਹਾਨੂੰ ਇਸ ਦਾ ਕਈ ਦਿਨਾਂ ਤੱਕ ਪਤਾ ਵੀ ਨਹੀਂ ਲੱਗਦਾ।

ਇਸ ਤੋਂ ਇਲਾਵਾ ਇਸੇ ਢੰਗ ਰਾਹੀ ਕਈ ਲੜਕੀਆਂ ਗਿਫ਼ਟ ਭੇਜਣ ਬਦਲੇ ਕੋਰੀਅਰ ਜਾਂ ਰਜਿਸਟ੍ਰੇਸ਼ਨ ਆਦਿ ਦੇ ਖ਼ਰਚੇ ਲਈ 40-50 ਹਜ਼ਾਰ ਦਾ ਟਾਂਕਾ ਲਾ ਜਾਂਦੀਆਂ ਹਨ ਤੇ ਤੁਸੀਂ ਕਈ-ਕਈ ਹਫ਼ਤਿਆਂ ਤੱਕ ਉਸ ਵਲੋਂ ਭੇਜੇ ਗਿਫ਼ਟ ਨੂੰ ਉਡੀਕਦੇ ਰਹਿੰਦੇ ਹੋ। ਉਸ ਤੋਂ ਬਾਅਦ ਉਹ ਮੋਮੋ ਠੱਗਣੀਆਂ ਤੁਹਾਨੂੰ ਬਲਾਕ ਕਰ ਕੇ ਨਵੇਂ ਸ਼ਿਕਾਰ ਦੀ ਭਾਲ ਸ਼ੁਰੂ ਕਰ ਦਿੰਦੀਆਂ ਹਨ। ਸੋ ਦਿਲ ਦੇ ਨਾਲ-ਨਾਲ ਦਿਮਾਗ ਤੋਂ ਕੰਮ ਲੈਣਾ ਕਦੇ ਨਾ ਭੁੱਲੋ। ਤੁਹਾਡੇ ਭੋਰਾ ਜਿਹਾ ਵੀ ਅਵੇਸਲਾ ਹੁੰਦੇ ਹੀ ਦੁਨੀਆ ਦੇ ਕਿਸੇ ਵੀ ਕੋਨੇ 'ਚ ਬੈਠੇ-ਬੈਠੇ ਠੱਗ ਤੁਹਾਨੂੰ ਆਪਣੀ ਠੱਗੀ ਦਾ ਸ਼ਿਕਾਰ ਬਣਾ ਸਕਦੇ ਹਨ, ਸੋ ਹਮੇਸ਼ਾ ਸਤਰਕ ਰਹਿਣ ਦੀ ਲੋੜ ਹੈ।

ਅਮਰਬੀਰ ਸਿੰਘ ਚੀਮਾ

# ਕਿਸਾਨੀਅਤ ਦਾ ਰਿਸਤਾ

ਕਿਸੇ ਥਾਂ ਨੂੰ ਭਾਗ ਹੁੰਦੇ ਹਨ ਕਿ ਉੱਥੇ ਸਦਾ ਹੀ ਰੌਣਕਾਂ ਲੱਗੀਆਂ ਰਹਿੰਦੀਆਂ ਹਨ। ਜਦੋਂ ਦਾ ਪਿਛਲੇ ਚਾਰ ਕੁ ਸਾਲਾਂ ਦਾ ਆਹ ਸੰਤਰਿਆਂ ਵਾਲਾ ਬਾਗ ਲਿਆ ਉਸ ਦਿਨ ਤੋਂ ਲੈ ਕੇ ਅੱਜ ਤੱਕ ਸਾਇਦ ਹੀ ਕੋਈ ਵੇਲਾ ਹੋਵੇ ਜਦੋਂ ਮੈਂ ਇੱਥੇ ਹੋਵਾਂ ਤੇ ਪ੍ਰਾਹੁਣੇ ਨਾ ਆਉਣ। ਸੋ ਅੱਜ ਵੀ ਪਹਿਲਾਂ ਸਮਰਾਲੇ ਵਾਲਾ ਛੋਟਾ ਵੀਰ ਤੇਜਿੰਦਰ ਆਪਣੇ ਪਰਿਵਾਰ ਨਾਲ ਆ ਗਿਆ। ਉਹ ਗਿਆ ਤਾਂ ਜਸਵਿੰਦਰ ਅਤੇ ਚੀਮਾ ਬਾਈ ਆ ਗਏ। ਨਾਲ ਉਹਨਾਂ ਦੇ ਐਡੀਲੇਡ ਵਾਲਾ ਵਿਕੀ ਬਾਈ ਵੀ ਸੀ। ਮੁੱਕਦੀ ਗੱਲ ਬਠਿੰਡੇ ਆਲੀ ਚਾਹ ਦੀ ਪਤੀਲੀ ਠੰਢੀ ਨਹੀਂ ਹੋਣ ਦਿੱਤੀ ਸਾਰਾ ਦਿਨ।

*ਦੂਜੇ ਪਾਸੇ ਸੰਤਰਿਆਂ ਦੀ ਤੁੜਵਾਈ ਚੱਲ ਰਹੀ ਸੀ। ਐਤਕੀਂ ਕਾਮਿਆਂ ਦੀ ਘਾਟ ਕਾਰਨ ਕਾਫੀ ਦਿੱਕਤਾਂ ਆ ਰਹੀਆਂ ਹਨ। ਜਿਹੜਾ ਕੰਮ ਦੋ ਦਿਨਾਂ 'ਚ ਹੋ ਸਕਦਾ ਸੀ ਉਸ ਲਈ ਦੁੱਗਣੇ ਪੈਸੇ ਤੇ ਹਫਤੇ ਲੱਗ ਰਹੇ ਹਨ। ਜੇ ਅੱਠ ਦੱਸ ਕੁ ਕਾਮੇ ਲੱਗੇ ਹੋਣ ਤਾਂ ਬਿੰਨ ਚੱਕ-ਧਰ ਕਰਦੇ ਟਰੈਕਟਰ ਵਾਲੇ ਦੀ ਆਥਣ ਨੂੰ ਭੂਤਨੀ ਭੂਲਾ ਦਿੰਦੇ ਹਨ। ਅੱਜ ਸਿਰਫ ਤਿੰਨ ਕੁ ਕਾਮੇ ਸਨ ਤੇ ਆਪਾਂ ਵੀ ਵਕਤ ਜਿਹਾ ਪਾਸ ਕਰ ਰਹੇ ਸੀ। ਪਰ ਆਥਣੇ ਜਿਹੇ ਜਦੋਂ ਮੈਂ ਕਤਾਰਾਂ 'ਚੋਂ ਬਿੰਨ ਬਾਹਰ ਕੱਢ ਰਿਹਾ ਸੀ ਤਾਂ ਅਚਾਨਕ ਦੋ ਅਧਖੜ ਜਿਹੀ ਉਮਰ ਦੇ ਗੋਰੇ ਸੰਤਰਿਆਂ ਦੇ ਵਿਚ ਵੜੇ ਫਿਰਨ। ਇੱਥੇ ਜਕਿਰਯੋਗ ਹੈ ਕਿ ਆਸਟ੍ਰੇਲੀਆ 'ਚ ਬਿਨਾਂ ਇਜਾਜਤ ਦੇ ਕੋਈ ਕਿਸੇ ਦੇ ਖੇਤ 'ਚੋਂ ਲੰਘਦਾ ਵੀ ਨਹੀਂ। ਉਹਨਾਂ ਮੈਨੂੰ ਦੇਖ ਕੇ ਹੱਥ ਚੱਕਿਆ। ਆਪਾਂ ਵੀ ਇਹ ਸੋਚ ਕੇ ਟਰੈਕਟਰ ਬੰਦ ਕਰ ਲਿਆ ਕਿ ਲਗਦਾ ਹੋਰ ਪ੍ਰਾਹੁਣੇ ਆ ਗਏ। ਮੈਂ ਟਰੈਕਟਰ ਤੋਂ ਉੱਤਰ ਕੇ ਉਹਨਾਂ ਕੋਲ ਆ ਗਿਆ। ਉਹਨਾਂ 'ਚੋਂ ਇਕ ਕਹਿੰਦਾ ਮਾਫ ਕਰਨਾ ਅਸੀਂ ਤਾਂ ਕੰਮ ਚਲਦਾ ਦੇਖ ਕੇ ਹੱਸਦੇ ਹੱਸਦੇ ਏਧਰ ਨੂੰ ਆ ਗਏ।*

*ਮੇਰੇ 'ਕੋਈ ਨਾ' ਕਹਿਣ ਤੇ ਜਦੋਂ ਨੂੰ ਉਹ ਗੱਲ ਅੱਗੇ ਤੋਰਦੇ ਮੇਰੇ ਜਹਿਨ 'ਚ ਅਚਾਨਕ ਦੋ ਗੱਲਾਂ ਚੇਤੇ ਆ ਗਈਆਂ। ਇਕ ਤਾਂ ਇਹ ਕਿ ਸਕਿਾਰ ਆਪ ਹੀ ਪਿੰਜਰੇ 'ਚ ਆ ਗਿਆ। ਉਹਨਾਂ ਨੂੰ ਨਹੀਂ ਸੀ ਪਤਾ ਕਿ ਮੈਨੂੰ ਜੇ ਦੋ ਕੁ ਘੰਟੇ ਮਗਜ ਖਾਣ ਨੂੰ ਸਰੋਤਾ ਨਾ ਮਿਲੇ ਮੈਂ ਤਾਂ ਭੁੱਖਾ ਮਰ ਜਾਵਾਂ।*

ਦੂਜੇ ਮੈਨੂੰ ਪੰਜਾਬ ਦੇ ਉਸ ਬੁਰੇ ਦੌਰ ਦੀ ਗੱਲ ਚੇਤੇ ਆ ਗਈ ਜਦੋਂ ਪੰਜਾਬ ਦੀ ਜਵਾਨੀ ਨੂੰ ਸਰਕਾਰ ਗਿਰਝਾਂ ਵਾਂਗ ਪੈਂਦੀ ਸੀ। ਵੇਲੇ-ਕੁਵੇਲੇ ਤਾਂ ਦੂਰ ਦੀ ਗੱਲ ਦਿਨ ਢਲਦੇ ਵੀ ਕੋਈ ਪਰਿਵਾਰ ਆਪਣੇ ਜਵਾਨ ਪੁੱਤਰ ਨੂੰ ਬਾਹਰ ਨਾ ਜਾਣ ਦਿੰਦਾ। ਪਰ ਜਵਾਨੀ ਅੱਥਰੀ ਹੁੰਦੀ ਹੈ ਉਹ ਕਿੱਥੇ ਰੋਕਿਆਂ ਰੁਕਦੀ। ਇਕ ਦਿਨ ਮੇਰਾ ਹਾਣੀ ਭੂਆ ਦਾ ਪੁੱਤ ਬੱਬੀ ਚੱਠਾ ਅਤੇ ਉਹਦੇ ਮਿੱਤਰ ਨੀਟਾ ਸਰਦਾਰ ਅਤੇ ਸੇਖਰ ਤਲਵੰਡੀ ਜੋ ਅੱਜ ਕੱਲ੍ਹ ਇਕ ਸਥਾਪਿਤ ਗੀਤਕਾਰ ਹੈ। 'ਸਾਬੋ ਕੀ ਤਲਵੰਡੀ' ਦੇ ਬਾਹਰ-ਬਾਹਰ ਇਕ ਮੈਦਾਨ 'ਚ ਕਸਰਤ ਕਰਨ ਬਹਾਨੇ ਇਕੱਠੇ ਜਾ ਪੁੱਜੇ। ਮੈਦਾਨ ਦੇ ਦੱਖਣ ਆਲੇ ਪਾਸੇ ਸੀ.ਆਰ.ਪੀ.ਐੱਫ. ਦਾ ਕੈਂਪ ਲੱਗਿਆ ਹੁੰਦਾ ਸੀ। ਕੈਂਪ ਚੋਂ ਕੁੱਕਰ ਦੀਆਂ ਸੀਟੀਆਂ ਸੁਣ ਕੇ ਬੱਬੀ ਕਹਿੰਦਾ ਆਜੋ ਓਏ ਫੌਜੀਆਂ ਕੋਲੋਂ ਮੀਟ-ਸੀਟ ਖਾ ਕੇ ਆਈਏ। ਨੀਟਾ ਬਾਈ ਕਹਿੰਦਾ ਉਹ ਤਾਂ ਕਿਤੇ ਤੇਰਾ ਕੌਲਾ ਨਾ ਭਰ ਦੇਣ, ਮਰਵਾਏਂਗਾ ਕਿ? ਪਰ ਗੱਲਾਂ ਬਾਤਾਂ 'ਚ ਬੱਬੀ ਨੂੰ ਜਿੱਤਣਾ ਔਖਾ, ਸੋ ਉਸ ਨੇ ਦੋ ਚਾਰ ਉਦਾਹਰਨਾਂ ਮੌਕੇ ਤੇ ਘੜ ਸੁਣਾਈਆਂ ਤੇ ਚਲੋ ਜੀ ਗੱਲਾਂ ਕਰਦੇ ਕਰਾਉਂਦੇ ਉੱਥੇ ਪਹੁੰਚ ਗਏ।

ਸੀ.ਆਰ.ਪੀ .ਆਲਿਆਂ ਨੇ ਅਣਜਾਣ ਜਿਹੇ ਗੱਭਰੂ ਨਿਧੜਕ ਹੀ ਕੈਂਪ 'ਚ ਵੜਦੇ ਦੇਖ ਬੰਦੂਕਾਂ ਤਣ ਲਈਆਂ , ਕਹਿੰਦੇ ਕਰ ਲਵੋ ਓਏ ਹੱਥ ਖੜ੍ਹੇ। ਦੋ ਚਾਰ ਕੁ ਮਿੰਟਾਂ 'ਚ ਜਦੋਂ ਉਹਨਾਂ ਆਲੇ ਦੁਆਲੇ ਗੇੜੇ ਜਿਹੇ ਖਾ ਕੇ ਦੇਖਿਆ ਵੀ ਲਗਦੇ ਤਾਂ ਸਰੀਫਜਾਦੇ ਹੀ ਆ, ਉਹਨਾਂ ਦਾ ਅਫਸਰ ਗੜ੍ਹਕ ਕੇ ਬੋਲਿਆ ਕਿਸ ਕੇ ਆਦਮੀ ਹੋ? ਕਿਸ ਨੇ ਭੇਜਾ ਤੁਮੇ ਕੈਂਪ ਮੇਂ? ਤੁਮਾਹਰੇ ਹਥਿਆਰ ਕਹਾਂ ਹੈ? ਚੌਧਰੀਆਂ ਦੇ ਮੁੰਡੇ ਸੇਖਰ ਨੇ ਸੋਚਿਆ ਕਿ ਚਲੋ ਅਫਸਰ ਦੀ ਹਿੰਦੀ ਦਾ ਜਵਾਬ ਇਹਨਾਂ 'ਚੋਂ ਮੈਂ ਹੀ ਵਧੀਆ ਦੇ ਸਕਦਾ। ਤਾਂ ਅਫਸਰ ਨੂੰ ਮੁਖਾਤਬ ਹੁੰਦਿਆਂ ਕਹਿੰਦਾ ਜਨਾਬ ਹਮ ਤੋ ਊਂਈ ਹਾਸਤੇ-ਹਾਸਤੇ ਇੱਧਰ ਕੋ ਚਲੇ ਆਏ। ਨੀਟਾ ਸਰਦਾਰ ਵਿਚੋਂ ਟੋਕਦਾ ਕਹਿੰਦਾ ਊਈ ਤਾਂ ਨਹੀਂ ਆਏ ਜੀ ਆਹ ਚੱਠਾ ਲੈ ਕੇ ਆਇਆ, ਕਹਿੰਦਾ ਤੁਸੀਂ ਮੀਟ ਬਹੁਤ ਸਵਾਦ ਬਣਾਉਂਦੇ ਹੋ ਤੇ ਖਾਣ ਨੂੰ ਵੀ ਵੱਡੇ-ਵੱਡੇ ਕੌਲਿਆਂ 'ਚ ਦਿੰਦੇ ਹੋ। ਸਾਰਿਆਂ ਦੇ ਹਾਸੇ ਨੇ ਮਾਹੌਲ ਖੁਸਗਵਾਰ ਕਰ ਦਿੱਤਾ ਤੇ ਸਾਨੂੰ ਤਾਅ ਜੰਿਦਗੀ ਲਈ ਇਹ ਡਾਇਲਾਗ ਮਿਲ ਗਿਆ। ਅਕਸਰ ਹੁਣ ਵੀ ਜਦੋਂ ਅਸੀਂ ਜੁੰਡੀ ਦੇ ਯਾਰ ਇਕੱਠੇ ਹੁੰਦੇ ਹਾਂ ਤਾਂ ਇਸ ਗੱਲ ਦਾ ਜਕਿਰ ਕਰਨਾ ਨਹੀਂ ਭੁੱਲਦੇ ਕਿ "ਊਂਈ ਹਾਸਤੇ-ਹਾਸਤੇ ਇੱਧਰ ਕੋ ਚਲੇ ਆਏ।" ਖੜ੍ਹ ਜੋ ਯਾਰ! ਮੇਰੇ 'ਚ ਵੀ ਇਹ ਕਮੀ ਆ। ਵਿਸੇ ਤੋਂ ਭਟਕ ਜਾਣਾ। ਗੱਲ ਰਿਵਰਲੈਂਡ ਤੋਂ ਤੋਰ ਕੇ ਸਾਢੇ ਤਿੰਨ ਦਹਾਕੇ ਪਿੱਛੇ 'ਤਲਵੰਡੀ ਸਾਬੋ ਕੀਂ' ਲੈ ਵੜਿਆ। ਚਲੋ ਮੁੱਦੇ ਤੇ ਆਉਂਦੇ ਹਾਂ। ਜਦੋਂ ਮੈਨੂੰ ਅਹਿਸਾਸ ਹੋਇਆ ਕਿ ਇਹ ਸੱਜਣ ਵੀ ਊਈ ਹਾਸਤੇ-ਹਾਸਤੇ ਆਪਣੇ ਕੋਲ ਆ ਹੀ ਗਏ ਹਨ ਤਾਂ ਇਹਨਾਂ ਦੀ ਸੇਵਾ ਕਰਨੀ ਬਣਦੀ ਹੈ। ਮੀਟ ਦੇ ਕੌਲੇ ਨਹੀਂ ਤਾਂ ਆਪਾਂ ਚਾਹ ਪਾਣੀ ਤਾਂ ਛਕਾ ਹੀ ਸਕਦੇ ਹਾਂ। ਜਦੋਂ ਮੈਂ ਉਹਨਾਂ ਨੂੰ ਕਿਹਾ ਕਿ ਮੇਰਾ ਨਾਂ ਮਿੰਟੂ ਬਰਾੜ ਹੈ ਤੇ ਦੱਸੋ, ਮੈਂ ਤੁਹਾਡੀ ਕੀ ਸੇਵਾ ਕਰ ਸਕਦਾ ਹਾਂ। ਤਾਂ, ਮੈਨੂੰ ਉਹਨਾਂ ਚੋਂ ਇਕ ਨੇ ਆਪਣਾ ਨਾਮ ਜੌਨ ਅਤੇ ਦੂਜੇ ਨੇ ਪਾਲ ਦੱਸਦਿਆਂ, ਕਹਿੰਦੇ ਅਸੀਂ ਸੈਲਾਨੀ ਹਾਂ ਪੱਛਮੀ ਆਸਟ੍ਰੇਲੀਆ ਤੋਂ ਆਏ ਹਾਂ। ਪਰਥ ਤੋਂ ਵੀ ਅਗਾਂਹ ਨੈਰੋਜਨ ਸਹਿਰ ਦੇ ਲਾਗੇ ਪਿਸੇਵਿਲ ਸਾਡਾ ਪਿੰਡ ਹੈ। ਘਰੋਂ ਨਿਕਲਿਆਂ ਨੂੰ ਤਾਂ ਕਈ ਹਫਤੇ ਹੋ ਗਏ ਪਰ ਇੱਥੇ ਪਿਛਲੇ ਦੋ ਕੁ ਦਿਨਾਂ ਤੋਂ ਤੁਹਾਡੇ ਇਸ ਪਿੰਡ ਦੇ ਕੈਰੇਵਾਨ ਪਾਰਕ 'ਚ ਠਹਿਰੇ ਹੋਏ ਹਾਂ। ਅਸਲ 'ਚ ਕਿੱਤੇ ਵਜੋਂ ਅਸੀਂ ਵੀ ਕਿਸਾਨ ਹਾਂ। ਸੋ ਕਿਸਾਨੀਅਤ ਦਾ ਰਿਸਤਾ ਸਾਨੂੰ ਖਿੱਚ ਕੇ ਤੇਰੇ ਟਰੈਕਟਰ ਦੀ ਆਵਾਜ ਕੋਲ ਲੈ ਆਇਆ। (ਇੱਥੇ ਜਕਿਰਯੋਗ ਹੈ ਕਿ ਇਹ ਕੈਰੇਵਾਨ ਪਾਰਕ ਮੇਰੇ ਖੇਤ ਦੀ ਚੜ੍ਹਦੇ ਪਾਸੇ ਆਲੀ ਗੁੱਠ ਦੇ ਨਾਲ ਲਗਦਾ।)

ਉਹਨਾਂ ਦੀ ਇਹ ਖਿੱਚ ਮੇਰੇ ਵੀ ਧੁਰ ਅੰਦਰ ਤੱਕ ਲਹਿ ਗਈ। ਇਕ-ਇਕ ਕਰ ਕੇ ਉੱਧੜਨ ਲੱਗ ਪਏ ਅਸੀਂ ਤਿੰਨੇ। ਵਪਾਰੀਆਂ ਕੋਲ ਵਪਾਰ ਦੀਆਂ ਗੱਲਾਂ, ਜੁਆਰੀਆਂ ਕੋਲ ਜੂਏ ਦੀਆਂ ਤੇ ਕਿਸਾਨ ਦੁਨੀਆ ਦੇ ਭਾਵੇਂ ਕਿਸੇ ਵੀ ਕੋਨੇ 'ਚ ਹੋਵੇ ਉਹਨਾਂ ਕੋਲ ਅਖੀਰ ਬਹੁਮੁੱਲੀਆਂ ਫਸਲਾਂ ਦੀ ਪੈਂਦੀ ਘਟ ਕੀਮਤ ਦੀਆਂ ਗੱਲਾਂ, ਦਿਨੋਂ ਦਿਨ ਹੁੰਦੀ ਮਹਿੰਗੀ ਮਜਦੂਰੀ ਦੀਆਂ ਗੱਲਾਂ ਅਤੇ ਅਖੀਰ ਸਰਕਾਰਾਂ ਲਈ ਬਦਦੁਆਵਾਂ ਹੀ ਹੁੰਦੀਆਂ ਹਨ।

ਜੌਨ ਜੋ ਕਿ ਭੇਡਾਂ ਦਾ ਫਾਰਮ ਚਲਾਉਂਦਾ ਹੈ ਕਹਿੰਦਾ ਪਿਛਲੇ ਵਰ੍ਹੇ ਇਕ ਭੇਡ ਦੀ ਮੁਨਾਈ ਡੂਢ ਡਾਲਰ ਸੀ ਤੇ ਐਤਕੀਂ ਸਾਢੇ ਚਾਰ ਦਿੱਤੇ ਆ ਮੈਂ। ਕਾਮਾਂ ਤਾਂ ਆਥਣ ਨੂੰ ਦੋ ਸੌ ਭੇਡਾਂ ਮੁੰਨ ਕੇ ਅੱਠ-ਨੌਂ ਸੌ ਬਣਾ ਲੈਂਦਾ ਤੇ ਸਾਡੇ ਸਾਰਾ ਸਾਲ ਭੇਡਾਂ ਨਾਲ ਘੁਲ ਕੇ ਵੀ ਪੱਲੇ ਏਦੂੰ ਘੱਟ ਪੈਂਦੇ ਹਨ। ਪਾਲ ਜੋ ਕਿ ਕਣਕ ਅਤੇ ਸਰ੍ਹੋਂ ਆਦਿ ਦੀ ਖੇਤੀ ਕਰਦਾ ਕਹਿੰਦਾ, ਕਾਰਪੋਰੇਟ ਘਰਾਣੇ ਸਿਰੇ ਦੀ ਅਤੇ ਇਕ ਸਾਰ ਫਸਲ ਭਾਲਦੇ ਆ। ਕੋਈ ਪੁੱਛੇ ਉਹਨਾਂ ਨੂੰ ਵੀ ਇਹ ਕਿਹੜਾ ਕਿਸੇ ਫਰਮੇ 'ਚ ਪਾ ਕੇ ਬਣਦੀ ਆ ਇਹ ਤਾਂ ਕੁਦਰਤ ਦੀ ਖੇਡ ਆ ਮੋਟੀ ਬਰੀਕ ਵੀ ਹੋ ਸਕਦੀ ਹੈ ਤੇ ਵਿੰਗੀ ਟੇਢੀ ਵੀ ਹੋ ਸਕਦੀ ਹੈ। ਮੈਂ ਵਿੱਚੇ ਟੋਕ ਕੇ ਕਿਹਾ ਹਾਂ ਆਹੀ ਕਸੂਰ ਐਤਕੀਂ ਸਾਡੀਆਂ ਮਿਰਚਾਂ ਤੋਂ ਹੋ ਗਿਆ ਉਹ ਥਲੋਂ ਚੁੰਝ ਜਿਹੀ ਵਿੰਗੀ ਕਰ ਗਈਆਂ ਤੇ ਬਜਾਰ ਆਲੇ ਕਹਿੰਦੇ ਇਹ ਤਾਂ ਕਿਸੇ ਕੰਮ ਦੀਆਂ ਨਹੀਂ ਬਿੰਨ 'ਚ ਮਾਰੋ। ਹਾਰ ਕੇ ਖੜ੍ਹੀਆਂ ਵਾਹੁਣੀਆਂ ਪਈਆਂ।

ਜੌਨ ਕਹਿੰਦਾ ਲੋਕ ਖਬਰਾਂ ਸੁਣ ਕੇ ਪੁੱਛ ਲੈਂਦੇ ਹਨ ਕਿ ਐਤਕੀਂ ਤਾਂ ਕਣਕ ਦਾ ਭਾਅ 280 ਡਾਲਰ ਨੂੰ ਟਨ ਹੈ, ਸੋਹਣੇ ਪੈਸੇ ਬਣ ਗਏ ਹੋਣਗੇ? ਪਰ ਉਹਨਾਂ ਨੂੰ ਕੀ ਦੱਸੀਏ ਵੀ 280 ਨੂੰ ਤਾਂ ਉਹ ਕਣਕ ਵਿਕਦੀ ਆ ਜੋ ਦੇਖਣ ਨੂੰ ਬੱਸ ਮੋਤੀਆਂ ਵਰਗੀ ਹੋਵੇ। ਪਰ ਜਦੋਂ ਪੱਕੀ ਫਸਲ 'ਤੇ ਚਾਰ ਕਣੀਆਂ ਪੈ ਜਾਂਦਿਆਂ ਹਨ ਤਾਂ ਉਹ ਭਾਅ ਚ ਪੰਜਾਹ ਫੀਸਦੀ ਕਾਟ ਲਾ ਕੇ ਲੈਂਦੇ ਹਨ। ਅਤੇ ਜੇ ਥੋੜ੍ਹਾ ਜਿਹਾ ਵੱਧ ਮੀਂਹ ਪੈ ਜਾਵੇ ਪੱਕੀ ਫਸਲ 'ਤੇ, ਤਾਂ ਪਹਿਲੀ ਗੱਲ ਤਾਂ ਫਸਲ ਹੀ ਅੱਧੀ ਹੁੰਦੀ ਹੈ ਤੇ ਜਿਹੜੀ ਹੁੰਦੀ ਹੈ ਉਸ ਨੂੰ ਖਰੀਦਣ ਤੋਂ ਨਾਂਹ ਕਰ ਦਿੰਦੇ ਹਨ ਤੇ ਉਹ ਰਹਿ ਜਾਂਦੀ ਹੈ ਪਸ਼ੂਆਂ ਦੀ ਖੁਰਾਕ ਦੇ ਭਾਅ ਦੀ। ਆਖਰਿ ਨੂੰ ਕਿਸਾਨ ਉਤਾਂਹ ਨੂੰ ਮੂੰਹ ਚੱਕ ਕੇ ਕਹਿੰਦਾ ਰਹਿ ਜਾਂਦਾ ਕਿ ਜਦੋਂ ਲੋੜ ਸੀ ਕਣੀਆਂ ਪਾਈਆਂ ਨਹੀਂ ਤੇ ਜਦੋਂ ਚਾਰ ਦਾਣੇ ਪੱਕੇ ਤਾਂ ਤੇਰੇ ਯਾਦ ਆ ਗਿਆ।

ਗੱਲਾਂ ਕਰਦੇ-ਕਰਦੇ ਉਹ ਕਹਿੰਦੇ ਤੁਹਾਡੇ ਪਾਣੀ ਦਾ ਕੀ ਸਾਧਨ ਆ। ਮੈਂ ਕਿਹਾ ਆਜੋ ਉੱਧਰ ਮੋਟਰ ਆਲੇ ਪਾਸੇ ਨਾਲੇ ਤੁਹਾਨੂੰ ਬਠਿੰਡੇ ਵਾਲੀ ਚਾਹ ਬਣਾ ਕੇ ਪਿਆਉਣਾ। ਕਹਿੰਦੇ ਨਹੀਂ ਅਸੀਂ ਤੇਰਾ ਕੰਮ ਨਹੀਂ ਖੜ੍ਹਾਉਣਾ ਤੂੰ ਅੰਦਰੋਂ ਸਾਨੂੰ ਗਾਲਾ ਦੇਵੇਗਾ ਕਿ ਵਿਹਲੜ ਆ ਗਏ ਕੰਮ ਰੋਕਣ। ਮੈਂ ਕਿਹਾ ਨਹੀਂ ਭਲੇ ਮਾਨਸੋ ਮੈਂ ਤਾਂ ਸੁਕਰ ਮਨਾਇਆ ਤੁਹਾਡੇ ਆਉਣ ਤੇ। ਮੈਂ ਉੱਥੋਂ ਕੁਝ ਸੰਤਰੇ ਤੋੜ ਕੇ ਮਜਾਕ 'ਚ ਕਿਹਾ ਕਿ ਪਹਿਲਾ ਤੁਸੀਂ ਹਾਸਤੇ-ਹਾਸਤੇ ਇੱਧਰ ਆਏ ਸੀ ਹੁਣ ਆਹ ਖਾਂਦੇ-ਖਾਂਦੇ ਮੇਰੇ ਮੋਟਰ ਵਾਲੇ ਕੋਠੇ ਤੇ ਆਜੋ ਬਹਿ ਕੇ ਹੋਰ ਦੁੱਖ-ਸੁੱਖ ਕਰਾਂਗੇ। ਉਹਨਾਂ ਨੇ ਇਕ-ਇਕ ਸੰਤਰਾ ਫੜ ਲਿਆ ਤੇ ਇਕ-ਇਕ ਜੇਬ 'ਚ ਪਾ ਕੇ ਕਹਿੰਦੇ ਸਾਡੇ ਘਰ ਵਾਲੀਆਂ ਵੀ ਨੇ ਨਾਲ ਅਸੀਂ ਜਾ ਕੇ ਉਹਨਾਂ ਨੂੰ ਦੇਵਾਂਗੇ। ਮੈਂ ਕਿਹਾ ਕੋਈ ਨਾ ਜਾਂਦੇ ਉਹਨਾਂ ਲਈ ਝੋਲੀ ਭਰ ਕੇ ਹੋਰ ਲੈ ਜਾਇਓ।

ਚਲੋ ਉਹ ਖੇਤ ਦੀ ਦੱਖਣੀ ਗੁੱਠ ਤੇ ਬਣੀ ਮੋਟਰ ਵੱਲ ਤੁਰ ਪਏ ਤੇ ਮੈਂ ਟਰੈਕਟਰ ਨਾਲ ਦੂਜਾ ਬਿੰਨ ਚੁੱਕਣ ਤੁਰ ਪਿਆ। ਅਸੀਂ ਇਕੱਠੇ ਜਿਹੇ ਮੋਟਰ ਤੇ ਪੁੱਜੇ ਮੈਂ ਚਾਹ ਬਣਾਉਣੀ ਚਾਹੀ ਕਹਿੰਦੇ ਨਹੀਂ ਅਸੀਂ ਅੱਜ ਆਪਣੀਆਂ ਘਰ ਵਾਲੀਆਂ ਨਾਲ ਕਿਤੇ ਸਾਮ ਦਾ ਖਾਣਾ ਖਾਣ ਜਾਣਾ, ਸੋ ਹਾਲੇ ਇੱਥੇ ਹੀ ਹਾਂ ਇਕ ਦੋ ਦਿਨ, ਚਾਹ ਫੇਰ ਪੀ ਕੇ ਜਾਵਾਂਗੇ। ਕੁਝ ਦੇਰ ਗੱਲਾਂ ਮਾਰ ਲੈਂਦੇ ਹਾਂ ਹੋਰ।

ਮੈਂ ਛੇਤੀ ਦਿਨੇ ਮੰਜਾ ਢਾਇਆ ਤੇ ਕੋਲ ਦੋ ਕੁਰਸੀਆਂ ਕਰ ਲਈਆਂ। ਜੌਨ ਕੁਰਸੀ ਤੇ ਬਹਿ ਗਿਆ ਪਰ ਪਾਲ ਮੰਜੇ ਨੂੰ ਦੇਖ ਬੜਾ ਖੁਸ ਹੋਇਆ ਕਹਿੰਦਾ ਇਹ ਬੜਾ ਵਧੀਆ ਹੈ। ਤੇ ਉਹ ਆ ਕੇ ਮੇਰੀ ਪੈਂਦ ਉੱਤੇ ਬੈਠ ਗਿਆ। ਮੈਂ ਕਿਹਾ ਪੈਂਦ ਤੇ ਕਾਹਨੂੰ ਬਹਿਣਾ, ਏਧਰ ਨੂੰ ਹੋ ਜਾ। ਉਹ ਕਹਿੰਦਾ ਕਿਉਂ ਇੱਥੇ ਕੀ ਆ? ਮੈਂ ਹੁਣ ਉਸ ਨੂੰ ਕੀ ਦੱਸਾਂ ਵੀ ਸਾਡੀ ਵੱਡੀ ਅੰਬੋ ਕਹਿੰਦੀ ਹੁੰਦੀ ਸੀ ਬਈ ਆਏ ਮਹਿਮਾਨ ਨੂੰ ਪੈਂਦ ਤੇ ਨਹੀਂ ਬਹਾਉਂਦੇ ਹੁੰਦੇ, ਇਹ ਉਸ ਦਾ ਨਿਰਾਦਰ ਹੁੰਦਾ। ਮੈਂ ਪਾਲ ਨੂੰ ਕਿਹਾ ਆਰਾਮਦਾਇਕ ਨਹੀਂ ਹੋਵੇਗੀ ਸੋ ਤੂੰ ਜਾ ਕੇ ਕਹੇਗਾ ਕਿ ਪੰਜਾਬੀਆਂ ਦੇ ਮੰਜੇ 'ਤੇ ਬੈਠਣਾ ਤਾਂ ਬਹੁਤ ਔਖਾ। ਗੱਲ ਮੰਜੇ ਦੀ ਤੁਰ ਪਈ ਉਹਨਾਂ ਦੀ ਜਿਗਿਆਸਾ ਸੀ ਕਿ ਇਹ ਕਿੱਥੇ, ਕਿਉਂ ਅਤੇ ਕਾਹਤੋਂ ਵਰਤਦੇ ਹਨ? ਮੈਂ ਸੋਚਿਆ ਜੇ ਜਆਿਦਾ ਖੁੱਲ੍ਹ ਕੇ ਦੱਸਣ ਲੱਗ ਪਿਆ ਤਾਂ ਮੇਰੀ ਅੰਗਰੇਜੀ ਮੁੱਕ ਜਾਣੀ ਆ। ਸੋ ਏਸ ਰੱਸੇ ਦੀ ਸਿਰੇ ਆਲੀ ਗੰਢ ਇਹ ਹੈ ਕਿ ਜਦੋਂ ਅਸੀਂ ਇਸ ਤੇ ਬਹਿ ਜਾਂਦੇ ਹਾਂ ਤਾਂ ਬਾਈ ਮੱਖਣ ਬਰਾੜ ਦੀ ਲਿਖਤ ਵਾਂਗ ਆਪਣੇ ਆਪ ਨੂੰ ਨਵਾਬ ਜਿਹਾ ਸਮਝਣ ਲੱਗ ਪੈਂਦੇ ਹਾਂ। ਉਹ ਹੈਰਾਨ ਜਿਹੇ ਹੋ ਕੇ ਕਹਿੰਦੇ ਤੂੰ ਕਹਿੰਦਾ ਕਿ ਇਹ ਮੰਜਾ ਹਰ ਘਰੇ ਹੁੰਦਾ ਅਤੇ ਇਕ ਘਰੇ ਕਈ-ਕਈ ਹੁੰਦੇ ਆ? ਮੈਂ ਕਿਹਾ ਹਾਂ। ਉਹ ਕਹਿੰਦਾ ਫੇਰ ਤਾਂ " " ਨਵਾਬ ਹੋਣੇ ਆ ਤੁਹਾਡੇ ਪੰਜਾਬ 'ਚ ਤਾਂ! ਇਹ ਕਹਿ ਕੇ ਜੋਰ ਦੀ ਹੱਸ ਪਏ। ਮੈਂ ਕੀ ਦੱਸਾਂ ਕਿ ਬੱਸ ਆਹ ਨਵਾਬੀ ਵਾਲਾ ਭਰਮ ਹੀ ਤਾਂ ਹੈ ਸਾਡੇ ਪੱਲੇ!

ਮਾਹੌਲ ਹਲਕਾ ਫੁਲਕਾ ਬਣ ਗਿਆ ਸੀ ਪਰ ਉਹ ਬੈਠਣ ਦੀ ਥਾਂ ਅੱਚਵੀਂ ਜਿਹੀ ਕਰ ਰਹੇ ਸਨ ਤੇ ਬਾਰ ਬਾਰ ਕਹਿ ਰਹੇ ਸਨ ਅਸੀਂ ਤੇਰਾ ਕੰਮ ਖੜ੍ਹਾ ਦਿੱਤਾ, ਸਾਨੂੰ ਹੁਣ ਜਾਣਾ ਚਾਹੀਦਾ।

ਮੈਂ ਗੱਲ ਛੇੜੀ ਪੱਛਮੀ ਆਸਟ੍ਰੇਲੀਆ ਦੇ ਇਕ ਵੱਡੇ ਜਮੀਂਦਾਰ ਤੇ 'ਸਪੱਡ ਸੈੱਡ' ਜਰਨਲ ਸਟੋਰਾਂ ਦੀ ਲੜੀ ਦੇ ਮਾਲਕ ਟੋਨੀ ਗੁਲ੍ਹਾਟੀ ਬਾਰੇ। ਜਦੋਂ ਮੈਂ ਜਾਣਨਾ ਚਾਹਿਆ ਤਾਂ ਉਹ ਕਹਿੰਦੇ ਬੰਦੇ ਦੀ ਸਿਰੜ ਅਤੇ ਮਿਹਨਤ ਵੱਡੇ-ਵੱਡੇ ਪਹਾੜ ਚੀਰ ਦਿੰਦੀ ਹੈ। ਟੋਨੀ ਨੇ ਜਿੱਥੇ ਮੁਫਤ 'ਚ ਆਲੂ ਵੰਡ ਕੇ ਵੱਡੇ ਘਰਾਨਿਆਂ ਨੂੰ ਵਕਤ ਪਾ ਦਿੱਤਾ ਸੀ, ਉੱਥੇ ਸਰਕਾਰ ਦੀ ਧੌਣ 'ਤੇ ਗੋਡ਼੍ਹਾ ਰੱਖ ਕੇ ਆਪਣੀ ਹੋਂਦ ਮਨਵਾਉਣ 'ਚ ਵੀ ਕਾਮਯਾਬ ਹੋਇਆ। ਉਹ ਅਸਲ ਚ ਇਕ ਦਲੇਰ,ਸਾਦਾ ਅਤੇ ਮਿਹਨਤੀ ਇਨਸਾਨ ਹੈ ਤੇ ਅੱਜ ਵੀ ਤੁਸੀਂ ਉਸ ਨੂੰ ਕਾਲੀ ਲੰਮੀ ਨਿੱਕਰ ਪਾਇਆ ਆਪਣੇ ਕਿਸੇ ਖੇਤ ਜਾਂ ਵਪਾਰ 'ਤੇ ਮਿਹਨਤ ਕਰਦਾ ਦੇਖ ਸਕਦੇ ਹੋ। ਭਾਵੇਂ ਹੁਣ ਉਹ ਇਕ ਸਾਮਰਾਜ ਦਾ ਮਾਲਕ ਹੈ ਪਰ ਉਸ ਨੇ ਕਦੇ ਆਪਣੇ ਪੈਰ ਜਮੀਨ ਤੋਂ ਨਹੀਂ ਚੱਕੇ। (ਇੱਥੇ ਜਕਿਰਯੋਗ ਹੈ ਕਿ ਟੋਨੀ ਇਕ ਸਧਾਰਨ ਜਮੀਂਦਾਰ ਸੀ ਤੇ ਉਸ ਨੇ ਆਪਣੀ ਮਿਹਨਤ ਨਾਲ ਉਗਾਈ ਫਸਲ ਮੰਡੀਆਂ 'ਚ ਰੋਲਣ ਦੀ ਥਾਂ ਸਿੱਧੀ ਲੋਕਾਂ 'ਚ ਮੁਫਤ ਵੰਡਣ ਨੂੰ ਤਰਜੀਹ ਦਿੱਤੀ ਤੇ ਅੱਜ ਉਹ 'ਸਪੱਡ ਸੈੱਡ' ਨਾਂ ਦੇ ਸਟੋਰਾਂ ਦੀ ਇਕ ਲੜੀ ਦਾ ਮਾਲਕ ਹੈ ਜਿਸ ਵਿਚ ਤੁਸੀਂ ਸਿੱਧੇ ਖੇਤੋਂ ਪੈਦਾ ਕੀਤੀਆਂ ਤਾਜੀਆਂ ਚੀਜਾਂ ਬਿਨਾ ਵਿਚੋਲਿਆਂ ਦੇ ਮੁਨਾਫੇ ਤੋਂ ਖਰੀਦ ਸਕਦੇ ਹੋ)

ਤੁਰਦੇ ਤੁਰਦਿਆਂ ਨੂੰ ਮੈਂ ਪੁੱਛਿਆ ਕਿ ਤੁਹਾਡੇ ਪੱਛਮੀ ਆਸਟ੍ਰੇਲੀਆ 'ਚ ਤਾਂ ਸੀ.ਬੀ.ਐੱਚ. ਗਰੁੱਪ ਕਿਸਾਨਾਂ ਦਾ ਆਪਣਾ ਗਰੁੱਪ ਹੈ ਤੇ ਮੈਂ ਸੁਣਿਆ ਜਦੋਂ ਦਾ ਉਹ ਹੋਂਦ 'ਚ ਆਇਆ ਕਿਸਾਨ ਸੌਖੇ ਹੋ ਗਏ? ਕਹਿੰਦੇ! ਹੁੰਦਾ ਸੀ ਕਦੇ, ਹੁਣ ਤਾਂ ਬਲੱਡੀ ਕਾਰਪੋਰੇਟ ਘਰਾਨਿਆਂ ਦੇ ਹੱਥ ਚੜ੍ਹ ਗਿਆ। ਹੁਣ ਤਾਂ ਜੋ ਉਹ ਕਹਿੰਦੇ ਆ ਉਹੀ ਕਰਦੇ ਆ। ਮੇਰੇ ਮੂੰਹੋਂ ਅਚਨਚੇਤ ਨਿਕਲ ਗਿਆ ਕਿ ਅੱਛਾ ਇੱਥੇ ਵੀ ਅਡਾਨੀ ਤੇ ਅੰਬਾਨੀ ਆ ਗਏ। ਉਹ ਮੇਰੇ ਵੱਲ ਅਜੀਬ ਜਿਹਾ ਮੂੰਹ ਬਣਾ ਕੇ ਕਹਿੰਦਾ ਨਹੀਂ 'ਤੁਹਾਡਾ' ਅਡਾਨੀ ਤਾਂ ਕੋਲੇ ਦੀਆਂ ਖਾਨਾਂ 'ਚ ਮੂੰਹ ਮਾਰਦਾ ਫਿਰਦਾ। ਇੱਥੇ ਤਾਂ ਕਣਕ ਅਤੇ ਦਾਲਾਂ 'ਚ ਹੋਰ ਹੀ ਅਡਾਨੀ ਪੈਦਾ ਹੋਏ ਫਿਰਦੇ ਹਨ। ਪਿਛਲੇ ਦਿਨਾਂ 'ਚ ਸੀ.ਬੀ.ਐੱਚ. ਗਰੁੱਪ ਬਾਰੇ ਕਾਫੀ ਕੁਝ ਚੰਗਾ ਸੁਣਿਆ ਸੀ ਪਰ ਕਹਿੰਦੇ ਹਨ ਕਿ ਰਾਹ ਪਏ ਜਾਣੀਏ ਜਾਂ ਵਾਹ ਪਏ। ਜੌਨ ਕਹਿੰਦਾ ਮੈਨੂੰ ਤਾਂ ਲਗਦਾ ਗਿਆਨ ਸਾਡੀ




ਕੁਆਲਿਟੀ ਲਾਈਫ ਨੂੰ ਖਾ ਗਿਆ। ਸਾਡੇ ਪਿਓ ਦਾਦੇ ਅਨਪੜ੍ਹ ਸਨ। ਉਹਨਾਂ ਕੋਲ ਭਾਵੇਂ ਵਸੀਲਿਆਂ ਦੀ ਘਾਟ ਸੀ ਪਰ ਚੰਗੀ ਸਿਹਤ ਅਤੇ ਸਾਹੀ ਜੰਿਦਗੀ ਸੀ। ਜੌਨ ਦੀਆਂ ਗੱਲਾਂ ਦਾ ਦਰਦ ਅੱਜ ਕਲ ਪੜ੍ਹ-ਲਿਖ ਗਿਆਨਵਾਨ ਕਹਾਉਂਦੀ ਪੀੜ੍ਹੀ 'ਤੇ ਸਵਾਲੀਆ ਨਿਸਾਨ ਲਾ ਰਿਹਾ ਸੀ।

ਅਡਾਨੀ ਦੀ ਗੱਲ ਆਉਣ ਤੇ ਮੈਂ ਕਿਹਾ ਕਿ ਉਹ ਤਾਂ ਵਪਾਰੀ ਆ ਪਰ ਜਿਸ ਨੇ ਉਸ ਨੂੰ ਇਹ ਵਣਜ ਸੁਰੂ ਕਰਵਾਉਣ 'ਚ ਦਲਾਲੀ ਖਾਧੀ ਹੈ ਉਸ ਦਾ ਤਾਂ ਛੇਤੀ ਹੀ ਮੂੰਹ ਕਾਲਾ ਹੋਵੇਗਾ। ਕਿਉਂਕਿ ਮੇਰਾ ਮੰਨਣਾ ਹੈ ਕਿ ਕਹਾਵਤਾਂ ਕਦੇ ਝੂਠੀਆਂ ਨਹੀਂ ਹੁੰਦੀਆਂ। ਉਹ ਹੈਰਾਨ ਜਿਹੇ ਹੋ ਕੇ ਕਹਿੰਦੇ ਤੂੰ ਜਾਣਦਾ ਉਸ ਦਲਾਲ ਨੂੰ? ਮੈਂ ਕਿਹਾ ਹਾਂ ਉਸੇ ਦੇ ਸਤਾਏਂ ਸਾਡੇ ਕਿਸਾਨ ਨੂੰ ਵੀ ਸੱਤ ਮਹੀਨੇ ਹੋ ਗਏ ਸੜਕਾਂ ਤੇ ਰੁਲਦੇ ਨੂੰ। ਉਹ ਕਹਿੰਦੇ ਕੀ ਇਹ ਸੱਚ ਹੈ ਕਿ ਉਹ ਸਿਰਫ ਦੋ ਘਰਾਨਿਆਂ ਦਾ ਪ੍ਰਧਾਨ ਮੰਤਰੀ ਹੈ। ਮੈਂ ਕਿਹਾ ਨਹੀਂ ਇਹ ਸੱਚ ਨਹੀਂ ਅਸਲ 'ਚ ਤਾਂ ਉਹ ਸਾਰੇ ਭਾਰਤ ਦਾ ਪ੍ਰਧਾਨ ਮੰਤਰੀ ਹੈ ਪਰ ਪਾਲਤੂ ਸਿਰਫ ਦੋ ਘਰਾਂ ਦਾ। ਦਿੱਲ੍ਹੀ ਦੀਆਂ ਸਰਹੱਦਾਂ ਤੇ ਬੈਠੇ ਕਿਸਾਨਾਂ ਦੀ ਗੂੰਝ ਇਹਨਾਂ ਦੇ ਕੰਨਾਂ ਤੱਕ ਪਹਿਲਾਂ ਹੀ ਪੁੱਜ ਚੁੱਕੀ ਸੀ।

ਜੌਨ ਤੇ ਪਾਲ ਸਿਰ ਮਾਰ ਕੇ (ਗੋਰਿਆਂ ਦਾ ਕਿਸੇ ਗੱਲ ਪ੍ਰਤੀ ਹਮਦਰਦੀ ਜਤਾਉਣ ਦਾ ਇਹ ਵੱਖਰਾ ਅੰਦਾਜ ਹੈ) ਆਪਣੇ ਭਾਵ ਪ੍ਰਗਟਾਉਂਦੇ ਹੋਏ ਵਾਹੇ ਵਾਹਣ ਵਿਚ ਦੀ ਤੁਰ ਪਏ। ਮੈਂ ਨਾਲ ਤੁਰ ਪਿਆ ਗਿੱਠ ਗਿੱਠ ਲੰਮੀਆਂ ਮਿਰਚਾਂ ਮਿੱਟੀ 'ਚ ਦੱਬੀਆਂ ਦੇਖ ਕੇ ਕਹਿੰਦੇ ਅੱਛਾ ਹੁਣ ਇੱਥੇ ਦਫਨਾ ਦਿੱਤਿਆਂ ਵਿੰਗੀਆਂ ਮਿਰਚਾਂ? ਇਹ ਸੁਣ ਅਸੀਂ ਸਾਰੇ ਦਰਦ ਨਾਲ ਲਬਰੇਜ ਹਾਸਾ ਹੱਸ ਪਏ ਤੇ ਹਾਸਤੇ-ਹਾਸਤੇ ਸੰਤਰਿਆਂ ਕੋਲ ਆ ਗਏ। ਮੈਂ ਕਿਹਾ ਸੰਤਰੇ ਲੈਂਦੇ ਜਾਓ। ਉਹ ਕਹਿੰਦੇ ਹੈਗੇ ਸਾਡੀ ਜੇਬ 'ਚ। ਮੈਂ ਕਿਹਾ ਇਕ-ਇਕ ਨਾਲ ਕੀ ਬਣੂ ? ਮੈਂ ਤੋੜ ਕੇ ਦਿੰਦਾ ਤੁਹਾਨੂੰ, ਮਿੱਠੇ ਜਿਹੇ। ਮੈਂ ਤੋੜੀ ਜਾਵਾਂ ਤੇ ਉਹ ਕਹੀ ਜਾਣ ਬੱਸ ਬਹੁਤ ਆ, ਪਹਿਲਾਂ ਹੀ ਇਸ ਬਾਰ ਤੇਰਾ ਖਰਚਾ ਤੁੜਵਾਈ 'ਤੇ ਬਹੁਤ ਹੋਇਆ। ਮੈਂ ਆਲਾ ਦੁਆਲਾ ਦੇਖ ਰਿਹਾ ਸੀ ਕਿ ਕਾਹਦੇ 'ਚ ਪਾਵਾਂ ਤਾਂ ਜੌਨ ਨੇ ਆਪਣੀ ਕੋਟੀ ਦੀ ਝੋਲੀ ਬਣਾ ਲਈ ਮੈਂ ਉਸ ਦੀ ਝੋਲੀ 'ਚ ਸੰਤਰੇ ਪਾ ਕੇ ਉਹਨਾਂ ਨੂੰ ਅਲਵਿਦਾ ਕਹੀ ਤੇ ਸੋਚ ਰਿਹਾ ਸੀ ਦੁਨੀਆ 'ਚ ਸਭ ਤੋਂ ਪਹਿਲਾਂ ਸਾਰੇ ਰਿਸਤੇ ਇਨਸਾਨੀਅਤ ਦੇ ਹੁੰਦੇ ਹਨ। ਫੇਰ ਉਹ ਰਿਸਤੇ ਕਿੱਤਿਆਂ ਦੇ ਹਿਸਾਬ 'ਚ ਜੋਖੇ ਜਾਂਦੇ ਹਨ ਅਤੇ ਉਹਨਾਂ 'ਚੋਂ ਹੀ ਇਕ 'ਕਿਸਾਨੀਅਤ' ਦਾ ਰਿਸਤਾ ਜੌਨ ਤੇ ਪਾਲ ਨੂੰ ਮੇਰੇ ਕੋਲ ਖਿੱਚ ਲਿਆਇਆ ਸੀ।

ਮਿੰਟੂ ਬਰਾੜ ਆਸਟ੍ਰੇਲੀਆ

# ਆਓ, ਆਤਮ ਸਨਮਾਨ ਨਾਲ ਜਿਊ ਕੇ ਦੇਖੀਏ

ਇਨਸਾਨ ਦੇ ਅੰਦਰ ਜੋ ਸਮਾਇਆ ਰਹੇ
ਉਹ ਆਤਮ-ਸਨਮਾਨ ਹੈ
ਇਨਸਾਨ ਦੇ ਬਾਹਰ ਜੋ ਛਲਕੇ ਉਹ ਹੰਕਾਰ ਹੈ
ਹੰਕਾਰ ਨੂੰ ਨਾ ਆਉਣ ਦਿਓ,
ਅਤੇ
ਆਤਮ-ਸਨਮਾਨ ਨੂੰ ਜਾਣ ਨਾ ਦਿਓ।
ਜਿਸ ਦੀ ਨੀਤੀ ਚੰਗੀ ਹੋਵੇਗੀ,
ਉਸ ਦੀ ਹਮੇਸ਼ਾ ਤਰੱਕੀ ਹੋਵੇਗੀ।
ਮੈਂ ਮਹਾਨ ਹਾਂ, ਇਹ ਆਤਮ-ਵਿਸ਼ਵਾਸ ਹੈ,
ਪਰ ਮੈਂ ਹੀ ਉੱਤਮ ਹਾਂ, ਇਹ ਹੰਕਾਰ ਹੈ।

ਆਤਮ-ਸਨਮਾਨ ਤੋਂ ਭਾਵ ਹੈ ਕਿ ਖ਼ੁਦ ਨਾਲ ਪ੍ਰੇਮ ਕਰਨਾ ਸਿੱਖੋ, ਖ਼ੁਦ ਦਾ ਧਿਆਨ ਰੱਖੋ, ਖ਼ੁਦ ਦਾ ਸਤਿਕਾਰ ਕਰੋ, ਖ਼ੁਦ 'ਤੇ ਵਿਸ਼ਵਾਸ ਰੱਖੋ ਅਤੇ ਖ਼ੁਦ ਦੇ ਮਹੱਤਵ ਨੂੰ ਮਹਿਸੂਸ ਕਰੋ। ਆਤਮ-ਸਨਮਾਨ ਮਨੋਬਲ ਵਧਾਉਂਦਾ ਹੈ ਅਤੇ ਟੀਚਾ ਹਾਸਲ ਕਰਨ ਦਾ ਹੌਸਲਾ ਦਿੰਦਾ ਹੈ, ਚਾਹੇ ਉਹ ਅਧਿਆਤਮਕ ਵਿਕਾਸ ਹੋਵੇ ਜਾਂ ਭੌਤਿਕ ਟੀਚਾ। ਆਤਮ-ਸਨਮਾਨ, ਆਸ਼ਾਵਾਦੀ ਦ੍ਰਿਸ਼ਟੀਕੋਣ ਦਾ ਬਦਲਵਾਂ ਰੂਪ ਵੀ ਕਿਹਾ ਜਾ ਸਕਦਾ ਹੈ ਕਿਉਂਕਿ ਜਦੋਂ ਆਦਮੀ ਨੂੰ ਖ਼ੁਦ 'ਤੇ ਭਰੋਸਾ ਹੁੰਦਾ ਹੈ, ਤਾਂ ਉਹ ਹਰ ਸਥਿਤੀ ਦਾ ਹਿੰਮਤ ਨਾਲ ਸਾਹਮਣਾ ਕਰਦਾ ਹੈ। ਉਹ ਹਮੇਸ਼ਾ ਹੀ ਅੰਦਰੂਨੀ ਸ਼ਕਤੀ ਨਾਲ ਭਰਿਆ ਹੁੰਦਾ ਹੈ। ਇਸ ਦੇ ਉਲਟ ਜੋ ਲੋਕ ਉਸ ਨੂੰ ਨੀਵਾਂ ਵੀ ਦਿਖਾਉਣਾ ਚਾਹੁੰਦੇ ਹਨ, ਉਹ ਉਨ੍ਹਾਂ ਦਾ ਆਦਰਸ਼ ਵੀ ਬਣ ਜਾਂਦਾ ਹੈ ਕਿਉਂਕਿ ਉਹ ਨਾ ਤਾਂ ਹੰਕਾਰੀ ਹੁੰਦਾ ਹੈ ਅਤੇ ਨਾ ਹੀ ਹੰਕਾਰੀ ਵਿਅਕਤੀ ਨੂੰ ਆਪਣੇ 'ਤੇ ਭਾਰੂ ਹੋਣ ਦਿੰਦਾ ਹੈ।

ਆਤਮ-ਸਨਮਾਨ ਦਾ ਮਤਲਬ ਆਪਣੀ ਗੱਲ 'ਤੇ ਅਡੋਲ ਰਹਿਣਾ ਨਹੀਂ, ਸਗੋਂ ਸੱਚ ਦਾ ਸਾਥ ਨਾ ਛੱਡਣਾ ਹੈ। ਦੂਜਿਆਂ ਨੂੰ ਨੀਵਾਂ ਦਿਖਾਉਂਦੇ ਹੋਏ, ਆਪਣੀ ਗੱਲ ਨੂੰ ਸਹੀ ਸਿੱਧ ਕਰਨ ਦੀ ਕੋਸ਼ਿਸ਼ ਕਰਨਾ, ਆਤਮ-ਸਨਮਾਨ ਦਾ ਲੱਛਣ ਬਿਲਕੁਲ ਨਹੀਂ ਹੈ, ਪਰ ਦੂਜਿਆਂ ਦੀ ਗੱਲ ਨੂੰ ਜਿਥੋਂ ਤੱਕ ਸੰਭਵ ਹੋਵੇ ਸਨਮਾਨ ਦਿੰਦੇ ਹੋਏ ਕਿਸੇ ਵੀ ਦਬਾਅ ਵਿਚ ਨਾ ਆ ਕੇ ਸੱਚ 'ਤੇ ਅਡੋਲ ਰਹਿਣਾ ਹੀ ਆਤਮ-ਸਨਮਾਨ ਹੈ। ਆਤਮ-ਸਨਮਾਨ ਵਾਲਾ ਵਿਅਕਤੀ ਆਪਣੇ ਗੌਰਵ ਨੂੰ ਬਣਾਈ ਰੱਖਦਾ ਹੈ ਪਰ ਕਿਸੇ ਨੂੰ ਗ਼ੈਰ-ਜ਼ਰੂਰੀ ਨੀਵਾਂ ਕਰ ਕੇ, ਝੁਕਾ ਕੇ ਜਾਂ ਰੁਆ ਕੇ ਨਹੀਂ।

ਜਦੋਂ-ਜਦੋਂ ਵੀ ਆਤਮ-ਸਨਮਾਨ ਦੀ ਗੱਲ ਕੀਤੀ ਜਾਂਦੀ ਹੈ, ਅਮਰੀਕਾ ਦੇ ਰਾਸ਼ਟਰਪਤੀ ਅਬ੍ਰਾਹਮ ਲਿੰਕਨ ਦਾ ਜ਼ਿਕਰ ਕਰਨਾ ਵੀ ਜ਼ਰੂਰੀ ਹੋ ਜਾਂਦਾ ਹੈ। ਅਬ੍ਰਾਹਮ ਲਿੰਕਨ ਨੇ ਆਪਣੀ ਮਾਤਾ ਦੀ ਇਸ ਗੱਲ ਨੂੰ ਪੱਲੇ ਬੰਨ੍ਹਿਆ ਸੀ ਕਿ ਹਮੇਸ਼ਾ ਆਤਮ-ਸਨਮਾਨ ਨਾਲ ਜੀਓ, ਜੇਕਰ ਕੋਈ ਮਜ਼ਾਕ ਵੀ ਉਡਾਏ ਤਾਂ ਪਰੇਸ਼ਾਨ ਨਹੀਂ ਹੋਣਾ। ਰਾਸ਼ਟਰਪਤੀ ਬਣਨ ਤੋਂ ਬਾਅਦ ਜਦੋਂ ਲਿੰਕਨ ਪਹਿਲੇ ਦਿਨ ਉਦਘਾਟਨੀ ਭਾਸ਼ਨ ਲਈ ਖੜ੍ਹੇ ਹੋਏ ਤਾਂ ਇਕ ਅਮੀਰ ਸੰਸਦ ਮੈਂਬਰ ਖੜ੍ਹਾ ਹੋ ਕੇ ਕਹਿਣ ਲੱਗਾ ਕਿ ਲਿੰਕਨ ਨੂੰ


ਰਬਿੰਦਰਨਾਥ ਟੈਗੋਰ


ਅਬਰਾਹਮ ਲਿੰਕਨ


ਸਵਾਮੀ ਵਿਵੇਕਾਨੰਦ

ਇਹ ਕਦੀ ਵੀ ਨਹੀਂ ਭੁੱਲਣਾ ਚਾਹੀਦਾ ਕਿ ਉਸ ਦੇ ਪਿਤਾ, ਅਮੀਰ ਸੰਸਦ ਮੈਂਬਰ ਦੇ ਪੂਰੇ ਪਰਿਵਾਰ ਲਈ ਜੁੱਤੀਆਂ ਬਣਾਉਂਦੇ ਸਨ। ਏਨਾ ਸੁਣ ਕੇ ਸਾਰੇ ਸੰਸਦ ਮੈਂਬਰ ਹੱਸਣ ਲੱਗੇ। ਲਿੰਕਨ ਇਸ ਵਿਗੜੇ ਸੰਸਦ ਮੈਂਬਰ ਦੀ ਗੱਲ ਸੁਣ ਕੇ ਨਾ ਤਾਂ ਘਬਰਾਏ ਅਤੇ ਨਾ ਹੀ ਉਤੇਜਨਾ ਵਿਚ ਆਏ। ਉਨ੍ਹਾਂ ਨੇ ਬਹੁਤ ਹੀ ਨਿਮਰਤਾ ਅਤੇ ਹੌਸਲੇ ਨਾਲ ਕਿਹਾ ਕਿ ਉਨ੍ਹਾਂ ਨੂੰ ਇਹ ਚੰਗੀ ਤਰ੍ਹਾਂ ਪਤਾ ਹੈ ਕਿ ਉਸ ਦੇ ਪਿਤਾ ਵਰਗੀਆਂ ਜੁੱਤੀਆਂ ਕੋਈ ਨਹੀਂ ਬਣਾ ਸਕਦਾ ਕਿਉਂਕਿ ਜੁੱਤੀਆਂ ਬਣਾਉਣ ਦਾ ਕੰਮ ਉਹ ਆਪਣੀ ਰੂਹ ਨਾਲ ਕਰਦੇ ਸਨ ਅਤੇ ਅੱਜ ਤੱਕ ਕਿਸੇ ਨੂੰ ਵੀ ਉਸ ਦੇ ਕੰਮ ਤੋਂ ਕੋਈ ਪਰੇਸ਼ਾਨੀ ਨਹੀਂ ਹੋਈ ਹੈ। ਇਸ ਦੇ ਨਾਲ ਹੀ ਲਿੰਕਨ ਨੇ ਫਿਰ ਕਿਹਾ ਕਿ ਜੇਕਰ ਇਸ ਅਮੀਰ ਸੰਸਦ ਮੈਂਬਰ ਨੂੰ ਉਸ ਦੇ ਪਿਤਾ ਵਲੋਂ ਬਣਾਈਆਂ ਗਈਆਂ ਜੁੱਤੀਆਂ ਤੋਂ ਕੋਈ ਪਰੇਸ਼ਾਨੀ ਹੈ ਤਾਂ ਉਹ (ਲਿੰਕਨ) ਉਨ੍ਹਾਂ ਨੂੰ ਦੂਜੀਆਂ ਜੁੱਤੀਆਂ ਦਾ ਜੋੜਾ ਦੇ ਦੇਵੇਗਾ। ਆਪਣੇ ਪਿਤਾ ਬਾਰੇ ਉਹ ਫਿਰ ਬੋਲੇ ਕਿ ਉਨ੍ਹਾਂ ਦੇ ਪਿਤਾ ਵਿਲੱਖਣ ਸਨ ਅਤੇ ਉਨ੍ਹਾਂ ਨੂੰ ਉਨ੍ਹਾਂ 'ਤੇ ਫ਼ਖ਼ਰ ਹੈ। ਏਨਾ ਸੁਣਦਿਆਂ ਹੀ ਸਾਰੇ ਸੰਸਦ ਮੈਂਬਰ ਚੁੱਪ ਹੋ ਗਏ। ਜ਼ਾਹਿਰ ਹੈ ਕਿ ਆਤਮ-ਸਨਮਾਨ ਵਾਲੇ ਵਿਅਕਤੀ ਦੇ ਅੱਗੇ ਹੰਕਾਰ ਨਹੀਂ ਟਿਕਦਾ ਹੈ।

ਆਤਮ-ਸਨਮਾਨ ਵਾਲਾ ਵਿਅਕਤੀ ਆਪਣੇ ਸਮਾਜ ਅਤੇ ਰਾਸ਼ਟਰ ਦਾ ਨਾਂਅ ਵੀ ਉੱਚਾ ਕਰਦਾ ਹੈ। ਇਸ ਦੀ ਜਿਊਂਦੀ-ਜਾਗਦੀ ਉਦਾਹਰਣ ਸਵਾਮੀ ਵਿਵੇਕਾਨੰਦ ਹਨ ਜਿਨ੍ਹਾਂ ਨੇ ਯੂਰਪ ਅਤੇ ਅਮਰੀਕਾ ਵਿਚ ਆਤਮ-ਸਨਮਾਨ ਦੇ ਨਾਲ ਭਾਰਤ ਦੀ ਮਹਿਮਾ ਦਾ ਗੁਣਗਾਣ ਵੀ ਕੀਤਾ। ਇਕ ਵਾਰ ਇੰਗਲੈਂਡ ਵਿਚ ਸਵਾਮੀ ਹੁਰਾਂ ਤੋਂ ਕਿਸੇ ਨੇ ਪੁੱਛਿਆ ਕਿ ਤੁਹਾਡੀਆਂ ਔਰਤਾਂ ਹੱਥ ਕਿਉਂ ਨਹੀਂ ਮਿਲਾਉਂਦੀਆਂ ਤਾਂ ਇਸ 'ਤੇ ਸਵਾਮੀ ਹੁਰਾਂ ਉਲਟ ਪ੍ਰਸ਼ਨ ਕੀਤਾ ਕਿ ਕੀ ਇੰਗਲੈਂਡ ਦੀ ਮਹਾਰਾਣੀ ਸਭ ਨਾਲ ਹੱਥ ਮਿਲਾਉਂਦੀ ਹੈ ਤਾਂ ਸਵਾਲ ਪੁੱਛਣ ਵਾਲੇ ਨੇ 'ਨਾਂਹ' ਵਿਚ ਜਵਾਬ ਦਿੱਤਾ। ਸਵਾਮੀ ਹੁਰਾਂ ਨੇ ਝਟ ਕਿਹਾ ਕਿ ਹਿੰਦੁਸਤਾਨ ਦੀ ਹਰੇਕ ਨਾਰੀ ਮਹਾਰਾਣੀ ਹੈ ਅਤੇ ਉਹ ਹੱਥ ਨਹੀਂ ਮਿਲਾਉਂਦੀ ਹੈ। ਇਸ ਤਰ੍ਹਾਂ ਆਤਮ-ਸਨਮਾਨ ਦੇ ਧਨੀ ਸਵਾਮੀ ਵਿਵੇਕਾਨੰਦ ਨੇ ਉਨ੍ਹਾਂ ਤੋਂ ਸਵਾਲ ਪੁੱਛਣ ਵਾਲੇ ਨੂੰ ਹੀ ਚੁੱਪ ਕਰਾ ਦਿੱਤਾ।

ਆਤਮ-ਸਨਮਾਨ ਵਾਲਾ ਵਿਅਕਤੀ ਕਦੀ ਵੀ ਇਸ ਗੱਲ ਤੋਂ ਪ੍ਰਭਾਵਿਤ ਨਹੀਂ ਹੁੰਦਾ ਹੈ ਕਿ ਜ਼ਮਾਨਾ ਕੀ ਕਹੇਗਾ। ਦੁਨੀਆ ਦਾ ਤਾਂ ਇਹ ਦਸਤੂਰ ਹੈ ਕਿ ਉਹ ਨਾਕਾਮਯਾਬ ਲੋਕਾਂ ਦਾ ਮਜ਼ਾਕ ਉਡਾਉਂਦੀ ਹੈ ਅਤੇ ਕਾਮਯਾਬ ਲੋਕਾਂ ਤੋਂ ਸੜਦੀ ਹੈ। ਅਸਲ ਵਿਚ ਅਸਲੀ ਜ਼ਿੰਦਗੀ ਤਾਂ ਤਦ ਹੀ ਸ਼ੁਰੂ ਹੁੰਦੀ ਹੈ ਜਦੋਂ ਅਸੀਂ ਆਪਣੇ ਆਤਮ-ਸਨਮਾਨ ਨਾਲ ਜੀਣਾ ਸਿੱਖੀਏ ਅਤੇ ਦੂਜਿਆਂ ਦੀ ਸੋਚ ਅਨੁਸਾਰ ਜੀਣਾ ਛੱਡੀਏ। ਲੋਕ ਬੁਰਾਈ ਕਰਨ ਤਾਂ ਸਾਨੂੰ ਦੁਖੀ ਨਹੀਂ ਹੋਣਾ ਚਾਹੀਦਾ, ਤਾਰੀਫ਼ ਕਰਨ ਤਾਂ ਬੇਵਜ੍ਹਾ ਖ਼ੁਸ਼ ਹੋਣ ਦੀ ਜ਼ਰੂਰਤ ਨਹੀਂ ਕਿਉਂਕਿ ਸਾਨੂੰ ਇਹ ਮੰਨ ਕੇ ਚੱਲਣਾ ਚਾਹੀਦਾ ਹੈ ਕਿ ਸਾਡੇ ਸੁਖ-ਦੁੱਖ ਦਾ ਬਟਨ ਲੋਕਾਂ ਦੇ ਹੱਥ ਵਿਚ ਨਹੀਂ ਸਗੋਂ ਸਾਡੇ ਆਪਣੇ ਹੱਥ ਵਿਚ ਹੀ ਹੈ। ਆਤਮ-ਸਨਮਾਨ ਆਤਮ ਰੱਖਿਆ ਅਤੇ ਆਤਮ-ਵਿਸ਼ਵਾਸ ਦੀ ਵੀ ਪਛਾਣ ਹੈ। ਇਕ ਚਿੱਤਰਕਾਰ ਜੋ ਕਿ ਰਬਿੰਦਰਨਾਥ ਟੈਗੋਰ ਦੇ ਕਾਫ਼ੀ ਨੇੜੇ ਸੀ, ਹਮੇਸ਼ਾ ਇਸ ਗੱਲ ਤੋਂ ਹੀ ਪਰੇਸ਼ਾਨ ਰਹਿੰਦਾ ਸੀ ਕਿ ਲੋਕ ਉਸ ਬਾਰੇ ਕੀ ਸੋਚਦੇ ਹਨ। ਉਸ ਚਿੱਤਰਕਾਰ ਨੂੰ ਇਸ ਭਾਵਨਾ ਤੋਂ ਦੂਰ ਕਰਨ ਲਈ ਅਤੇ ਉਸ ਦਾ ਆਤਮ-ਸਨਮਾਨ ਜਗਾਉਣ ਲਈ, ਟੈਗੋਰ ਨੇ ਇਕ ਤਰਕੀਬ ਸੋਚੀ। ਉਨ੍ਹਾਂ ਨੇ ਆਪਣਾ ਇਕ ਚਿੱਤਰ ਬਣਵਾਇਆ ਅਤੇ ਚਿੱਤਰਕਾਰ ਨੂੰ ਸਲਾਹ ਦਿੱਤੀ ਕਿ ਉਹ ਇਸ ਚਿੱਤਰ ਨੂੰ ਮੰਡੀ ਵਿਚ ਰੱਖ ਦੇਵੇ ਅਤੇ ਇਸ ਦੇ ਨਾਲ ਟੈਗੋਰ ਦੀ ਅਸਲੀ ਫੋਟੋ ਅਤੇ ਇਨ੍ਹਾਂ ਦੋਵਾਂ ਦੇ ਨਾਲ ਖਾਲੀ ਕਾਗਜ਼ ਅਤੇ ਪੈਨਸਿਲ। ਕਾਗਜ਼ ਦੇ ਉੱਪਰ ਲਿਖਿਆ ਜਾਵੇ ਕਿ ਬਣਾਏ ਗਏ ਚਿੱਤਰ ਵਿਚ ਜੇਕਰ ਕੋਈ ਨੁਕਸ ਨਜ਼ਰ ਆਵੇ ਤਾਂ ਪੈਨਸਿਲ ਨਾਲ ਨਿਸ਼ਾਨ ਲਗਾਓ ਅਤੇ ਖਾਲੀ ਕਾਗਜ਼ 'ਤੇ ਉਸ ਨੂੰ ਸਹੀ ਕਰਕੇ ਦਿਖਾਓ। ਸ਼ਾਮ ਨੂੰ ਦੇਖਿਆ ਕਿ ਚਿੱਤਰ ਤਾਂ ਪੈਨਸਿਲ ਦੇ ਨਿਸ਼ਾਨਾਂ ਨਾਲ ਭਰਿਆ ਪਿਆ ਸੀ ਪਰ ਕਾਗਜ਼ ਜਿਵੇਂ ਦਾ ਤਿਵੇਂ ਹੀ ਸੀ ਕਿਉਂਕਿ ਚਿੱਤਰ ਦੀ ਖ਼ਰਾਬੀ ਨੂੰ ਕਿਸ ਤਰ੍ਹਾਂ ਠੀਕ ਕਰਨਾ ਹੈ, ਕਿਸੇ ਨੇ ਵੀ ਨਹੀਂ ਦੱਸਿਆ ਸੀ। ਟੈਗੋਰ ਚਿੱਤਰਕਾਰ ਨੂੰ ਦੱਸਦੇ ਹਨ ਕਿ ਨੁਕਸ ਕੱਢਣਾ ਹੀ ਸਭ ਤੋਂ ਸੌਖਾ ਕੰਮ ਹੈ ਪਰ ਵਿਅਕਤੀ ਆਪਣੇ ਪ੍ਰਤੀ ਚੌਕੰਨਾ ਅਤੇ ਇਮਾਨਦਾਰ ਰਹੇ। ਚਿੱਤਰਕਾਰ ਨੂੰ ਸਲਾਹ ਦਿੱਤੀ ਕਿ ਉਹ ਦੂਜਿਆਂ ਦੀਆਂ ਗੱਲਾਂ ਤੋਂ ਪਰੇਸ਼ਾਨ ਹੋ ਕੇ ਜੀਵਨ ਨਾ ਜੀਵੇ ਪਰ ਆਤਮ-ਸਨਮਾਨ ਦੇ ਨਾਲ ਜ਼ਿੰਦਗੀ ਜੀਵੇ।

ਸਾਨੂੰ ਸਵਾਮੀ ਵਿਵੇਕਾਨੰਦ ਦੀਆਂ ਇਨ੍ਹਾਂ ਗੱਲਾਂ ਨੂੰ ਯਾਦ ਰੱਖਣਾ ਚਾਹੀਦਾ ਹੈ :
ਜੋ ਤੁਸੀਂ ਸੋਚਦੇ ਹੋ, ਉਹ ਹੀ ਹੋ ਜਾਓਗੇ।
ਜੇਕਰ ਤੁਸੀਂ ਖ਼ੁਦ ਨੂੰ ਕਮਜ਼ੋਰ ਸੋਚਦੇ ਹੋ,
ਤਾਂ ਤੁਸੀਂ ਕਮਜ਼ੋਰ ਹੀ ਹੋ ਜਾਓਗੇ,
ਜੇਕਰ ਖ਼ੁਦ ਨੂੰ ਤਾਕਤਵਰ ਸਮਝਦੇ ਹੋ,
ਤਾਂ ਤੁਸੀਂ ਤਾਕਤਵਰ ਹੀ ਹੋ ਜਾਓਗੇ।

ਜਿਸ ਤਰ੍ਹਾਂ ਹੰਕਾਰ ਦੀ ਤਾਕਤ ਫਰਿਸ਼ਤਿਆਂ ਨੂੰ ਸ਼ੈਤਾਨ ਬਣਾ ਦਿੰਦੀ ਹੈ,
ਆਤਮ-ਸਨਮਾਨ ਦੀ ਤਾਕਤ ਮਨੁੱਖ ਨੂੰ ਵੀ ਫਰਿਸ਼ਤਾ ਬਣਾ ਦਿੰਦੀ ਹੈ।

ਕੇਂਦਰ ਬਿੰਦੂ :

* ਹੰਕਾਰ ਕਿਸੇ ਨੂੰ ਉੱਪਰ ਨਹੀਂ ਉੱਠਣ ਦਿੰਦਾ, ਆਤਮ-ਸਨਮਾਨ ਕਿਸੇ ਨੂੰ ਡਿਗਣ ਨਹੀਂ ਦਿੰਦਾ।
* ਆਤਮ-ਸਨਮਾਨ ਆਤਮ-ਵਿਸ਼ਵਾਸ ਅਤੇ ਮਨੋਬਲ ਨੂੰ ਵਧਾਉਂਦਾ ਹੈ।
* ਆਤਮ-ਸਨਮਾਨ ਵਾਲਾ ਵਿਅਕਤੀ ਜ਼ਮਾਨੇ ਦੀ ਆਲੋਚਨਾ ਤੋਂ ਨਾ ਤਾਂ ਪ੍ਰੇਸ਼ਾਨ ਹੁੰਦਾ ਹੈ ਅਤੇ ਨਾ ਹੀ ਪ੍ਰਭਾਵਿਤ।
* ਆਤਮ-ਸਨਮਾਨ ਵਾਲਾ ਵਿਅਕਤੀ ਆਪਣੇ ਸਮਾਜ ਅਤੇ ਰਾਸ਼ਟਰ ਦਾ ਸਿਰ ਉੱਚਾ ਕਰਦਾ ਹੈ।

(ਜ਼ਿੰਦਗੀ ਬਨਾਮ ਜ਼ਿੰਦਾਦਿਲੀ 'ਚੋਂ)

ਡਾ. ਰੇਖਾ ਕਾਲੀਆ ਭਾਰਦਵਾਜ

# ਉਲੰਪਿਕ ਖੇਡਾਂ ਦਾ ਮਹੱਤਵ

ਪੁਰਾਤਨ ਉਲੰਪਿਕ ਖੇਡਾਂ ਹਰ ਚਾਰ ਸਾਲ ਦੇ ਫਰਕ ਨਾਲ 6 ਅਗਸਤ ਅਤੇ 19 ਸਤੰਬਰ ਵਿਚਾਲੇ ਜੀਅਸ ਦੇਵਤਾ ਦੇ ਸਨਮਾਨ ਵਜੋਂ ਹੋਣ ਵਾਲੇ ਧਾਰਮਿਕ ਸਮਾਗਮ ਦਾ ਹਿੱਸਾ ਸਨ। ਇਹ ਲਗਪਗ ਤਿੰਨ ਹਜ਼ਾਰ ਸਾਲ ਪੁਰਾਣੀ ਗੱਲ ਹੈ। ਇਹ ਖੇਡਾਂ ਪੱਛਮੀ ਪੇਲੋਪੋਂਨੇਸ ਭੂ-ਖੇਤਰ ਵਿਚ ਸਥਿਤ ਉਲੰਪੀਆ ਵਿਚ ਹੁੰਦੀਆਂ ਸਨ, ਇਸ ਲਈ ਇਨ੍ਹਾਂ ਨੂੰ ਉਲੰਪਿਕ ਕਿਹਾ ਜਾਣ ਲੱਗਾ। ਪਹਿਲੀਆਂ ਆਧੁਨਿਕ ਉਲੰਪਿਕ 1896 ਵਿਚ ਏਥਨਜ਼ ਵਿਚ ਸ਼ੁਰੂ ਹੋਈਆਂ, ਜਿਸ ਵਿਚ 13 ਦੇਸ਼ਾਂ ਦੇ 280 ਖਿਡਾਰੀਆਂ ਨੇ ਹਿੱਸਾ ਲਿਆ ਅਤੇ 43 ਖੇਡਾਂ ਦਾ ਮੁਕਾਬਲਾ ਹੋਇਆ। 1994 ਵਿਚ ਗਰਮੀਆਂ ਅਤੇ ਸਰਦੀਆਂ ਦੀਆਂ ਉਲੰਪਿਕਸ ਦੋ-ਦੋ ਸਾਲਾਂ ਦੇ ਫਰਕ ਨਾਲ ਅਲੱਗ-ਅਲੱਗ ਸ਼ੁਰੂ ਹੋਈਆਂ।



ਹਾਲਾਂਕਿ ਪੁਰਾਤਨ ਯੂਨਾਨ ਵਿਚ ਉਲੰਪਿਕ ਬਹੁਤ ਪਹਿਲਾਂ ਤੋਂ ਹੋ ਰਹੀ ਸੀ ਪਰ ਇਸ ਦਾ ਲਿਖਤੀ ਰਿਕਾਰਡ 776 ਈਸਾ ਪੂਰਵ ਤੋਂ ਹੀ ਮਿਲਦਾ ਹੈ, ਜਦੋਂ ਕੋਰੋਇਬਸ ਨਾਮੀ ਇਕ ਬਾਵਰਚੀ (ਕੁੱਕ) ਨੇ ਸਟੇਡ (ਜਿਸ ਤੋਂ ਆਧੁਨਿਕ ਸਟੇਡੀਅਮ ਸ਼ਬਦ ਬਣਿਆ) ਨਾਮੀ 192 ਮੀਟਰ ਦੀ ਦੌੜ ਜਿੱਤੀ, ਜੋ ਕਿ ਇਕ ਹੀ ਮੁਕਾਬਲਾ ਸੀ। ਇਸ ਤਰ੍ਹਾਂ ਉਹ ਪਹਿਲਾ ਉਲੰਪਿਕ ਚੈਂਪੀਅਨ ਬਣਿਆ।

ਦਿਲਚਸਪ ਗੱਲ ਇਹ ਹੈ ਕਿ 1896 ਦੀਆਂ ਏਥਨਜ਼ ਖੇਡਾਂ ਵਿਚ ਮੈਰਾਥਨ ਲਈ ਉਸ 25 ਮੀਲ ਦੇ ਰਸਤੇ ਦੀ ਚੋਣ ਕੀਤੀ ਗਈ ਸੀ ਜਿਸ 'ਤੇ ਦੌੜਦੇ ਹੋਏ 490 ਈਸਾ ਪੂਰਵ ਯੂਨਾਨੀ ਸੈਨਿਕ ਮੈਰਾਥਨ ਤੋਂ ਏਥਨਜ਼ ਆਇਆ ਸੀ, ਪਾਰਸੀਆਂ 'ਤੇ ਜਿੱਤ ਦੀ ਖ਼ਬਰ ਲੈ ਕੇ। ਇਸ ਆਧੁਨਿਕ ਮੈਰਾਥਨ ਨੂੰ ਯੂਨਾਨ ਦੇ ਹੀ ਸਪਾਈਰਿਡਾਨ ਲੂਈਸ ਨੇ ਜਿੱਤਿਆ, ਜਿਹੜਾ ਕਿ ਆਧੁਨਿਕ ਉਲੰਪਿਕ ਦਾ ਪਹਿਲਾ ਸੋਨ ਤਗਮਾ ਸੀ। 1924 ਵਿਚ ਮੈਰਾਥਨ ਦਾ ਫਾਸਲਾ 26 ਮੀਲ ਭਾਵ 385 ਗਜ਼ ਨਿਰਧਾਰਤ ਕੀਤਾ ਗਿਆ। ਪੁਰਾਤਨ ਉਲੰਪਿਕ ਖੇਡਾਂ ਵਿਚ ਯੂਨਾਨ ਦੇ ਆਜ਼ਾਦ ਪੈਦਾ ਹੋਏ ਮਰਦ ਨਾਗਰਿਕ ਹੀ ਹਿੱਸਾ ਲੈ ਸਕਦੇ ਸਨ, ਔਰਤਾਂ ਦੇ ਲਈ ਕੋਈ ਮੁਕਾਬਲਾ ਨਹੀਂ ਸੀ। ਸ਼ਾਦੀਸ਼ੁਦਾ ਔਰਤਾਂ ਨੂੰ ਤਾਂ ਖੇਡਾਂ ਦੇਖਣ ਦੀ ਵੀ ਮਨਾਹੀ ਸੀ।

ਦੂਸਰੀ ਸ਼ਤਾਬਦੀ ਈਸਾ ਪੂਰਵ ਦੇ ਮੱਧ ਵਿਚ ਰੋਮਨ ਸਾਮਰਾਜ ਨੇ ਯੂਨਾਨ 'ਤੇ ਕਬਜ਼ਾ ਕਰ ਲਿਆ। ਖੇਡਾਂ ਜਾਰੀ ਰਹੀਆਂ ਪਰ ਉਨ੍ਹਾਂ ਦੀ ਗੁਣਵੱਤਾ ਦਾ ਪਤਨ ਹੋਣ ਲੱਗ ਪਿਆ। 67 ਈਸਵੀ ਵਿਚ ਸਮਰਾਟ ਨੀਰੋ ਨੇ ਉਲੰਪਿਕ ਦੀ ਰੱਥ ਦੌੜ ਵਿਚ ਹਿੱਸਾ ਲਿਆ, ਉਹ ਰੱਥ ਤੋਂ ਡਿਗ ਗਿਆ, ਇਸ ਦੇ ਬਾਵਜੂਦ ਆਪਣੇ-ਆਪ ਨੂੰ ਜੇਤੂ ਐਲਾਨ ਕਰਵਾਇਆ ਅਤੇ ਬਦਨਾਮ ਅਤੇ ਸ਼ਰਮਸਾਰ ਹੋਇਆ। 393 ਈਸਵੀ ਵਿਚ ਸਮਰਾਟ ਥਿਓਡੋਸੀਅਸ-1 ਜੋ ਕਿ ਕੱਟੜ ਇਸਾਈ ਸੀ, ਨੇ ਸਾਰੇ 'ਪਗਾਨ' ਸਮਾਗਮਾਂ 'ਤੇ ਪਾਬੰਦੀ ਲਗਾ ਦਿੱਤੀ। ਅਤੇ ਇਸ ਤਰ੍ਹਾਂ ਲਗਪਗ 12 ਸ਼ਤਾਬਦੀਆਂ ਦੀ ਪੁਰਾਤਨ ਉਲੰਪਿਕ ਪਰੰਪਰਾ 'ਤੇ ਰੋਕ ਲੱਗ ਗਈ। ਇਸ ਰੋਕ ਦੇ 1500 ਸਾਲ ਬਾਅਦ ਫਰਾਂਸ ਦੇ ਬੈਰਨ ਪੈਰੀ ਡੇ ਕੂਬਰਤਿਨ (1863-1937) ਜੋ ਫਿਜ਼ੀਕਲ ਸਿੱਖਿਆ ਨੂੰ ਉਤਸ਼ਾਹਿਤ ਕਰਨ ਨੂੰ ਸਮਰਪਿਤ ਸੀ, ਪੁਰਾਤਨ ਉਲੰਪਿਕ ਸਾਈਟ ਦੀ ਯਾਤਰਾ ਕਰ ਰਹੇ ਸੀ ਕਿ ਉਨ੍ਹਾਂ ਨੂੰ ਆਧੁਨਿਕ ਉਲੰਪਿਕ ਖੇਡ ਸ਼ੁਰੂ ਕਰਨ ਦਾ ਵਿਚਾਰ ਆਇਆ। ਆਧੁਨਿਕ ਉਲੰਪਿਕ ਖੇਡਾਂ ਇਕ ਅੰਤਰਰਾਸ਼ਟਰੀ ਖੇਡ ਮੁਕਾਬਲੇ ਦੇ ਰੂਪ ਵਿਚ 1924 ਪੈਰਿਸ ਤੋਂ ਹੀ ਸ਼ੁਰੂ ਹੋਈਆਂ, ਜਿਸ ਵਿਚ 44 ਦੇਸ਼ਾਂ ਦੇ 3000 ਤੋਂ ਵਧੇਰੇ ਖਿਡਾਰੀਆਂ (ਜਿਨ੍ਹਾਂ ਵਿਚ 100 ਤੋਂ ਜ਼ਿਆਦਾ ਔਰਤਾਂ ਸ਼ਾਮਿਲ ਸਨ) ਨੇ ਹਿੱਸਾ ਲਿਆ। ਪਹਿਲੀ ਵਾਰ ਇਨ੍ਹਾਂ ਖੇਡਾਂ ਦੀ ਸਮਾਪਤੀ ਦਾ ਸਮਾਗਮ ਵੀ ਹੋਇਆ। ਸਰਦੀਆਂ ਦੀਆਂ ਉਲੰਪਿਕ ਖੇਡਾਂ ਵੀ ਉਸੇ ਸਾਲ ਸ਼ੁਰੂ ਹੋਈਆਂ। ਇਸ ਤੋਂ 80 ਸਾਲ ਬਾਅਦ ਜਦੋਂ ਗਰਮੀਆਂ ਦੀਆਂ ਉਲੰਪਿਕ ਖੇਡਾਂ 2004 ਵਿਚ ਫਿਰ ਏਥਨਜ਼ ਪਰਤੀਆਂ ਤਾਂ ਉਸ ਵਿਚ ਰਿਕਾਰਡ 201 ਦੇਸ਼ਾਂ ਦੀ ਹਿੱਸੇਦਾਰੀ ਸੀ। ਹੁਣ ਉਲੰਪਿਕ ਵਿਚ ਪ੍ਰਦਰਸ਼ਨ ਇਕ ਦੇਸ਼ ਦੀ ਤਰੱਕੀ ਅਤੇ ਇੱਜ਼ਤ ਦਾ ਪ੍ਰਤੀਕ ਬਣ ਚੁੱਕਿਆ ਹੈ। ਆਮ ਲੋਕਾਂ ਨੂੰ ਇਹੀ ਲੱਗਿਆ ਕਿ ਉਲੰਪਿਕ ਮਸ਼ਾਲ ਦੌੜ ਇਕ ਪਵਿੱਤਰ ਪੁਰਾਤਨ ਯੂਨਾਨੀ ਰਿਵਾਜ ਹੈ, ਜਿਸ ਨੂੰ ਦੁਬਾਰਾ ਤੋਂ ਸ਼ੁਰੂ ਕੀਤਾ ਗਿਆ ਹੈ। ਪਰ ਇਹ ਅਸਲ ਵਿਚ ਆਧੁਨਿਕ ਰਾਜਨੀਤਕ ਨਾਟਕ ਸੀ, ਜਿਸ ਦੀ ਧਿਆਨਪੂਰਵਕ ਪੂਰੀ ਕਹਾਣੀ ਨਾਜ਼ੀ ਜਰਮਨੀ ਨੇ ਲਿਖੀ ਸੀ ਅਤੇ ਉਸ ਨੇ ਇਸ ਦੀ ਮਾਲੀ ਮਦਦ ਦੀ ਜ਼ਿੰਮੇਵਾਰੀ ਚੁੱਕੀ ਸੀ। ਧਿਆਨ ਦੇਣ ਵਾਲੀ ਗੱਲ ਹੈ ਕਿ ਪੁਰਾਤਨ ਉਲੰਪਿਕ ਖੇਡਾਂ ਵਿਚ ਯੂਨਾਨੀ ਧਾਰਮਿਕ ਅੱਗ ਦੀ ਵਰਤੋਂ ਤਾਂ ਕਰਦੇ ਸਨ, ਪਰ ਕਦੀ ਵੀ ਮਸ਼ਾਲ ਦੌੜ ਨਾਲ ਖੇਡਾਂ ਦੀ ਸ਼ੁਰੂਆਤ ਨਹੀਂ ਸਨ ਕਰਦੇ। ਬਰਲਿਨ ਨੂੰ 1936 ਦੀਆਂ ਖੇਡਾਂ 1931 ਵਿਚ ਅਲਾਟ ਹੋਈਆਂ ਸਨ।





ਬਰਲਿਨ ਖੇਡਾਂ ਵਿਚ ਹੀ ਜੈਸੀ ਓਵੈਂਸ ਨੇ ਚਾਰ ਤਗਮੇ ਜਿੱਤ ਕੇ ਨਵਾਂ ਕੀਰਤੀਮਾਨ ਕਾਇਮ ਕੀਤਾ। ਇਸ ਤਰ੍ਹਾਂ ਇਹ ਖੇਡਾਂ ਖੇਡ ਭਾਵਨਾ ਦੇ ਨਾਲ ਆਪਣਾ ਹੁਨਰ ਦਿਖਾਉਣ ਦਾ ਵਿਸ਼ਵ ਦਾ ਸਭ ਤੋਂ ਮਹੱਤਵਪੂਰਨ ਮੰਚ ਬਣ ਗਈਆਂ।

ਨੌਸ਼ਾਬਾ ਪਰਵੀਨ

# ਸ਼੍ਰੋਮਣੀ ਅਕਾਲੀ ਦਲ ਦਾ ਇਕ ਸਦੀ ਦਾ ਇਤਿਹਾਸ

## 1920 ਤੋਂ 2020

## ਵਾਪਰਦਾ ਸਾਗਰ ਸਮਾਨ ਹੈ ਪਰ ਲਿਖਤ ਵਿਚ ਬੂੰਦ ਸਮਾਨ ਆਉਂਦਾ ਹੈ

(ਲੜੀ ਜੋੜਨ ਲਈ ਪਿਛਲਾ ਅੰਕ ਪੜ੍ਹੋ)

16. ਭਾਰਤ ਸਰਕਾਰ ਨਾਲ਼ ਹੋਏ ਸਮਝੌਤੇ ਵਜੋਂ ਰਿਜਨਲ ਫਾਰਮੂਲਾ ਪ੍ਰਵਾਨ ਕਰਵਾ ਕੇ, ਪੈਪਸੂ ਨੂੰ ਪੰਜਾਬ ਵਿਚ ਸ਼ਾਮਲ ਕਰਵਾ ਕੇ, ਪੰਜਾਬੀ ਬੋਲਦੇ ਸਾਰੇ ਇਲਾਕੇ ਨੂੰ ਇਕ ਥਾਂ ਇਕੱਠੇ ਕਰਵਾਉਣਾ।
17. ਪੰਜਾਬੀ ਬੋਲੀ ਦੇ ਆਧਾਰ 'ਤੇ ਸਿੱਖ ਬਹੁ ਸੰਮਤੀ ਵਾਲ਼ਾ ਸੂਬਾ ਬਣਵਾਉਣਾ।
18. 1967 ਵਿਚ ਕਾਂਗਰਸ ਨੂੰ ਹਰਾ ਕੇ ਪੰਜਾਬ ਵਿਚ ਪਹਿਲੀ ਸਾਂਝੀ ਸਰਕਾਰ ਬਣਾਉਣੀ।
19. 1974 ਵਿਚ ਹਰਿਆਣੇ ਵਿਚ ਸ਼ਹਿਰੀ ਆਜ਼ਾਦੀ ਉਪਰ ਮੁਖ ਮੰਤਰੀ ਬੰਸੀ ਲਾਲ ਵੱਲੋਂ ਲਾਈਆਂ ਗਈਆਂ ਪਾਬੰਦੀਆਂ ਦੇ ਖ਼ਿਲਾਫ਼ ਮੋਰਚਾ ਲਾ ਕੇ, ਉਹਨਾਂ ਨੂੰ ਤੁੜਵਾਉਣਾ।
20. 1975 ਵਿਚ ਇੰਦਰਾ ਗਾਂਧੀ ਵੱਲੋਂ ਦੇਸ ਵਿਚ ਲਾਈ ਐਮਰਜੈਂਸੀ ਦੇ ਖ਼ਿਲਾਫ਼ ਮੋਰਚਾ ਓਦੋਂ ਤੱਕ ਚੱਲਦਾ ਰਿਹਾ ਜਿੰਨਾ ਚਿਰ ਐਮਰਜੈਂਸੀ ਹਟਾ ਕੇ ਚੋਣਾਂ ਦਾ ਐਲਾਨ ਨਹੀਂ ਹੋਇਆ।
21. 1977 ਦੀਆਂ ਚੋਣਾਂ ਵਿਚ ਜਨਤਾ ਪਾਰਟੀ ਬਣਵਾ ਕੇ ਤੇ ਖ਼ੁਦ ਮੋਹਰੀ ਹੋ ਕੇ ਦੇਸ ਵਿਚੋਂ ਇੰਦਰਾ ਦੇ ਜ਼ੁਲਮੀ ਰਾਜ ਨੂੰ ਚੋਣਾਂ ਵਿਚ ਹਰਾ ਕੇ ਜਨਤਾ ਪਾਰਟੀ ਦੀ ਸਰਕਾਰ ਬਣਵਾਉਣੀ।
22. 1985 ਵਿਚ ਪਹਿਲੀ ਵਾਰ ਨਿਰੋਲ ਸ਼੍ਰੋਮਣੀ ਅਕਾਲੀ ਦਲ ਦੀ ਸਰਕਾਰ ਬਣਾਉਣੀ।
23. ਪੰਜਾਬ ਵਿਚਲੇ ਹਿੰਦੂ ਸਮਾਜ ਦੀ ਪਾਰਟੀ ਨਾਲ਼ ਸਮੇ ਸਮੇ ਸਾਂਝੀਆਂ ਸਰਕਾਰਾਂ ਬਣਾ ਕੇ ਦੋਹਾਂ ਭਾਈਚਾਰਿਆਂ ਵਿਚਾਲ਼ੇ ਮਿਲਵਰਤਣ ਵਧਾਉਣੀ ਤਾਂ ਕਿ ਸੌੜੇ ਸਿਆਸੀ ਹਿਤਾਂ ਖਾਤਰ, ਕਾਂਗਰਸ ਵੱਲੋਂ ਪਾਈ ਗਈ ਦੋਹਾਂ ਭਾਈਚਾਰਿਆਂ ਵਿਚਲੀ ਬੇਵਿਸ਼ਵਾਸ਼ੀ ਨੂੰ ਦੂਰ ਕਰਨਾ।

ਸ਼੍ਰੋਮਣੀ ਅਕਾਲੀ ਦੇ ਹੁਣ ਤੱਕ ਹੋਏ ਪ੍ਰਧਾਨਾਂ ਦੇ ਨਾਂ:
ਸ. ਸਰਮੁਖ ਸਿੰਘ ਝਬਾਲ਼, ਬਾਬਾ ਖੜਕ ਸਿੰਘ, ਅਕਾਲੀ ਕਰਮ ਸਿੰਘ ਬੱਸੀ, ਮਾਸਟਰ ਤਾਰਾ ਸਿੰਘ, ਸ. ਗੁਪਾਲ ਸਿੰਘ ਕੌਮੀ, ਸ. ਤਾਰਾ ਸਿੰਘ ਠੇਠਰ, ਜਥੇਦਾਰ ਤੇਜਾ ਸਿੰਘ ਅਕਰਪੁਰੀ, ਬਾਬੂ ਲਾਭ ਸਿੰਘ, ਜਥੇਦਾਰ ਊਧਮ ਸਿੰਘ ਨਾਗੋਕੇ, ਗਿਆਨੀ ਕਰਤਾਰ ਸਿੰਘ, ਜਥੇਦਾਰ ਪ੍ਰੀਤਮ ਸਿੰਘ ਗੋਜਰਾਂ, ਸ. ਹੁਕਮ ਸਿੰਘ, ਜਥੇਦਾਰ ਅੱਛਰ ਸਿੰਘ, ਗਿਆਨੀ ਭੁਪਿੰਦਰ ਸਿੰਘ, ਸੰਤ ਫਤਿਹ ਸਿੰਘ, ਜਥੇਦਾਰ ਮੋਹਨ ਸਿੰਘ ਤੁੜ, ਜਥੇਦਾਰ ਜਗਦੇਵ ਸਿੰਘ ਤਲਵੰਡੀ, ਸੰਤ ਹਰਚੰਦ ਸਿੰਘ ਲੌਂਗੋਵਾਲ਼, ਸ. ਸੁਰਜੀਤ ਸਿੰਘ ਬਰਨਾਲ਼ਾ, ਬਾਬਾ ਜੋਗਿੰਦਰ ਸਿੰਘ, ਸ. ਸਿਮਰਨਜੀਤ ਸਿੰਘ ਮਾਨ, ਸ. ਪ੍ਰਕਾਸ਼ ਸਿੰਘ ਬਾਦਲ, ਸ. ਸੁਖਬੀਰ ਸਿੰਘ ਬਾਦਲ।

ਭਾਈ ਤਾਰੂ ਸਿੰਘ ਜੀ ਨੂੰ ਸ਼ਹੀਦ ਕਰਨ ਤੋਂ ਪਹਿਲਾਂ ਮੁਸਲਮਾਨ ਬਣਨ ਲਈ, ਲਾਹੌਰ ਦੇ ਸੂਬੇਦਾਰ ਖ਼ਾਨ ਬਹਾਦਰ ਜ਼ਕਰੀਆ ਖ਼ਾਨ ਨੇ ਕਈ ਤਰ੍ਹਾਂ ਦੇ ਲਾਲਚ ਦਿਤੇ ਅਤੇ ਉਸ ਸਮੇ ਦੇ ਸਿੰਘਾਂ ਦੀ ਮਾੜੀ ਹਾਲਤ ਦਰਸਾਉਣ ਲਈ ਜੋ ਬਹੁਤ ਕੁਝ ਕਿਹਾ ਉਸ ਦਾ ਕੁਝ ਹਿੱਸਾ ਇਕ ਕਬਿਤ ਵਿਚ, ਗਿਆਨੀ ਗਿਆਨ ਸਿੰਘ ਨੇ ਪੰਥ ਪ੍ਰਕਾਸ਼ ਵਿਚ ਇਉਂ ਲਿਖਿਆ ਹੈ:

ਕਬਿੱਤ
ਫਿੱਡਾ ਜੈਸਾ ਟੱਟੂਆ ਜੁੱਲੜੂ ਕਾ ਕਾਠੂ ਪਾਇ,
ਰੱਸੜੂ ਲਗਾੜੂ ਤੇ ਰੱਸੜੂ ਰਕਾਬ ਜੂ।
ਪਾਟਿਆ ਜੈਸਾ ਕੱਛੜੂ ਤੇ ਨੀਲੜੂ ਸਾ ਚਾਦਰੂ,
ਡੁੱਚੋ ਜੈਸਾ ਪੱਗੜੂ ਬਣਾਇਆ ਸਿਰਤਾਜ ਜੂ।




ਟੁੱਟਿਆ ਜੈਸਾ ਤੇਗੜੂ ਤੇ ਲੀਰੜੂ ਮਿਆਨ ਜਾਂਕੋ,
ਗੱਠ ਸੱਠ ਗਾਤਰਾ ਬਣਾਇਆ ਸਭ ਸਾਜ ਜੂ।
ਨਾਮ ਤੋ ਅਕਾਲੜੂ ਸੋ ਫਿਰੈਂ ਬੁਰੇ ਹਾਲੜੂ ਪੈ,
ਲੂਟ ਕੂਟ ਖਾਵਣੇ ਕੋ ਡਾਢੇ ਉਸਤਾਜ ਜੂ।
(ਗਿਆਨੀ ਗਿਆਨ ਸਿੰਘ, ਪੰਥ ਪ੍ਰਕਾਸ਼, ਪੰਨਾ 744)

ਅਕਾਲੀ ਆਗੂਆਂ ਨਾਲ਼ ਕਿਸੇ ਗੱਲੋਂ ਨਾਰਾਜ਼ ਹੋ ਕੇ, ਸਿਰਦਾਰ ਕਪੂਰ ਸਿੰਘ ਜੀ ਨੇ ਇਹ ਕਵਿਤਾ 1974 ਵਿਚ ਲਿਖੀ ਸੀ:

ਸ੍ਰੋਮਣੀ ਹਮਾਰੀ ਰਹੇ, ਸੇਵਾ ਚੰਦਾ ਜਾਰੀ ਰਹੇ,
ਸੰਘ ਨਾਲ ਯਾਰੀ, ਥੱਲੇ ਆਰੀਆ ਸਮਾਜ ਕੇ।
ਸਿੱਖੀ ਕੀ ਨਾ ਬਾਤ ਚਲੈ, ਪੰਥ ਕੀ ਗਾਥ ਚਲੈ,
ਲੂਟ ਦੋਨੋਂ ਹਾਥ ਚਲੈ, ਸੰਗ ਸਾਜ ਬਾਜ ਕੇ।
ਅਕਲ ਕੀ ਨਾ ਗੱਲ ਕਹੈ, ਇੱਕੋ 'ਕਾਲੀ ਦਲ ਰਹੈ,
ਨਿੱਤ ਤਰਥੱਲ ਰਹੈ, ਜਿੰਦਾਬਾਦ ਗਾਜ ਕੇ।
ਝੰਡੀ ਵਾਲੀ ਕਾਰ ਰਹੈ, ਫੂਲਨ ਕੇ ਹਾਰ ਰਹੈਂ,
ਗੋਲਕੋਂ ਭਰਪੂਰ ਕਰੈ, ਸਿੱਖ ਭਾਜ ਭਾਜ ਕੇ।
ਪੰਥ ਕੇ ਦਰਦ ਹਿੱਤ, ਬੁੱਧੀ ਕੀ ਜੋ ਸੇਧ ਦੇਵੈ,
ਨਿਕਟ ਨਾ ਆਣ ਪਾਵੈ, ਰਾਜ ਭਾਗ ਕਾਜ ਕੇ।
ਜਥੇਦਾਰ ਕਹਿਤ ਬਿਰਾਜੋ, ਮਤ ਭਾਜੋ ਸਿੱਖ,
ਝੁਲਤੇ ਨਿਸ਼ਾਨ ਰਹੇ, ਪੰਥ ਮਹਾਰਾਜ ਕੇ।

ਭਾਈ ਕਾਨ੍ਹ ਸਿੰਘ ਨਾਭਾ ਜੀ ਦੀ ਕਵਿਤਾ ਮਹਾਨ ਕੋਸ਼ ਵਿਚ: ਕਮਲ ਜਿਉਂ ਮਾਇਆ ਜਲ ਵਿਚ ਹੈ ਅਲੇਪ ਸਦਾ, ਸਭ ਦਾ ਸਨੇਹੀ ਚਾਲ ਸਭ ਤੋਂ ਨਿਰਾਲੀ ਹੈ। ਕਰਕੇ ਕਮਾਈ ਖਾਵੇ ਮੰਗਣਾ ਹਰਾਮ ਜਾਣੇ, ਭਾਣੇ ਵਿਚ ਬਿਪਤਾ ਨੂੰ ਮੰਨੇ ਖ਼ੁਸ਼ਹਾਲੀ ਹੈ। ਸਵਾਰਥ ਤੋਂ ਬਿਨਾ ਗੁਰਦੁਆਰਿਆਂ ਦਾ ਚੌਂਕੀਦਾਰ ਧਰਮ ਦੇ ਜੰਗ ਲਈ ਚੜ੍ਹੀ ਮੁਖ ਲਾਲੀ ਹੈ। ਪੂਜੇ ਨਾ ਅਕਾਲ ਬਿਨਾ ਹੋਰ ਕੋਈ ਦੇਵੀ ਦੇਵ ਸਿੱਖ ਦਸਮੇਸ਼ ਦਾ ਸੋ ਕਹੀਏ ਅਕਾਲੀ ਹੈ।

ਨੋਟ:
ਸ਼੍ਰੋਮਣੀ ਅਕਾਲੀ ਦਲ ਦੀ ਪਹਿਲੀ ਸ਼ਤਾਬਦੀ ਦੇ ਸਮਾਗਮਾਂ ਨੂੰ ਮੁਖ ਰੱਖਦਿਆਂ:
ਮਾਸਟਰ ਤਾਰਾ ਸਿੰਘ, ਗਿਆਨੀ ਪ੍ਰਤਾਪ ਸਿੰਘ ਸਾਬਕਾ ਜਥੇਦਾਰ ਸ੍ਰੀ ਅਕਾਲ ਤਖ਼ਤ ਸਾਹਿਬ, ਸ. ਸੋਹਣ ਸਿੰਘ ਜੋਸ਼ ਕਮਿਊਨਿਸਟ ਲੀਡਰ, ਮੁਣਛਾ ਸਿੰਘ ਦੁਖੀ, ਡਾ. ਹਰਜਿੰਦਰ ਸਿੰਘ ਦਿਲਗੀਰ




ਇਤਿਹਾਸਕਾਰ, ਡਾ ਮਸਹਿੰਦਰ ਸਿੰਘ ਇਤਿਹਾਸਕਾਰ, ਅਖਬਾਰਾਂ ਅਤੇ ਰਸਾਲਿਆਂ ਵਿਚੋਂ ਪੜ੍ਹੇ ਗਏ ਸਮੇ ਸਮੇ ਲੇਖ, ਵਿੱਦਵਾਨਾਂ ਦੇ ਸਮੇ ਸਮੇ ਸੁਣੇ ਗਏ ਲੈਕਚਰ, ਆਪਣੇ ਸਾਹਮਣੇ ਵਾਪਰੀਆਂ ਘਟਨਾਵਾਂ ਆਦਿ ਦੇ ਆਧਾਰ 'ਤੇ, ਸ਼੍ਰੋਮਣੀ ਅਕਾਲੀ ਦਲ ਦੇ ਇਤਿਹਾਸ ਦਾ, ਇਸ ਲੇਖ ਵਿਚ ਸੰਖੇਪ ਵਰਨਣ ਕਰਨ ਦਾ ਜਤਨ ਕੀਤਾ ਗਿਆ ਹੈ।

(ਸਮਾਪਤ)

# ਖ਼ੂਨ ਦੀ ਹੋਲੀ ਖੇਡ ਰਹੇ ਨੇ ਤਾਲਿਬਾਨ

ਤਾਲਿਬਾਨ ਦੇ ਖ਼ਿਲਾਫ਼ 20 ਸਾਲ ਦੀ ਨਿਰੰਤਰ ਅਤੇ ਨਿਰਾਥਰਕ ਲੜਾਈ ਤੋਂ ਬਾਅਦ ਜੂਨ ਵਿਚ ਅਮਰੀਕਾ ਦੇ ਰਾਸ਼ਟਰਪਤੀ ਜੋਅ ਬਾਇਡਨ ਨੇ ਐਲਾਨ ਕੀਤਾ ਸੀ ਕਿ ਅਮਰੀਕਾ ਅਫ਼ਗਾਨਿਸਤਾਨ ਨੂੰ ਰਾਸ਼ਟਰਪਤੀ ਅਸ਼ਰਫ ਗਨੀ ਦੀ ਸਰਕਾਰ ਦੇ ਹਵਾਲੇ ਕਰ ਕੇ ਆਪਣੀ ਫ਼ੌਜ ਵਾਪਸ ਬੁਲਾ ਰਿਹਾ ਹੈ। ਸਿਰਫ਼ 650 ਸੈਨਿਕ ਅਮਰੀਕੀ ਦੂਤਘਰ ਦੀ ਰਾਖੀ ਲਈ ਛੱਡੇ ਜਾਣਗੇ ਤੇ ਬਾਕੀ ਸਾਰੀ ਫ਼ੌਜ 11 ਸਤੰਬਰ ਤਕ ਵਾਪਸ ਚਲੀ ਜਾਵੇਗੀ। ਅਮਰੀਕਾ ਨੇ ਕਾਬੁਲ ਦੇ ਨੇੜੇ ਬਗਰਾਮ ਹਵਾਈ ਅੱਡਾ, ਜਿੱਥੋਂ ਅਮਰੀਕੀ ਹਵਾਈ ਫ਼ੌਜ ਆਪਣੇ ਸਾਰੇ ਅਭਿਆਨ ਚਲਾਉਂਦੀ ਸੀ, ਅਫ਼ਗਾਨ ਫ਼ੌਜ ਦੇ ਹਵਾਲੇ ਕਰ ਦਿੱਤਾ ਹੈ।

ਪੱਚੀ ਜੂਨ ਨੂੰ ਰਾਸ਼ਟਰਪਤੀ ਜੋਅ ਬਾਇਡਨ ਨੇ ਵ੍ਹਾਈਟ ਹਾਊਸ ਵਿਖੇ ਅਫ਼ਗਾਨ ਰਾਸ਼ਟਰਪਤੀ ਅਸ਼ਰਫ ਗਨੀ ਨਾਲ ਇਹ ਭਰੋਸਾ ਦੇਣ ਲਈ ਮੀਟਿੰਗ ਕੀਤੀ ਸੀ ਕਿ ਅਮਰੀਕਾ ਅਫ਼ਗਾਨਿਸਤਾਨ ਨੂੰ ਰੱਬ ਦੇ ਭਰੋਸੇ ਨਹੀਂ ਛੱਡ ਰਿਹਾ ਬਲਕਿ ਉਹ ਹਮੇਸ਼ਾ ਉਸ ਨੂੰ ਆਰਥਿਕ ਅਤੇ ਫ਼ੌਜੀ ਮਦਦ ਦਿੰਦਾ ਰਹੇਗਾ ਤੇ ਹਰ ਮੁਸੀਬਤ ਸਮੇਂ ਸਾਥ ਦੇਵੇਗਾ। ਪਰ ਅਮਰੀਕਾ ਦੇ ਇਸ ਭਰੋਸੇ 'ਤੇ ਯਕੀਨ ਨਹੀਂ ਕੀਤਾ ਜਾ ਸਕਦਾ ਕਿਉਂਕਿ ਉਸ ਨੇ ਆਪਣੀ ਮੂਰਖਾਨਾ ਦਖ਼ਲਅੰਦਾਜ਼ੀ ਕਾਰਨ ਤਬਾਹ ਹੋ ਚੁੱਕੇ ਲੀਬੀਆ, ਸੀਰੀਆ ਅਤੇ ਇਰਾਕ ਦੀ ਮੁੜ ਕੇ ਬਾਤ ਨਹੀਂ ਪੁੱਛੀ। ਇਸ ਲਈ ਇਹ ਆਸ ਨਹੀਂ ਰੱਖੀ ਜਾ ਸਕਦੀ ਕਿ ਉਹ 11 ਸਤੰਬਰ ਤੋਂ ਬਾਅਦ ਯੁੱਧ ਦੇ ਨਪੀੜੇ ਹੋਏ ਅਫ਼ਗਾਨ ਲੋਕਾਂ ਦੀ ਸਾਰ ਲਵੇਗਾ। ਅਮਰੀਕਾ ਨੇ 'ਅੱਗ ਲਾਈ, ਡੱਬੂ ਕੰਧ ਉੱਤੇ' ਵਾਲਾ ਹੀ ਕੰਮ ਕੀਤਾ ਹੈ। ਸਭ ਜਾਣਦੇ ਹਨ ਕਿ ਇਹ ਅਮਰੀਕੀ ਰਾਸ਼ਟਰਪਤੀ ਦੀ ਕਿਸੇ ਅਮਰੀਕਾ ਪੱਖੀ ਅਫ਼ਗਾਨ ਰਾਸ਼ਟਰਪਤੀ ਨਾਲ ਵ੍ਹਾਈਟ ਹਾਊਸ ਵਿਚ ਆਖ਼ਰੀ ਮੁਲਾਕਾਤ ਹੈ। ਅਮਰੀਕੀ ਫ਼ੌਜ ਦੇ ਨਿਕਲਦੇ ਸਾਰ ਹੀ ਤਾਲਿਬਾਨ ਨੇ ਆਪਣੇ ਮੌਜੂਦਾ ਮੁਖੀ ਮੌਲਾਣਾ ਹੈਬਤੁੱਲਾ ਅਖੁਨਜ਼ਾਦਾ ਦੀ ਅਗਵਾਈ ਹੇਠ ਅਫ਼ਗਾਨ ਫ਼ੌਜ 'ਤੇ ਚੁਫੇਰਿਓਂ ਹਮਲਾ ਬੋਲ ਦਿੱਤਾ ਹੈ। ਕੁਝ ਦਿਨ ਪਹਿਲਾਂ ਹੀ ਤਾਲਿਬਾਨ ਦੇ ਮੁੱਖ ਬੁਲਾਰੇ ਜ਼ੈਬੁੱਲਾਹ ਮੁਜਾਹਿਦ ਨੇ ਬਿਆਨ ਜਾਰੀ ਕੀਤਾ ਸੀ ਕਿ ਤਾਲਿਬਾਨ ਨੇ 80% ਅਫ਼ਗਾਨਿਸਤਾਨ 'ਤੇ ਕਬਜ਼ਾ ਜਮਾ ਲਿਆ ਹੈ ਅਤੇ ਈਰਾਨ, ਪਾਕਿਸਤਾਨ, ਚੀਨ, ਤੁਰਕਮੇਨਿਸਤਾਨ ਅਤੇ ਉਜ਼ਬੇਕਿਸਤਾਨ ਨਾਲ ਲੱਗਦੀਆਂ ਸਾਰੀਆਂ ਸਰਹੱਦੀ ਚੌਕੀਆਂ ਉਸ ਦੇ ਕਬਜ਼ੇ ਹੇਠ ਆ ਚੁੱਕੀਆਂ ਹਨ। ਪਿਛਲੇ ਹਫ਼ਤੇ ਅਮਰੀਕੀ ਖ਼ੁਫ਼ੀਆ ਏਜੰਸੀਆਂ ਨੇ ਭਵਿੱਖਬਾਣੀ ਕੀਤੀ ਸੀ ਕਿ ਅਮਰੀਕਾ ਦੇ ਜਾਣ ਤੋਂ ਛੇ ਮਹੀਨੇ ਬਾਅਦ ਅਫ਼ਗਾਨਿਸਤਾਨ 'ਤੇ ਤਾਲਿਬਾਨ ਦਾ ਕਬਜ਼ਾ ਹੋ ਜਾਵੇਗਾ ਪਰ ਜਿਸ ਬਿਜਲੀ ਵਰਗੀ ਤੇਜ਼ੀ ਨਾਲ ਤਾਲਿਬਾਨ ਅੱਗੇ ਵਧ ਰਹੇ ਹਨ ਤੇ ਅਫ਼ਗਾਨ ਫ਼ੌਜ ਦੀ ਲੜਨ ਦੀ ਇੱਛਾ ਸ਼ਕਤੀ ਖ਼ਤਮ ਹੋ ਗਈ ਹੈ, ਲੱਗਦਾ ਹੈ ਕਿ ਇਸ ਕੰਮ ਨੂੰ ਛੇ ਹਫ਼ਤੇ ਵੀ ਨਹੀਂ ਲੱਗਣਗੇ। ਅਫ਼ਗਾਨ ਫ਼ੌਜ ਅਮਰੀਕੀ ਹਵਾਈ ਫ਼ੌਜ ਦੀ ਛੱਤਰੀ ਹੇਠ ਲੜਨ ਦੀ ਆਦੀ ਸੀ ਅਤੇ ਹੁਣ ਆਪਣੇ ਆਪ ਨੂੰ ਬੇਵੱਸ ਮਹਿਸੂਸ ਕਰ ਰਹੀ ਹੈ।



ਹਜ਼ਾਰਾਂ ਸੈਨਿਕਾਂ ਨੇ ਭੱਜ ਕੇ ਤੁਰਕਮੇਨਿਸਤਾਨ ਅਤੇ ਤਾਜ਼ਿਕਸਤਾਨ ਵਿਚ ਸ਼ਰਨ ਲੈ ਲਈ ਹੈ। ਤਾਲਿਬਾਨ ਨੇ ਇਸ ਵੇਲੇ ਸਿਰਫ਼ ਕਾਬੁਲ ਨੂੰ ਛੱਡ ਕੇ ਬਾਕੀ ਸਾਰੇ ਵੱਡੇ ਸ਼ਹਿਰਾਂ 'ਤੇ ਜਾਂ ਤਾਂ ਕਬਜ਼ਾ ਕਰ ਲਿਆ ਹੈ ਜਾਂ ਘੇਰੇ ਵਿਚ ਲਏ ਹੋਏ ਹਨ। ਮਜ਼ਾਰੇ ਸ਼ਰੀਫ, ਜਲਾਲਾਬਾਦ, ਕੰਧਾਰ ਅਤੇ ਕੁੰਦੂਜ਼ ਨੂੰ ਘੇਰਾ ਪਿਆ ਹੋਇਆ ਹੈ ਜੋ ਕਿਸੇ ਵੇਲੇ ਵੀ ਆਤਮ ਸਮਰਪਣ ਕਰ ਸਕਦੇ ਹਨ। ਅਫ਼ਗਾਨ ਫ਼ੌਜੀ ਤਾਲਿਬਾਨ ਤੋਂ ਸੁਰੱਖਿਆ ਦੀ ਗਰੰਟੀ ਲੈ ਕੇ ਆਪਣੇ ਹਥਿਆਰ, ਟੈਂਕ, ਬਖਤਰਬੰਦ ਗੱਡੀਆਂ ਤੇ ਭਾਰੀ ਤੋਪਖਾਨਾ ਉਨ੍ਹਾਂ ਦੇ ਹਵਾਲੇ ਕਰ ਕੇ ਘਰਾਂ ਨੂੰ ਪਰਤ ਰਹੇ ਹਨ। ਤਾਲਿਬਾਨ ਨੇ ਐਲਾਨ ਕੀਤਾ ਹੈ ਕਿ ਹਥਿਆਰ ਸੁੱਟਣ ਵਾਲੇ ਫ਼ੌਜੀਆਂ ਨੂੰ ਸੁਰੱਖਿਅਤ ਲਾਂਘਾ ਦਿੱਤਾ ਜਾਵੇਗਾ ਅਤੇ ਜੇ ਉਹ ਚਾਹੁਣ ਤਾਂ ਤਾਲਿਬਾਨ ਫ਼ੌਜ ਵਿਚ ਸ਼ਾਮਲ ਹੋ ਸਕਦੇ ਹਨ। ਅਫ਼ਗਾਨ ਫ਼ੌਜੀਆਂ ਨੂੰ ਕਈ ਮਹੀਨਿਆਂ ਤੋਂ ਤਨਖ਼ਾਹ ਨਹੀਂ ਮਿਲੀ ਤੇ ਉਹ ਹਜ਼ਾਰਾਂ ਦੀ ਗਿਣਤੀ 'ਚ ਖ਼ੁਸ਼ੀ-ਖ਼ੁਸ਼ੀ ਤਾਲਿਬਾਨ ਫ਼ੌਜ 'ਚ ਸ਼ਾਮਲ ਹੋ ਰਹੇ ਹਨ। ਉਹ ਜਾਣਦੇ ਹਨ ਕਿ ਤਾਲਿਬਾਨ ਨਾਲ ਲੜਨ ਦਾ ਕੋਈ ਫ਼ਾਇਦਾ ਨਹੀਂ ਕਿਉਂਕਿ ਉਹੀ ਕੁਝ ਦਿਨਾਂ ਬਾਅਦ ਅਫ਼ਗਾਨਿਸਤਾਨ ਦੇ ਹਾਕਮ ਬਣਨ ਵਾਲੇ ਹਨ। ਅਮਰੀਕੀ ਫ਼ੌਜ ਅਫ਼ਗਾਨਿਸਤਾਨ ਤੋਂ ਸਾਬਕਾ ਰਾਸ਼ਟਰਪਤੀ ਡੋਨਾਲਡ ਟਰੰਪ ਅਤੇ ਤਾਲਿਬਾਨ ਦਰਮਿਆਨ ਫਰਵਰੀ 2020 ਵਿਚ ਹੋਈ ਇਕ ਸੰਧੀ ਮੁਤਾਬਕ ਵਾਪਸ ਜਾ ਰਹੀ ਹੈ। ਵ੍ਹਾਈਟ ਹਾਊਸ ਦੇ ਪ੍ਰੈੱਸ ਸੈਕਟਰੀ ਜੇਨ ਸਾਕੀ ਨੇ ਇਸ ਦਾ ਕਾਰਨ ਇਹ ਦੱਸਿਆ ਹੈ ਪਿਛਲੇ ਕੁਝ ਮਹੀਨਿਆਂ ਤੋਂ ਤਾਲਿਬਾਨ ਦੇ ਅਫ਼ਗਾਨ ਫ਼ੌਜ ਦੇ ਖ਼ਿਲਾਫ਼ ਹਮਲੇ ਬਹੁਤ ਤੇਜ਼ ਹੋ ਗਏ ਹਨ ਪਰ ਫ਼ਿਲਹਾਲ ਉਹ ਅਮਰੀਕੀ ਫ਼ੌਜ 'ਤੇ ਹਮਲੇ ਕਰਨ ਤੋਂ ਗੁਰੇਜ਼ ਕਰ ਰਹੇ ਸਨ।

ਜੇ ਅਸੀਂ ਫ਼ੌਜ ਨੂੰ ਵਾਪਸ ਨਹੀਂ ਬੁਲਾਉਂਦੇ ਤਾਂ ਸਾਡੇ ਖ਼ਿਲਾਫ਼ ਵੀ ਹਮਲੇ ਤੇਜ਼ ਹੋ ਜਾਣਗੇ। ਇਸ ਲਈ ਫ਼ੌਜ ਵਾਪਸ ਬੁਲਾਉਣੀ ਸਾਡੀ ਮਜਬੂਰੀ ਬਣ ਗਈ ਹੈ। ਪਰ ਅਜੇ ਵੀ ਅਫ਼ਗਾਨਿਸਤਾਨ ਵਿਚ ਹਜ਼ਾਰਾਂ ਅਮਰੀਕੀ ਫ਼ੌਜੀ, ਸਰਕਾਰੀ ਠੇਕੇਦਾਰ ਅਤੇ ਕੂਟਨੀਤਕ ਰੁਕੇ ਹੋਏ ਹਨ ਜਿਨ੍ਹਾਂ ਨੂੰ ਜਲਦੀ ਤੋਂ ਜਲਦੀ ਬਾਹਰ ਕੱਢਿਆ ਜਾ ਰਿਹਾ ਹੈ। ਇਸ ਤੋਂ ਇਲਾਵਾ 55000 ਦੇ ਲਗਪਗ ਦੋਭਾਸ਼ੀਏ, ਮੁਖ਼ਬਰ ਅਤੇ ਅਜਿਹੇ ਹੋਰ ਅਮਰੀਕਾ ਪੱਖੀ ਅਫ਼ਗਾਨ ਹਨ ਜਿਨ੍ਹਾਂ ਦੀ ਤਾਲਿਬਾਨ ਹੱਥੋਂ ਮੌਤ ਨਿਸ਼ਚਿਤ ਹੈ। ਇਨ੍ਹਾਂ ਨੂੰ ਪਰਿਵਾਰਾਂ ਸਮੇਤ ਬਾਹਰ ਕੱਢਣ ਲਈ ਅਮਰੀਕਾ ਸਪੈਸ਼ਲ ਵੀਜ਼ੇ ਜਾਰੀ ਕਰ ਰਿਹਾ ਹੈ ਅਤੇ ਸਾਊਦੀ ਅਰਬ, ਦੁਬਈ, ਕਤਰ, ਦੋਹਾ ਅਤੇ ਅਮਰੀਕਾ ਸਮੇਤ ਹੋਰ ਕਈ ਮਿੱਤਰ ਦੇਸ਼ਾਂ ਵਿਚ ਵਸਾਉਣ ਦੀ ਕੋਸ਼ਿਸ਼ ਕਰ ਰਿਹਾ ਹੈ। ਅਫ਼ਗਾਨਿਸਤਾਨ ਪ੍ਰਤੀ ਅਮਰੀਕੀ ਵਿਦੇਸ਼ ਨੀਤੀ ਵਿਚ ਐਨਾ ਵੱਡਾ ਬਦਲਾਅ ਆਉਣ ਦੇ ਕਈ ਕਾਰਨ ਹਨ। ਅਮਰੀਕਾ 9 ਸਤੰਬਰ 2001 ਨੂੰ ਓਸਾਮਾ ਬਿਨ ਲਾਦੇਨ ਦੁਆਰਾ ਕੀਤੇ ਗਏ ਹਮਲਿਆਂ ਦਾ ਬਦਲਾ ਲੈਣ ਅਤੇ ਅਲ ਕਾਇਦਾ ਤੇ ਤਾਲਿਬਾਨ ਨੂੰ ਤਬਾਹ ਕਰਨ ਲਈ ਅਫ਼ਗਾਨਿਸਤਾਨ ਵਿਚ ਦਾਖ਼ਲ ਹੋਇਆ ਸੀ ਪਰ ਜਿਉਂ-ਜਿਉਂ ਸਮਾਂ ਬੀਤਦਾ ਗਿਆ, ਉਹ ਰੂਸ ਵਾਂਗ ਉੱਥੇ ਫਸ ਕੇ ਰਹਿ ਗਿਆ। ਜੰਗ ਕਰਨੀ ਅਫ਼ਗਾਨਾਂ ਦਾ ਕੌਮੀ ਟਾਈਮ ਪਾਸ ਹੈ। ਉਹ ਹਜ਼ਾਰਾਂ ਸਾਲਾਂ ਤੋਂ ਵਿਦੇਸ਼ੀ ਧਾੜਵੀਆਂ ਨਾਲ ਲੜਦੇ ਆਏ ਹਨ ਅਤੇ ਕਦੇ ਵੀ ਕੋਈ ਹਮਲਾਵਰ ਇੱਥੇ ਕਾਮਯਾਬ ਨਹੀਂ ਹੋ ਸਕਿਆ। ਓਸਾਮਾ ਬਿਨ ਲਾਦੇਨ ਨੂੰ ਮਾਰਨ ਤੋਂ ਇਲਾਵਾ ਅਮਰੀਕਾ ਨੂੰ ਅਫ਼ਗਾਨਿਸਤਾਨ 'ਚ ਕੋਈ ਖ਼ਾਸ ਕਾਮਯਾਬੀ ਹਾਸਲ ਨਹੀਂ ਹੋ ਸਕੀ। ਵੀਹ ਸਾਲ ਦੀ ਥਕਾ ਦੇਣ ਵਾਲੀ ਲੜਾਈ 'ਚ ਅਮਰੀਕਾ 2400 ਸੈਨਿਕ ਮਰਵਾ ਕੇ ਅਤੇ ਖਰਬਾਂ ਡਾਲਰ ਖ਼ਰਚਣ ਦੇ ਬਾਵਜੂਦ ਤਾਲਿਬਾਨ ਨੂੰ ਖ਼ਤਮ ਨਹੀਂ ਕਰ ਸਕਿਆ। ਅਮਰੀਕਾ ਦੀ ਹਮਾਇਤ 'ਚ ਤਾਲਿਬਾਨ ਵਿਰੁੱਧ ਲੜਦੇ ਹੋਏ 70000 ਅਫ਼ਗਾਨ ਸੈਨਿਕ ਤੇ ਆਮ ਨਾਗਰਿਕ ਵੀ ਮਾਰੇ ਜਾ ਚੁੱਕੇ ਹਨ ਅਤੇ 27 ਲੱਖ ਬੇਘਰ ਹੋ ਗਏ ਹਨ। ਇਸ ਤੋਂ ਇਲਾਵਾ 9-11 ਦੇ ਹਮਲੇ ਵੇਲੇ ਅਮਰੀਕੀਆਂ ਦੇ ਦਿਲਾਂ 'ਚ ਤਾਲਿਬਾਨ ਅਤੇ ਅਲ ਕਾਇਦਾ ਵਿਰੁੱਧ ਜੋ ਗੁੱਸਾ ਅਤੇ ਨਫ਼ਰਤ ਸੀ, ਸਮੇਂ ਦੇ ਨਾਲ-ਨਾਲ ਉਹ ਹੁਣ ਠੰਢੇ ਪੈ ਗਏ ਹਨ। ਇਸ ਵੇਲੇ ਬਹੁ-ਗਿਣਤੀ ਅਮਰੀਕੀ ਅਫ਼ਗਾਨਿਸਤਾਨ 'ਚ ਅਮਰੀਕੀ ਦਖ਼ਲ ਦੇ ਸਖ਼ਤ ਖ਼ਿਲਾਫ਼ ਹਨ। ਅਫ਼ਗਾਨਿਸਤਾਨ ਦੇ ਗੁਆਂਢੀ ਦੇਸ਼ਾਂ ਨੂੰ ਉਸ ਦੇ ਭਵਿੱਖ ਬਾਰੇ ਕੋਈ ਸ਼ੱਕ ਨਹੀਂ ਹੈ। ਭਾਰਤ ਨੇ ਅਫ਼ਗਾਨਿਸਤਾਨ ਵਿੱਚੋਂ ਆਪਣੇ ਕੂਟਨੀਤਕਾਂ ਨੂੰ ਕੱਢਣਾ ਸ਼ੁਰੂ ਕਰ ਦਿੱਤਾ ਹੈ ਕਿਉਂਕਿ ਪਾਕਿਸਤਾਨ ਦੇ ਕੱਟੜ ਹਮਾਇਤੀ ਹੋਣ ਕਾਰਨ ਤਾਲਿਬਾਨ ਦੇ ਭਾਰਤ ਨਾਲ ਸਬੰਧ ਠੀਕ ਨਹੀਂ ਹਨ। ਇਸ ਤੋਂ ਇਲਾਵਾ ਅਫ਼ਗਾਨਿਸਤਾਨ ਦੇ ਤੇਜ਼ੀ ਨਾਲ ਬਦਲ ਰਹੇ ਰਾਜਨੀਤਕ ਹਾਲਾਤ ਨੂੰ ਵੇਖਦੇ ਹੋਏ ਈਰਾਨ, ਚੀਨ, ਰੂਸ, ਤੁਰਕੀ, ਤੁਰਕਮੇਨਿਸਤਾਨ, ਉਜ਼ਬੇਕਿਸਤਾਨ ਅਤੇ ਤਾਜ਼ਿਕਸਤਾਨ ਦੀਆਂ ਸਰਕਾਰਾਂ ਨੇ ਹੁਣ ਤੋਂ ਹੀ ਤਾਲਿਬਾਨ ਨਾਲ ਕੂਟਨੀਤਕ ਗੱਲਬਾਤ ਸ਼ੁਰੂ ਕਰ ਦਿੱਤੀ ਹੈ। ਚੀਨ ਅਤੇ ਰੂਸ ਨੇ ਤਾਂ ਤਾਲਿਬਾਨ ਨੂੰ ਹਥਿਆਰ ਅਤੇ ਹੋਰ ਮਦਦ ਵੀ ਭੇਜਣੀ ਸ਼ੁਰੂ ਕਰ ਦਿੱਤੀ ਹੈ। ਇਸ ਗੜਬੜ ਦਾ ਸਭ ਤੋਂ ਵੱਧ ਫ਼ਾਇਦਾ ਪਾਕਿਸਤਾਨ ਨੂੰ ਮਿਲਣ ਵਾਲਾ ਹੈ ਕਿਉਂਕਿ ਉਸ ਦੇ ਅਸ਼ਰਫ ਗਨੀ ਸਰਕਾਰ ਨਾਲ ਸਬੰਧ ਬੇਹੱਦ ਖ਼ਰਾਬ ਸਨ। ਅਸ਼ਰਫ ਗਨੀ ਨੇ ਅਨੇਕਾਂ ਵਾਰ ਪਾਕਿਸਤਾਨ 'ਤੇ ਅਫ਼ਗਾਨਿਸਤਾਨ 'ਚ ਅੱਤਵਾਦ ਨੂੰ ਸ਼ਹਿ ਦੇਣ ਦੇ ਗੰਭੀਰ ਦੋਸ਼ ਲਗਾਏ ਸਨ।

ਤਾਲਿਬਾਨ ਨੂੰ ਕਾਮਯਾਬ ਹੋਣ ਲਈ ਪਾਕਿਸਤਾਨੀ ਆਰਥਿਕ, ਸੈਨਿਕ ਅਤੇ ਕੂਟਨੀਤਕ ਮਦਦ ਦੀ ਸਖ਼ਤ ਜ਼ਰੂਰਤ ਹੈ। ਇਸ ਲਈ ਅਫ਼ਗਾਨਿਸਤਾਨ ਇਕ ਤਰ੍ਹਾਂ ਨਾਲ ਪਾਕਿਸਤਾਨ ਦੀ ਬਸਤੀ ਬਣਨ ਵੱਲ ਵਧ ਰਿਹਾ ਹੈ। ਤਾਲਿਬਾਨ ਦੇ ਕਬਜ਼ੇ ਦਾ ਸਭ ਤੋਂ ਵੱਧ ਨੁਕਸਾਨ ਵਿੱਦਿਅਕ ਖੇਤਰ ਅਤੇ ਮਹਿਲਾਵਾਂ ਨੂੰ ਹੋਵੇਗਾ। ਅਫ਼ਗਾਨਿਸਤਾਨ ਨੂੰ ਮੱਧ ਯੁੱਗ ਵਿਚ ਧੱਕ ਕੇ ਸਕੂਲਾਂ, ਕਾਲਜਾਂ ਦੀ ਬਜਾਏ ਮਦਰੱਸੇ ਖੋਲ੍ਹ ਦਿੱਤੇ ਜਾਣਗੇ ਅਤੇ ਔਰਤਾਂ ਨੂੰ ਘਰਾਂ 'ਚ ਕੈਦ ਕਰ ਦਿੱਤਾ ਜਾਵੇਗਾ। ਅਫ਼ਗਾਨਿਸਤਾਨ ਦੁਬਾਰਾ ਅਲ ਕਾਇਦਾ, ਆਈਐੱਸ, ਜੈਸ਼ ਤੇ ਹਿਜ਼ਬੁਲ ਵਰਗੀਆਂ ਜਥੇਬੰਦੀਆਂ ਦੀ ਨਰਸਰੀ ਬਣ ਜਾਵੇਗਾ ਜਿੱਥੇ ਬਿਨਾਂ ਕਿਸੇ ਡਰ ਦੇ ਅੱਤਵਾਦੀ ਤੇ ਮਨੁੱਖੀ ਬੰਬ ਤਿਆਰ ਕਰ ਕੇ ਸਾਰੇ ਸੰਸਾਰ 'ਚ ਭੇਜੇ ਜਾਣਗੇ। ਇਸ ਵੇਲੇ ਅਫ਼ਗਾਨ ਸਰਕਾਰ ਤੇ ਤਾਲਿਬਾਨ ਵਿਚਕਾਰ ਕਿਸੇ ਵੀ ਸਮਝੌਤੇ ਦੇ ਆਸਾਰ ਖ਼ਤਮ ਹੋ ਚੁੱਕੇ ਹਨ। ਅਮਰੀਕੀ ਫ਼ੌਜ ਦੇ ਦੇਸ਼ ਤੋਂ ਬਾਹਰ ਨਿਕਲ ਜਾਣ ਕਾਰਨ ਤਾਲਿਬਾਨ ਨੂੰ ਬੇਹੱਦ ਆਸਾਨ ਜਿੱਤਾਂ ਪ੍ਰਾਪਤ ਹੋ ਰਹੀਆਂ ਹਨ ਅਤੇ ਉਹ ਇਸ ਸਫਲਤਾ ਨੂੰ ਅੱਧਵਾਟੇ ਛੱਡਣ ਲਈ ਤਿਆਰ ਨਹੀਂ। ਇਸ ਸਭ ਦੇ ਬਾਵਜੂਦ ਇਹ ਅਟੱਲ ਸੱਚਾਈ ਹੈ ਕਿ ਹਰ ਮਸਲੇ ਦਾ ਹੱਲ ਆਖ਼ਰ ਗੱਲਬਾਤ ਨਾਲ ਹੀ ਹੋ ਸਕਦਾ ਹੈ।

ਬਲਰਾਜ ਸਿੰਘ ਸਿੱਧੂ

# ਕਈ ਬਿਮਾਰੀਆਂ 'ਚ ਦਵਾਈ ਦਾ ਕੰਮ ਕਰਦਾ ਹੈ ਜੈਤੂਨ ਦਾ ਤੇਲ

ਜੈਤੂਨ ਤੇਲ ਦੀ ਵਰਤੋਂ ਸਾਡੇ ਸਰੀਰ ਲਈ ਬਹੁਤ ਹੀ ਫਾਇਦੇਮੰਦ ਹੁੰਦੀ ਹੈ। ਇਸ 'ਚ ਵਿਟਾਮਿਨ-ਈ ਅਤੇ ਵਿਟਾਮਿਨ-ਕੇ ਤੋਂ ਇਲਾਵਾ ਚੰਗੀ ਮਾਤਰਾ 'ਚ ਓਮੇਗਾ-3 ਅਤੇ ਓਮੇਗਾ-6 ਐਸਿਡ ਅਤੇ ਐਂਟੀ-ਆਕਸੀਡੈਂਟ ਮੌਜੂਦ ਹੁੰਦੇ ਹਨ। ਇਸ ਨਾਲ ਸਾਡਾ ਸਰੀਰ ਕਈ ਬੀਮਾਰੀਆਂ ਤੋਂ ਬਚਿਆ ਰਹਿੰਦਾ ਹੈ।ਜੈਤੂਨ ਦੇ ਤੇਲ ਦੀ ਵਰਤੋਂ ਭੋਜਨ ਪਕਾਉਣ ਲਈ ਕੀਤੀ ਜਾਂਦੀ ਹੈ। ਇਸ ਨਾਲ ਖਾਣੇ ਦਾ ਸੁਆਦ ਤਾਂ ਵਧਦਾ ਹੀ ਹੈ ਨਾਲ ਹੀ ਇਹ ਸਿਹਤ ਲਈ ਵੀ ਕਾਫੀ ਫਾਇਦੇਮੰਦ ਹੁੰਦਾ ਹੈ।ਇਸ ਨਾਲ ਤੁਸੀਂ ਹਾਰਟ ਅਟੈਕ ਅਤੇ ਖ਼ੂਨ ਜੰਮਣ ਦੀ ਸਮੱਸਿਆ ਤੋਂ ਬਚੇ ਰਹਿੰਦੇ ਹੋ ਪਰ ਜੈਤੂਨ ਦੇ ਤੇਲ 'ਚ ਨਿੰਬੂ ਦਾ ਰਸ ਮਿਲਾ ਕੇ ਪੀਣ ਨਾਲ ਤੁਸੀਂ ਕਈ ਛੋਟੀਆਂ-ਮੋਟੀਆਂ ਪ੍ਰੇਸ਼ਾਨੀਆਂ ਤੋਂ ਬਚੇ ਰਹਿ ਸਕਦੇ ਹੋ। ਅੱਜ ਅਸੀਂ ਤੁਹਾਨੂੰ ਦੱਸਣ ਜਾ ਰਹੇ ਹਾਂ ਕਿ ਜੈਤੂਨ ਦੇ ਤੇਲ ਦੀ ਰੋਜ਼ਾਨਾ ਵਰਤੋਂ ਨਾਲ ਸਰੀਰ ਨੂੰ ਹੋਣ ਵਾਲੇ ਫਾਇਦਿਆਂ ਬਾਰੇ ਦੱਸਣ ਜਾ ਰਹੇ ਹਾਂ। ਆਓ ਜਾਣਦੇ ਹਾਂ ਇਸ ਬਾਰੇ...



1. ਮੋਟਾਪਾ

ਜੈਤੂਨ ਤੇਲ ਦੀ ਵਰਤੋਂ ਨਾਲ ਤੁਹਾਨੂੰ ਸਿਹਤਮੰਦ ਫੈਟ ਮਿਲਦੀ ਹੈ। ਜੇਕਰ ਤੁਸੀਂ ਸਲਾਦ ਦੇ ਉੱਪਰ ਜੈਤੂਨ ਦਾ ਤੇਲ ਪਾ ਕੇ ਖਾਂਦੇ ਹੋ ਤਾਂ ਇਸ ਨਾਲ ਭੁੱਖ ਘੱਟ ਲੱਗਦੀ ਹੈ।ਇਸ ਨਾਲ ਤੁਹਾਡਾ ਮੋਟਾਪਾ ਜਲਦੀ ਘੱਟ ਹੋਵੇਗਾ।

2. ਤਣਾਅ

ਅੱਜਕਲ ਦੇ ਲਾਈਫ ਸਟਾਈਲ ਕਾਰਨ ਲੋਕਾਂ 'ਚ ਤਣਾਅ ਦੀ ਸਮੱਸਿਆ ਆਮ ਦੇਖਣ ਨੂੰ ਮਿਲਦੀ ਹੈ ਪਰ ਜੇਕਰ ਤੁਸੀਂ ਰੋਜ਼ਾਨਾਂ ਆਪਣੀ ਖ਼ੁਰਾਕ 'ਚ ਜੈਤੂਨ ਦੇ ਤੇਲ ਦੀ ਵਰਤੋਂ ਕਰੋ ਤਾਂ ਤੁਸੀਂ ਆਪਣੇ ਆਪ ਨੂੰ ਤਾਜ਼ਾ ਮਹਿਸੂਸ ਕਰੋਗੇ।

3. ਸ਼ੂਗਰ

ਜੇਕਰ ਤੁਸੀਂ ਆਪਣੇ ਖਾਣੇ 'ਚ ਜੈਤੂਨ ਦੇ ਤੇਲ ਦੀ ਵਰਤੋਂ ਕਰਦੇ ਹੋ ਤਾਂ ਇਸ ਨਾਲ ਸਿਰਫ ਸ਼ੂਗਰ ਹੀ ਨਹੀਂ ਸਗੋਂ ਜੋ ਲੋਕ ਇਸ ਤੋਂ ਦੂਰ ਰਹਿਣਾ ਚਾਹੁੰਦੇ ਹਨ, ਉਨ੍ਹਾਂ ਲਈ ਵੀ ਵਧੀਆ ਹੈ। ਇਸ ਨੂੰ ਲਗਾਤਾਰ ਲੈਣ ਨਾਲ ਦਿਲ ਸਬੰਧੀ ਰੋਗ ਵੀ ਠੀਕ ਹੋ ਜਾਂਦੇ ਹਨ।

4. ਦਿਮਾਗ

ਜੈਤੂਨ ਦੇ ਤੇਲ ਨੂੰ ਦਿਮਾਗ ਲਈ ਵੀ ਚੰਗਾ ਮੰਨਿਆ ਜਾਂਦਾ ਹੈ। ਇਸ 'ਚ ਵਿਟਾਮਿਨ-ਈ ਕਾਫੀ ਮਾਤਰਾ 'ਚ ਮੌਜੂਦ ਹੁੰਦਾ ਹੈ ਜੋ ਦਿਮਾਗ ਤੇਜ਼ ਕਰਨ 'ਚ ਮਦਦ ਕਰਦਾ ਹੈ।

5. ਛਾਤੀ ਦੇ ਕੈਂਸਰ ਤੋਂ ਬਚਾਅ

ਰੋਜ਼ਾਨਾ ਜੈਤੂਨ ਤੇਲ ਨੂੰ ਆਪਣੀ ਖ਼ੁਰਾਕ 'ਚ ਸ਼ਾਮਲ ਕਰਨ ਨਾਲ ਛਾਤੀ ਦਾ ਕੈਂਸਰ ਹੋਣ ਦੀ ਸੰਭਾਵਨਾ ਕਾਫੀ ਘੱਟ ਜਾਂਦੀ ਹੈ। ਇਸ 'ਚ ਅਜਿਹੇ ਤੱਤ ਮੌਜੂਦ ਹੁੰਦੇ ਹਨ ਜੋ ਔਰਤਾਂ ਨੂੰ ਛਾਤੀ ਦੇ ਕੈਂਸਰ ਤੋਂ ਬਚਾਉਂਦੇ ਹਨ।

6. ਜੋੜਾਂ ਦਾ ਦਰਦ

ਜੋੜਾਂ ਦੇ ਦਰਦ ਨੂੰ ਠੀਕ ਕਰਨ ਲਈ ਤੁਸੀਂ 2 ਚੱਮਚ ਸੇਬ ਦੇ ਸਿਰਕੇ 'ਚ ਜੈਤੂਨ ਦਾ ਤੇਲ ਪਾ ਕੇ ਮਿਕਸ ਕਰ ਲਓ। ਹੁਣ ਇਸ ਨੂੰ ਦਰਦ ਵਾਲੀ ਥਾਂ 'ਤੇ ਲਗਾਓ। ਇਕ ਹਫਤੇ ਤੱਕ ਇਸੇ ਤਰ੍ਹਾਂ ਕਰਨ ਨਾਲ ਦਰਦ ਠੀਕ ਹੋ ਜਾਵੇਗਾ।

7. ਕਬਜ਼ ਤੋਂ ਰਾਹਤ

ਗਲਤ ਖਾਣ-ਪੀਣ ਕਾਰਨ ਕਬਜ਼ ਦੀ ਸਮੱਸਿਆ ਹੋਣਾ ਆਮ ਗੱਲ ਹੈ। ਇਨ੍ਹਾਂ ਦੋਵਾਂ 'ਚ ਮੌਜੂਦ ਲੈਕਸਟਿਵ ਅਤੇ ਇਂਫਿਲੇਮੇਟਰੀ ਗੁਣ ਤੁਹਾਡੀ ਇਸ ਸਮੱਸਿਆ ਨੂੰ ਦੂਰ ਕਰਦੇ ਹਨ। ਇਸ ਦੀ ਵਰਤੋਂ ਨਾਲ ਗੈਸ, ਪੇਟ 'ਚ ਕਸਾਅ ਅਤੇ ਐਸਿਡ ਬਣਨਾ ਬੰਦ ਹੋ ਜਾਂਦਾ ਹੈ।

8. ਕੋਲੈਸਟਰੋਲ ਕੰਟਰੋਲ ਕਰਨਾ

ਜੈਤੂਨ ਦੇ ਤੇਲ 'ਚ ਮੌਜੂਦ ਵਸਾ ਖ਼ੂਨ 'ਚ ਲਿਪਿਡ ਨੂੰ ਬਣਾਈ ਰੱਖਦਾ ਹੈ। ਇਸ ਲਈ ਰੋਜ਼ਾਨਾ ਇਸ ਨੂੰ ਲੈਣ ਨਾਲ ਖਰਾਬ ਕੋਲੈਸਟਰੋਲ ਦਾ ਪੱਧਰ ਘੱਟ ਹੋ ਜਾਂਦਾ ਹੈ। ਇਸ ਨਾਲ ਹੀ ਇਹ ਟ੍ਰਾਈਗਿਲਸਰਾਈਡਸ ਨੂੰ ਕੰਟਰੋਲ ਕਰਕੇ ਚੰਗੇ ਕੋਲੈਸਟਰੋਲ ਦੇ ਪੱਧਰ ਨੂੰ ਵਧਾਉਂਦਾ ਹੈ।

# ਸਵੇਰ ਦੀ ਸੈਰ ਨਾਲ਼ ਇਹ ਪੰਜ ਕੰਮ ਕਰਨ ਨਾਲ਼ ਹੁੰਦੇ ਹਨ ਇਹ ਇਹ ਫਾਇਦੇ

ਫਿੱਟ ਰਹਿਣ ਲਈ ਲੋਕ ਸਵੇਰ ਦੀ ਸੈਰ ਕਰਦੇ ਹਨ। ਪਰ ਜੇ ਇਸ ਦੌਰਾਨ ਕੁਝ ਵਾਧੂ ਐਕਟੀਵਿਟਿਜ਼ ਵੀ ਕਰ ਲਈਆਂ ਜਾਣ ਤਾਂ ਸਿਹਤ ਨੂੰ ਦੁਗਣਾ ਫਾਇਦਾ ਹੋ ਸਕਦਾ ਹੈ। ਇਨ੍ਹਾਂ ਐਕਟੀਵਿਟਿਜ਼ ਦਾ ਸਰੀਰ 'ਤੇ ਸਕਾਰਾਤਮਕ ਅਸਰ ਪੈਂਦਾ ਹੈ, ਜਿਸ ਨਾਲ ਸਿਹਤ ਸੰਬੰਧੀ ਕਈ ਤਰ੍ਹਾਂ ਦੀਆਂ ਸਮੱਸਿਆਵਾਂ ਦੂਰ ਹੁੰਦੀਆਂ ਹਨ। ਅੱਜ ਅਸੀਂ ਤੁਹਾਨੂੰ ਦੱਸਾਂਗੇ ਕਿ ਸਵੇਰ ਦੀ ਸੈਰ ਦੌਰਾਨ ਕਿਹੜੇ ਕੰਮ ਕਰਨ ਨਾਲ ਦੁਗਣੇ ਫਾਇਦੇ ਹੋਣਗੇ।



1. ਸਟਰੈਚਿੰਗ ਕਰੋ

ਰੋਜ਼ ਸਵੇਰ ਦੀ ਸੈਰ ਕਰਦੇ ਸਮੇਂ ਪੰਜ ਤੋਂ ਦੱਸ ਮਿੰਟ ਪੂਰੇ ਸਰੀਰ ਨੂੰ ਸਟਰੈਚਿੰਗ ਜ਼ਰੂਰ ਕਰੋ।

ਲਾਭ- ਇਸ ਨਾਲ ਸਰੀਰ ਦੀ ਖ਼ੂਨ ਗਤੀ ਸੁਧਰੇਗੀ, ਜਿਸ ਨਾਲ ਤਣਾਅ ਦੂਰ ਹੋਵੇਗਾ। ਇਸ ਦੇ ਇਲਾਵਾ ਸਟੈਮਿਨਾ ਵੱਧੇਗਾ ਅਤੇ ਦਿਮਾਗ ਨੂੰ ਐਕਟਿਵ ਰੱਖਣ 'ਚ ਮਦਦ ਮਿਲੇਗੀ।

2. ਨਿੰਮ ਦੀ ਦਾਤਨ ਕਰੋ

ਰੋਜ਼ ਸਵੇਰ ਦੀ ਸੈਰ ਕਰਦੇ ਸਮੇਂ ਨਿੰਮ ਦੀ ਇਕ ਮੁਲਾਇਮ ਟਹਿਣੀ ਨੂੰ ਪੰਜ ਮਿੰਟ ਤੱਕ ਦੰਦਾਂ 'ਤੇ ਰਗੜੋ।

ਲਾਭ- ਨਿੰਮ ਦੀ ਦਾਤਨ ਕਰਨ ਨਾਲ ਦੰਦਾਂ ਦੇ ਬੈਕਟੀਰੀਆ ਖ਼ਤਮ ਹੋਣਗੇ ਅਤੇ ਮੂੰਹ ਦੀ ਬਦਬੂ ਦੂਰ ਹੋਵੇਗੀ।

3. ਸਾਹ ਵਾਲੀ ਕਸਰਤ

ਸਵੇਰ ਦੀ ਸੈਰ ਸਮੇਂ ਹੌਲੀ-ਹੌਲੀ ਡੂੰਘੇ ਸਾਹ ਅੰਦਰ ਲਓ ਅਤੇ ਬਾਹਰ ਛੱਡੋ। ਇਸ ਤਰ੍ਹਾਂ ਪੰਜ ਮਿੰਟ ਤੱਕ ਕਰੋ।

ਲਾਭ- ਇਸ ਨਾਲ ਸਰੀਰ 'ਚ ਆਕਸੀਜਨ ਦਾ ਪੱਧਰ ਸੰਤੁਲਿਤ ਹੋਵੇਗਾ। ਨਾਲ ਹੀ ਫੇਫੜਿਆਂ ਦੀ ਕਸਰਤ ਹੋਵੇਗੀ।

4. ਯੋਗਾ

ਰੋਜ਼ ਸਵੇਰ ਦੀ ਸੈਰ ਸਮੇਂ ਪੰਜ ਤੋਂ ਅੱਠ ਮਿੰਟ ਯੋਗਾ ਕਰੋ।

ਲਾਭ- ਰੋਜ਼ ਯੋਗਾ ਕਰਨ ਨਾਲ ਥਕਾਵਟ ਅਤੇ ਤਣਾਅ ਦੀ ਸਮੱਸਿਆ ਦੂਰ ਹੋਵੇਗੀ।

5. ਸੂਰਜ ਨਮਸਕਾਰ

ਰੋਜ਼ ਸਵੇਰ ਦੀ ਸੈਰ ਨਾਲ ਪੰਜਤੋਂ ਦੱਸ ਮਿੰਟ ਸੂਰਜ ਨਮਸਕਾਰ ਵੀ ਕਰੋ।

ਲਾਭ- ਇਸ ਨਾਲ ਡਾਇਜੇਸ਼ਨ ਸੁਧਰੇਗਾ, ਪੇਟ ਦੀ ਚਰਬੀ ਘਟੇਗੀ, ਸਰੀਰ ਡਿਟਾਕਸ ਹੋਵੇਗਾ ਅਤੇ ਨਾਲ ਹੀ ਚਿਹਰੇ ਦੀ ਚਮਕ ਵਧੇਗੀ।

# ਇਨ੍ਹਾਂ ਲੋਕਾਂ ਨੂੰ ਕਾਜੂ ਤੋਂ ਕਰਨਾ ਚਾਹੀਦਾ ਹੈ ਪਰਹੇਜ਼

ਕਾਜੂ ਡਰਾਈ ਫਰੂਟ 'ਚ ਸਭ ਤੋਂ ਟੇਸਟੀ ਮੰਨਿਆ ਜਾਂਦਾ ਹੈ। ਇਸ 'ਚ ਖਣਿਜ, ਆਇਰਨ, ਫਾਈਬਰ, ਮੈਗਨੀਸ਼ੀਅਮ, ਫਾਸਫੋਰਸ, ਐਂਟੀਆਕਸੀਡੈਂਟ, ਮਿਨਰਲ ਅਤੇ ਵਿਟਾਮਿਨ ਕਾਫੀ ਮਾਤਰਾ 'ਚ ਪਾਏ ਜਾਂਦੇ ਹਨ। ਕਾਜੂ ਸਰੀਰ ਦੀਆਂ ਕਈ ਤਰ੍ਹਾਂ ਦੀਆਂ ਪ੍ਰੇਸ਼ਾਨੀਆਂ ਦੂਰ ਕਰਨ 'ਚ ਮਦਦਗਾਰ ਹੁੰਦਾ ਹੈ। ਇਸ ਦਾ ਇਸਤੇਮਾਲ ਸਬਜ਼ੀ, ਮਿਠਾਈਆਂ, ਸੂਪ ਆਦਿ 'ਚ ਕੀਤਾ ਜਾਂਦਾ ਹੈ ਪਰ ਇਸ ਦੇ ਬਾਵਜੂਦ ਵੀ ਕਾਜੂ ਕਈ ਲੋਕਾਂ ਲਈ ਲਾਭਕਾਰੀ ਨਹੀਂ ਹੁੰਦਾ। ਆਓ ਜਾਣਦੇ ਹਾਂ ਕਿ ਕਿਨ੍ਹਾਂ ਲੋਕਾਂ ਨੂੰ ਕਾਜੂ ਦਾ ਸੇਵਨ ਨਹੀਂ ਕਰਨਾ ਚਾਹੀਦਾ।



1. ਮਾਈਗ੍ਰੇਨ

ਸਿਰ ਦਰਦ ਜਾਂ ਮਾਈਗ੍ਰੇਨ ਦੇ ਰੋਗੀਆਂ ਨੂੰ ਕਾਜੂ ਦੇ ਸੇਵਨ ਨਹੀਂ ਕਰਨਾ ਚਾਹੀਦਾ। ਇਸ 'ਚ ਮੌਜੂਦ ਅਮੀਨੋ ਐਸਿਡ ਸਿਰ ਦਰਦ ਪੈਦਾ ਕਰ ਸਕਦਾ ਹੈ।

2. ਮੋਟਾਪਾ

ਜੋ ਲੋਕ ਮੋਟਾਪੇ ਦੇ ਸ਼ਿਕਾਰ ਹਨ, ਉਨ੍ਹਾਂ ਨੂੰ ਕਾਜੂ ਤੋਂ ਪਰਹੇਜ਼ ਕਰਨਾ ਚਾਹੀਦਾ ਹੈ। 30 ਗ੍ਰਾਮ ਕਾਜੂ 'ਚ 163 ਕੈਲੋਰੀ ਅਤੇ 13.1 ਫੈਟ ਹੁੰਦੀ ਹੈ। ਇਸ ਦਾ ਜ਼ਿਆਦਾ ਸੇਵਨ ਭਾਰ ਵਧਾਉਣ ਦਾ ਕੰਮ ਕਰਦਾ ਹੈ।

3. ਪੇਟ 'ਚ ਖਰਾਬੀ

ਪੇਟ ਸਬੰਧਿਤ ਕੋਈ ਪ੍ਰੇਸ਼ਾਨੀ ਹੈ ਤਾਂ ਕਾਜੂ ਦਾ ਸੇਵਨ ਨਾ ਕਰੋ। ਇਸ ਨਾਲ ਸਿਹਤ ਜ਼ਿਆਦਾ ਖਰਾਬ ਹੋ ਸਕਦੀ ਹੈ।

4. ਹਾਈ ਬਲੱਡ ਪ੍ਰੈਸ਼ਰ

ਹਾਈ ਬਲੱਡ ਪ੍ਰੈਸ਼ਰ ਵਾਲੇ ਲੋਕਾਂ ਨੂੰ ਕਾਜੂ ਨਹੀਂ ਖਾਣੇ ਚਾਹੀਦੇ ਕਿਉਂਕਿ ਇਸ 'ਚ ਪਾਇਆ ਜਾਣ ਵਾਲਾ ਸੋਡੀਅਮ ਬਲੱਡ ਪ੍ਰੈਸ਼ਰ ਨੂੰ ਹੋਰ ਵਧਾ ਦਿੰਦਾ ਹੈ।

# ਚੰਗੀ ਸਿਹਤ ਬਣਾਉਣ ਲਈ ਜ਼ਰੂਰ ਅਪਣਾਓ ਇਹ ਆਦਤਾਂ

ਇਹ ਗੱਲ ਸਾਰੇ ਜਾਣਦੇ ਹਨ ਕਿ ਸਿਹਤ ਤੋਂ ਵੱਧ ਕੋਈ ਚੀਜ਼ ਨਹੀ ਹੁੰਦੀ। ਜੇਕਰ ਸਿਹਤ ਚੰਗੀ ਹੋਵੇ ਸਭ ਕੁਝ ਚੰਗਾ ਲੱਗਦਾ, ਨਹੀ ਤਾਂ ਕੁਝ ਵੀ ਚੰਗਾ ਨਹੀ ਲੱਗਦਾ। ਇਸ ਲਈ ਸਿਹਤਮੰਦ ਰਹਿਣ ਲਈ ਕੁਝ ਜ਼ਰੂਰੀ ਗੱਲਾਂ ਦਾ ਧਿਆਨ ਰੱਖਣਾ ਚਾਹੀਦਾ ਹੈ ਜੋ ਕਿ ਇਸ ਤਰ੍ਹਾਂ ਹਨ।



1. ਕਦੇ ਵੀ ਬਾਹਰੋਂ ਆਉਣ ਤੋਂ ਬਾਅਦ ਘਰ ਦੀ ਕਿਸੇ ਵਸਤੂ ਨੂੰ ਹੱਥ ਲਗਾਉਣ ਤੋਂ ਬਾਅਦ, ਖਾਣਾ ਬਣਾਉਣ ਤੋਂ ਪਹਿਲਾਂ, ਖਾਣਾ ਖਾਣ ਤੋਂ ਪਹਿਲਾ, ਖਾਣਾ ਖਾਣ ਤੋਂ ਬਾਅਦ ਅਤੇ ਬਾਥਰੂਮ ਦੀ ਵਰਤੋਂ ਕਰਨ ਤੋਂ ਬਾਅਦ ਹੱਥਾਂ ਨੂੰ ਚੰਗੀ ਤਰ੍ਹਾਂ ਸਾਬਣ ਨਾਲ ਧੋਣਾ ਚਾਹੀਦਾ।

2. ਘਰ ਦੀ ਸਫਾਈ 'ਤੇ ਖਾਸ ਧਿਆਨ ਦੇਣਾ ਚਾਹੀਦਾ ਹੈ। ਹਰੇਕ ਜਗ੍ਹਾ 'ਤੇ ਸਫਾਈ ਦਾ ਪੂਰਾ ਧਿਆਨ ਦੇਣਾ ਚਾਹੀਦਾ ਹੈ।

3. ਖਾਣ ਵਾਲੀ ਕਿਸੇ ਵੀ ਵਸਤੂ ਨੂੰ ਖੁੱਲ੍ਹਾ ਨਹੀਂ ਛੱਡਣਾ ਚਾਹੀਦਾ। ਕਿਉਂਕਿ ਖੁੱਲੇ ਖਾਣੇ ਦਾ ਸੇਵਨ ਕਰਨ ਨਾਲ ਕਈ ਪ੍ਰਕਾਰ ਦੀਆਂ ਬੀਮਾਰੀਆਂ ਦਾ ਸਾਹਮਣਾ ਕਰਨਾ ਪੈਂਦਾ ਹੈ।

4. ਤਾਜ਼ੀ ਸਬਜ਼ੀਆਂ ਅਤੇ ਤਾਜ਼ੇ ਫਲਾਂ ਦੀ ਵਰਤੋਂ ਕਰਨ 'ਚ ਅਕਲਮੰਦੀ ਹੁੰਦੀ ਹੈ। ਇਸ ਲਈ ਰੋਜ਼ ਤਾਜ਼ੀ ਸਬਜ਼ੀਆਂ ਅਤੇ ਫਲਾਂ ਨੂੰ ਹੀ ਵਰਤਣਾ ਚਾਹੀਦਾ।

5. ਖਾਣੇ ਨੂੰ ਹਮੇਸ਼ਾ ਠੀਕ ਤਾਪਮਾਨ 'ਤੇ ਹੀ ਪਕਾਉਣਾ ਚਾਹੀਦਾ ਹੈ, ਕਿਉਂਕਿ ਜ਼ਿਆਦਾ ਦੇਰ ਤੱਕ ਪਕਾਉਣ ਨਾਲ ਖਾਣੇ ਦੇ ਪੌਸ਼ਟਿਕ ਤੱਤ ਮਰ ਜਾਂਦੇ ਹਨ।

6. ਖਾਣੇ 'ਚ ਹਮੇਸ਼ਾ ਸਲਾਦ, ਦਹੀ, ਦੁੱਧ ਦਲੀਆ, ਹਰੀ ਸਬਜ਼ੀਆਂ, ਸਾਬਤ ਦਾਲ-ਅਨਾਜ ਆਦਿ ਦੀ ਵਰਤੋਂ ਕਰਨੀ ਚਾਹੀਦੀ ਹੈ।

7. ਖਾਣਾ ਪਕਾਉਣ ਲਈ ਸਾਫ ਪਾਣੀ ਦੀ ਵਰਤੋਂ ਕਰਨੀ ਚਾਹੀਦੀ ਹੈ। ਸਬਜ਼ੀਆਂ ਨੂੰ ਚੰਗੀ ਤਰ੍ਹਾਂ ਧੋ ਕੇ ਹੀ ਵਰਤੋਂ 'ਚ ਲਿਆ ਜਾਵੇ।

8. ਮੈਡੀਟੇਸ਼ਨ, ਯੋਗਾ ਦਾ ਧਿਆਨ ਦੀ ਪ੍ਰਯੋਗ ਇਕਗਾਰਤਾ ਵਧਾਉਣ ਅਤੇ ਤਣਾਅ ਦੂਰ ਕਰਨ ਲਈ ਕਰਨਾ ਚਾਹੀਦਾ ਹੈ।

9. 45 ਸਾਲ ਦੀ ਉਮਰ ਬਾਅਦ ਆਪਣਾ ਰੁਟੀਨ ਚੈਕਅੱਪ ਕਰਵਾਉਣਾ ਚਾਹੀਦਾ ਅਤੇ ਡਾਕਟਰ ਵੱਲੋਂ ਦਿੱਤੀ ਸਲਾਹ ਨੂੰ ਵਰਤਣਾ ਚਾਹੀਦਾ ਹੈ।

10. ਆਪਣੇ ਆਰਾਮ ਕਰਨ ਜਾ ਫਿਰ ਸੌਣ ਵਾਲੇ ਕਮਰੇ ਨੂੰ ਸਾਫ਼-ਸੁਥਰਾ, ਹਵਾਦਾਰ ਅਤੇ ਖੁੱਲਾ ਰੱਖਣਾ ਚਾਹੀਦਾ ਹੈ। ਕਮਰੇ ਦੇ ਪਰਦੇ ਚਾਦਰਾਂ ਅਤੇ ਗਲਾਫ ਸਮੇਂ ਸਿਰ ਬਦਲੋ।

# ਮਾਈਗ੍ਰੇਨ ਅਤੇ ਜੋੜਾਂ ਦੇ ਦਰਦ ਨੂੰ ਦੂਰ ਕਰਦੇ ਹਨ ਸਰ੍ਹੋਂ ਦੇ ਬੀਜ

ਸਰ੍ਹੋਂ ਦੇ ਤੇਲ ਦਾ ਇਸਤੇਮਾਲ ਹਰ ਘਰ 'ਚ ਹੁੰਦਾ ਹੈ। ਸ਼ੁੱਧ ਸਰ੍ਹੋਂ ਦੇ ਤੇਲ 'ਚ ਬਣਿਆ ਖਾਣਾ ਖਾਣ ਨਾਲ ਕਈ ਪ੍ਰੇਸ਼ਾਨੀਆਂ ਠੀਕ ਹੋ ਜਾਂਦੀਆਂ ਹਨ ਪਰ ਕੀ ਤੁਸੀਂ ਜਾਣਦੇ ਹੋ ਕਿ ਇਸ ਦੇ ਬੀਜ ਵੀ ਉਨ੍ਹੇ ਹੀ ਫਾਇਦੇਮੰਦ ਹਨ ਜਿੰਨਾ ਤੇਲ। ਅਸਲ 'ਚ ਸਰ੍ਹੋਂ ਦੇ ਬੀਜ 'ਚ ਕੈਰੋਟੀਨ, ਵਿਟਾਮਿਨ ਏ, ਸੀ ਅਤੇ ਕੇ ਭਰਪੂਰ ਮਾਤਰਾ 'ਚ ਮੌਜੂਦ ਹੁੰਦੇ ਹਨ। ਇਹ ਸਾਰੇ ਪੋਸ਼ਕ ਤੱਤਾਂ ਨਾਲ ਮਿਲ ਕੇ ਇਸ ਨੂੰ ਇਕ ਬਿਹਤਰ ਐਂਟੀ-ਆਕਸੀਡੈਂਟ ਬਣਾਉਂਦੇ ਹਨ। ਇਹ ਭੂਰੇ, ਕਾਲੇ ਅਤੇ ਪੀਲੇ ਰੰਗ ਦੇ ਹੁੰਦੇ ਹਨ। ਆਓ ਜਾਣਦੇ ਹਾਂ ਇਸ ਦੇ ਫਾਇਦੇ ਅਤੇ ਇਸਤੇਮਾਲ ਦੇ ਤਰੀਕੇ।

1. ਕਿਨ੍ਹਾਂ ਚੀਜ਼ਾਂ 'ਚ ਹੁੰਦਾ ਹੈ ਸਰ੍ਹੋਂ ਦੇ ਬੀਜਾਂ ਦਾ ਇਸਤੇਮਾਲ

ਇਨ੍ਹਾਂ ਬੀਜਾਂ ਦਾ ਇਸਤੇਮਾਲ ਮਸਾਲੇ ਦੇ ਤੌਰ 'ਤੇ ਵੀ ਕੀਤਾ ਜਾਂਦਾ ਹੈ। ਡੋਸਾ, ਅਚਾਰ, ਚਟਨੀ, ਦਾਲ ਆਦਿ 'ਚ ਸਰ੍ਹੋਂ ਦੇ ਬੀਜ ਦਾ ਤੜਕਾ ਜਾਇਕੇ ਨੂੰ ਹੋਰ ਵੀ ਵਧਾ ਦਿੰਦਾ ਹੈ। ਖਾਣੇ ਦਾ ਸੁਆਦ ਵਧਾਉਣ ਦੇ ਨਾਲ-ਨਾਲ ਕਈ ਤਰ੍ਹਾਂ ਦੇ ਔਸ਼ਧੀ ਗੁਣਾਂ ਨਾਲ ਭਰਪੂਰ ਹੁੰਦੇ ਹਨ।

2. ਇਸ ਤਰੀਕੇ ਨਾਲ ਇਸਤੇਮਾਲ ਕਰੋ ਸਰ੍ਹੋਂ ਦੇ ਬੀਜ



— ਮਾਈਗ੍ਰੇਨ ਤੋਂ ਰਾਹਤ

ਸਰ੍ਹੋਂ ਦੇ ਬੀਜ ਦਾ ਪਾਊਡਰ ਅਤੇ ਪਾਣੀ ਦਾ ਘੋਲ ਬਣਾ ਕੇ ਨੱਕ 'ਤੇ ਲਗਾਓ।

— ਪੈਰਾਂ ਦੀਆਂ ਤਲੀਆਂ ਦਾ ਦਰਦ

ਕੋਸੇ ਪਾਣੀ 'ਚ ਸਰ੍ਹੋਂ ਦੇ ਬੀਜ ਦਾ ਪੇਸਟ ਪਾ ਕੇ ਇਸ 'ਚ 15 ਮਿੰਟ ਪੈਰਾਂ ਨੂੰ ਡੁਬੋ ਕੇ ਰੱਖੋ।

— ਕਮਰ ਦਰਦ ਤੋਂ ਆਰਾਮ

ਸਰ੍ਹੋਂ ਦੇ ਤੇਲ 'ਚ ਅਜਵਾਈਨ, ਲਸਣ ਅਤੇ ਹਿੰਗ ਪਾ ਕੇ ਗਰਮ ਕਰੋ। ਇਸ ਨਾਲ ਮਸਾਜ ਕਰੋ।

— ਬਵਾਸੀਰ ਤੋਂ ਛੁਟਕਾਰਾ

ਅੱਧਾ ਚੱਮਚ ਸਰ੍ਹੋਂ ਦੇ ਬੀਜਾਂ ਦਾ ਦਿਨ 'ਚ 2 ਵਾਰ ਸੇਵਨ ਕਰੋ।

— ਜੋੜਾਂ ਦੇ ਦਰਦ ਤੋਂ ਆਰਾਮ

ਕੋਸੇ ਸਰ੍ਹੋਂ ਦੇ ਤੇਲ 'ਚ ਕਪੂਰ ਮਿਲਾ ਕੇ ਜੋੜਾਂ ਦੀ ਮਾਲਿਸ਼ ਕਰੋ।

— ਮਾਹਵਾਰੀ 'ਚ ਲਾਭਕਾਰੀ

ਮਾਹਵਾਰੀ 'ਚ ਖ਼ੂਨ ਦਾ ਵਹਾਅ ਜ਼ਿਆਦਾ ਹੋ ਰਿਹਾ ਹੈ ਤਾਂ 1-1 ਗ੍ਰਾਮ ਸਰ੍ਹੋਂ ਦੇ ਬੀਜ ਦਾ ਪਾਊਡਰ ਗਰਮ ਦੁੱਧ ਦੇ ਨਾਲ ਦਿਨ 'ਚ 2 ਵਾਰ ਵਰਤੋਂ ਕਰੋ। ਇਸ ਨੂੰ ਮਾਹਵਾਰੀ ਦੌਰਾਨ ਲੈਣ ਨਾਲ ਫਾਇਦਾ ਮਿਲਦਾ ਹੈ।

— ਕਫ, ਖਾਂਸੀ ਅਤੇ ਜ਼ੁਕਾਮ

ਸਰ੍ਹੋਂ ਦੇ ਦਾਣਿਆਂ ਨੂੰ ਪੀਸ ਕੇ ਇਸ 'ਚ ਸ਼ਹਿਦ ਮਿਲਾ ਕੇ ਚੱਟਣ ਨਾਲ ਕਫ, ਖਾਂਸੀ ਅਤੇ ਜ਼ੁਕਾਮ ਦੀ ਪ੍ਰੇਸ਼ਾਨੀ ਬਹੁਤ ਜਲਦੀ ਠੀਕ ਹੋ ਜਾਂਦੀ ਹੈ।

# ਇਮਲੀ ਨਾਲ ਹੋਵੇਗਾ ਚਿਕਨਗੁਨੀਆ ਦਾ ਇਲਾਜ

ਆਈ. ਆਈ. ਟੀ. ਰੁੜਕੀ ਦੇ ਦੋ ਪ੍ਰੋਫੈਸਰਾਂ ਨੇ ਦਾਅਵਾ ਕੀਤਾ ਹੈ ਕਿ ਉਨ੍ਹਾਂ ਨੇ ਇਮਲੀ ਦੇ ਬੀਜਾਂ 'ਚ ਇਕ ਪ੍ਰੋਟੀਨ ਦਾ ਪਤਾ ਲਾਇਆ ਹੈ, ਜਿਸ 'ਚ ਵਿਸ਼ਾਣੂ ਰੋਧੀ ਗੁਣ ਹਨ ਅਤੇ ਚਿਕਨਗੁਨੀਆ ਦੇ ਇਲਾਜ ਲਈ ਦਵਾਈ ਬਣਾਉਣ 'ਚ ਉਸ ਦੀ ਵਰਤੋਂ ਕੀਤੀ ਜਾ ਸਕਦੀ ਹੈ। ਆਈ. ਆਈ. ਟੀ. ਰੁੜਕੀ ਦੇ ਖੋਜਕਾਰਾਂ ਦੀ ਇਸ ਟੀਮ ਨੇ ਇਮਲੀ ਦੇ ਵਿਸ਼ਾਣੂਰੋਧੀ ਪ੍ਰੋਟੀਨ ਵਾਲੇ ਐਂਟੀ ਵਾਇਰਲ ਕੰਪੋਜ਼ੀਸ਼ਨ ਦੇ ਪੇਟੈਂਟ ਲਈ ਅਰਜ਼ੀ ਦਿੱਤੀ ਹੈ ਅਤੇ ਹੁਣ ਉਹ ਇਸ ਨਾਲ ਚਿਕਨਗੁਨੀਆ ਦੇ ਇਲਾਜ ਲਈ ਦਵਾਈ ਤਿਆਰ ਕਰ ਰਹੇ ਹਨ। ਇਕ ਪ੍ਰੋਫੈਸਰ ਸ਼ੈਲੀ ਤੋਮਰ ਨੇ ਦੱਸਿਆ ਕਿ ਇਮਲੀ ਨੂੰ ਅਨੇਕਾਂ ਮੈਡੀਕਲੀ ਗੁਣਾਂ ਲਈ ਜਾਣਿਆ ਜਾਂਦਾ ਹੈ ਅਤੇ ਇਹ ਬਹੁਤ ਚੰਗਾ ਆਯੁਰਵੈਦਿਕ ਖ਼ੁਰਾਕ ਪਦਾਰਥ ਹੈ। ਇਸ ਦੇ ਫਲ, ਬੀਜ, ਪੱਤੀਆਂ, ਜੜ੍ਹਾਂ ਦੀ ਵਰਤੋਂ ਡਾਇਰੀਆ, ਪੇਚਿਸ ਤੋਂ ਇਲਾਵਾ ਅਨੇਕਾਂ ਕਿਸਮ ਦੀਆਂ ਬੀਮਾਰੀਆਂ ਦੇ ਇਲਾਜ ਲਈ ਕੀਤੀ ਜਾਂਦੀ ਹੈ। ਖੋਜਕਾਰਾਂ ਨੇ ਆਪਣੇ ਅਧਿਐਨ 'ਚ ਦੇਖਿਆ ਕਿ ਇਮਲੀ ਦੇ ਬੀਜ ਤੋਂ ਕੱਢਿਆ ਗਿਆ ਲੈਕਟਿਨ ਲਗਾਈਕੇਨਸ ਸ਼ੂਗਰ ਮਾਲੀਕਿਊਲਸ ਨਾਲ ਮਿਲ ਜਾਂਦਾ ਹੈ, ਜਿਸ 'ਚ ਐੱਨ ਐਸਟਿਲ ਗਲੂਕੋਸਾਮੀਨ (ਐੱਨ. ਏ. ਜੀ.) ਹੁੰਦਾ ਹੈ। ਇਸ ਨਾਲ ਮੂਲ ਕੋਸ਼ਿਕਾਵਾਂ 'ਚ ਜੀਵਾਣੂ ਦਾਖਲ ਨਹੀਂ ਹੁੰਦਾ। ਖੋਜਕਾਰਾਂ ਦਾ ਕਹਿਣਾ ਹੈ ਕਿ ਚਿਕਨਗੁਨੀਆ ਦੇ ਇਲਾਜ 'ਚ ਇਹ ਕਾਫੀ ਮਦਦਗਾਰ ਸਾਬਤ ਹੋ ਸਕਦਾ ਹੈ।



# ਗੁਰਦੁਆਰਾ ਮਾਤਾ ਸੁੰਦਰੀ ਜੀ

ਗੁਰਦਾਸਪੁਰ-ਮੁਕੇਰੀਆਂ ਰੋਡ ਤੋਂ ਲਗਭਗ 7 ਕਿਲੋਮੀਟਰ ਦੂਰੀ 'ਤੇ ਚੜ੍ਹਦੇ ਵੱਲ ਪਿੰਡ ਬਹਾਦਰ ਦੇ ਬਾਹਰਵਾਰ ਬੇਟ ਦੇ ਖੇਤਾਂ ਵਿਚ ਸਥਿੱਤ ਹੈ ਗੁਰਦੁਆਰਾ ਮਾਤਾ ਸੁੰਦਰੀ ਜੀ। ਇਸ ਪ੍ਰਸਿੱਧ ਇਤਿਹਾਸਕ

ਗੁਰਦੁਆਰੇ ਦਾ ਜ਼ਿਕਰ ਜਿੱਥੇ ਇਤਿਹਾਸ ਵਿਚ ਅੰਕਿਤ ਹੋਇਆ ਹੈ, ਉੱਥੇ ਭਾਈ ਵੀਰ ਸਿੰਘ ਜੀ ਦੇ ਨਾਵਲ ਸੁੰਦਰੀ ਵਿਚ ਮਾਤਾ ਸੁੰਦਰੀ ਜੀ ਦੀ ਜੀਵਨ ਸ਼ੈਲੀ ਤੇ ਅੰਤਿਮ ਜ਼ਿੰਦਗੀ ਤੱਕ ਦਾ ਸੰਘਰਸ਼ ਬੜੀ ਹੀ ਖ਼ੂਬਸੂਰਤੀ ਨਾਲ ਪੇਸ਼ ਕੀਤਾ ਹੈ।

ਮਾਤਾ ਸੁੰਦਰੀ ਜੀ ਦੇ ਸੁਭਾਅ ਵਿਚਲੀ ਨਿਮਰਤਾ, ਦ੍ਰਿੜ ਇਰਾਦਾ, ਦ੍ਰਿੜ ਸੰਕਲਪ, ਸੇਵਾ ਭਾਵਨਾ, ਆਤਮ ਬਲ, ਕੁਰਬਾਨੀ ਦੀ ਭਾਵਨਾ ਕੁੱਟ ਕੁੱਟ ਕੇ ਭਰੀ ਹੋਈ ਹੈ। ਉਨ੍ਹਾ ਦੇ ਸੁਭਾਅ ਵਿਚ ਬਦਲਾਅ ਉਦੋਂ ਆਇਆ ਜਦੋਂ ਉਨਾਂ ਨੇ ਅੰਮ੍ਰਿਤ ਛਕਿਆ।

ਜਿੱਥੇ ਮਾਤਾ ਸੁੰਦਰੀ ਦਾ ਗੁਰਦੁਆਰਾ ਹੈ, ਉਥੇ ਲਗਭਗ 17ਵੀਂ ਸਦੀ ਦੇ ਕਰੀਬ ਬਹੁਤ ਵੱਡਾ ਛੰਭ ਹੁੰਦਾ ਸੀ। ਇਸ ਸਥਾਨ ਤੇ ਰਾਮ ਸਿੱਧ ਦੀ ਜਗ੍ਹਾ ਸੀ। ਸੰਘਣੇ ਰੁੱਖਾਂ ਦਾ ਖ਼ਤਰਨਾਕ ਜੰਗਲ ਮੌਜੂਦ ਸੀ। ਲੋਕ ਏਧਰ ਸ਼ਿਕਾਰ ਖੇਡਣ ਆਇਆ ਕਰਦੇ ਸਨ। ਉਸ ਸਮੇਂ ਮੁਗਲ (ਤੁਰਕਾਂ) ਦੇ ਰਾਜ ਦਰਬਾਰ ਅਤੇ ਹਕੂਮਤ ਅਧੀਨ ਚੱਲ ਰਹੇ ਪ੍ਰਸ਼ਾਸ਼ਨ ਵਿਚ ਅਨੈਤਿਕ ਜਨੂੰਨ ਤੇ ਧਾਰਮਿਕ ਕੱਟੜਤਾ ਦਾ ਕਹਿਰ ਬੁਲੰਦੀਆਂ ਛੂਹ ਰਿਹਾ ਸੀ। ਵਿਰੋਧੀ ਧਰਮਾਂ ਨਾਲ ਜ਼ਬਰਦਸਤੀਆਂ, ਤਸ਼ੱਦਦ, ਮਨਮਾਨੀਆਂ ਤੇ ਜਨੂੰਨੀ ਅਨੈਤਿਕ ਹਰਕਤਾਂ ਆਮ ਕੀਤੀਆਂ ਜਾਂਦੀਆਂ ਸਨ। ਜ਼ਬਰਦਸਤੀ, ਖ਼ੂਬਸੂਰਤ ਇਸਤਰੀਆਂ (ਲੜਕੀਆਂ) ਨੂੰ ਚੁੱਕ ਕੇ ਲੈ ਜਾਣਾ, ਲੂੰਹ ਕੰਢੇ ਖੜੇ ਕਰ ਦੇਣ ਵੱਲੀਆਂ ਸਜ਼ਾਵਾਂ, ਸ਼ਰਮਨਾਕ ਹਰਕਤਾਂ ਤੇ ਸਖ਼ਤ ਤੋਂ ਸਖ਼ਤ ਸਜ਼ਾਵਾਂ ਦਿੱਤੀਆਂ ਜਾਂਦੀਆਂ ਸਨ। ਉਸ ਸਮੇਂ ਦੇ ਜ਼ਾਲਮ ਹਾਕਮਾਂ ਅੱਗੇ ਕਿਸੇ ਦੀ ਕੀ ਜ਼ੁਰਰਤ ਸੀ ਕਿ ਚੂੰ ਦੀ ਚਾਂਅ ਵੀ ਕਰ ਸਕੇ ? ਵਿਰੋਧੀ ਧਰਮ ਦੀ ਬੇਇੱਜ਼ਤੀ ਕਰਨੀ। ਧਰਮਸ਼ਾਲਾਵਾਂ ਦੀ ਬੇਅਦਬੀ, ਪੋਥੀਆਂ ਸਾੜੀਆਂ ਜਾਣੀਆਂ ਆਦਿ ਬੁਰੇ ਕਰਮ ਕਰਨੇ ਹਾਕਮਾਂ ਦੀ ਫਿਤਰਤ ਵਿਚ ਸ਼ਾਮਲ ਸੀ। ਇਨ੍ਹਾਂ ਹਾਲਾਤਾਂ ਦਾ ਮੁਕਾਬਲਾ ਕਰਨ ਲਈ ਸਿੰਘਾਂ ਦੀ ਜੋਸ਼ ਮਈ ਜੁਝਾਰੂ ਫ਼ੌਜ ਨੇ ਉਸ ਸਮੇਂ ਦੇ ਤੁਰਕੀ ਹਾਕਮਾਂ ਨਾਲ ਲੋਹਾ ਲਿਆ।

ਮਾਤਾ ਸੁੰਦਰੀ ਜੀ ਦੇ ਜੀਵਨ ਬਾਰੇ ਭਾਈ ਵੀਰ ਸਿੰਘ ਜੀ ਦੇ ਨਾਵਲ ਸੁੰਦਰੀ ਵਿਚੋਂ ਲਏ ਗਏ ਕੁਝ ਅੰਸ਼। ਉਸ ਸਮੇਂ ਦੇ ਇਕ ਧਨਾਢ ਹਿੰਦੂ ਸਾਮਾ ਦੀ ਧੀ ਜਿਸਦਾ ਨਾਂ ਸੁਰਸਤੀ ਸੀ ਤੇ ਉਸਦਾ ਮੁਕਲਾਵਾ ਹੋਣ ਵਾਲਾ ਸੀ। ਸੁਰਸਤੀ ਦੀ ਉਸ ਸਮੇਂ ਉਮਰ ਲਗਭਗ ਅਠਾਰਾਂ (18) ਸਾਲ ਸੀ। ਸੁਰਸਤੀ ਤੇ ਸੁੰਦਰਤਾ ਦੀ ਮਿਹਰਬਾਨੀ ਸੀ। ਉਸਦੀ ਖ਼ੂਬਸੂਰਤੀ ਨੂੰ ਵੇਖਦੇ ਹੋਏ ਉਸਨੂੰ ਮੁਗਲ ਚੁੱਕ ਕੇ ਲੈ ਜਾਂਦੇ ਹਨ। ਉਸ ਇਲਾਕੇ ਦੇ ਹਾਕਮ ਦੇ ਇਸ਼ਾਰੇ 'ਤੇ ਸੁਰਸਤੀ ਨੂੰ ਚੁੱਕ ਕੇ ਲੈ ਗਏ ਸਨ। ਸਾਮਾ ਨੇ ਆਪਣੀ ਧੀ ਨੂੰ ਛੁਡਾਉਣ ਲਈ ਕਈ ਹੀਲੇ ਵਸੀਲੇ ਕੀਤੇ। ਹਾਕਮਾਂ ਅੱਗੇ ਤਰਲੇ ਪਾਏ। ਸੋਨਾ-ਚਾਂਦੀ ਰੁਪਏ ਧਨ ਦੌਲਤ ਦੇਣ ਲਈ ਕਿਹਾ ਪਰ ਹਾਕਮ ਟੱਸ ਤੋਂ ਮੱਸ ਨਾ ਹੋਏ। ਆਖਿਰ ਇਕ ਸਿੰਘ ਬਲਵੰਤ ਸਿੰਘ ਨੇ ਉਨ੍ਹਾਂ ਨੂੰ ਛੁਡਾਉਣ ਦੀ ਯੋਜਨਾ ਬਣਾਈ। ਹਾਕਮਾਂ ਦੀ ਕੈਦ ਵਿਚ ਸੁਰਸਤੀ ਤੇ ਉਸਦਾ ਭਰਾ ਵੀ ਸੀ। ਉਹ ਦੁਆਬੇ ਵਿਚ ਕੈਦ ਸਨ ਤੇ ਲਗਭਗ ਇਕ ਮਹੀਨਾ ਬੰਦ ਰਹੇ। ਆਖਿਰ ਸ. ਸ਼ਾਮ ਸਿੰਘ ਤੇ ਬਲਵੰਤ ਸਿੰਘ ਦੀ ਅਗਵਾਈ ਹੇਠ ਸਿੰਘਾਂ ਦੀ ਲੜਾਈ ਹੋਈ ਤੇ ਸੁਰਸਤੀ ਤੇ ਉਸਦੇ ਭਰਾ ਨੂੰ ਛੁਡਾ ਲਿਆ।



ਉਸ ਸਮੇਂ ਸਿੰਘਾਂ ਨੇ ਭੈਣ ਸੁਰਸਤੀ ਨੂੰ ਬੜਾ ਸਮਝਾਇਆ ਕਿ ਉਹ ਆਪਣੇ ਸਹੁਰਿਆਂ ਘਰ ਆਪਣੇ ਪਤੀ ਕੋਲ ਚਲੀ ਜਾਵੇ ਤੇ ਉਹ ਆਪਣੀ ਜ਼ਿੰਦਗੀ ਨੂੰ ਆਰਾਮ ਨਾਲ ਬਿਤਾਏ। ਪਰ ਸੁਰਸਤੀ ਨੇ ਆਪਣਾ ਮਨ ਬਣਾ ਲਿਆ ਕਿ ਜਿਨ੍ਹਾਂ ਵੀਰਾਂ ਨੇ ਸੀਸ ਤਲੀ 'ਤੇ ਰੱਖ ਕੇ ਮੇਰੀ ਜਾਨ ਬਚਾਈ ਹੈ, ਰਹਿੰਦੀ ਜ਼ਿੰਦਗੀ ਉਨ੍ਹਾਂ ਦੀ ਸੇਵਾ ਵਿਚ ਗੁਜ਼ਾਰਨ ਦਾ ਪ੍ਰਣ ਲੈ ਲਿਆ। ਬੜਾ ਸਮਝਾਵਣ ਦੇ ਬਾਵਜੂਦ ਵੀ ਉਹ ਨਾ ਮੰਨੀ ਤੇ ਆਖਿਰ ਸ. ਸ਼ਾਮ ਸਿੰਘ ਜੀ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ 'ਚੋਂ ਸੁਰਸਤੀ ਦਾ ਨਾਂਓ ਸੁੰਦਰ ਕੌਰ ਰੱਖਿਆ ਜੋ ਸੁੰਦਰੀ ਹੋ ਕੇ ਪ੍ਰਸਿੱਧ ਹੋਇਆ। ਜਦਕਿ ਹਿੰਦੂ ਧਰਮ ਦੀ ਧੀ ਸੀ ਸੁਰਸਤੀ।

ਹੁਣ ਭੈਣ ਸੁੰਦਰੀ ਲੰਗਰ ਦੀ ਸੇਵਾ ਕਰਦੀ। ਭਜਨ ਬਾਣੀ ਨਿੱਤ ਨੇਮ ਉਸਦੇ ਜੀਵਨ ਦਾ ਅੰਗ ਬਣ ਗਏ। ਭਰਾਵਾਂ ਦੀ ਸੇਵਾ ਵਿਚ ਮਗਨ ਹੋ ਗਈ। ਉਹ ਲੰਗਰ ਆਦਿ ਸਾਮਾਨ ਖ਼ਰੀਦਣ ਲਈ ਨੇੜੇ ਦੇ ਪਿੰਡਾਂ ਵਿਚ ਵੀ ਚਲੀ ਜਾਂਦੀ ਹੈ। ਅਣਥੱਕ ਮਿਹਨਤ ਦਿਲੋਂ ਕਰਦੀ। ਸੇਵਾ ਭਾਵ ਤੇ ਗੁਰਬਾਣੀ ਦੀ ਸ਼ਰਧਾ ਉਸਦੇ ਤਨ ਮਨ ਤੇ ਰੂਹ ਨਾਲ ਇੱਕ ਮਿੱਕ ਹੋ ਗਈ ਸੀ।

ਉਸ ਸਮੇਂ ਦੇ ਹਾਕਮ ਲਖਪਤ ਰਾਇ ਨੇ ਡਾਢਾ ਹਨੇਰ ਚੁੱਕਿਆ ਹੋਇਆ ਸੀ। ਲਖਪਤ ਰਾਇ ਦਾ ਛੋਟਾ ਭਰਾ ਇਸ ਇਲਾਕੇ ਦਾ ਹਾਕਮ ਸੀ। ਜਿਸਦਾ ਨਾਂਓ ਸੀ ਜਸਪਤ ਰਾਇ। ਸਿੰਘਾਂ ਨੇ ਇਕ ਵੱਡੀ ਲੜਾਈ ਦੌਰਾਨ ਜਸਪਤ ਰਾਇ ਨੂੰ ਮਾਰ ਦਿੱਤਾ। ਭਰਾ ਦਾ ਬਦਲਾ ਲੈਣ ਲਈ ਲਖਪਤ ਰਾਇ ਨੇ ਇਸ ਛੰਭ ਦੇ ਜੰਗਲਮਈ ਇਲਾਕੇ ਵਿਚ ਖ਼ਾਲਸੇ ਦੇ ਲੋਹਮਈ ਕਿਲ੍ਹੇ ਨੂੰ ਘੇਰਾ ਪਾ ਲਿਆ। ਇਸ ਦੌਰਾਨ ਭੈਣ ਸੁੰਦਰੀ ਜ਼ਖ਼ਮੀ ਸਿੰਘਾਂ ਦੀ ਸੇਵਾ ਕਰਦੀ ਤੇ ਹੋਰ ਕਾਰਜਾਂ ਵਿਚ ਸਾਰੇ ਕਾਰਜ ਸੰਭਾਲਦੀ।

ਸਿੰਘ ਦੁਸ਼ਮਣ 'ਤੇ ਹਮਲਾ ਕਰਕੇ ਕਾਹਨੂੰਵਾਨ ਦੇ ਸੰਘਣੇ ਛੰਭ ਵਿਚ ਲੁਕ ਜਾਂਦੇ। ਲਖਪਤ ਰਾਇ ਨੇ ਜੰਗਲ ਨੂੰ ਚਾਰੇ ਪੱਸਿਓਂ ਘੇਰ ਕੇ ਅੱਗ ਲਾ ਦਿੱਤੀ। ਉਸ ਕੋਲ ਲਗਭਗ ਇਕ ਲੱਖ ਪੈਦਲ ਫ਼ੌਜ ਤੇ ਤੋਪਖਾਨਾ ਸੀ। ਇਸ ਭਿਅੰਕਰ ਯੁੱਧ ਵਿਚ ਲਗਭਗ ਵੀਹ ਹਜ਼ਾਰ ਸਿੰਘ ਸ਼ਹੀਦ ਹੋਏ। ਸਿੰਘਾਂ ਦੇ ਸ਼ਹੀਦ ਹੋਣ ਦੀ ਗਿਣਤੀ ਅੰਦਾਜਨ ਹੀ ਮਿਲਦੀ ਹੈ। ਇਸੇ ਦੌਰਾਨ ਹੀ ਬੀਬੀ ਸੁੰਦਰੀ ਵੀ ਜ਼ਖ਼ਮੀ ਹੋ ਜਾਂਦੀ ਹੈ। ਉਸਨੇ ਕਈ ਮੁਗਲਾਂ ਦੇ ਦੰਦ ਖੱਟੇ ਕੀਤੇ। ਬਿਜਲਾ ਸਿੰਘ ਤੇ ਮਾਤਾ ਧਰਮ ਕੌਰ ਨੇ ਜ਼ਖ਼ਮੀ ਸੁੰਦਰੀ ਜੀ ਦੀ ਕਾਫ਼ੀ ਸੇਵਾ ਕੀਤੀ। ਪਰ ਮਾਤਾ ਸੁੰਦਰੀ ਜੀ ਦੇ ਜਿਸਮ 'ਤੇ ਜ਼ਖ਼ਮ ਗਹਿਰੇ ਸਨ।

ਉਸ ਸਮੇਂ ਦੇ ਮਹਾਨ ਆਗੂ ਸਿੰਘ ਸਰਵ ਸ੍ਰੀ ਸਰਦਾਰ ਕਰੋੜਾ ਸਿੰਘ ਜੀ, ਹਰੀ ਸਿੰਘ, ਬਾਬਾ ਦੀਪ ਸਿੰਘ ਜੀ, ਨਵਾਬ ਕਪੂਰ ਸਿੰਘ, ਮੁੱਖਾ ਸਿੰਘ ਜੀ, ਜੱਸਾ ਸਿੰਘ, ਜੈ ਸਿੰਘ, ਚੜ੍ਹਤ ਸਿੰਘ, ਗੁਰਦਿਆਲ ਸਿੰਘ, ਹੀਰਾ ਸਿੰਘ, ਗੁਰਬਖਸ਼ ਸਿੰਘ, ਸ਼ਾਮ ਸਿੰਘ, ਬਿਜਲਾ ਸਿੰਘ, ਬਲਵੰਤ ਸਿੰਘ ਆਦਿ ਨੇ ਸ਼ਹੀਦੀਆਂ ਪ੍ਰਾਪਤ ਕੀਤੀਆ। ਕੋਈ ਵੀ ਸਿੰਘ ਜ਼ਿੰਦਾ ਲਖਪਤ ਰਾਇ ਦੇ ਹੱਥ ਨਾ ਲੱਗਾ ਤੇ ਉਹ ਮਾਯੂਸ ਮੁੜਿਆ। ਇਸ ਲੜਾਈ ਨੂੰ ਛੋਟਾ ਘੱਲੂਘਾਰਾ ਵੀ ਕਹਿੰਦੇ ਹਨ।

ਆਖਿਰ ਬੀਬੀ ਸੁੰਦਰੀ ਜੀ ਨੇ ਪਾਠ ਕੀਤਾ, ਪ੍ਰਸਾਦ ਛਕਿਆ ਤੇ ਕੁਝ ਸਮੇਂ ਬਾਅਦ ਸ਼ਹੀਦੀ ਪ੍ਰਾਪਤ ਕਰ ਲਈ। ਇਕ ਮਹਾਨ ਨਾਰੀ ਉਸ ਵਾਹਿਗੁਰੂ ਦੇ ਹੁਕਮਾਂ ਮੁਤਾਬਿਕ ਖ਼ਾਲਸੇ ਦੀ ਸੇਵਾ ਕਰਦੀ ਹੋਈ ਖ਼ੁਦ ਮੁਗਲਾਂ ਦਾ ਸਾਹਮਣਾ ਕਰਨ ਤੋਂ ਬਾਅਦ, ਮਹਾਨ ਕੁਰਬਾਨੀ ਦੇ ਕੇ ਉਸ ਵਾਹਿਗੁਰੂ ਦੇ ਚਰਨਾਂ ਵਿਚ ਜਾ ਬਿਰਾਜੀ।

ਇਸ ਮਹਾਨ ਨਾਰੀ ਬੀਬੀ ਸੁੰਦਰੀ ਨੂੰ ਰਹਿੰਦੀ ਦੁਨੀਆ ਤੱਕ ਯਾਦ ਰੱਖਿਆ ਜਾਵੇਗਾ। ਪ੍ਰਸਿੱਧ ਨਾਵਲ-ਲੇਖਕ ਭਾਈ ਵੀਰ ਸਿੰਘ ਜੀ ਨੇ 'ਸੁੰਦਰੀ' ਨਾਵਲ ਲਿਖਕੇ ਬੀਬੀ ਸੁੰਦਰੀ ਜੀ ਨੂੰ ਅਮਰ ਕਰ ਦਿੱਤਾ ਹੈ। ਇਸ ਧਾਰਮਿਕ ਸਥਾਨ 'ਤੇ ਅਨੇਕਾਂ ਹੀ ਧਾਰਮਿਕ ਤਿਉਹਾਰ ਮੇਲਿਆਂ ਦੇ ਰੂਪ ਵਿਚ ਮਨਾਏ ਜਾਂਦੇ ਹਨ। ਦੇਸ਼ ਵਿਦੇਸ਼ ਤੋਂ ਸੰਗਤਾਂ ਚੱਲ ਕੇ ਬੀਬੀ ਸੁੰਦਰੀ ਦੀ ਮਹਾਨਤਾ ਨੂੰ ਨਤਮਸਤਕ ਕਰਨ ਲਈ ਆਉਂਦੀਆਂ ਹਨ। ਇਸ ਸਥਾਨ 'ਤੇ ***2 ਕਿਲਿਆਂ ਵਿਚ ਇਕ ਸੁੰਦਰ ਗੁਰਦੁਆਰਾ ਉਸਾਰਿਆ ਗਿਆ ਹੈ। ਇਸ ਗੁਰਦੁਆਰੇ ਵਿਚ ਲੰਗਰ ਹਾਲ, ਜੋੜਾ ਘਰ, ਦੇਗ ਕਮਰਾ, 65*85 ਦਾ ਹਾਲ ਮੌਜੂਦ ਹਨ। ਲੋਕ ਇਸ ਸਥਾਨ 'ਤੇ ਸੱਚੇ ਮਨੋ ਮੰਗੀਆਂ ਮੁਰਾਦਾਂ ਪਾਉਂਦੇ ਹਨ।

ਬਲਵਿੰਦਰ 'ਬਾਲਮ'
ਗੁਰਦਾਸਪੁਰ (ਪੰਜਾਬ)
ਮੋ: 98156-25409

# ਪੰਜਾਬੀਆਂ ਦਾ ਭੋਜਨ ਨਹੀਂ ਜੰਕ ਫੂਡ

ਸਰ੍ਹੋਂ ਦਾ ਸਾਗ, ਮੱਕੀ ਤੇ ਬਾਜਰੇ ਦੀ ਰੋਟੀ ਅਤੇ ਹੋਰ ਦੇਸੀ ਪਕਵਾਨ ਪੰਜਾਬੀਆਂ ਦੇ ਮਨਭਾਉਂਦੇ ਪਕਵਾਨ ਰਹੇ ਹਨ। ਛੈਲ-ਛਬੀਲੇ ਪੰਜਾਬੀ ਚਾਟੀ ਦੀ ਲੱਸੀ ਤੇ ਕਾੜ੍ਹਨੀ ਦਾ ਦੁੱਧ ਪੀਂਦੇ ਸਨ। ਪੱਛਮ ਦੇ ਪ੍ਰਭਾਵ ਨੇ ਸਾਡੇ 'ਤੇ ਮਾਰੂ ਅਸਰ ਪਾਇਆ ਹੈ।

ਨਵੀਂ ਪੀੜ੍ਹੀ ਆਪਣੇ ਪੁਰਾਣੇ ਆਹਾਰ ਨੂੰ ਵਿਸਾਰ ਕੇ ਅੱਜ-ਕੱਲ੍ਹ ਜੰਕ ਫੂਡ ਨੂੰ ਤਰਜੀਹ ਦੇ ਰਹੀ ਹੈ। ਜੰਕ ਫੂਡ (ਫਾਸਟ ਫੂਡ) ਉਹ ਭੋਜਨ ਹੈ ਜਿਸ ਵਿਚ ਬਹੁਤ ਜ਼ਿਆਦਾ ਮਾਤਰਾ ਵਿਚ ਕੈਲੋਰੀਜ਼ ਹੁੰਦੀਆਂ ਹਨ ਅਤੇ ਪ੍ਰੋਟੀਨ, ਵਿਟਾਮਿਨ ਅਤੇ ਖਣਿਜ (ਮਿਨਰਲ) ਘੱਟ ਮਾਤਰਾ ਵਿਚ ਹੁੰਦੇ ਹਨ।

ਜੰਕ ਫੂਡ 'ਚ ਪੌਸ਼ਟਿਕਤਾ ਨਾਮਾਤਰ ਹੁੰਦੀ ਹੈ ਅਤੇ ਇਸ 'ਚ ਜ਼ਿਆਦਾ ਮਾਤਰਾ ਵਿਚ ਨਮਕ, ਚਰਬੀ ਅਤੇ ਖੰਡ ਹੁੰਦੀ ਹੈ ਜੋ ਬਹੁਤ ਸਾਰੀਆਂ ਬਿਮਾਰੀਆਂ ਦਾ ਕਾਰਨ ਬਣਦੀਆਂ ਹਨ। ਬਾਜ਼ਾਰ ਵਿਚ ਬਹੁਤ ਸਾਰੇ ਜੰਕ ਫੂਡ ਹਨ ਜਿਵੇਂ ਕਿ-ਪੀਜ਼ਾ, ਬਰਗਰ, ਪੇਸਟਰੀ, ਕ੍ਰੀਮ ਰੋਲ, ਵੜ੍ਹਾ, ਸਮੋਸਾ, ਕਚੌਰੀ, ਭੁਜੀਆ, ਪਾਪੜੀ ਚਾਟ, ਫ੍ਰੈਂਚ ਫ੍ਰਾਈਜ਼, ਜਲੇਬੀ, ਬੇਲਪੁਰੀ, ਪਾਣੀਪੁਰੀ, ਕਾਰਬੋਨੇਟਿਡ ਡਰਿੰਕ, ਸੋਡਾ ਆਦਿ। ਸੰਨ 2019 ਵਿਚ ਜੰਕ ਫੂਡ ਦੀ ਵਿਸ਼ਵ 'ਚ ਮਾਰਕੀਟ ਕੀਮਤ ਅੰਦਾਜ਼ਨ 640 ਤੋਂ 650 ਅਰਬ ਡਾਲਰ ਸੀ ਅਤੇ ਅਗਲੇ ਆਉਣ ਵਾਲੇ ਛੇ-ਸੱਤ ਸਾਲਾਂ ਵਿਚ ਇਸ ਦੀ ਅੰਦਾਜ਼ਨ ਕੀਮਤ 930 ਤੋਂ 950 ਅਰਬ ਡਾਲਰ ਤਕ ਪਹੁੰਚਣ ਦਾ ਅੰਦਾਜ਼ਾ ਹੈ। ਜੰਕ ਫੂਡ ਦੇ ਚਲਨ ਵਿਚ ਵਾਧੇ ਦਾ ਮੁੱਖ ਕਾਰਨ ਵੱਧ ਰੁਝੇਵਿਆਂ ਵਾਲੀ ਜੀਵਨ ਸ਼ੈਲੀ ਅਤੇ ਇਸ ਭੋਜਨ ਦੀ ਆਸਾਨੀ ਨਾਲ ਉਪਲਬਧਤਾ ਹੈ। ਟੀਵੀ ਚੈਨਲਾਂ 'ਤੇ ਜੰਕ ਫੂਡ ਦੀ ਮਸ਼ਹੂਰੀ ਅੱਲ੍ਹੜ ਉਮਰ ਦੇ ਬੱਚਿਆਂ ਨੂੰ ਉਮਰ ਭਰ ਖਪਤ ਕਰਨ ਦੇ ਉਦੇਸ਼ ਨਾਲ ਨਿਸ਼ਾਨਾ ਬਣਾਉਣ ਲਈ ਕੀਤੀ ਜਾਂਦੀ ਹੈ। ਫਿਲਮੀ ਮਸ਼ਹੂਰ ਹਸਤੀਆਂ ਅਤੇ ਖੇਡ ਸਿਤਾਰੇ ਅਕਸਰ ਜੰਕ ਫੂਡ ਦੇ ਉਤਪਾਦਾਂ ਦੀ ਮਾਰਕੀਟਿੰਗ ਕਰਦੇ ਦਿਖਾਈ ਦਿੰਦੇ ਹਨ। ਜੰਕ ਫੂਡ ਦੇ ਉਤਪਾਦਕ, ਬੱਚਿਆਂ ਨੂੰ ਮੁਫ਼ਤ ਤੋਹਫ਼ੇ ਅਤੇ ਕੋਂਬੋ ਪੇਸ਼ਕਸ਼ਾਂ ਨਾਲ ਆਕਰਸ਼ਿਤ ਕਰਦੇ ਹਨ। ਜੰਕ ਫੂਡ ਦੇ ਸੇਵਨ ਕਾਰਨ ਸਰੀਰ 'ਤੇ ਬਹੁਤ ਸਾਰੇ ਨੁਕਸਾਨਦਾਇਕ ਪ੍ਰਭਾਵ ਪੈਂਦੇ ਹਨ ਜਿਵੇਂ ਕਿ ਮੋਟਾਪਾ, ਦਿਲ ਦੀਆਂ ਬਿਮਾਰੀਆਂ, ਹਾਈ ਬਲੱਡ ਸ਼ੂਗਰ, ਹਾਈ ਬਲੱਡ ਪ੍ਰੈਸ਼ਰ, ਸਟਰੋਕ ਤੇ ਚਰਬੀ ਵਿਚ ਵਾਧਾ ਆਦਿ। ਜੰਕ ਫੂਡ ਖਾਣਾ ਅਤੇ ਗੰਦੀ ਜੀਵਨ-ਸ਼ੈਲੀ ਮੋਟਾਪੇ ਨੂੰ ਸੱਦਾ ਦੇਣਾ ਹੈ।

ਮੋਟਾਪਾ ਕਈ ਹੋਰ ਬਿਮਾਰੀਆਂ ਦਾ ਕਾਰਨ ਵੀ ਬਣਦਾ ਹੈ ਜਿਵੇਂ ਕਿ ਕੋਲੈਸਟ੍ਰੋਲ ਦੇ ਪੱਧਰ ਨੂੰ ਵਧਾਉਣਾ, ਨਾੜੀਆਂ ਦਾ ਤੰਗ ਜਾਂ ਬੰਦ ਹੋਣਾ ਅਤੇ ਕੋਰੋਨਰੀ ਬਿਮਾਰੀਆਂ। ਇਸ ਤੋਂ ਇਲਾਵਾ ਸਰੀਰ ਦੇ ਵਾਧੂ ਭਾਰ ਕਾਰਨ ਸਰੀਰਕ ਬੇਆਰਾਮੀ ਆਮ ਹੁੰਦੀ ਹੈ। ਜੰਕ ਫੂਡ ਵਿਚ ਚੀਨੀ ਦਾ ਉੱਚ ਪੱਧਰ ਹੁੰਦਾ ਹੈ ਜੋ ਕਿ ਪਾਚਕ ਤਣਾਅ ਨੂੰ ਦਬਾਉਂਦਾ ਹੈ। ਜਦੋਂ ਰਿਫਾਇੰਡ ਸ਼ੂਗਰ ਜ਼ਿਆਦਾ ਮਾਤਰਾ ਵਿਚ ਲਈ ਜਾਂਦੀ ਹੈ ਤਾਂ ਪਾਚਕ ਬਲੱਡ ਸ਼ੂਗਰ ਦੇ ਪੱਧਰਾਂ ਵਿਚ ਇਕ ਖ਼ਤਰਨਾਕ ਸਪਾਇਕ ਨੂੰ ਰੋਕਣ ਲਈ ਇਨਸੂਲਿਨ ਬਹੁਤ ਜ਼ਿਆਦਾ ਮਾਤਰਾ ਵਿਚ ਜਾਰੀ ਹੁੰਦਾ ਹੈ। ਜ਼ਿਆਦਾ ਮਾਤਰਾ ਵਿਚ ਸੰਘਣੀ ਸ਼ੂਗਰ ਦੇ ਪਦਾਰਥ ਖਾਣ ਨਾਲ ਦੰਦਾਂ ਦੀਆਂ ਛੱਲਾਂ ਉੱਤਰ ਜਾਂਦੀਆਂ ਹਨ ਅਤੇ ਦੰਦਾਂ ਵਿਚ ਛੇਕ ਬਣ ਜਾਂਦੇ ਹਨ। ਇਹ ਟਾਈਪ 2 ਸ਼ੂਗਰ ਰੋਗਾਂ ਦਾ ਕਾਰਨ ਵੀ ਬਣਦੀ ਹੈ।

ਨਿਯਮਤ ਕਾਰਬੋਨੇਟਿਡ ਡਰਿੰਕ ਦੀ ਅੱਧੇ ਲੀਟਰ ਦੀ ਬੋਤਲ ਵਿਚ ਲਗਪਗ 14-15 ਚਮਚੇ ਚੀਨੀ ਹੁੰਦੀ ਹੈ। ਸਿਹਤਮੰਦ ਭਾਰ ਬਣਾਈ ਰੱਖਣ ਲਈ ਕੈਲੋਰੀ ਦੀ ਗਿਣਤੀ ਰੱਖਣੀ ਬਹੁਤ ਜ਼ਰੂਰੀ ਹੈ। ਜੇ ਤੁਸੀਂ ਹਰ ਰੋਜ਼ ਵੱਧ ਸ਼ੱਕਰ ਦਾ ਸੇਵਨ ਕਰਦੇ ਹੋ ਤਾਂ ਇਹ ਵਧੇਰੇ ਮੋਟਾਪਾ, ਦਿਲ ਅਤੇ ਸਰੀਰ ਨਾਲ ਸਬੰਧਤ ਕਈ ਹੋਰ ਬਿਮਾਰੀਆਂ ਨੂੰ ਸੱਦਾ ਦਿੰਦਾ ਹੈ। ਇਕ ਚਮਚ ਚੀਨੀ ਵਿਚ ਕਿੰਨੀਆਂ ਕੈਲੋਰੀਜ਼ ਹੁੰਦੀਆਂ ਹਨ, ਇਸ ਬਾਰੇ ਜ਼ਰੂਰ ਜਾਣੂ ਹੋਣਾ ਚਾਹੀਦਾ ਹੈ ਤਾਂ ਜੋ ਤੁਸੀਂ ਹਰ ਰੋਜ਼ ਖਪਤ ਕੀਤੀ ਜਾ ਰਹੀ ਕੈਲੋਰੀ ਦੀ ਗਿਣਤੀ ਰੱਖਣਾ ਸਿੱਖ ਸਕੋ। ਕਾਰਬੋਨੇਟਿਡ ਡਰਿੰਕਸ ਵਿਚ ਖਟਾਸ ਦੀ ਮਾਤਰਾ ਵੀ ਜ਼ਿਆਦਾ ਹੁੰਦੀ ਹੈ। ਲਗਾਤਾਰ ਕਾਰਬੋਨੇਟਿਡ ਡਰਿੰਕਸ ਦੀ ਵਰਤੋਂ ਸਾਡੇ ਦੰਦਾਂ ਦੀ ਚਮਕ ਵਾਲੀ ਪਰਤ ਨੂੰ ਵੀ ਖ਼ਤਮ ਕਰ ਦਿੰਦੀ ਹੈ। ਹਰ ਕਾਰਬੋਨੇਟਿਡ ਡਰਿੰਕਸ ਵਿਚ ਖਟਾਸ ਅਤੇ ਚੀਨੀ ਦੀ ਮਾਤਰਾ ਵੱਖ-ਵੱਖ ਹੁੰਦੀ ਹੈ। ਜੰਕ ਫੂਡ ਵਿਚ ਲੂਣ ਦੀ ਮਾਤਰਾ ਆਮ ਭੋਜਨ ਨਾਲੋਂ ਵੱਧ ਹੁੰਦੀ ਹੈ। ਜ਼ਿਆਦਾ ਲੂਣ ਖਾਣ ਨਾਲ ਬਲੱਡ ਪ੍ਰੈਸ਼ਰ, ਪੇਟ ਦਾ ਕੈਂਸਰ, ਓਸਟੀਓਪੋਰੋਸਿਸ, ਗੁਰਦੇ ਦੀ ਪੱਥਰੀ ਅਤੇ ਗੁਰਦੇ ਦੀਆਂ ਬਿਮਾਰੀਆਂ ਹੋਣ ਦਾ ਖ਼ਤਰਾ ਵਧ ਜਾਂਦਾ ਹੈ। ਸਾਡੀ ਸਿਹਤ ਲਈ ਥੋੜ੍ਹਾ ਜਿਹਾ ਨਮਕ ਜ਼ਰੂਰੀ ਹੈ। ਬਾਲਗਾਂ ਨੂੰ ਰੋਜ਼ ਇਕ ਗ੍ਰਾਮ ਤੋਂ ਘੱਟ ਅਤੇ ਬੱਚਿਆਂ ਨੂੰ ਇਸ ਤੋਂ ਵੀ ਘੱਟ ਲੂਣ ਦੀ ਜ਼ਰੂਰਤ ਹੁੰਦੀ ਹੈ। ਅਸੀਂ ਰੋਜ਼ ਲਗਪਗ ਅੱਠ ਗ੍ਰਾਮ ਲੂਣ ਖਾ ਰਹੇ ਹਾਂ ਜੋ ਜ਼ਰੂਰਤ ਤੋਂ ਕਿਤੇ ਵੱਧ ਹੈ ਅਤੇ ਸਾਨੂੰ ਵੱਖੋ-ਵੱਖਰੀਆਂ ਸਿਹਤ ਸਮੱਸਿਆਵਾਂ ਦੇ ਜੋਖ਼ਮ ਵਿਚ ਪਾਉਂਦਾ ਹੈ। ਮੀਟ ਅਤੇ ਮੀਟ ਪਦਾਰਥ ਈ-ਕੋਲੀ ਬੈਕਟੀਰੀਆ ਲਈ ਸੰਵੇਦਨਸ਼ੀਲ ਹੁੰਦੇ ਹਨ।



ਲੰਬੀ ਸਪਲਾਈ ਲੜੀ ਦੁਆਰਾ ਮੀਟ ਅਤੇ ਮੀਟ ਪਦਾਰਥ ਜੰਕ ਫੂਡ ਚੇਨ ਨੂੰ ਪ੍ਰਦਾਨ ਕੀਤੇ ਜਾਂਦੇ ਹਨ। ਇਸ ਲੜੀ ਵਿਚ ਮੀਟ ਨੂੰ ਸੰਭਾਲਣਾ ਅਤੇ ਸੋਰਸਿੰਗ ਕਰਨਾ ਬਹਤ ਔਖਾ ਹੈ। ਮੀਟ ਨੂੰ ਸੰਭਾਲਣ ਵਿਚ ਥੋੜ੍ਹੀ ਜਿਹੀ ਅਣਗਹਿਲੀ ਸਿਹਤ ਦੇ ਗੰਭੀਰ ਖ਼ਤਰਿਆਂ ਨੂੰ ਜਨਮ ਦਿੰਦੀ ਹੈ। ਜੰਕ ਫੂਡ ਖਾਣ ਨਾਲ ਬੱਚਿਆਂ ਦੀ ਕਾਰਗੁਜ਼ਾਰੀ 'ਤੇ ਵੀ ਮਾੜਾ ਅਸਰ ਪੈਂਦਾ ਹੈ ਜਿਵੇਂ ਕਿ ਨਿਰੰਤਰ ਖੋਜ ਨੇ ਸਿੱਧ ਕੀਤਾ ਹੈ ਕਿ ਉਹ ਬੱਚੇ ਜਿਨ੍ਹਾਂ ਦੇ ਆਹਾਰ ਚੀਨੀ ਤੇ ਲੂਣ ਦੀ ਵੱਧ ਮਾਤਰਾ ਵਾਲੇ ਅਤੇ ਘੱਟ ਪੌਸ਼ਟਿਕ ਤੱਤਾਂ ਵਾਲੇ ਜੰਕ ਫੂਡ ਨਾਲ ਸੰਤ੍ਰਿਪਤ ਹੁੰਦੇ ਹਨ ਉਹ ਕਲਾਸਰੂਮ ਵਿਚ ਮਾੜਾ ਪ੍ਰਦਰਸ਼ਨ ਕਰਦੇ ਹਨ। ਉਨ੍ਹਾਂ ਦਾ ਬੋਧਾਤਮਕ ਹੁਨਰ ਵੀ ਕਮਜ਼ੋਰ ਹੁੰਦਾ ਜਾਂਦਾ ਹੈ। ਜੰਕ ਫੂਡ ਮਨੁੱਖੀ ਦਿਮਾਗ ਦੇ ਢਾਂਚੇ ਅਤੇ ਕਾਰਜ ਨੂੰ ਬਦਲ ਰਹੀ ਹੈ। ਬਾਲਗ ਅਵਸਥਾ ਤਕ ਬੱਚੇ ਦਾ ਦਿਮਾਗ ਵਿਕਾਸ ਕਰਨਾ ਜਾਰੀ ਰੱਖਦਾ ਹੈ। ਜੇਕਰ ਪਰਿਵਾਰ ਦੀ ਆਰਥਿਕ ਸਥਿਤੀ ਬਿਹਤਰ ਹੈ ਤਾਂ ਜੰਕ ਵਾਲੇ ਭੋਜਨ ਦੀ ਖਪਤ ਵੀ ਵਧੇਰੇ ਹੁੰਦੀ ਹੈ। ਨੌਜਵਾਨ ਬੱਚੇ ਜੰਕ ਫੂਡ ਨੂੰ ਜ਼ਿਆਦਾ ਤਰਜੀਹ ਦਿੰਦੇ ਹਨ। ਪ੍ਰੋਸੈਸਿੰਗ ਤੇ ਸੋਧ ਤੋਂ ਬਾਅਦ ਭੋਜਨ ਦੀ ਪੌਸ਼ਟਿਕਤਾ 'ਚ ਤਬਦੀਲੀ ਬਾਰੇ ਸਰਪ੍ਰਸਤ ਕੋਲ ਗਿਆਨ ਦੀ ਘਾਟ ਹੁੰਦੀ ਹੈ। ਇਕ ਬ੍ਰਿਟਿਸ਼ ਜਰਨਲ ਵਿਚ ਛਪੀ ਹੋਈ ਖੋਜ ਅਨੁਸਾਰ ਜਿਹੜੀਆਂ ਗਰਭਵਤੀ ਮਾਦਾ ਚੂਹੀਆਂ ਨੂੰ ਜੰਕ ਫੂਡ ਦਿੱਤਾ ਗਿਆ ਉਨ੍ਹਾਂ ਦੇ ਬੱਚਿਆਂ ਵਿਚ ਵੀ ਗ਼ੈਰ-ਸਿਹਤਮੰਦ ਖਾਣ ਦੀਆਂ ਆਦਤਾਂ ਪਾਈਆਂ ਗਈਆਂ ਹਨ।

ਜੰਕ ਫੂਡ ਦੇ ਪ੍ਰਭਾਵ ਨੂੰ ਘਟਾਉਣ ਜਾਂ ਖ਼ਤਮ ਕਰਨ ਲਈ ਬੱਚਿਆਂ ਵਿਚ ਸਿਹਤਮੰਦ ਭੋਜਨ ਦੇ ਸੇਵਨ ਨੂੰ ਉਤਸ਼ਾਹਿਤ ਕਰਨ ਦੀ ਜ਼ਰੂਰਤ ਹੈ। ਇਸੇ ਲਈ ਬੱਚਿਆਂ ਨੂੰ ਰੋਜ਼ ਵਧੇਰੇ ਸਲਾਦ ਅਤੇ ਫ਼ਲਾਂ ਦੀ ਪੇਸ਼ਕਸ਼ ਕੀਤੀ ਜਾਣੀ ਚਾਹੀਦੀ ਹੈ। ਆਈਸਕ੍ਰੀਮ, ਚਾਕਲੇਟ, ਪੇਸਟਰੀ ਅਤੇ ਹੋਰ ਤਲੀਆਂ ਵਸਤਾਂ ਨੂੰ ਘੱਟ ਚਰਬੀ ਵਾਲੇ ਪਦਾਰਥਾਂ ਨਾਲ ਬਦਲਣ ਦੀ ਲੋੜ ਹੈ। ਤਾਜ਼ੇ ਨਿੰਬੂ ਦੇ ਰਸ ਦੀ ਸ਼ਿਕੰਜਵੀ, ਕਾਲੀ ਗਾਜਰਾਂ ਦੀ ਕਾਂਜੀ, ਸੱਤੂ ਦਾ ਘੋਲ, ਨਾਰੀਅਲ ਪਾਣੀ, ਲੱਸੀ ਅਤੇ ਤਾਜ਼ੇ ਫ਼ਲਾਂ ਦੇ ਜੂਸ ਨੂੰ ਕਾਰਬੋਨੇਟਿਡ ਡਰਿੰਕਸ ਜਾਂ ਸੋਡਾ ਦੀ ਜਗ੍ਹਾ ਪੀਣ ਲਈ ਤਰਜੀਹ ਦਿੱਤੀ ਜਾਣੀ ਚਾਹੀਦੀ ਹੈ। ਤਲੇ ਦੀ ਥਾਂ ਤਾਜ਼ਾ ਸੈਂਡਵਿਚ ਨੂੰ ਤਰਜੀਹ ਦੇਣ ਦੀ ਲੋੜ ਹੈ। ਇਸੇ ਤਰ੍ਹਾਂ ਤਲੇ ਹੋਏ ਪਦਾਰਥਾਂ ਦੀ ਥਾਂ ਬੇਕ, ਉਬਾਲੀਆਂ ਅਤੇ ਗਰਿੱਲਡ ਚੀਜ਼ਾਂ ਦੀ ਹੀ ਵਰਤੋਂ ਕਰਨੀ ਚਾਹੀਦੀ ਹੈ। ਬੱਚਿਆਂ ਨੂੰ ਉਨ੍ਹਾਂ ਦੀਆਂ ਚੰਗੀਆਂ ਆਦਤਾਂ ਜਾਂ ਅਕਾਦਮਿਕ ਪ੍ਰਾਪਤੀਆਂ ਲਈ ਤੋਹਫ਼ੇ ਵਜੋਂ ਚਾਕਲੇਟ, ਚਿਪਸ, ਟੌਫੀਆਂ ਆਦਿ ਦੇਣ ਤੋਂ ਪ੍ਰਹੇਜ਼ ਕਰਨਾ ਚਾਹੀਦਾ ਹੈ। ਰੈਸਟੋਰੈਂਟ ਜਾਂ ਹੋਟਲ ਵਿਚ ਆਰਡਰ ਕੀਤੇ ਗਏ ਭੋਜਨ ਦੇ ਆਕਾਰ ਨੂੰ ਜ਼ਰੂਰਤ ਅਨੁਸਾਰ ਸੀਮਤ ਕਰੋ। ਚਰਬੀ ਦੀ ਖਪਤ ਨੂੰ ਘੱਟ ਕਰਨ ਲਈ ਤਲੇ ਹੋਏ ਉਤਪਾਦਾਂ ਤੋਂ ਪ੍ਰਹੇਜ਼ ਕਰਨਾ ਚਾਹੀਦਾ ਹੈ। ਅਧਿਆਪਕਾਂ ਦਾ ਬੱਚਿਆਂ ਦੀ ਜੀਵਨਸ਼ੈਲੀ ਉੱਪਰ ਸਭ ਤੋਂ ਵੱਧ ਪ੍ਰਭਾਵ ਪੈਂਦਾ ਹੈ, ਖ਼ਾਸ ਤੌਰ 'ਤੇ ਉਦੋਂ ਜਦੋਂ ਬੱਚਿਆਂ ਦੀ ਉਮਰ ਛੋਟੀ ਹੁੰਦੀ ਹੈ। ਅਧਿਆਪਕ ਮਿਸਾਲ ਦੇ ਸਕਦੇ ਹਨ ਕਿ ਉਹ ਕੀ ਕੁਝ ਖਾਂਦੇ ਹਨ। ਉਨ੍ਹਾਂ ਨੂੰ ਵਿਦਿਆਰਥੀਆਂ ਨੂੰ ਪੌਸ਼ਟਿਕ ਤੱਤਾਂ ਵਾਲੇ ਭੋਜਨ ਦੀ ਜਾਣਕਾਰੀ ਦੇਣੀ ਚਾਹੀਦੀ ਹੈ।

ਜੰਕ ਫੂਡ ਦੇ ਰੁਝਾਨ ਨੂੰ ਘਟਾਉਣ ਲਈ ਕੁਝ ਰਣਨੀਤੀਆਂ ਅਪਨਾਉਣ ਦੀ ਲੋੜ ਹੈ ਜਿਵੇਂ ਕਿ ਸਿਹਤ ਸਿੱਖਿਆ ਅਤੇ ਸਕੂਲ ਆਧਾਰਿਤ ਦਖ਼ਲਅੰਦਾਜ਼ੀ ਪ੍ਰੋਗਰਾਮ ਵਿਦਿਆਰਥੀਆਂ ਦੇ ਖ਼ੁਰਾਕ ਦੇ ਪੈਟਰਨ ਨੂੰ ਸੁਧਾਰ ਸਕਦੇ ਹਨ। ਬੱਚਿਆਂ ਵਿਚ ਸਿਹਤਮੰਦ ਭੋਜਨ ਦੀ ਖ਼ਰੀਦ ਵਧਾਉਣ ਲਈ ਇਸ ਦੀਆਂ ਕੀਮਤਾਂ ਵਿਚ ਕਮੀ ਇਕ ਸਭ ਤੋਂ ਪ੍ਰਭਾਵਸ਼ਾਲੀ ਰਣਨੀਤੀ ਹੈ। ਘੱਟ ਚਰਬੀ ਵਾਲੇ ਸਨੈਕਸ ਅਤੇ ਭੋਜਨ ਦੀ ਵਰਤੋਂ ਕਰਨ ਨਾਲ ਜੰਕ ਫੂਡ ਦੇ ਰੁਝਾਨ ਨੂੰ ਘਟਾਇਆ ਜਾ ਸਕਦਾ ਹੈ। ਤਾਜ਼ਾ ਫ਼ਲ ਅਤੇ ਸਬਜ਼ੀਆਂ ਆਦਿ ਦੀ ਵਰਤੋਂ ਕਰਨੀ ਚਾਹੀਦੀ ਹੈ।

ਪੌਸ਼ਟਿਕ ਤੱਤਾਂ ਨਾਲ ਭਰਪੂਰ ਭੋਜਨ ਦੀ ਵਰਤੋ ਕਰਨੀ ਚਾਹੀਦੀ ਹੈ। ਸਰਕਾਰ ਨੂੰ ਬੱਚਿਆਂ ਅਤੇ ਮਾਪਿਆਂ ਦੇ ਅਧਿਕਾਰਾਂ ਨੂੰ ਵਪਾਰਕ ਹਿੱਤਾਂ ਤੋਂ ਉੱਪਰ ਰੱਖਣਾ ਚਾਹੀਦਾ ਹੈ ਅਤੇ ਬੱਚਿਆਂ ਲਈ ਗ਼ੈਰ-ਸਿਹਤਮੰਦ ਭੋਜਨ ਮਾਰਕੀਟਿੰਗ 'ਤੇ ਸਾਰਥਕ ਨਿਯਮਾਂ ਦਾ ਵਿਕਾਸ ਕਰਨਾ ਅਤੇ ਉਨ੍ਹਾਂ ਨੂੰ ਲਾਗੂ ਕਰਨਾ ਚਾਹੀਦਾ ਹੈ। ਮੌਜੂਦਾ ਹਾਲਾਤ ਨੂੰ ਮੁੱਖ ਰੱਖਦੇ ਹੋਏ ਕੋਵਿਡ-19 ਮਹਾਮਾਰੀ ਵਿਚ ਵੱਖ-ਵੱਖ ਤਰ੍ਹਾਂ ਦੇ ਖ਼ੁਰਾਕੀ ਪਦਾਰਥਾਂ ਤੋਂ ਬਣੀ ਸੰਤੁਲਿਤ ਖ਼ੁਰਾਕ ਦੀ ਵਰਤੋਂ ਕਰਨ 'ਤੇ ਜ਼ੋਰ ਦੇਣ ਦੀ ਲੋੜ ਹੈ।

ਡਾ. ਨਰਪਿੰਦਰ ਸਿੰਘ

# ਕਪੂਰਥਲੇ ਦੀ ਸਪੈਨਿਸ਼ ਮਹਾਰਾਣੀ

ਕੀ ਤੁਹਾਨੂੰ ਪਤਾ ਹੈ ਕਿ ਕਪੂਰਥਲਾ ਦੀ ਮਹਾਰਾਣੀ ਪ੍ਰੇਮ ਕੁਮਾਰੀ ਸਪੈਨਿਸ ਮੂਲ ਦੀ ਸੀ ?

ਬਹੁਤ ਸਾਰੀਆਂ ਯੂਰਪੀਅਨ ਔਰਤਾਂ ਵਿਚੋਂ, ਜਿਨ੍ਹਾਂ ਨੇ ਭਾਰਤੀ ਮਹਾਰਾਜਿਆਂ ਨਾਲ ਵਿਆਹ ਕੀਤਾ, ਸਭ ਤੋਂ ਮਸਹੂਰ ਬਿਨਾਂ ਸ਼ੱਕ ਅਨੀਤਾ ਡੇਲਗਾਡੋ ਬ੍ਰਿਓਨੇਸ ਸੀ। ਉਹ ਇੱਕ ਸਪੇਨ ਦੀ ਫਲੇਮੇਨਕੋ ਡਾਂਸਰ ਅਤੇ ਗਾਇਕਾ ਸੀ ਜਿਸਨੇ ਅੰਦੁਲਸੀਆ ਦੀ ਕਪੂਰਥਲਾ ਦੇ ਮਹਾਰਾਜਾ ਨਾਲ ਵਿਆਹ ਕਰਾਉਣ ਕਰਕੇ ਪ੍ਰਸਿੱਧੀ ਪ੍ਰਾਪਤ ਕੀਤੀ, ਇਸ ਪ੍ਰਕਾਰ ਉਹ ਕਪੂਰਥਲਾ ਦੀ ਮਹਾਰਾਣੀ ਬਣ ਗਈ। ਇਹ ਇੱਕ ਕਰਾਮਾਤ ਹੀ ਸੀ ਜਿਸ ਨੇ ਇਸ ਛੋਟੀ ਲੜਕੀ ਨੂੰ ਸਪੇਨ ਦੇ ਇਕ ਛੋਟੇ ਜਿਹੇ ਕਸਬੇ ਤੋਂ ਚੁੱਕ ਕਪੂਰਥਲਾ ਦੇ ਸਾਹੀ ਪਰਿਵਾਰ ਦੀ ਹਾਣੀ ਬਣਾ ਦਿੱਤਾ ਸੀ।

ਅਨੀਤਾ ਡੇਲਗਾਡੋ ਬ੍ਰਿਓਨੇਸ ਦਾ ਜਨਮ 8 ਫਰਵਰੀ 1890 ਵਿਚ, ਦੱਖਣੀ ਸਪੇਨ ਦੇ ਛੋਟੇ ਜਿਹੇ ਕਸਬੇ ਮਲਾਗਾ ਵਿਚ ਹੋਇਆ ਸੀ। ਉਸਦੇ ਮਾਪਿਆਂ ਨੇ ਇੱਕ ਛੋਟਾ ਜਿਹਾ ਕੈਫੇ - ਲਾ ਕਾਸਟਾਨਾ ਚਲਾਇਆ, ਜੋ ਕਿ ਇੱਕ ਜੂਏ ਦੇ ਅੱਡੇ ਵਜੋਂ ਵੀ ਦੁੱਗਣਾ ਹੋ ਗਿਆ। ਪਰ ਜਦੋਂ ਸਪੇਨ ਦੀ ਸਰਕਾਰ ਨੇ ਜੂਆਬਾਜੀ ਨੂੰ ਬੈਨ ਕਰ ਦਿੱਤਾ ਤਾਂ ਕੈਫੇ ਬੰਦ ਹੋਣ ਕਾਰਨ ਰੋਜੀ-ਰੋਟੀ ਦੀ ਭਾਲ ਵਿੱਚ ਅਨੀਤਾ ਅਤੇ ਉਸਦਾ ਪਰਿਵਾਰ ਮੈਡਰਿਡ ਜਾਣ ਲਈ ਮਜਬੂਰ ਹੋ ਗਿਆ। ਪਿਤਾ ਕੋਈ ਕੰਮ ਲੱਭਣ ਵਿੱਚ ਅਸਫਲ ਰਿਹਾ ਅਤੇ ਪਰਿਵਾਰ ਇਸ ਲਈ ਇੱਕ ਮਾੜੇ ਵਿੱਤੀ ਪੜਾਅ ਵਿੱਚੋਂ ਲੰਘ ਰਿਹਾ ਸੀ। ਉਸ ਸਮੇਂ ਅਨੀਤਾ ਅਤੇ ਉਸਦੀ ਭੈਣ ਵਿਕਟੋਰੀਆ ਨੇ ਇਕ ਗੁਆਂਢੀ ਤੋਂ ਮੁਫਤ ਵਿੱਚ ਨੱਚਣ ਦੀ ਸਿਖਲਾਈ ਲੈਣੀ ਸੁਰੂ ਕੀਤੀ।

ਹਾਲਾਂਕਿ ਪਿਤਾ ਨੇ ਇਸ ਗੱਲ ਨੂੰ ਚੰਗੀ ਨਾ ਸਮਝਿਆ ਪਰ ਭੈਣਾਂ ਪਰਿਵਾਰ ਲਈ ਪੈਸਾ ਇਕੱਠਾ ਕਰਨ ਲਈ ਸਟੇਜਾਂ ਤੇ ਨੱਚਣ ਲੱਗੀਆਂ। ਜਿੱਥੇ ਉਸਦੀ ਸੁੰਦਰਤਾ ਅਤੇ ਉਸਦੀ ਭੈਣ ਦਾ ਬਹੁਤ ਸਵਾਗਤ ਕੀਤਾ ਗਿਆ। ਕਪੂਰਥਲਾ ਦਾ ਮਹਾਰਾਜਾ ਜਗਤਜੀਤ ਸਿੰਘ 16 ਸਾਲਾ ਅਨੀਤਾ ਦੀ ਸੁੰਦਰਤਾ ਤੋਂ ਪੂਰੀ ਤਰ੍ਹਾਂ ਪ੍ਰਭਾਵਿਤ ਹੋ ਚੁੱਕਾ ਸੀ।



ਮਈ, 1906 ਵਿਚ, ਜਦੋਂ ਅਨੀਤਾ ਅਤੇ ਉਸਦੀ ਭੈਣ ਨੇ ਮੈਡ੍ਰਿਡ ਵਿਚ ਇਕ ਆਧੁਨਿਕ ਨਾਈਟ ਕਲੱਬ, ਕੁਰਸਲ ਫਰੰਟਨ ਵਿਚ ਪਰਦਾ ਰੇਜਰ ਐਕਟ ਕੀਤਾ, ਤਾਂ ਚੀਜਾਂ ਨੇ ਇਕ ਨਵਾਂ ਰੂਪ ਲੈ ਲਿਆ। ਇਹ ਨਾਈਟ ਕਲੱਬ ਅਕਸਰ ਸਹਿਰ ਦੇ ਚੰਗੇ ਘਰਾਣੇ ਦੇ ਲੋਕਾਂ ਅਤੇ ਅੰਤਰਰਾਸਟਰੀ ਯਾਤਰੀਆਂ ਦੇ ਆਉਣ ਕਰਕੇ ਮਸਹੂਰ ਸੀ।

ਉਸ ਸਾਲ ਅਗਸਤ ਵਿੱਚ ਮੈਡ੍ਰਿਡ ਵਿਚ ਸਪੇਨ ਦੇ ਰਾਜਾ ਅਲਫੋਂਸੋ ਬਾਰ੍ਹਵੇਂ ਦੇ ਵਿਆਹ ਲਈ ਉਥੇ ਬਹੁਤ ਸਾਰੇ ਮਹਿਮਾਨ ਆਏ ਸਨ ਉਨ੍ਹਾਂ ਵਿੱਚੋਂ ਕਪੂਰਥਲਾ ਦੇ ਮਹਾਰਾਜਾ ਸਰ ਜਗਤਜੀਤ ਸਿੰਘ ਬਹਾਦਰ ਵੀ ਇੱਕ ਸਨ ਜੋ ਕਿ 16 ਸਾਲਾ ਅਨੀਤਾ ਦੀ ਕਾਰਗੁਜਾਰੀ ਅਤੇ ਉਸਦੀ ਖੂਬਸੂਰਤੀ ਤੋਂ ਪ੍ਰਸੰਨ ਅਤੇ ਪ੍ਰਭਾਵਿਤ ਹੋ ਚੁੱਕੇ ਸਨ। ਉਸ ਦੀ ਕਾਰਗੁਜਾਰੀ ਤੋਂ ਬਾਅਦ ਸਵੇਰੇ ਉਸ ਅੱਗੇ ਆਪਣੇ ਪਿਆਰ ਦਾ ਇਕਰਾਰ ਕਰਨ ਉਸ ਦੇ ਘਰ ਅੱਗੇ ਇੱਕ ਚਾਂਦੀ ਦੀ ਗੱਡੀ ਆ ਕੇ ਰੁਕਦੀ ਹੈ ਅਤੇ ਉਸ ਵਿਚੋਂ ਗਹਿਣਿਆਂ ਲੱਦੀ ਪੱਗ ਵਾਲਾ ਵਿਅਕਤੀ ਬਾਹਰ ਨਿਕਲਦਾ ਹੈ।

ਮਹਾਰਾਜੇ ਨੇ ਅਨੀਤਾ ਦੇ ਪਰਿਵਾਰ ਨੂੰ ਵਿਆਹ ਦੀ ਪ੍ਰਵਾਨਗੀ ਲਈ 1 ਲੱਖ ਪੌਂਡ ਦੀ ਪੇਸਕਸ ਕੀਤੀ।

ਮਹਾਰਾਜੇ ਨੇ ਇੱਕ ਹਫਤੇ ਦੇ ਅੰਦਰ ਆਪਣੇ ਸੱਕਤਰ ਦੁਆਰਾ ਰਸਮੀ ਤੌਰ ਤੇ ਵੀ ਉਸਨੂੰ ਵਿਆਹ ਦਾ ਪ੍ਰਸਤਾਵ ਭੇਜਿਆ।

ਪਰ ਅਨੀਤਾ ਦੇ ਰੂੜੀਵਾਦੀ ਈਸਾਈ ਮਾਪੇ ਸਹਿਮ ਕਾਰਨ ਚੁੱਪ ਕਰ ਗਏ ਪਰ ਉਨ੍ਹਾਂ ਦੀ ਪ੍ਰਵਾਨਗੀ ਲਈ ਮਹਾਰਾਜੇ ਵੱਲੋਂ ਇੱਕ ਲੱਖ ਪੌਂਡ ਦੀ ਪੇਸਕਸ ਨੇ ਉਨ੍ਹਾਂ ਦੇ ਪੱਖਪਾਤ ਨੂੰ ਪਛਾੜ ਦਿੱਤਾ।

ਅਲੀਜਾ ਡੂਲੀਟਲ ਆਪਣੀ ਕਿਤਾਬ ਮਾਈ ਫੇਅਰ ਲੇਡੀ ਵਿਚ ਲਿਖਦੀ ਹੈ ਕਿ ਅਨੀਤਾ ਨੂੰ ਤਾਜ ਪਹਿਨਣ ਦੇ ਯੋਗ ਬਣਾਉਣ ਲਈ, ਸਿਖਲਾਈ ਅਤੇ ਲਈ ਪੈਰਿਸ ਭੇਜਿਆ ਗਿਆ ਸੀ। ਮਹਾਰਾਜਾ ਨੇ ਪੈਰਿਸ ਵਿਚ ਇਕ ਬਹੁਤ ਵੱਡਾ ਪੈਲੇਸ ਬਣਵਾਇਆ ਜੋ ਪਵੇਲੀਅਨ ਦ ਕਪੂਰਥਲਾ ਨਾਮ ਨਾਲ ਪ੍ਰਸਿੱਧ ਹੋਇਆ। ਅਨੀਤਾ ਆਪਣੀਆਂ ਯਾਦਾਂ ਵਿਚ ਕਹਿੰਦੀ ਹੈ ਕਿ ਕਿਵੇਂ ਉਸਨੇ ਸਸਿਟਾਚਾਰ ,ਬਹੁਤ ਸਾਰੀਆਂ ਭਾਸਾਵਾਂ, ਭੂਗੋਲ ,ਸੰਗੀਤ, ਨਾਚ ,ਸਕੇਟਿੰਗ ,ਟੈਨਿਸ ,ਐਥੋਂ ਤੱਕ ਕੇ ਗੱਡੀ ਚਲਾਉਣੀ ਵੀ ਸਿੱਖੀ। ਅੰਤ ਕਈ ਮਹੀਨਿਆਂ ਦੀ ਸਿਖਲਾਈ ਪਿਛੋਂ ਜਦੋਂ ਅਨੀਤਾ ਰਾਣੀ ਬਣਨ ਦੇ ਯੋਗ ਹੋ ਗਈ ਤਾਂ 1907 ਵਿੱਚ ਉਹ ਭਾਰਤ ਪੁੱਜ ਗਈ। ਬੰਬੇ ਵਿੱਚ ਜਹਾਜ ਉਤਰਨ ਤੋਂ ਬਾਅਦ ਇੱਕ ਸਪੈਸਲ ਕਪੂਰਥਲਾ ਰੇਲ ਗੱਡੀ ਉਨ੍ਹਾਂ ਦਾ ਇੰਤਜਾਰ ਕਰ ਰਹੀ ਸੀ ਜੋ ਉਨ੍ਹਾਂ ਨੂੰ ਲੈ ਕੇ ਕਪੂਰਥਲਾ ਪਹੁੰਚ ਗਈ। ਜਿੱਥੇ 28 ਜਨਵਰੀ 1908 ਵਿਚ ਅਨੀਤਾ ਅਤੇ ਮਹਾਰਾਜਾ ਜਗਤਜੀਤ ਸਿੰਘ ਦਾ ਸਿੱਖ ਮਰਿਆਦਾ ਅਨੁਸਾਰ ਵਿਆਹ ਹੋ ਗਿਆ। ਉਸ ਦਿਨ ਤੋਂ ਬਾਅਦ ਅਨੀਤਾ ਨੂੰ ਕਪੂਰਥਲਾ ਦੀ ਮਾਹਰਾਨੀ ਪ੍ਰੇਮ ਕੌਰ ਦੇ ਨਾਮ ਨਾਲ ਜਾਣਿਆ ਜਾਣ ਲੱਗਾ।

ਕਪੂਰਥਲਾ ਵਿਚ ਅਨੀਤਾ ਯੂਰਪ ਦੀਆਂ ਸੁੱਖ-ਸੁਵਿਧਾਵਾਂ ਤੋਂ ਦੂਰ ਨਹੀਂ ਸੀ ਕਿਉਂਕਿ ਕਪੂਰਥਲਾ ਨੂੰ ਪੈਰਿਸ ਆਫ ਪੰਜਾਬ ਦੇ ਨਾਮ ਨਾਲ ਜਾਣਿਆ ਜਾਂਦਾ ਸੀ। ਮਹਾਰਾਜਾ ਜਗਤਜੀਤ ਸਿੰਘ ਫਰਾਂਸ ਰਾਜ ਤੋ ਬਹੁਤ ਪ੍ਰਭਾਵਿਤ ਸੀ ਇਸੇ ਕਰਕੇ ਉਸ ਨੇ ਫਰੈਂਚ ਦੀ ਤਰਜ ਤੇ ਹੀ ਆਪਣੇ ਰਾਜ ਦਾ ਮਾਡਲ ਤਿਆਰ ਕੀਤਾ ਹੋਇਆ ਸੀ। ਮਹਾਰਾਜਾ ਨੇ ਫਰਾਂਸ ਦੇ ਰਾਇਲ ਪੈਲੇਸ ਫੋਨਟੈਂਨਬਲਿਊ ਤੋਂ ਪ੍ਰਭਾਵਿਤ ਹੋ ਕੇ ਇਕ ਬਹੁਤ ਵੱਡਾ ਪੈਲੇਸ ਬਣਵਾਇਆ ਅਤੇ ਉਸ ਵਿੱਚ ਪੈਰਿਸ ਦੇ ਮਸਹੂਰ ਹੋਟਲ ਰਿਤਜ ਤੋਂ ਸਿਖਲਾਈ ਪ੍ਰਾਪਤ ਬਾਬਰਚੀਆਂ (ਕੁੱਕ) ਨੂੰ ਨੌਕਰੀ ਤੇ ਰੱਖਿਆ। ਇਨ੍ਹਾਂ ਹੀ ਨਹੀਂ ਸਗੋਂ ਰਾਇਲ ਫੈਮਲੀ ਸਿਰਫ ਫਰਾਂਸ ਦਾ ਈਵਨ ਵਾਟਰ (Evian water) ਸਪੈਸਲ ਪਾਣੀ ਪੀਂਦੀ ਸੀ ਜੋ ਕੇ ਖਾਸ ਤੌਰ ਤੇ ਫਰਾਂਸ ਤੋਂ ਕਪੂਰਥਲਾ ਪਹੁੰਚਾਇਆ ਜਾਂਦਾ ਸੀ।

ਹੁਣ ਅਨੀਤਾ ਦਾ ਹਨੀਮੂਨ ਸਮਾਂ ਆਰੰਭ ਹੋ ਚੁੱਕਾ ਸੀ ਉਹ ਲਿਖਦੀ ਹੈ ਕਿਵੇਂ ਉਸਦੇ ਪਤੀ ਨੇ ਉਸ ਨੂੰ ਫਰੈਂਚ ਸਟਾਈਲ ਵਿੱਚ ਬਣਾਇਆ ਨਵਾਂ ਮਹਿਲ ਦਿਖਾਇਆ ਸੀ ਅਤੇ ਉਹ ਕਦੇ ਸੋਚ ਵੀ ਨਹੀਂ ਸਕਦੀ ਸੀ ਕਿ ਕੋਈ ਔਰਤ ਇੰਨੀ ਭਾਗਿਆਸਾਲੀ ਹੋ ਸਕਦੀ ਹੈ ਕਿ ਉਹ ਸਭ ਤੋਂ ਪਹਿਲਾਂ ਇਥੇ ਰਹੇ ਪਰ ਮੈਂ ਜਾਣਦੀ ਹਾਂ ਕਿ ਹੁਣ ਕਿਸਮਤ ਨਾਲ ਸਭ ਕੁਝ ਮੇਰਾ ਸੀ ਅਤੇ ਇੱਥੇ ਰਹਿਣ ਵਾਲੀ ਪਹਿਲੀ ਔਰਤ ਮੈਂ ਹੀ ਸੀ। ਛੇਤੀ ਹੀ ਬਾਅਦ ਅਨੀਤਾ ਨੇ ਇਕ ਬੇਟੇ ਨੂੰ ਜਨਮ ਦਿੱਤਾ ਜਿਸ ਦਾ ਨਾਮ ਅਜੀਤ ਸਿੰਘ ਰੱਖਿਆ ਗਿਆ ਅਤੇ ਉਸਨੇ ਇਸ ਸਮੇਂ ਬਾਰੇ ਇਕ ਕਿਤਾਬ ਲਿਖੀ ਜਿਸਦਾ ਨਾਮ "ਇੰਪਰੈਸਸੀਨੇਸ ਡੀ ਮਿਸ ਵਾਇਜੇਸ ਏ ਲਾਸ ਇੰਡੀਆਸ" ਹੈ ( ਮੇਰੀ ਭਾਰਤ ਯਾਤਰਾ ਦਾ ਪ੍ਰਭਾਵ) ਭਾਰਤ ਵਿੱਚ ਵੀ ਅਨੀਤਾ ਨੇ ਇੱਕ ਸਨਸਨੀ ਪੈਦਾ ਕੀਤੀ ਤੇ ਆਪਣੇ ਵਿਆਪਕ ਖਾਤੇ ਨੂੰ ਵੀ ਪ੍ਰਕਾਸਤਿ ਕੀਤਾ। ਬ੍ਰਿਟਿਸ ਅਧਿਕਾਰੀਆਂ ਨੇ ਵੀ ਉਸ ਨੂੰ ਨੀਵਾਂ ਦਿਖਾਉਣਾ ਸੁਰੂ ਕਰ ਦਿੱਤਾ ਅਤੇ ਸਮਾਗਮਾਂ ਵਿੱਚ ਉਸ ਦਾ ਮਨੋਰੰਜਨ ਕਰਨ ਤੋਂ ਇਨਕਾਰ ਕਰ ਦਿੱਤਾ। ਪਰ ਉਸੇ ਹੀ ਸਮੇਂ ਵਿਦੇਸੀ ਮਹਾਰਾਣੀ ਬਾਰੇ ਇੱਕ ਵਿਆਪਕ ਉਤਸੁਕਤਾ ਸੀ ਉਸਦੀ ਯੂਰਪ ਯਾਤਰਾ ਦੌਰਾਨ ਫੋਟੋਗ੍ਰਾਫਰ ਉਸ ਦਾ ਹਰ ਜਗ੍ਹਾ ਪਿੱਛਾ ਕਰ ਰਹੇ ਸਨ।

ਅਨੀਤਾ ਨੇ ਆਪਣਾ ਬਹੁਤ ਸਾਰਾ ਸਮਾਂ ਮੋਸੂਰੀ ਵਿੱਚ ਗੁਜਾਰਿਆ ਜਿੱਥੇ ਕਪੂਰਥਲਾ ਦੇ ਮਹਾਰਾਜੇ ਦਾ ਬਹੁਤ ਵੱਡਾ ਮਹਿਲ ਚਾਤਿਓ ਦ ਕਪੂਰਥਲਾ ਸੀ। ਏਥੇ ਬਹੁਤ ਸਾਰੇ ਮਹਾਰਾਜੇ ਅਤੇ ਉਨ੍ਹਾਂ ਦੀਆਂ ਘਰ ਵਾਲੀਆਂ ਅਨੀਤਾ ਨੂੰ ਮਿਲਣ ਲਈ ਆਉਂਦੇ ਸਨ। ਏਥੇ ਇੱਕ ਮਸਹੂਰ ਕਹਾਣੀ ਇਹ ਵੀ ਹੈ ਕਿ ਕਿਵੇਂ ਉਸ ਦੇ ਹੈਦਰਾਬਾਦ ਦੌਰੇ ਦੌਰਾਨ ਇਕ ਗਲਤ ਢੰਗ ਦੇ ਬੰਦੇ ਨਿਜਾਮ ਮੀਰ ਉਸਮਾਨ ਅਲੀ ਖਾਨ ਨੂੰ ਉਸ ਨਾਲ ਪਿਆਰ ਹੋ ਗਿਆ। ਰਾਤ ਦੇ ਭੋਜਨ ਦੌਰਾਨ ਉਸਨੂੰ ਨੈਪਕਿਨ ਵਿਚ ਲਪੇਟੇ ਪੰਨੇ ਦੇ ਗਹਿਣੇ ਪ੍ਰਾਪਤ ਹੋਏ ਜੋ ਕਿ ਨਿਜਾਮ ਵੱਲੋਂ ਭੇਜਿਆ ਗਿਆ ਤੋਹਫਾ ਸੀ ਪਰ



ਬਾਅਦ ਵਿੱਚ ਉਹ ਨਕਲੀ ਪਾਇਆ ਗਿਆ।

ਹੈਦਰਾਬਾਦ ਦੇ ਦੌਰੇ ਦੌਰਾਨ ਮਸਹੂਰ ਫੋਟੋਗ੍ਰਾਫਰ ਰਾਜਾ ਦੀਨ ਦਿਆਲ ਵਲੋਂ ਅਨੀਤਾ ਦੀ ਭਾਰਤੀ ਸਾੜੀ ਅਤੇ ਗਹਿਣਿਆਂ ਨਾਲ ਲੱਦੀ ਤਸਵੀਰ ਵੀ ਖਿੱਚੀ ਗਈ ।

ਜਿਵੇਂ ਕਿ ਅਸੀਂ ਜਾਣਦੇ ਹਾਂ ਕਿ ਸਾਰੀਆਂ ਕਹਾਣੀਆਂ ਦਾ ਅੰਤ ਖੁਸਨੁਮਾ ਨਹੀਂ ਹੁੰਦਾ। ਉੱਨੀ ਸੌ ਪੱਚੀ ਇੰਗਲੈਂਡ ਫੇਰੀ ਦੌਰਾਨ ਲੰਡਨ ਦੇ ਹੋਟਲ ਸੋਵੇ ਵਿਚ ਅਨੀਤਾ ਅਤੇ ਮਹਾਰਾਜਾ ਵਿੱਚ ਲੋਕਾਂ ਸਾਹਮਣੇ ਬਹੁਤ ਵੱਡੀ ਲੜਾਈ ਹੋਈ। ਉਸ ਸਮੇਂ ਮੁਹੰਮਦ ਅਲੀ ਜਿਨਾਹ ਜੋ ਕਿ ਮਹਾਰਾਜੇ ਅਤੇ ਅਨੀਤਾ ਦਾ ਸਾਂਝਾ ਮਿੱਤਰ ਸੀ ਉਹ ਵੀ ਉਸੇ ਹੋਟਲ ਵਿਚ ਠਹਿਰਿਆ ਹੋਇਆ ਸੀ ਉਸ ਨੇ ਮਹਾਰਾਜੇ ਨੂੰ ਅਨੀਤਾ ਵਲੋਂ ਬੇਨਤੀ ਵੀ ਕੀਤੀ।

ਵਿਆਹ ਦੇ 18 ਸਾਲ ਬਾਅਦ ਅਨੀਤਾ ਅਤੇ ਮਹਾਰਾਜੇ ਦਾ ਤਲਾਕ ਹੋ ਗਿਆ। ਜਿਨਾਹ ਇਹ ਗੱਲ ਦਾਅਵੇ ਨਾਲ ਕਹਿੰਦਾ ਹੈ ਕਿ ਅਨੀਤਾ ਨੂੰ ਆਰਥਿਕ ਮੱਦਦ ਮਿਲੀ ਅਤੇ ਉਹ ਯੂਰਪ ਵਾਪਸ ਚਲੀ ਗਈ।

ਬਲਵਿੰਦਰ ਸਿੰਘ ਧਾਲੀਵਾਲ
ਮੋਬਾਈਲ 9914188618



ਕਪੂਰਥਲਾ ਵਿੱਚ ਅਨੀਤਾ ਦੀ ਜਗ੍ਹਾ ਚਿੱਟੀ ਮਹਾਰਾਣੀ ਵਜੋਂ ਇਕ ਹੋਰ ਔਰਤ ਨੇ ਲੈ ਲਈ ਸੀ। 1942 ਵਿਚ ਮਹਾਰਾਜਾ ਜਗਤਜੀਤ ਸਿੰਘ ਨੇ ਚੈੱਕ ਦੀ ਯੂਜੀਨੀ ਗਾ੍ਸੂਪੋਵਾ ਨਾਲ ਵਿਆਹ ਕਰ ਲਿਆ ਜੋ ਕਿ ਚੈੱਕ ਦੇ ਕਾਊਂਟ ਦੀ ਇੱਕ ਨਾਜਾਇਜ ਔਲਾਦ ਸੀ। ਮਹਾਰਾਜ ਦੁਆਰਾ ਉਸ ਨੂੰ ਤਾਰਾ ਦੇਵੀ ਦਾ ਨਾਮ ਦਿੱਤਾ ਗਿਆ ਉਹ ਭਾਰਤੀਆਂ ਨਾਲ ਮੇਲ ਮਿਲਾਪ ਤੋਂ ਦੂਰ ਰਹਿਣ ਵਾਲੀ ਅਤੇ ਸਰਮੀਲੀ ਹੋਣ ਕਰਕੇ ਅਨੀਤਾ ਤੋਂ ਬਹੁਤ ਅਲਗ ਸੀ। ਸਮੇਂ ਦੇ ਬੀਤਣ ਨਾਲ ਮਹਾਰਾਜਾ ਦੀ ਉਸ ਦੇ ਵਿਚ ਦਿਲਚਸਪੀ ਵੀ ਖਤਮ ਹੋ ਗਈ ਇਸ ਕਹਾਣੀ ਦਾ ਬਹੁਤ ਦੁਖਦਾਈ ਅੰਤ ਹੋਇਆ। ਨਵੰਬਰ 1946 ਨੂੰ ਤਾਰਾ ਦੇਵੀ ਆਪਣੇ ਦੋ ਕੁੱਤਿਆਂ ਨੂੰ ਲੈ ਕੇ ਦਿੱਲੀ ਵਿਚ ਕੁਤਬ ਮੀਨਾਰ ਗਈ ਇੱਥੇ ਉਸ ਨੇ ਕੁਤਬ ਮੀਨਾਰ ਦੀ ਪੰਜਵੀ ਮੰਜਿਲ ਤੋਂ ਛਲਾਂਗ ਲਗਾ ਦਿੱਤੀ। ਉਸ ਦੀ ਅਤੇ ਉਸ ਦੇ ਦੋ ਕੁੱਤਿਆਂ ਦੀਆਂ ਲਾਸਾਂ ਕੁਤਬ ਮੀਨਾਰ ਦੀ ਤੀਜੀ ਮੰਜਲ ਦੇ ਇਕ ਛੱਜੇ ਤੋਂ ਲਟਕਦੀਆਂ ਹੋਈਆਂ ਮਿਲਿਆ ਉਸ ਨੂੰ ਦਿੱਲੀ ਦੇ ਸੇਂਟ ਜੇਮਸ ਚਰਚ ਵਿਚ ਦਫਨਾ ਦਿੱਤਾ ਗਿਆ।

ਇਹ ਕਿਹਾ ਜਾਂਦਾ ਹੈ ਕਿ ਮਹਾਰਾਜਾ ਜਗਤਜੀਤ ਸਿੰਘ ਇਸ ਸਦਮੇ ਤੋਂ ਕਦੇ ਵੀ ਬਾਹਰ ਨਾ ਨਿਕਲ ਸਕਿਆ ਅਤੇ 1949 ਵਿੱਚ ਬੰਬੇ ਦੇ ਤਾਜ ਮਹਲ ਹੋਟਲ ਵਿੱਚ ਉਸ ਦੀ ਮੌਤ ਹੋ ਗਈ।

ਉਧਰ ਤਲਾਕ ਹੋਣ ਤੋਂ ਬਾਅਦ ਅਨੀਤਾ ਨੇ ਪੈਰਿਸ, ਸਵਿਟਜਰਲੈਂਡ, ਮੈਡ੍ਰਿਡ , ਅਤੇ ਮੇਲਗਾ ਸਥਿਤ ਘਰਾਂ ਵਿੱਚ ਵਿਲਾਸਤਾ ਭਰੀ ਜੀਂਦਗੀ ਬਸਰ ਕੀਤੀ। ਇਹ ਵੀ ਕਿਹਾ ਜਾਂਦਾ ਹੈ ਕਿ ਉਹ ਲਗਾਤਾਰ ਆਪਣੇ ਕੀਮਤੀ ਗਹਿਣੇ ਪਹਿਨ ਕੇ ਰੱਖਦੀ ਸੀ ਏਥੋਂ ਤੱਕ ਕਿ ਉਹ ਆਪਣਾ ਭੋਜਨ ਵੀ ਸੋਨੇ ਤੋਂ ਬਣੇ ਚਮਚੇ ਨਾਲ ਖਾਂਦੀ ਸੀ। ਉਸ ਨੇ ਇਹ ਮਹਿਸੂਸ ਕੀਤਾ ਹੈ ਉਸ ਦੀ ਕਹਾਣੀ ਦੁਨੀਆਂ ਨੂੰ ਪਤਾ ਲੱਗਣੀ ਚਾਹੀਦੀ ਹੈ ਤੇ ਉਹ ਆਪਣਾ ਜਿਆਦਾ ਸਮਾ ਆਪਣਿਆਂ ਯਾਦਾਂ ਨੂੰ ਲਿਖਣ ਵਿੱਚ ਬਤੀਤ ਕਰਦੀ ਸੀ ।1962 ਵਿਚ 72 ਸਾਲ ਦੀ ਉਮਰ ਵਿੱਚ ਉਸ ਦੀ ਮੌਤ ਹੋ ਗਈ । ਉਹ ਆਪਣੇ ਗਹਿਣੇ ਆਪਣੇ ਪੁੱਤਰ ਅਜੀਤ ਸਿੰਘ ਨੂੰ ਛੱਡ ਗਈ ਸੀ। ਤੇ ਉਸ ਨੇ ਆਪਣਾ ਬਾਕੀ ਕੀਮਤੀ ਸਮਾਨ ਆਪਣੀਆਂ ਭਤੀਜੀਆਂ ਲਈ ਛੱਡ ਦਿੱਤਾ।

ਪਰ ਅਨੀਤਾ ਦੀ ਅਜੀਬ ਕਹਾਣੀ ਦਾ ਅੰਤ ਉਸ ਦੀ ਮੌਤ ਨਾਲ ਨਹੀਂ ਹੋਇਆ ਸੀ। ਉਸਦਾ ਪੁੱਤਰ ਮਹਾਰਾਜਕੁਮਾਰ ਅਜੀਤ ਸਿੰਘ ਜੋ 26 ਅਪ੍ਰੈਲ 1908 ਨੂੰ ਪੈਦਾ ਹੋਇਆ ਸੀ, ਜਿਸ ਦੀ ਪੜ੍ਹਾਈ ਕੈਂਬਰਿਜ ਯੂਨੀਵਰਸਿਟੀ ਅਤੇ ਮਿਲਟਰੀ ਅਕੈਡਮੀ, ਦੇਹਰਾਦੂਨ ਵਿਖੇ ਹੋਈ ਸੀ। ਅਰਜਨਟੀਨਾ ਵਿਚ ਭਾਰਤੀ ਵਪਾਰ ਕਮਿਸਨਰ ਦੇ ਸਹਾਇਕ ਵਜੋਂ ਕੰਮ ਕਰਦੇ ਹੋਏ , 1984 ਵਿੱਚ ਦਿੱਲੀ ਵਿਖੇ ਅਣਵਿਆਹੇ ਦੀ ਹੀ ਮੌਤ ਹੋ ਗਈ। ਇਸ ਸਮੇਂ ਅਨੀਤਾ ਦੇ ਪਰਿਵਾਰ ਦਾ ਅੰਤ ਸਮਝਿਆ ਗਿਆ ਪਰ 2009 ਵਿਚ ਇੱਕ ਅਮਰੀਕਨ ਲੈਬਨੀਜ ਪੱਤਰਕਾਰ ਮਾਹਾ ਅਖਤਰ ਆਪਣੇ ਹਰਮਨ ਪਿਆਰੀ ਪੁਸਤਕ ਦਾ ਮਾਹਾਰਾਨੀ ਦੀ ਛੁਪੀ ਹੋਈ ਪੋਤਰੀ ( the Maharani hidden grand daughter) ਪ੍ਰਕਾਸਤਿ ਕੀਤੀ ਜਿਸ ਵਿੱਚ ਉਸ ਨੇ ਇਹ ਖੁਲਾਸਾ ਕੀਤਾ ਕਿ ਕਿਵੇਂ ਉਸਦੇ ਜਨਮ ਸਰਟੀਫਿਕੇਟ ਦੀ ਭਾਲ ਵਿਚ ਇਹ ਪ੍ਰਗਟ ਹੋਇਆ ਕਿ ਉਹ

ਰਾਜ ਕੁਮਾਰ ਅਜੀਤ ਸਿੰਘ ਦੀ ਵਿਆਹ ਤੋਂ ਬਗੈਰ ਅਣੂਵੰਸਕਿ (ਜੀਵ) (biological) ਔਲਾਦ ਹੈ। ਇੱਕ ਤੱਥ ਜਿਸ ਦਾ ਉਸ ਨੇ ਦਾਅਵਾ ਕੀਤਾ ਕਿ ਉਸ ਦੀ ਮੌਤ ਦੇ ਬਿਸਤਰੇ ਤੇ ਪਈ ਮਾਂ ਨੇ ਇਸ ਦਾ ਪ੍ਰਮਾਣ ਦਿੱਤਾ ਸੀ। ਇਸ ਤੋਂ ਇਲਾਵਾ ਮਾਹਾ ਨੇ ਆਪਣੇ ਕੋਲ ਇੱਕ ਨੀਲਮ ਦੀ ਅਗੂੰਠੀ ਹੋਣ ਦਾ ਦਾਅਵਾ ਵੀ ਕੀਤਾ ਜੋ ਕਿ ਅਨੀਤਾ ਨਾਲ ਸਬੰਧਤ ਸੀ।

ਬਹੁਤ ਸਾਰੀਆਂ ਘਟਨਾਵਾਂ ਅਤੇ ਰਾਜਾਂ ਨਾਲ ਭਰੀ ਕੋਈ ਹੈਰਾਨੀ ਦੀ ਗੱਲ ਨਹੀਂ ਕਿ ਅਨੀਤਾ ਦੀ ਜੀਂਦਗੀ ਲੇਖਕਾਂ ਅਤੇ ਫਲਿਮ ਬਣਾਉਣ ਵਾਲਿਆਂ ਨੂੰ ਲਗਾਤਾਰ ਪ੍ਰੇਰਿਤ ਕਰਦੀ ਰਹੇਗੀ। ਅੰਤ ਕਲਪਨਾ ਦਾ ਕੋਈ ਵੀ ਟੁੱਕੜਾ ਇਸ ਦੀ ਵਿਕਰੀ ਨੂੰ ਹਰਾ ਨਹੀਂ ਸਕਿਆ।

# ਕਿਸੇ ਪਾਰਟੀ ਕੋਲ ਵਿਕਾਸ ਦਾ ਏਜੰਡਾ ਨਹੀਂ

ਪੰਜਾਬ ਵਿਚ ਵਿਧਾਨ ਸਭਾ ਦੀਆਂ ਚੋਣਾਂ ਦਾ ਸਮਾਂ ਨੇੜੇ ਆ ਰਿਹਾ ਹੈ। ਕੋਰੋਨਾ ਦੀਆਂ ਲੱਗੀਆਂ ਪਾਬੰਦੀਆਂ ਵੀ ਹਟਾ ਦਿੱਤੀਆਂ ਗਈਆਂ ਹਨ। ਇਸ ਕਰਕੇ ਹਰ ਪਾਸੇ ਧਰਨੇ, ਜਲਸੇ ਤੇ ਜਲੂਸ ਸ਼ੁਰੂ ਹੋ ਗਏ ਹਨ। ਇਹ ਡਰ ਵੀ ਲੱਗਦਾ ਹੈ ਕਿ ਇਸ ਖੁੱਲ੍ਹ ਨਾਲ ਕੋਰੋਨਾ ਦੀ ਤੀਜੀ ਲਹਿਰ ਦੂਜੀ ਨਾਲੋਂ ਵੀ ਘਾਤਕ ਸਿੱਧ ਨਾ ਹੋ ਜਾਵੇ। ਮੁਲਾਜ਼ਮ ਜਥੇਬੰਦੀਆਂ ਸਮਝਦੀਆਂ ਹਨ ਕਿ ਚੋਣਾਂ ਦੇ ਨੇੜੇ ਹੀ ਸਰਕਾਰ ਕੋਲੋਂ ਕੁਝ ਪ੍ਰਾਪਤ ਕੀਤਾ ਜਾ ਸਕਦਾ ਹੈ। ਇਸ ਕਰਕੇ ਉਨ੍ਹਾਂ ਦੀਆਂ ਹੜਤਾਲਾਂ ਵਿਚ ਵਾਧਾ ਹੋ ਰਿਹਾ ਹੈ।

ਸਿਆਸੀ ਪਾਰਟੀਆਂ ਪੰਜਾਬ ਦੇ ਵਿਕਾਸ ਲਈ ਆਪਣਾ ਕੋਈ ਪ੍ਰੋਗਰਾਮ ਪੇਸ਼ ਕਰਨ ਦੀ ਥਾਂ ਧਰਮ ਤੇ ਜਾਤਾਂ ਦੇ ਮੁੱਦਿਆਂ ਨੂੰ ਉਭਾਰਨ ਦਾ ਯਤਨ ਕਰ ਰਹੀਆਂ ਹਨ। ਇਕ-ਦੂਜੇ ਉੱਤੇ ਤੋਹਮਤਾਂ ਲਗਾਈਆਂ ਜਾ ਰਹੀਆਂ ਹਨ। ਲੋੜ ਹੈ ਦੂਜਿਆਂ ਦੇ ਨੁਕਸ ਕੱਢਣ ਦੀ ਥਾਂ ਆਪਣੇ ਪ੍ਰੋਗਰਾਮ ਨੂੰ ਪ੍ਰਚਾਰਿਆ ਜਾਵੇ ਨਾ ਕਿ ਸਬਸਿਡੀਆਂ ਜਾਂ ਜਾਤ-ਪਾਤ ਦੇ ਨਾਂ 'ਤੇ ਕੁਰਸੀ-ਵੰਡ ਦਾ ਲਾਲਚ ਦਿੱਤਾ ਜਾਵੇ। ਵੇਖਣ ਵਿਚ ਆ ਰਿਹਾ ਹੈ ਕਿ ਪੰਜਾਬ ਬਾਰੇ ਕਿਸੇ ਨੂੰ ਫ਼ਿਕਰ ਨਹੀਂ ਹੈ। ਕੇਵਲ ਆਪਣੇ ਵੋਟ ਬੈਂਕ ਦਾ ਫ਼ਿਕਰ ਸਤਾ ਰਿਹਾ ਹੈ। ਲੋਕਾਂ ਦੀਆਂ ਭਾਵਨਾਵਾਂ ਨਾਲ ਖੇਡ ਕੇ ਵੋਟਾਂ ਦੀ ਪ੍ਰਾਪਤੀ ਲੋਕਾਂ ਨਾਲ ਇਕ ਤਰ੍ਹਾਂ ਦਾ ਧੋਖਾ ਹੈ। ਇਸ ਸਮੇਂ ਸਾਰੀਆਂ ਸਿਆਸੀ ਪਾਰਟੀਆਂ ਦੀ ਸਥਿਤੀ ਡਾਵਾਂਡੋਲ ਹੋਣ ਕਰਕੇ ਨਵੇਂ ਗੱਠਜੋੜ ਅਤੇ ਦਲਬਦਲੀਆਂ ਦਾ ਕਾਰੋਬਾਰ ਸ਼ੁਰੂ ਹੋ ਗਿਆ ਹੈ। ਅਸਲ ਵਿਚ ਚੋਣਾਂ ਹੁਣ ਵੋਟ ਮਹਾਮਾਰੀ ਬਣ ਗਈਆਂ ਹਨ। ਜਦੋਂ ਦੀ ਕੋਰੋਨਾ ਮਹਾਮਾਰੀ ਆਈ ਹੈ ਇਨ੍ਹਾਂ ਦੋਵਾਂ ਦੀ ਦੋਸਤੀ ਬਣ ਗਈ ਹੈ। ਪਿਛਲੇ ਸਾਲ ਕੋਰੋਨਾ ਮਹਾਮਾਰੀ ਨੇ ਦਸਤਕ ਦਿੱਤੀ ਪਰ ਹਮਲਾ ਉਦੋਂ ਤਕ ਨਹੀਂ ਹੋਇਆ ਜਦੋਂ ਤਕ ਮੱਧ ਪ੍ਰਦੇਸ਼ ਵਿਚ ਨਵੀਂ ਸਰਕਾਰ ਹੋਂਦ ਵਿਚ ਨਾ ਆ ਗਈ। ਮੁੜ ਰਾਤੋ-ਰਾਤ ਲਾਕਡਾਊਨ ਲਾ ਦਿੱਤਾ ਗਿਆ। ਕਿਸੇ ਦੇ ਘਰ ਰਾਸ਼ਨ ਹੈ ਜਾਂ ਨਹੀਂ, ਕਿਸੇ ਨੇ ਆਪਣੇ ਘਰ ਜਾਣਾ ਹੈ ਅਤੇ ਉਹ ਕਿਵੇਂ ਜਾਵੇਗਾ ਕਿਉਂਕਿ ਸਭ ਕੁਝ ਤਾਂ ਠੱਪ ਹੋ ਗਿਆ ਸੀ। ਗਰੀਬ ਹੋਰ ਗਰੀਬ ਹੋਏ ਅਤੇ ਬਹੁ-ਗਿਣਤੀ ਵਿਚ ਰੱਬ ਨੂੰ ਵੀ ਪਿਆਰੇ ਹੋਏ। ਜਦੋਂ ਪੰਜ ਰਾਜਾਂ ਦੀਆਂ ਚੋਣਾਂ ਆਈਆਂ ਤਾਂ ਕੋਰੋਨਾ ਮਹਾਮਰੀ ਨਾਲ ਵੋਟ ਮਹਾਮਾਰੀ ਦਾ ਸਮਝੌਤਾ ਹੋ ਗਿਆ। ਖ਼ੂਬ ਚੋਣ ਪ੍ਰਚਾਰ ਹੋਇਆ। ਚੋਣਾਂ ਖ਼ਤਮ ਹੁੰਦਿਆਂ ਹੀ ਕੋਰੋਨਾ ਮਹਾਮਾਰੀ ਫਿਰ ਪ੍ਰਗਟ ਹੋ ਗਈ ਪਰ ਚੋਣ ਰੈਲੀਆਂ ਸਮੇਂ ਇਹ ਚੋਖੇ ਲੋਕਾਂ ਨੂੰ ਕਾਬੂ ਕਰ ਚੁੱਕੀ ਸੀ। ਇਸ ਵਾਰ ਬਹੁਤਾ ਜਾਨੀ ਨੁਕਸਾਨ ਹੋਇਆ ਕਿਉਂਕਿ ਮੀਡੀਆ ਨੇ ਅਜਿਹਾ ਡਰਾਉਣਾ ਮਾਹੌਲ ਬਣਾ ਦਿੱਤਾ ਕਿ ਜਿਸ ਨੂੰ ਪਤਾ ਲੱਗਿਆ ਕਿ ਉਸ ਨੂੰ ਕੋਰੋਨਾ ਹੈ ਤਾਂ ਉਹ ਅੱਧ ਮੋਇਆ ਜਿਹਾ ਹੋ ਗਿਆ। ਮਰੀਜ਼ਾਂ ਲਈ ਹਸਪਤਾਲਾਂ ਵਿਚ ਥਾਂ ਨਹੀਂ ਸੀ, ਦਵਾਈਆਂ ਨਹੀਂ ਸਨ, ਆਕਸੀਜਨ ਨਹੀਂ ਸੀ, ਇੱਥੋਂ ਤਕ ਕਿ ਸ਼ਮਸ਼ਾਨਘਾਟ ਵਿਚ ਥਾਂ ਮਿਲਣੀ ਵੀ ਮੁਸ਼ਕਲ ਹੋ ਗਈ ਸੀ।

ਸਭ ਕੁਝ ਦੀ ਕਾਲਾਬਾਜ਼ਾਰੀ ਹੋ ਰਹੀ ਸੀ। ਲੋਕ ਮਰੇ ਅਤੇ ਕਾਲਾਬਾਜ਼ਾਰੀਆਂ ਨੇ ਆਪਣੇ ਘਰ ਭਰੇ। ਇਸ ਦਾ ਸਬੂਤ ਇਸ ਖ਼ਬਰ ਤੋਂ ਮਿਲਦਾ ਹੈ ਕਿ ਇਸ ਸਾਲ ਸਵਿੱਸ ਬੈਂਕਾਂ ਵਿਚ ਭਾਰਤੀਆਂ ਨੇ ਇੰਨੀ ਰਕਮ ਜਮ੍ਹਾ ਕਰਵਾਈ ਜਿੰਨੀ ਪਿਛਲੇ 13 ਸਾਲਾਂ ਵਿਚ ਨਹੀਂ ਹੋਈ ਸੀ। ਪੰਜਾਬ ਦੀ ਮੌਜੂਦਾ ਰਾਜਨੀਤਕ ਸਥਿਤੀ ਉੱਤੇ ਝਾਤ ਮਾਰਦੇ ਹਾਂ। ਸੂਬੇ ਵਿਚ ਕਾਂਗਰਸ ਦਾ ਰਾਜ ਹੈ। ਉਸ ਕੋਲ ਸਪਸ਼ਟ ਬਹੁਮਤ ਹੈ ਪਰ ਅਗਲੀਆਂ ਚੋਣਾਂ ਵਿਚ ਸਥਿਤੀ ਡਾਵਾਂਡੋਲ ਹੈ। ਇਹ ਮੈਂ ਹੀ ਨਹੀਂ



ਪਾਰਟੀ ਦੇ ਵਿਧਾਇਕ ਵੀ ਆਖ ਰਹੇ ਹਨ। ਸ੍ਰੋਮਣੀ ਅਕਾਲੀ ਦਲ ਨੂੰ ਵੋਟ ਬੈਂਕ ਵਿਚ ਵਾਧਾ ਕਰਨ ਲਈ ਸਖ਼ਤ ਮਿਹਨਤ ਕਰਨੀ ਪਵੇਗੀ। 'ਆਪ' ਤੋਂ ਵੀ ਲੋਕੀਂ ਬਹੁਤੇ ਖ਼ੁਸ਼ ਨਹੀਂ ਹਨ। ਕਿਸਾਨ ਮੋਰਚੇ ਦਾ ਵੀ ਅਸਰ ਹੋਣ ਵਾਲਾ ਹੈ ਪਰ ਕਿਸਾਨ ਆਗੂਆਂ ਨੇ ਆਪਣੇ ਪੱਤੇ ਅਜੇ ਨਹੀਂ ਖੋਲ੍ਹੇ। ਕਿਸਾਨ ਜਥੇਬੰਦੀਆਂ ਆਮ ਚੋਣਾਂ ਲੜਨਗੀਆਂ ਜਾਂ ਕਿਸੇ ਪਾਰਟੀ ਦੀ ਹਮਾਇਤ ਕਰਨਗੀਆਂ, ਇਹ ਫ਼ੈਸਲਾ ਪੰਜਾਬ ਦੀ ਵੋਟ ਮਹਾਮਾਰੀ ਉੱਤੇ ਜ਼ਰੂਰ ਪ੍ਰਭਾਵ ਪਾਵੇਗਾ। ਜਦੋਂ ਤਕ ਕਿਸਾਨ ਮੋਰਚਾ ਚੱਲ ਰਿਹਾ ਹੈ ਉਦੋਂ ਤਕ ਕਿਸਾਨ ਸਿੱਧੇ ਤੌਰ ਉੱਤੇ ਚੋਣਾਂ ਵਿਚ ਹਿੱਸਾ ਨਹੀਂ ਲੈਣਗੇ। ਇਹੋ ਕੇਂਦਰ ਸਰਕਾਰ ਚਾਹੁੰਦੀ ਹੈ ਕਿਉਂਕਿ ਜੇਕਰ ਕਿਸਾਨ ਆਗੂ ਚੋਣਾਂ ਲੜਦੇ ਹਨ ਤਾਂ ਰਾਜਨੀਤੀ ਵਿਚ ਇਕ ਨਵੀਂ ਧਿਰ ਖੜ੍ਹੀ ਹੋ ਜਾਵੇਗੀ ਜਿਸ ਤੋਂ ਸਾਰੀਆਂ ਪਾਰਟੀਆਂ ਡਰਦੀਆਂ ਹਨ। ਆਪਣੇ ਵੋਟ ਬੈਂਕ ਨੂੰ ਮਜ਼ਬੂਤ ਕਰਨ ਦੀ ਲਈ ਇਸ ਵਾਰ ਦਲਿਤ ਪੱਤਾ ਖੇਡਿਆ ਜਾ ਰਿਹਾ ਹੈ ਕਿਉਂਕਿ ਪੰਜਾਬ ਵਿਚ ਇਨ੍ਹਾਂ ਵੋਟਰਾਂ ਦੀ ਗਿਣਤੀ ਇਕ-ਤਿਹਾਈ ਹੈ। ਜੇਕਰ ਇਹ ਇਕਜੁੱਟ ਹੋ ਕੇ ਚੋਣਾਂ ਵਿਚ ਹਿੱਸਾ ਲੈਣ ਤਾਂ ਸਾਰੀ ਰਾਜਨੀਤਕ ਸਥਿਤੀ ਬਦਲ ਸਕਦੀ ਹੈ। ਇਸ ਵੋਟ ਬੈਂਕ ਨੂੰ ਆਪਣੇ ਹੱਕ ਵਿਚ ਕਰਨ ਲਈ ਸਾਰੀਆਂ ਸਿਆਸੀ ਪਾਰਟੀਆਂ ਜ਼ੋਰ ਲਾ ਰਹੀਆਂ ਹਨ।

ਇਕ ਪਾਰਟੀ ਨੇ ਐਲਾਨ ਕੀਤਾ ਹੈ ਕਿ ਜੇ ਅਸੀਂ ਜਿੱਤੇ ਤਾਂ ਕਿਸੇ ਦਲਿਤ ਆਗੂ ਨੂੰ ਮੁੱਖ ਮੰਤਰੀ ਬਣਾਵਾਂਗੇ। ਦੂਜੀ ਪਾਰਟੀ ਨੇ ਉਪ-ਮੁੱਖ ਮੰਤਰੀ ਬਣਾਉਣ ਦਾ ਵਾਅਦਾ ਕੀਤਾ ਹੈ ਅਤੇ ਬਹੁਜਨ ਸਮਾਜ ਪਾਰਟੀ ਨਾਲ ਸਮਝੌਤਾ ਕਰ ਲਿਆ ਹੈ। ਇਸ ਸਮਝੌਤੇ ਦਾ ਹਾਥੀ ਨੂੰ ਕੋਈ ਲਾਭ ਹੋਵੇਗਾ, ਫ਼ਿਲਹਾਲ ਇਹ ਕਹਿਣਾ ਮੁਸ਼ਕਲ ਹੈ ਪਰ ਤੱਕੜੀ ਨੂੰ ਕੁਝ ਨਾ ਕੁਝ ਜ਼ਰੂਰ ਲਾਭ ਹੋਵੇਗਾ।

ਇਸ ਵਿਚ ਕੋਈ ਸ਼ੱਕ ਨਹੀਂ ਕਿ ਅਜੇ ਤਕ ਕਾਂਗਰਸ ਦੀ ਸਥਿਤੀ ਦੂਜਿਆਂ ਨਾਲੋਂ ਚੰਗੀ ਪ੍ਰਤੀਤ ਹੋ ਰਹੀ ਹੈ ਪਰ ਇਸ ਦੇ ਆਪਣੇ ਲੀਡਰ ਹੀ ਇਸ ਨੂੰ ਬਦਨਾਮ ਕਰ ਰਹੇ ਹਨ ਜਿਸ ਨਾਲ ਅਗਾਮੀ ਚੋਣਾਂ ਵਿਚ ਪਾਰਟੀ ਨੂੰ ਨੁਕਸਾਨ ਹੋ ਸਕਦਾ ਹੈ। ਅਸਲ ਵਿਚ ਕਿਸੇ ਵੀ ਨੇਤਾ ਨੂੰ ਲੋਕਾਂ ਦੀ ਫ਼ਿਕਰ ਨਹੀਂ ਹੈ। ਉਸ ਨੂੰ ਤਾਂ ਆਪਣਾ ਅਤੇ ਆਪਣੀਆਂ ਵੋਟਾਂ ਦਾ ਫ਼ਿਕਰ ਹੈ। ਲੋਕ ਹੀ ਨੇਤਾ ਨੂੰ ਚੁਣ ਕੇ ਭੇਜਦੇ ਹਨ ਤਾਂ ਜੋ ਉਹ ਉਨ੍ਹਾਂ ਦੀਆਂ ਮੁਸ਼ਕਲਾਂ ਤੇ ਸਮੱਸਿਆਵਾਂ ਨੂੰ ਹੱਲ ਕਰਵਾਏ ਅਤੇ ਉਨ੍ਹਾਂ ਦੇ ਹੱਕਾਂ ਦੀ ਰਾਖੀ ਕਰੇ ਪਰ ਅਜਿਹਾ ਨਹੀਂ ਹੋ ਰਿਹਾ ਹੈ। ਰਾਜਨੀਤੀ ਕੋਈ ਵਪਾਰ ਨਹੀਂ ਹੈ ਸਗੋਂ ਲੋਕ ਸੇਵਾ ਦਾ ਬਖ਼ਸ਼ਿਆ ਸੁਨਹਿਰੀ ਮੌਕਾ ਹੈ ਜੋ ਕਿਸੇ ਭਾਗਾਂਵਾਲੇ ਨੂੰ ਹੀ ਨਸੀਬ ਹੁੰਦਾ ਹੈ। ਜੇਕਰ ਇਮਾਨਦਾਰੀ ਨਾਲ ਲੋਕਾਂ ਦੀ ਸੇਵਾ ਕੀਤੀ ਜਾਵੇ ਤਾਂ ਫਿਰ ਵੋਟ ਪ੍ਰਾਪਤੀ ਲਈ ਗ਼ਲਤ ਢੰਗ -ਤਰੀਕੇ ਅਪਨਾਉਣ ਦੀ ਲੋੜ ਨਹੀਂ ਪੈਂਦੀ ਅਤੇ ਨਾ ਹੀ ਕਰੋੜਾਂ ਰੁਪਏ ਖ਼ਰਚ ਕਰਨੇ ਪੈਂਦੇ ਹਨ। ਲੋਕ ਆਪ ਹੀ ਆਪਣੇ ਨੇਤਾ ਦਾ ਸਾਥ ਦਿੰਦੇ ਹਨ। ਜੇਕਰ ਕੋਈ ਨੇਤਾ ਤਨੋਂ, ਮਨੋਂ ਤੇ ਧਨੋਂ ਸੇਵਾ ਕਰਦਾ ਤਾਂ ਉਸ ਨੂੰ ਆਪਣੇ ਵੋਟ ਬੈਂਕ ਲਈ ਗ਼ਲਤ ਤਰੀਕੇ ਅਪਨਾਉਣ ਦੀ ਲੋੜ ਨਹੀਂ ਸੀ ਪੈਣੀ।

ਚੋਣਾਂ 'ਤੇ ਖ਼ਰਚ ਕੀਤੇ ਜਾਣ ਵਾਲੇ ਕਰੋੜਾਂ ਰੁਪਏ ਜੇਕਰ ਹੁਣ ਵੀ ਲੋਕਾਂ ਦੇ ਇਲਾਜ ਲਈ ਖ਼ਰਚ ਕੀਤੇ ਜਾਣ ਤਾਂ ਵੋਟਾਂ ਖ਼ਰੀਦਣ ਦੀ ਲੋੜ ਹੀ ਨਹੀਂ ਪਵੇਗੀ। ਲੋਕਾਂ ਦੀਆਂ ਅਸੀਸਾਂ ਨਾਲ ਕੇਵਲ ਜਿੱਤ ਹੀ ਪ੍ਰਾਪਤ ਨਹੀਂ ਹੁੰਦੀ ਸਗੋਂ ਆਨੰਦ ਦੀ ਪ੍ਰਾਪਤੀ ਵੀ ਹੁੰਦੀ ਹੈ। ਗ਼ਲਤ ਢੰਗ-ਤਰੀਕਿਆਂ ਨਾਲ ਪ੍ਰਾਪਤ ਕੀਤੀ ਕੁਰਸੀ ਤੋਂ ਕਦੇ ਆਨੰਦ ਦੀ ਪ੍ਰਾਪਤੀ ਨਹੀਂ ਹੋ ਸਕਦੀ। ਦੌਲਤ ਨਾਲ ਵੀ ਖ਼ੁਸ਼ੀ ਨਹੀਂ ਖ਼ਰੀਦੀ ਜਾ ਸਕਦੀ ਬਲਕਿ ਇਸ ਦੇ ਉਲਟ ਜ਼ਮੀਰ 'ਤੇ ਬੋਝ ਪਿਆ ਰਹਿੰਦਾ ਹੈ ਜਿਹੜਾ ਮਨ ਤੇ ਤਨ ਨੂੰ ਕਦੇ ਚੈਨ ਨਹੀਂ ਲੈਣ ਦਿੰਦਾ। ਇਸ ਸਮੇਂ ਪੰਜਾਬ ਵਿਚ ਲੋਕ ਸੇਵਾ ਵੱਲੋਂ ਮੁੱਖ ਮੋੜ ਕੇ ਧਰਮ ਅਤੇ ਜਾਤ ਦਾ ਪੱਤਾ ਖੇਡਿਆ ਜਾ ਰਿਹਾ ਹੈ। ਆਪੋ ਵਿਚ ਰਲ-ਮਿਲ ਕੇ ਵਸਦੇ ਪੰਜਾਬੀਆਂ ਨੂੰ ਧਰਮ ਅਤੇ ਜਾਤ-ਪਾਤ ਦੇ ਨਾਂ ਉੱਤੇ ਵੰਡਣਾ ਬੰਦ ਕੀਤਾ ਜਾਵੇ। ਆਪਣੇ ਨਿੱਜੀ ਸਵਾਰਥ ਲਈ ਲੋਕਾਂ ਦੀਆਂ ਭਾਵਨਾਵਾਂ ਨਾਲ ਨਾ ਖੇਡਿਆ ਜਾਵੇ। ਲੋਕਾਂ ਨਾਲ ਝੂਠੇ ਵਾਅਦੇ ਕਰਨ ਦੀ ਥਾਂ ਸੱਚਮੁੱਚ ਲੋਕ ਭਲਾਈ ਦਾ ਕੋਈ ਪ੍ਰੋਗਰਾਮ ਉਲੀਕਿਆ ਜਾਵੇ ਜਿਸ ਨੂੰ ਇਮਾਨਦਾਰੀ ਨਾਲ ਲਾਗੂ ਕੀਤਾ ਜਾਵੇ। ਹੁਣ ਲੋਕਾਂ ਕੋਲ ਵੀ ਸੰਭਲਣ ਦਾ ਵੇਲਾ ਹੈ। ਪੰਜ ਸਾਲਾਂ ਪਿੱਛੋਂ ਹੀ ਇਹ ਮੌਕਾ ਆਉਂਦਾ ਹੈ। ਕਿਸਾਨ ਮੋਰਚੇ ਰਾਹੀਂ ਤੁਸੀਂ ਆਪਣੀ ਏਕਤਾ ਤੇ ਸ਼ਕਤੀ ਨੂੰ ਪਰਖ ਲਿਆ ਹੈ। ਇਨ੍ਹਾਂ ਚੋਣਾਂ ਸਮੇਂ ਇਸ ਸ਼ਕਤੀ ਦੀ ਵਰਤੋਂ ਕਰੋ। ਆਪਣੀ ਵੋਟ ਇਮਾਨਦਾਰ ਅਤੇ ਸੂਝਵਾਨ ਉਮੀਦਵਾਰ ਨੂੰ ਪਾਓ ਜਿਹੜਾ ਲੋਕ ਸੇਵਾ ਨੂੰ ਸਮਰਪਿਤ ਹੋਵੇ। ਰਾਜਨੀਤੀ ਨੂੰ ਵਪਾਰ ਅਤੇ ਆਪਣੇ ਭਲੇ ਲਈ ਵਰਤਣ ਵਾਲਿਆਂ ਤੋਂ ਦੂਰ ਰਹੋ। ਉਸ ਪਾਰਟੀ ਨੂੰ ਚੁਣੋ ਜਿਹੜੀ ਤੁਹਾਡੇ ਪਿੰਡ ਵਿਚ ਵਿੱਦਿਆ ਅਤੇ ਸਿਹਤ ਸਹੂਲਤਾਂ ਦਾ ਪ੍ਰਬੰਧ ਕਰੇ। ਇਹ ਦੋਵੇਂ ਇਨਸਾਨ ਦੀਆਂ ਮੁੱਢਲੀਆਂ ਲੋੜਾਂ ਵਿਚ ਸ਼ਾਮਲ ਹਨ। ਨਸ਼ੇ ਜਾਂ ਹੋਰ ਲਾਲਚ ਦੇਣ ਵਾਲੇ ਉਮੀਦਵਾਰਾਂ ਤੋਂ ਦੂਰ ਰਹੋ।

ਹੁਣੇ ਹੀ ਖ਼ਬਰ ਆਈ ਹੈ ਕਿ ਮਾਲਵੇ ਦੇ ਕੁਝ ਪਿੰਡਾਂ ਨੇ ਆਪਣੇ ਪਿੰਡ ਨਸ਼ਾ ਮੁਕਤ ਹੋਣ ਦੇ ਬੋਰਡ ਲਗਾਏ ਹਨ। ਗੁਰੂਆਂ ਦੀ ਇਹ ਪਵਿੱਤਰ ਧਰਤੀ ਬਹੁਤ ਗੰਧਲੀ ਹੋ ਗਈ ਹੈ। ਸਾਡੇ ਆਗੂਆਂ ਦੀ ਮਿਹਰਬਾਨੀ ਸਦਕਾ ਹੁਣ ਇਹ ਸਭ ਤੋਂ ਵੱਧ ਕਰਜ਼ਾਈ ਵੀ ਹੈ। ਰਿਸ਼ਵਤਖੋਰੀ ਅਤੇ ਹੇਰਾਫੇਰੀ ਵਿਚ ਅਸੀਂ ਅੱਗੇ ਹਾਂ। ਨਸ਼ਿਆਂ ਦਾ ਦਰਿਆ ਉਵੇਂ ਹੀ ਵਗ ਰਿਹਾ ਹੈ। ਧਰਮ ਦੇ ਅਸੂਲਾਂ ਦਾ ਪ੍ਰਚਾਰ ਕਰਨ ਦੀ ਥਾਂ ਸੰਗਤ ਨੂੰ ਕਰਮ-ਕਾਂਡਾਂ ਵਿਚ ਉਲਝਾਇਆ ਜਾ ਰਿਹਾ ਹੈ। ਸਦੀਆਂ ਤੋਂ ਔਖੇ ਵੇਲੇ ਦੇਸ਼ ਦੀ ਸੇਵਾ ਪੰਜਾਬ ਤੇ ਪੰਜਾਬੀਆਂ ਨੇ ਹੀ ਕੀਤੀ ਹੈ। ਤੁਸੀਂ ਸੰਸਾਰ ਵਿਚ ਨਵਾਂ ਇਤਿਹਾਸ ਸਿਰਜਿਆ ਹੈ। ਹੁਣ ਫਿਰ ਮੌਕਾ ਹੈ ਕਿ ਨਵਾਂ ਇਤਿਹਾਸ ਸਿਰਜਿਆ ਜਾਵੇ। ਲੋਕਰਾਜ ਨੂੰ ਵੋਟ ਰਾਜ ਬਣਨ ਤੋਂ ਰੋਕੀਏ। ਰਾਜਨੀਤੀ ਨੂੰ ਘਟੀਆ ਵਪਾਰ ਬਣਨ ਦੀ ਥਾਂ ਲੋਕ ਸੇਵਾ ਦਾ ਸੁਨਹਿਰੀ ਮੌਕਾ ਬਣਾਈਏ। ਪੰਜਾਬ ਨੇ ਹਮੇਸ਼ਾ ਮਜ਼ਲੂਮਾਂ ਦੀ ਬਾਂਹ ਫੜੀ ਹੈ। ਲੋਕਰਾਜ ਕੇਵਲ ਚੋਣਾਂ ਤਕ ਹੀ ਸੀਮਤ ਨਾ ਰਹੇ ਸਗੋਂ ਸਹੀ ਅਰਥਾਂ ਵਿਚ ਲੋਕਰਾਜ ਬਣੇ। ਆਓ! ਆਪਣੇ ਮਾਣ, ਸਨਮਾਨ ਅਤੇ ਅਣਖ ਨੂੰ ਮੁੜ ਬਹਾਲ ਕਰੀਏ।

ਡਾ. ਰਣਜੀਤ ਸਿੰਘ

# ਮੁਅੱਤਲ ਹੋਣਾ ਵੀ ਇਕ ਕਲਾ ਹੈ

ਜੋ ਲੋਕ ਅੱਜ ਤਕ ਮੁਅੱਤਲ ਨਹੀਂ ਹੋਏ ਹਨ, ਉਹ ਹੁਣ ਵੀ ਯਤਨ ਕਰ ਲੈਣ ਤਾਂ ਦੇਰੀ ਨਹੀਂ ਕਹਾਏਗੀ ਕਿਉਂਕਿ ਮੁਅੱਤਲੀ ਰੂਪੀ ਰਤਨ ਦੇ ਬਿਨਾਂ ਨੌਕਰੀ ਰੂਪੀ ਤਾਜ ਦੀ ਸ਼ਾਨ ਅਧੂਰੀ ਰਹਿੰਦੀ ਹੈ। ਸਵੇਰੇ ਦਸ ਤੋਂ ਸ਼ਾਮ ਪੰਜ ਵਜੇ ਤਕ ਕਲਮ ਜਾਂ ਕੰਪਿਊਟਰ ਦਾ ਮਾਊਸ ਘੜੀਸ ਕੇ ਆਪਣਾ ਫੰਡ, ਗ੍ਰੈਚੁਟੀ ਅਤੇ ਬੀਮਾ ਤਾਂ ਬਹੁਤ ਸਾਰੇ ਲੋਕ ਹਾਸਲ ਕਰ ਲੈਂਦੇ ਹਨ ਪਰ ਬਿਨਾਂ ਕੰਮ ਕੀਤੇ ਅੱਧੀ ਤਨਖਾਹ ਦਾ ਸੁੱਖ ਤਾਂ ਨਸੀਬਾਂ ਵਾਲੇ ਹੀ ਮਾਣ ਸਕਦੇ ਹਨ। ਮੁਅੱਤਲੀ ਲਈ ਭ੍ਰਿਸ਼ਟਾਚਾਰ ਬਹੁਤ ਜ਼ਰੂਰੀ ਹੈ।

*ਇਹ ਮੰਨਿਆ ਜਾਂਦਾ ਹੈ ਕਿ ਜੋ ਮੁਅੱਤਲ ਹੋਇਆ ਹੈ, ਉਹ ਭ੍ਰਿਸ਼ਟ ਹੋਵੇਗਾ। ਕਈ-ਕਈ ਵਾਰੀ ਇਮਾਨਦਾਰ ਲੋਕ ਵੀ ਮੁਅੱਤਲ ਹੋ ਜਾਂਦੇ ਹਨ। ਅਜਿਹੇ ਮਾਮਲਿਆਂ ਵਿਚ ਮੁਅੱਤਲ ਕਰਨ ਵਾਲਾ ਭ੍ਰਿਸ਼ਟ ਹੁੰਦਾ ਹੈ। ਹਾਲਾਂਕਿ ਮੁਅੱਤਲ ਹੋਣ ਵੀ ਇਕ ਕਲਾ ਹੈ। ਜੋ ਲੋਕ ਇਸ ਨੂੰ ਜਾਣਦੇ ਹਨ, ਸੁਖੀ ਰਹਿੰਦੇ ਹਨ। ਜਾਣਕਾਰ ਲੋਕ ਜਦ ਤਕ ਨੌਕਰੀ ਕਰਦੇ ਹਨ, ਕਮਾਉਂਦੇ ਹਨ। ਫਿਰ ਮੁਅੱਤਲ ਹੋ ਕੇ ਬਾਕਾਇਦਾ ਉਸ ਦਾ ਸੁੱਖ ਭੋਗਦੇ ਹਨ।*

ਸਾਡਾ ਇਕ ਮਿੱਤਰ ਹੈ ਜੋ ਕੋਈ ਨਾ ਕੋਈ ਹੱਥਕੰਡਾ ਅਪਣਾ ਕੇ ਹਰ ਸਾਲ ਮਈ-ਜੂਨ ਵਿਚ ਸਸਪੈਂਡ ਹੋ ਜਾਂਦਾ ਸੀ ਅਤੇ ਬੀਵੀ-ਬੱਚਿਆਂ ਨੂੰ ਕਿਸੇ ਹਿੱਲ ਸਟੇਸ਼ਨ 'ਤੇ ਘੁਮਾ ਲਿਆਉਂਦਾ ਸੀ। ਬੀਤੇ ਮਹੀਨੇ ਲਾਕਡਾਊਨ ਖੁੱਲ੍ਹਣ 'ਤੇ ਸਾਨੂੰ ਮਿਲਿਆ। ਦੱਸਿਆ ਕਿ ਦਫ਼ਤਰ ਜਾ ਰਿਹਾ ਹਾਂ ਤਾਂ ਹੋਰ ਹੈਰਾਨੀ ਹੋਈ। ਕਾਫ਼ੀ ਕੁਰੇਦਣ 'ਤੇ ਉਸ ਨੇ ਦੱਸਿਆ, "ਯਾਰ! ਨਵਾਂ ਬੌਸ ਬਹੁਤ ਘਾਗ ਹੈ। ਸੋਚਿਆ ਸੀ ਕਿ ਇਸ ਵਾਰ ਗਰਮੀਆਂ ਵਿਚ ਪਿੰਡ ਵਾਲਾ ਮਕਾਨ ਬਣਵਾ ਲਵਾਂਗਾ ਪਰ ਸਾਹਿਬ ਨੇ ਸਸਪੈਂਡ ਹੀ ਨਹੀਂ ਕੀਤਾ।' ਮੈਨੂੰ ਹੈਰਾਨੀ ਹੋਈ ਕਿ ਮਿੱਤਰ ਜਿਹਾ ਤਜਰਬੇਕਾਰ ਵਿਅਕਤੀ ਸਸਪੈਂਡ ਹੋਣ ਵਿਚ ਮਾਤ ਖਾ ਜਾਵੇ ਤਾਂ ਫਿਰ ਨਵੇਂ ਲੋਕਾਂ ਦਾ ਕੀ ਹੋਵੇਗਾ? ਉਸ ਨੇ ਆਪਣੀ ਗਾਥਾ ਸੁਣਾਉਂਦੇ ਹੋਏ ਦੱਸਿਆ, "ਮੁਅੱਤਲ ਹੋਣ ਲਈ ਮੈਂ ਕੀ ਕੁਝ ਨਹੀਂ ਕੀਤਾ। ਅਫ਼ਸਰ ਨੂੰ ਹਿੱਸਾ ਦਿੱਤੇ ਬਿਨਾਂ ਟੈਂਡਰ ਪਾਸ ਕਰਵਾਇਆ। ਪਰ ਉਸ ਨੇ ਮੁਅੱਤਲ ਕਰਨ ਦੀ ਥਾਂ ਅਗਲੇ ਟੈਂਡਰ ਤੋਂ ਮੇਰਾ ਕਮਿਸ਼ਨ ਹੜੱਪ ਲਿਆ। ਫਿਰ ਮੈਂ ਸ਼ਰੇਆਮ ਉਸ ਨੂੰ ਗਾਲ੍ਹਾਂ ਕੱਢੀਆਂ ਪਰ ਉਸ ਨੇ ਕੋਈ ਕਾਰਵਾਈ ਕਰਨ ਦੀ ਥਾਂ ਆਪਣੇ ਕੰਨਾਂ ਵਿਚ ਰੂੰ ਪਾ ਲਈ।" "ਤੂੰ ਉਸ ਨੂੰ ਕੁੱਟਿਆ ਕਿਉਂ ਨਹੀਂ?" ਮੈਂ ਆਪਣੀ ਰਾਇ ਦਿੱਤੀ। "ਉਹ ਵੀ ਕਰ ਕੇ ਦੇਖ ਲਿਆ ਪਰ ਕੁਝ ਨਹੀਂ ਹੋਇਆ। ਉਸ ਨੇ ਵੀ ਪਲਟ ਕੇ ਮੇਰੇ ਥੱਪੜ ਜੜ ਦਿੱਤਾ।" ਮਿੱਤਰ ਨੇ ਪਰੇਸ਼ਾਨ ਹੋ ਕੇ ਦੱਸਿਆ, "ਕਹਿੰਦਾ ਹੈ ਕਿ ਲੋਕਤੰਤਰ ਵਿਚ ਸਭ ਨੂੰ ਸਸਪੈਂਡ ਹੋਣ ਦਾ ਸਮਾਨ ਅਧਿਕਾਰ ਹੈ। ਇਹ ਕੀ ਗੱਲ ਹੋਈ ਕਿ ਹਮੇਸ਼ਾ ਤੁਸੀਂ ਹੀ ਮੌਜਾਂ ਮਾਣੋ। ਖ਼ੂਬ ਚੰਦ ਨੇ ਲੜਕੀ ਦੀ ਸ਼ਾਦੀ ਕਰਨੀ ਹੈ। ਬਟੋਹੀ ਨੂੰ ਅੱਖ ਦਾ ਆਪ੍ਰੇਸ਼ਨ ਕਰਵਾਉਣਾ ਹੈ। ਪਲਹੜ ਜੀ ਨੂੰ ਆਪਣੇ ਮਾਂ-ਬਾਪ ਨੂੰ ਮਾਤਾ ਵੈਸ਼ਣੋ ਦੇਵੀ ਦੇ ਦਰਸ਼ਨ ਕਰਵਾਉਣੇ ਹਨ। ਕੀ ਇਨ੍ਹਾਂ ਲੋਕਾਂ ਨੂੰ ਮੁਅੱਤਲ ਹੋਣ ਦਾ ਹੱਕ ਨਹੀਂ ਮਿਲਣਾ ਚਾਹੀਦਾ?" ਆਪਣੇ ਮਿੱਤਰ ਦੀ ਇਹ ਦੁੱਖ ਭਰੀ ਦਾਸਤਾਨ ਰੂਪੀ ਪੁਸਤਕ ਦਾ ਇਕ ਸੁਖਾਵਾਂ ਅਧਿਆਇ ਹੈ ਜੋ ਕਦੇ ਨਾ ਕਦੇ ਨਾ ਚਾਹੁੰਦਿਆਂ ਹੋਇਆਂ ਵੀ ਪੜ੍ਹਨਾ ਹੀ ਪੈਂਦਾ ਹੈ ਪਰ ਇਸ ਦਾ ਇਹ ਅਰਥ ਨਹੀਂ ਕਿ ਕੋਸ਼ਿਸ਼ ਕਰਨੀ ਹੀ ਛੱਡ ਦਿੱਤੀ ਜਾਵੇ। ਗੀਤਾ ਵਿਚ ਵੀ ਕਿਹਾ ਗਿਆ ਹੈ ਕਿ ਮਨੁੱਖ ਨੂੰ ਕਰਮ ਜ਼ਰੂਰ ਕਰਨਾ ਚਾਹੀਦਾ ਹੈ। ਮੁਅੱਤਲੀ ਰੂਪੀ ਫ਼ਲ ਅਫ਼ਸਰ ਦੇ ਹੱਥ ਵਿਚ ਹੈ। ਹਾਂ, ਇਹ ਜ਼ਰੂਰ ਹੈ ਕਿ ਜਿਨ੍ਹਾਂ ਲੋਕਾਂ ਦੀ ਆਪਣੇ ਅਫ਼ਸਰ ਨਾਲ ਚੰਗੀ ਟਿਊਨਿੰਗ ਹੁੰਦੀ ਹੈ, ਉਨ੍ਹਾਂ ਨੂੰ ਬਿਨਾਂ ਨੰਬਰ ਦੇ ਵੀ ਮੁਅੱਤਲੀ ਦਾ ਸੁੱਖ ਅਣਕਿਆਸੇ ਰੂਪ ਵਿਚ ਮਿਲਦਾ ਰਹਿੰਦਾ ਹੈ। ਅਰਥਾਤ ਮੁਅੱਤਲ ਹੋਣ ਲਈ ਅਫ਼ਸਰ ਦੀ ਗੁੱਡ ਬੁੱਕ ਵਿਚ ਰਹਿਣਾ ਜ਼ਰੂਰੀ ਹੈ। ਮੁਅੱਤਲ ਮੁਲਾਜ਼ਮ ਦੀ ਰੋਜ਼ਾਨਾ ਜੀਵਨ-ਸ਼ੈਲੀ ਵੀ ਕੁਝ ਅਲੱਗ ਹੋ ਜਾਂਦੀ ਹੈ।

ਪਹਿਲਾਂ ਤਾਂ 10 ਵਜੇ ਦਫ਼ਤਰ ਪੁੱਜਣ ਦੀ ਕਾਹਲ ਹੁੰਦੀ ਸੀ ਪਰ ਮੁਅੱਤਲ ਹੋਣ 'ਤੇ ਬੜਾ ਸਕੂਨ ਮਿਲਦਾ ਹੈ। ਜਦ ਬਾਕੀ ਦੁਨੀਆ ਮਸ਼ੀਨ ਬਣੀ ਦਫ਼ਤਰ ਲਈ ਭੱਜ ਰਹੀ ਹੁੰਦੀ ਹੈ ਤਾਂ ਮੁਅੱਤਲ ਮੁਲਾਜ਼ਮ ਚੈਨ ਨਾਲ ਅਖ਼ਬਾਰ ਪੜ੍ਹ ਰਿਹਾ ਹੁੰਦਾ ਹੈ ਅਤੇ ਮੁੱਛਾਂ ਨੂੰ ਤਾਅ ਦੇ ਕੇ ਮਨ ਹੀ ਮਨ ਕਹਿੰਦਾ ਹੈ, "ਨੌਕਰੀ ਕਰੋਗੇ ਤਾਂ ਇੰਜ ਹੀ ਕੋਹਲੂ ਦੇ ਬੈਲ ਬਣੇ ਰਹੋਗੇ।"

ਮੁਅੱਤਲ ਮੁਲਾਜ਼ਮ ਦੀ ਪਤਨੀ ਵੀ ਆਮ ਤੌਰ 'ਤੇ ਖ਼ੁਸ਼ ਰਹਿੰਦੀ ਹੈ ਕਿਉਂਕਿ ਪਤੀ ਦੇਵ ਘਰ ਦੇ ਕੰਮਾਂ ਵਿਚ ਉਸ ਦੀ ਮਦਦ ਕਰਦਾ ਹੈ। ਇਸ ਅਰਸੇ ਵਿਚ ਘਰ ਦੇ ਨੌਕਰਾਂ ਨੂੰ ਛੁੱਟੀ ਦੇ ਦਿੱਤੀ ਜਾਂਦੀ ਹੈ। ਬੱਚਿਆਂ ਨੂੰ ਪੜ੍ਹਾਉਣ ਲਈ ਕਾਫ਼ੀ ਸਮਾਂ ਹੁੰਦਾ ਹੈ, ਨਤੀਜਾ ਇਹ ਕਿ ਟਿਊਟਰ ਦੀ ਵੀ ਛੁੱਟੀ ਹੋ ਜਾਂਦੀ ਹੈ। ਇਸ ਤਰ੍ਹਾਂ ਮੁਅੱਤਲੀ ਦੇ ਅਰਸੇ ਵਿਚ ਚੰਗੀ-ਖ਼ਾਸੀ ਆਰਥਿਕ ਬੱਚਤ ਵੀ ਹੋ ਜਾਂਦੀ ਹੈ।

ਜੋ ਲੋਕ ਪਹਿਲਾਂ ਮੁਲਾਕਾਤ ਨਾ ਹੋਣ ਦਾ ਉਲਾਂਭਾ ਦਿੰਦੇ ਸਨ, ਉਨ੍ਹਾਂ ਦੀ ਸ਼ਿਕਾਇਤ ਇਸ ਹੱਦ ਤਕ ਦੂਰ ਹੋ ਜਾਂਦੀ ਹੈ ਕਿ ਉਹ ਰੱਬ ਨੂੰ ਮਨਾਉਣ ਲੱਗਦੇ ਹਨ, "ਹੇ ਈਸ਼ਵਰ! ਹੁਣ ਤਾਂ ਇਸ ਨੂੰ ਬਹਾਲ ਕਰਵਾ ਦੇ।" ਕੁੱਲ ਮਿਲਾ ਕੇ ਮੁਅੱਤਲ ਹੋਣਾ ਨਾ ਸਿਰਫ਼ ਹਰ ਪਹਿਲੂ ਤੋਂ ਫ਼ਾਇਦੇਮੰਦ ਹੈ ਬਲਕਿ ਜੀਵਨ ਦੀ ਇਕ ਮਹੱਤਵਪੂਰਨ ਪ੍ਰਾਪਤੀ ਵੀ ਹੈ।

ਇਸ ਲਈ ਹੇ ਕਰਮਚਾਰੀਓ! ਆਪਣੀ ਨੌਕਰੀ ਵਿਚ ਮਿਲੇ ਮੁਅੱਤਲੀ ਰੂਪੀ ਵਿਸ਼ੇਸ਼ ਅਧਿਕਾਰ ਨੂੰ ਪਛਾਣੋ ਅਤੇ ਉਸ ਨੂੰ ਹਾਸਲ ਕਰੋ। ਇਸ ਤੋਂ ਬਿਨਾਂ ਤੁਸੀਂ ਨੌਕਰੀ ਦਾ ਅਸਲੀ ਸੁੱਖ ਹਾਸਲ ਕਰਨ ਤੋਂ ਵਿਰਵੇ ਰਹਿ ਜਾਓਗੇ ਤੇ ਖ਼ੁਦ ਨੂੰ ਕੋਸਦੇ ਰਹੋਗੇ ਕਿ ਮੈਂ ਮੁਅੱਤਲੀ ਦਾ ਸੁੱਖ ਕਿਉਂ ਨਹੀਂ ਭੋਗ ਸਕਿਆ।

ਕਮਲ ਕਿਸ਼ੋਰ ਸਕਸੈਨਾ

# ਪੰਜਾਬੀ ਗਾਇਕੀ ਦੇ ਇਤਿਹਾਸ ਦਾ ਇੱਕ ਕੌੜਾ ਪੰਨਾ

ਜ਼ਿੰਦਗੀ ਦੇ ਪਿਛਲੇ ਪੜਾਅ ਤੇ ਗੁਰਬਤ ਭਰੀ ਜ਼ਿੰਦਗੀ ਜਿਉਣ ਲਈ ਕਿਉਂ ਮਜਬੂਰ ਹੋ ਜਾਂਦੇ ਨੇ ਬਹੁਤੇ ਪੰਜਾਬੀ ਗਾਇਕ ਕਦੇ ਕਾਰਾਂ , ਕੋਠੀਆਂ ਦਾ ਮਾਲਕ ਗਾਇਕ ਮਨਜੀਤ ਰਾਹੀ ਹੁਣ ਇੱਕ ਕਮਰੇ ਦਾ ਹੋ ਕੇ ਰਹਿ ਗਿਆ - ਲੰਘੇ ਸਮੇਂ ਪੰਜਾਬ ਅੰਦਰ ਅੱਸੀ ਵੇਂ ਦਹਾਕੇ ਤੋਂ ਲੈ ਕੇ ਲਗਪਗ 20 ਸਾਲ ਦਾ ਸੰਗੀਤਕ ਸਮਾਂ ਪੰਜਾਬੀ ਗਾਇਕੀ ਦੀ ਉਸ ਜੋੜੀ ਦੇ ਨਾਮ ਰਿਹਾ ਜਿਸ ਦੀ ਹਾਜ਼ਰੀ ਤੋਂ ਬਿਨਾਂ ਵਿਆਹ ਵੀ ਅਧੂਰੇ ਮੰਨੇ ਜਾਂਦੇ ਸਨ । ਪੰਜਾਬ ਦੀ ਪ੍ਰਸਿੱਧ ਅਤੇ ਮੰਨੀ ਪ੍ਰਮੰਨੀ ਦੋਗਾਣਾ ਜੋੜੀ ਮਨਜੀਤ ਰਾਹੀ ਤੇ ਬੀਬਾ ਦਲਜੀਤ ਕੌਰ ਜਿਸ ਨੇ 2 ਦਹਾਕੇ ਆਪਣੇ ਚਾਹੁਣ ਵਾਲਿਆਂ ਦੇ ਦਿਲਾਂ ਤੇ ਰਾਜ ਕੀਤਾ । ਇਸ ਦੋਗਾਣਾ ਜੋੜੀ ਦੀ ਆਵਾਜ਼ 'ਚ ਰਿਕਾਰਡ ਹੋਏ ਗੀਤ 'ਕੈਂਠੇ ਵਾਲਾ ਬਾਈ ਤੇਰਾ ਕੀ ਲੱਗਦਾ' ਨੇ ਪੰਜਾਬੀ ਸੰਗੀਤ ਇੰਡਸਟਰੀ ਵਿੱਚ ਤਰਥੱਲੀ ਮਚਾ ਦਿੱਤੀ ਸੀ । ਇਸ ਤੋਂ ਇਲਾਵਾ 'ਜੰਨ ਸੋਫੀਆਂ ਦੀ ਹੋਵੇ' ਅਤੇ 'ਜੇਠ ਨੂੰ ਵੀਰ ਜੀ ਕਹਿਣਾ' ਤੋਂ ਇਲਾਵਾ 'ਜੇ ਇਸ ਜਨਮ ਵਿੱਚ ਵੀ ਨਾ ਮਿਲਿਆ' ਆਦਿ ਗੀਤ ਸਨ ਜੋ ਇਸ ਜੋੜੀ ਦੀ ਆਵਾਜ 'ਚ ਰਿਕਾਰਡ ਹੋ ਕੇ ਲੋਕ ਚੇਤਿਆਂ ਦਾ ਸ਼ਿੰਗਾਰ ਬਣੇ ਸਨ । ਇਸ ਜੋੜੀ ਨੇ ਜਿੱਥੇ ਲੰਮਾ ਸਮਾਂ ਪੰਜਾਬੀ ਸੰਗੀਤ ਇੰਡਸਟਰੀ ਵਿੱਚ ਆਪਣੀ ਧਾਂਕ ਜਮਾਈ ਰੱਖੀ ਉੱਥੇ ਹੀ ਬਹੁਤੇ ਲੋਕ ਉਨ੍ਹਾਂ ਭਲੇ ਵੇਲਿਆਂ ਵਿੱਚ ਅਜਿਹੇ ਵੀ ਸਨ ਜੋ ਇਸ ਜੋੜੀ ਤੋਂ ਪ੍ਰੋਗਰਾਮ ਦੀ ਤਰੀਕ ਲੈਣ ਤੋਂ ਬਾਅਦ ਆਪਣੇ ਪ੍ਰੋਗਰਾਮ ਉਲੀਕਦੇ ਸਨ । ਇਹ ਸਮਾਂ ਕਿਸੇ ਵੀ ਕਲਾਕਾਰ ਲਈ ਸੰਜੀਵਨੀ ਬੂਟੀ ਤੋਂ ਘੱਟ ਨਹੀਂ ਹੁੰਦਾ ।



ਮੈਂ ਆਪਣੀ ਜ਼ਿੰਦਗੀ ਦੇ ਬਤੌਰ ਲੇਖਕ ਲਗਪਗ ਬਾਈ ਵਰ੍ਹੇ ਕਲਾਕਾਰਾਂ ਬਾਰੇ ਖੁੱਲ੍ਹ ਕੇ ਲਿਖਿਆ । ਉਸੇ ਦੌਰਾਨ ਮੈਂ ਵੇਖਿਆ ਕਿ ਮਨਜੀਤ ਰਾਹੀ ਅਤੇ ਦਲਜੀਤ ਕੌਰ ਦਾ ਪੰਜਾਬੀ ਗਾਇਕੀ ਦੇ ਖੇਤਰ ਅੰਦਰ ਇੱਕ ਵੱਖਰਾ ਤੇ ਅਹਿਮ ਸਥਾਨ ਸੀ । ਪਰ ਕੁਦਰਤੀ ਤੌਰ ਤੇ ਪਰਿਵਾਰ ਵਿਚ ਆਈਆਂ ਤਰੇੜਾਂ ਸਦਕਾ ਇਹ ਮਸ਼ਹੂਰ ਜੋੜੀ ਅੱਜ ਤੋਂ ਕਈ ਵਰ੍ਹੇ ਪਹਿਲਾਂ ਇੱਕ ਦੂਜੇ ਤੋਂ ਅਲੱਗ ਹੋ ਗਈ । ਖ਼ੈਰ ਇਹ ਉਨ੍ਹਾਂ ਦਾ ਪਰਿਵਾਰਕ ਮਸਲਾ ਸੀ ਪਰ ਪੰਜਾਬੀ ਗਾਇਕੀ ਦਾ ਇਤਿਹਾਸ ਇਹੀ ਰਿਹੈ ਕਿ ਬਹੁਤੇ ਕਲਾਕਾਰ ਆਪਣੀ ਉਮਰ ਦੇ ਪਿਛਲੇ ਪੜਾਅ ਵਿੱਚ ਆ ਕੇ ਗੁਰਬਤ ਭਰੀ ਜੰਦਿਗੀ ਜਿਊਣ ਲਈ ਮਜਬੂਰ ਕਿਉਂ ਹੁੰਦੇ ਨੇ । ਅਸੀਂ ਸਤੀਸ਼ ਕੌਲ ਦਾ ਹਾਲ ਵੀ ਵੇਖਿਆ ਅਤੇ ਹਾਕਮ ਸੂਫ਼ੀ ਦੇ ਨਾਲ ਹੀ ਉਸ ਦੇ ਭਰਾ ਨਛੱਤਰ ਸੂਫੀ ਨੇ ਵੀ ਜੰਦਿਗੀ ਦੀਆਂ ਸੱਧਰਾਂ ਨੂੰ ਅਧੂਰੀਆਂ ਰੱਖ ਕੇ ਗਰੀਬੀ ਦਾਅਵੇ ਵਿੱਚ ਦਮ ਤੋੜਿਆ ਸੀ । ਹੁਣ ਮਨਜੀਤ ਰਾਹੀ ਵੀ ਸਮੇਂ ਤੋਂ ਪਹਿਲਾਂ ਬਜੁਰਗ ਹੋ ਕੇ ਅਮਲੋਹ ਸ਼ਹਿਰ ਲਾਗਲੇ ਪਿੰਡ ਮਾਜਰੀ ਅੰਦਰ ਇਕ ਕਮਰੇ ਵਿਚ ਆਪਣੀ ਜੰਦਿਗੀ ਦੀ ਦਿਨ-ਕਟੀ ਕਰਦਾ ਵਿਖਾਈ ਦਿੰਦਾ ਹੈ ।

ਗੱਲ ਸਾਇਦ ਅਠਾਈ , ਤੀਹ ਕੁ ਵਰ੍ਹੇ ਪੁਰਾਣੀ ਹੋਵੇਗੀ ਜਦੋਂ ਮਨਜੀਤ ਰਾਹੀ ਤੇ ਦਲਜੀਤ ਕੌਰ ਦੀ ਜੋੜੀ ਨੇ ਮੇਰੇ ਪਿੰਡ ਸਰੌਦ ਵਿਖੇ ਆ ਕੇ ਗੀਤਾਂ ਦਾ ਚੰਗਾ ਰੰਗ ਬੰਨ੍ਹਿਆ ਸੀ ਉਦੋਂ ਇਹ ਜੋੜੀ ਲਾਲ ਰੰਗ ਦੀ ਅਸਟੀਮ ਕਾਰ ਵਿੱਚ ਪਹੁੰਚੀ ਸੀ । ਇਸ ਦੋਗਾਣਾ ਜੋੜੀ ਦੇ ਨਾਲ ਪਿੰਡ ਮੰਨਵੀ ਦੇ ਖੇਡ ਮੇਲੇ ਤੇ ਵਾਪਰੀ ਘਟਨਾ ਅੱਜ ਵੀ ਮੇਰੇ ਜ਼ਿਹਨ ਤੇ ਤੈਰਨ ਲੱਗਦੀ ਹੈ । ਜਦ ਮੈਂ ਆਪ ਖੁਦ ਚਾਚੇ ਦੇ ਲੜਕੇ ਗੁਰਜੰਟ ਸਿੰਘ ਜੰਟੇ ਅਤੇ ਨਾਰੰਗ ਹੋਰਾਂ ਦੇ ਨਾਲ ਸਾਈਕਲ ਤੇ ਜਾ ਕੇ ਇਸ ਦੋਗਾਣਾ ਜੋੜੀ ਦਾ ਪ੍ਰੋਗਰਾਮ ਸੁਣਿਆ ਸੀ । ਖੈਰ ਸਮਾਂ ਕਦੋਂ ਕਿਸੇ ਤੇ ਭਾਰੀ ਪੈ ਜਾਵੇ ਕੁਝ ਨਹੀਂ ਕਿਹਾ ਜਾ ਸਕਦਾ । ਬਹੁਤ ਸਾਰੇ ਪੰਜਾਬੀ ਕਲਾਕਾਰਾਂ ਨੂੰ ਸਮੇਂ ਦੀ ਚਕਾਚੌਂਧ ਨੇ ਅਜਿਹਾ ਲਪੇਟਾ ਮਾਰਿਆ ਕਿ ਉਹ ਮੁੜ ਸੰਭਲ ਨਾ ਸਕੇ । ਬਹੁਤੇ ਲੋਕ ਵਿਆਹ ਸ਼ਾਦੀਆਂ ਜਾਂ ਕਬੱਡੀ ਦੇ ਖੇਡ ਟੂਰਨਾਮੈਂਟਾਂ ਸਮੇਂ ਸਾਈਕਲ ਤੇ ਇਨ੍ਹਾਂ ਕਲਾਕਾਰਾਂ ਦੇ ਅਖਾੜਿਆਂ ਨੂੰ ਸੁਣਨ ਜਾਂਦੇ ਹੁੰਦੇ ਸੀ । ਜੇਕਰ ਮਨਜੀਤ ਰਾਹੀ ਨਾਲ ਲੰਬਾ ਸਮਾਂ ਆਪਣੀ ਜ਼ਿੰਦਗੀ ਦਾ ਪੰਧ ਨਿਬੇੜਨ ਵਾਲੀ ਉਸ ਦੀ ਜੀਵਨ ਸਾਥਣ ਦਲਜੀਤ ਕੌਰ ਦੀ ਗੱਲ ਕਰੀਏ ਤਾਂ ਉਸ ਵੱਲੋਂ ਇਕ ਟੀਵੀ ਇੰਟਰਵਿਊ ਦੌਰਾਨ ਕਹੀਆਂ ਗੱਲਾਂ ਦੇ ਅਰਥ ਬਹੁਤ ਵੱਡੇ ਨੇ ਕਿ ਕਿਵੇਂ ਇਹ ਕਲਾਕਾਰ ਲੋਕ ਸ਼ੋਹਰਤ ਮੌਕੇ ਆਪਣਿਆਂ ਨੂੰ ਭੁੱਲ ਜਾਂਦੇ ਨੇ ।

ਮਨਜਿੰਦਰ ਸਿੰਘ
ਸਰੌਦ
(ਮਾਲੇਰਕੋਟਲਾ)
9463463136



ਲੰਘਿਆ ਸਮਾਂ ਮਨਜੀਤ ਰਾਹੀ ਅਤੇ ਦਲਜੀਤ ਕੌਰ ਦੇ ਪਰਿਵਾਰ ਤੇ ਕਾਫੀ ਭਾਰੀ ਰਿਹਾ । ਪਰਿਵਾਰਕ ਗੱਲਾਂ ਬਾਤਾਂ ਤੋਂ ਪਰ੍ਹੇ ਹੋ ਕੇ ਸੋਚੀਏ ਤਾਂ ਇੱਕ ਕਲਾਕਾਰ ਦੇ ਜੀਵਨ ਤੇ ਬੀਤ ਰਹੀ ਇਹ ਭਾਵੀ ਬਹੁਤ ਬੇਹੱਦ ਦੁਖਦਾਇਕ ਹੁੰਦੀ । ਇਹ ਵੀ ਸੱਚ ਹੀ ਹੈ ਕਿ ਇਸ ਦੋਗਾਣਾ ਜੋੜੀ ਦੇ ਗੀਤ ਅਸ਼ਲੀਲਤਾ ਤੋਂ ਦੂਰ ਸਨ ।

ਸਿਆਣੇ ਆਖਦੇ ਨੇ ਕਿ ਹਰ ਇਨਸਾਨ ਨੂੰ ਜਦੋਂ ਉਸ ਦੇ ਸਿਰ ਤੇ ਮਾਲਕ ਦਾ ਹੱਥ ਹੋਵੇ ਅਤੇ ਉਸ ਦੀ ਤੂਤੀ ਬੋਲ ਰਹੀ ਹੋਵੇ ਤਾਂ ਆਪਣਿਆਂ ਨੂੰ ਭੁੱਲਣਾ ਨਹੀਂ ਚਾਹੀਦਾ । ਅਸੀਂ ਬਹੁਤ ਸਾਰੇ ਕਲਾਕਾਰਾਂ ਦੀਆਂ ਮੁਲਾਕਾਤਾਂ ਕਰੀਆਂ ਅਤੇ ਉਨ੍ਹਾਂ ਦੇ ਪਿਛਲੇ ਸਮੇਂ ਤੇ ਝਾਤੀ ਮਾਰ ਕੇ ਵੇਖਿਆ ਤਾਂ ਜੋ ਕੁੱਝ ਉਨ੍ਹਾਂ ਫਨਕਾਰਾਂ ਦੇ ਹਿੱਸੇ ਆਇਆ ਉਹ ਇੱਕ ਕਲਾਕਾਰ ਦੇ ਲਈ ਚੰਗਾ ਨਹੀਂ ਆਖਿਆ ਜਾਵੇਗਾ । ਕਿਉਂਕਿ ਕਲਾਕਾਰ ਸਮਾਜ ਦਾ ਸ਼ੀਸ਼ਾ ਹੁੰਦੇ ਨੇ ਜੇਕਰ ਸ਼ੀਸ਼ਾ ਹੀ ਧੁੰਦਲਾ ਪੈ ਜਾਵੇ ਤਾਂ ਉਸ ਨੂੰ ਆਦਰਸ਼ ਮੰਨ ਕੇ ਆਪਣਾ ਚਿਹਰਾ ਵੇਖਣ ਵਾਲੇ ਕਿਸ ਤਰ੍ਹਾਂ ਦੇ ਹੋਣਗੇ ਕਹਿਣ ਦੀ ਲੋੜ ਨਹੀਂ । ਖੈਰ ਪੰਜਾਬੀ ਗਾਇਕੀ ਦੇ ਇਤਿਹਾਸ ਦਾ ਇੱਕ ਕੌੜਾ ਸੱਚ ਹੈ । ਇੱਥੇ ਵੱਡੇ-ਵੱਡੇ ਕਲਾਕਾਰਾਂ ਦੇ ਪੈਰ ਸਮੇਂ ਨੇ ਧਰਤੀ ਨਾਲੋਂ ਨਖੇੜ ਦਿੱਤੇ । ਕਹਿੰਦੇ ਨੇ ਕੁਦਰਤ ਜਿਸ ਵੀ ਇਨਸਾਨ ਤੇ ਕਹਿਰਵਾਨ ਹੋ ਕੇ ਬਰਸਦੀ ਹੈ ਤਾਂ ਪਿੱਛੇ ਬਚਦਾ ਵੀ ਕੁਝ ਨਹੀਂ ।

ਕਦੇ ਵੱਡੀਆਂ ਗੱਡੀਆਂ ਅਤੇ ਆਲੀਸ਼ਾਨ ਬੰਗਲਿਆਂ ਦਾ ਮਾਲਕ ਮਨਜੀਤ ਰਾਹੀ ਜਿਸ ਨੇ ਪੂਰੇ ਭਾਰਤ ਤੋਂ ਇਲਾਵਾ ਅਮਰੀਕਾ ਕੈਨੇਡਾ ਵਿੱਚ ਜਾ ਕੇ ਆਪਣੀ ਗਾਇਕੀ ਦਾ ਜਾਦੂ ਬਿਖੇਰਿਆ ਹੋਵੇ ਉਹ ਅੱਜ ਕਿਸ ਕਦਰ ਇੱਕ ਕਮਰੇ ਨੁਮਾ ਘਰ ਨੂੰ ਆਪਣੀ ਜੰਦਿਗੀ ਦਾ ਆਖਰੀ ਪੜਾਅ ਮੰਨ ਕੇ ਵਕਤ ਲੰਘਾ ਰਿਹਾ ਹੈ । ਸੋਚਣਾ ਤਾਂ ਬਣਦੈ ਕਿ ਜਿਸ ਫ਼ਨਕਾਰ ਦੇ ਗੀਤਾਂ ਨੂੰ ਉਸ ਦੇ ਚਾਹੁਣ ਵਾਲਿਆਂ ਨੇ ਕਿਸੇ ਸੱਜਣ ਦੇ ਗਹਿਣੇ ਵਾਂਗਰਾਂ ਦਿਲ ਦੇ ਕੋਨੇ ਅੰਦਰ ਸਾਂਭ ਕੇ ਰੱਖਿਆ ਹੋਵੇ , ਉਸ ਫ਼ਨਕਾਰ ਦੇ ਮੰਦੜੇ ਹਾਲ ਤੇ ਚੀਸ ਤਾਂ ਉੱਠਣੀ ਲਾਜ਼ਮੀ ਹੈ । ਮਨਜੀਤ ਰਾਹੀ ਦੇ ਪੁਰਾਣੇ ਸਗਿਰਦ ਅਤੇ ਗਾਇਕ ਬਲਬੀਰ ਰਾਏ ਨੇ ਭਾਵੁਕ ਹੁੰਦਿਆਂ ਕਿਹਾ ਕਿ ਮਾਲਕ ਮਿਹਰ ਕਰੇ ਅਸੀਂ ਦੁਆ ਕਰਦੇ ਹਾਂ ਕਿ ਮਨਜੀਤ ਰਾਹੀ ਮੁੜ ਤੋਂ ਸਿਹਤਯਾਬ ਹੋ ਕੇ ਪੰਜਾਬੀ ਸੰਗੀਤ ਇੰਡਸਟਰੀ ਦਾ ਸ਼ਿੰਗਾਰ ਬਣੇ ।

# ਵੀਰਤਾ ਦੀ ਅਮਿੱਟ ਇਬਾਰਤ

ਵੀਹਵੀਂ ਸਦੀ ਦੇ ਆਖ਼ਰੀ ਪੰਨੇ 'ਤੇ ਅੱਜ ਤੋਂ 22 ਸਾਲ ਪਹਿਲਾਂ ਭਾਰਤ ਦੇ ਜਾਂਬਾਜ਼ ਵੀਰਾਂ ਨੇ ਕਾਰਗਿਲ ਜ਼ਿਲ੍ਹੇ ਦੀਆਂ ਗਗਨ-ਚੁੰਬੀ ਪਹਾੜੀਆਂ 'ਤੇ ਫ਼ਤਹਿ ਦੀ ਅਜਿਹੀ ਇਬਾਰਤ ਲਿਖ ਦਿੱਤੀ ਜਿਸ ਨੂੰ ਪੜ੍ਹ ਕੇ ਪਾਕਿਸਤਾਨੀ ਹਾਕਮਾਂ ਦੀਆਂ ਅੱਖਾਂ ਵਿਚ ਹਮੇਸ਼ਾ ਸੂਲਾਂ ਚੁਭਦੀਆਂ ਰਹਿਣਗੀਆਂ। ਸੰਨ 1971 ਦੀ ਭਾਰਤ-ਪਾਕਿ ਜੰਗ ਤੋਂ 28 ਸਾਲ ਬਾਅਦ 60 ਦਿਨ ਚੱਲੇ ਕਾਰਗਿਲ ਯੁੱਧ ਨੇ ਪਾਕਿਸਤਾਨੀ ਹਾਕਮਾਂ, ਖ਼ਾਸ ਤੌਰ 'ਤੇ ਫ਼ੌਜੀ ਜਰਨੈਲਾਂ ਨੂੰ ਕੱਖੋਂ ਹੌਲੇ ਕਰ ਦਿੱਤਾ ਸੀ। ਛੱਬੀ ਜੁਲਾਈ 1999 ਨੂੰ ਭਾਵੇਂ ਕਹੱਤਰ ਵਾਂਗ ਦੁਨੀਆ ਦਾ ਨਕਸ਼ਾ ਤਾਂ ਨਹੀਂ ਸੀ ਬਦਲਿਆ ਪਰ ਇਸ ਨੇ ਵਿਸ਼ਵ ਨੂੰ ਇਹ ਸੁਨੇਹਾ ਜ਼ਰੂਰ ਦੇ ਦਿੱਤਾ ਸੀ ਕਿ ਆਪਣੀਆਂ ਸਰਹੱਦਾਂ ਦੀ ਰਖਵਾਲੀ ਲਈ ਸਾਡੇ ਸੈਨਿਕ ਕਿਸੇ ਵੀ ਤਰ੍ਹਾਂ ਦੀ ਕੁਰਬਾਨੀ ਦੇਣ ਲਈ ਤਿਆਰ-ਬਰ-ਤਿਆਰ ਰਹਿੰਦੇ ਹਨ। ਦੇਸ਼ ਦੀ ਵੰਡ ਤੋਂ ਲੈ ਕੇ ਅੱਜ ਤਕ ਪਾਕਿਸਤਾਨ ਦੀ ਨਜ਼ਰ ਕਸ਼ਮੀਰ 'ਤੇ ਰਹੀ ਹੈ। ਪਾਕਿਸਤਾਨ ਦੀਆਂ ਨਾਪਾਕ ਹਰਕਤਾਂ ਨੇ ਧਰਤੀ ਦਾ ਸਵਰਗ ਕਹੇ ਜਾਣ ਵਾਲੀ ਕਸ਼ਮੀਰ ਵਾਦੀ ਨੂੰ ਨਰਕ ਵਿਚ ਬਦਲਣ ਲਈ ਕੋਈ ਕਸਰ ਨਹੀਂ ਛੱਡੀ। ਮਹਿਕਾਂ ਦੇ ਪੱਕੇ ਡੇਰੇ ਵਾਲੀ ਧਰਤ ਨੂੰ ਇਸ ਨੇ ਬਾਰੂਦ ਦਾ ਢੇਰ ਬਣਾ ਦਿੱਤਾ ਹੈ। ਦਰਅਸਲ, ਪਾਕਿਸਤਾਨ 'ਤੇ ਉੱਥੋਂ ਦੀ ਫ਼ੌਜ ਅਤੇ ਬਦਨਾਮ ਖ਼ੁਫ਼ੀਆ ਏਜੰਸੀ ਆਈਐੱਸਆਈ ਦਾ ਸ਼ੁਰੂ ਤੋਂ ਹੀ ਗਲਬਾ ਹੈ ਜਿਸ ਕਾਰਨ ਜਮਹੂਰੀਅਤ ਨੂੰ ਅਕਸਰ ਜਿਬ੍ਹਾ ਹੋਣਾ ਪੈਂਦਾ ਹੈ। ਕਾਰਗਿਲ ਯੁੱਧ ਦੀ ਪਟਕਥਾ ਵੀ ਪਾਕਿਸਤਾਨੀ ਫ਼ੌਜ ਤੇ ਆਈਐੱਸਆਈ ਦੇ ਜਰਨੈਲਾਂ ਨੇ ਮਿਲ ਕੇ ਲਿਖੀ ਸੀ ਜਿਸ ਦੀ ਭਿਣਕ ਤਤਕਾਲੀ ਪ੍ਰਧਾਨ ਮੰਤਰੀ ਨਵਾਜ਼ ਸ਼ਰੀਫ਼ ਨੂੰ ਨਹੀਂ ਪੈਣ ਦਿੱਤੀ ਗਈ। ਨਵਾਜ਼ ਸ਼ਰੀਫ਼ 19 ਫਰਵਰੀ 1999 ਨੂੰ ਵਾਹਗਾ 'ਤੇ ਗੁਲਦਸਤਾ ਲੈ ਕੇ ਆਪਣੇ ਭਾਰਤੀ ਹਮਰੁਤਬਾ ਅਟਲ ਬਿਹਾਰੀ ਵਾਜਪਾਈ ਦਾ ਬੇਤਾਬੀ ਨਾਲ ਇੰਤਜ਼ਾਰ ਕਰ ਰਹੇ ਸਨ ਜੋ 'ਸਦਾ-ਏ-ਸਰਹੱਦ' (ਦਿੱਲੀ-ਲਾਹੌਰ) ਪਲੇਠੀ ਬੱਸ ਰਾਹੀਂ ਸਰਹੱਦ ਪਾਰ ਕਰਨ ਵਾਲੇ ਸਨ। ਸਰਹੱਦ ਦੇ ਦੋਵੇਂ ਪਾਸੇ ਲਾਲ ਗਲੀਚੇ ਵਿਛੇ ਹੋਏ ਸਨ ਤੇ ਫੁੱਲ-ਪੱਤੀਆਂ ਦੀ ਵਰਖਾ ਹੋ ਰਹੀ ਸੀ। ਦੋਨਾ ਦੇਸ਼ਾਂ ਦੇ ਅਵਾਮ ਦਾ ਚਾਅ ਸੰਭਾਲਿਆ ਨਹੀਂ ਸੀ ਜਾ ਰਿਹਾ। ਸਰਹੱਦ ਦੇ ਆਰ-ਪਾਰ ਢੋਲ ਦੇ ਡਗੇ 'ਤੇ ਭੰਗੜੇ ਪੈ ਰਹੇ ਸਨ। ਦੂਜੇ ਪਾਸੇ ਪਾਕਿਸਤਾਨੀ ਫ਼ੌਜ ਤੇ ਖ਼ੁਫ਼ੀਆਤੰਤਰ ਕਸ਼ਮੀਰ ਦੇ ਕਾਰਗਿਲ ਜ਼ਿਲ੍ਹੇ ਦੀਆਂ ਟੀਸੀਆਂ 'ਤੇ ਕਬਜ਼ਾ ਕਰਨ ਲਈ ਹਥਿਆਰਬੰਦ ਘੁਸਪੈਠੀਏ ਤੇ ਸੈਨਿਕ ਭੇਜ ਰਿਹਾ ਸੀ। ਇਹ ਪਿੱਠ ਵਿਚ ਛੁਰਾ ਖੋਭਣ ਵਾਲੀ ਹਿਮਾਕਤ ਸੀ ਜਿਸ ਬਾਰੇ ਪਾਕਿਸਤਾਨ ਦੇ ਵਜ਼ੀਰ-ਏ-ਆਜ਼ਮ ਨੂੰ ਵੀ ਵਿਸ਼ਵਾਸ ਵਿਚ ਨਹੀਂ ਸੀ ਲਿਆ ਗਿਆ। ਇਸ ਹਰਕਤ ਨੇ ਵਿਸ਼ਵਾਸਘਾਤ ਹੀ ਨਹੀਂ ਕੀਤਾ ਬਲਕਿ ਪਾਕਿਸਤਾਨ ਦੀ ਫ਼ੌਜ ਦਾ ਕਰੂਰ ਚਿਹਰਾ ਦੁਨੀਆ ਅੱਗੇ ਰੱਖ ਦਿੱਤਾ। ਮਈ ਤਕ ਪਾਕਿਸਤਾਨ ਨੇ ਕਾਰਗਿਲ ਦੇ ਪਹਾੜਾਂ 'ਤੇ ਕਬਜ਼ਾ ਕਰ ਲਿਆ ਸੀ। ਸ਼ੁਰੂ ਵਿਚ ਕਾਰਗਿਲ ਦੀਆਂ ਕੁਝ ਕੁ ਪਹਾੜੀਆਂ 'ਤੇ ਕਬਜ਼ਾ ਕਰ ਕੇ ਸ੍ਰੀਨਗਰ-ਲੇਹ ਹਾਈਵੇਅ ਨੂੰ ਬਲਾਕ ਕਰਨ ਦੀ ਯੋਜਨਾ ਸੀ। ਇਹ ਇਕਮਾਤਰ ਹਾਈਵੇਅ ਹੈ ਜਿਸ ਰਾਹੀਂ ਭਾਰਤੀ ਫ਼ੌਜ ਨੂੰ ਹਥਿਆਰਾਂ/ਰਾਸ਼ਨ ਆਦਿ ਦੀ ਸਪਲਾਈ ਹੁੰਦੀ ਹੈ। ਸਤਾਰਾਂ-ਅਠਾਰਾਂ ਹਜ਼ਾਰ ਫੁੱਟ ਉੱਚੀਆਂ ਇਨ੍ਹਾਂ ਪਹਾੜੀਆਂ 'ਤੇ ਸਰਦੀ ਦੇ ਮੌਸਮ ਵਿਚ ਬਰਫ਼ ਜੰਮ ਜਾਂਦੀ ਹੈ ਜਿਸ ਕਾਰਨ ਦੋਨਾਂ ਦੇਸ਼ਾਂ ਦੇ ਸੈਨਿਕ ਆਪੋ-ਆਪਣੀਆਂ ਬੈਰਕਾਂ ਨੂੰ ਛੱਡ ਕੇ ਮੈਦਾਨਾਂ ਵਿਚ ਚਲੇ ਜਾਂਦੇ ਹਨ। ਜਦੋਂ ਪਾਕਿਸਤਾਨ ਦੇ ਘੁਸਪੈਠੀਆਂ ਨੂੰ ਪਤਾ ਲੱਗਾ ਕਿ ਕਾਰਗਿਲ ਜ਼ਿਲ੍ਹੇ ਦੀਆਂ ਇਨ੍ਹਾਂ ਪਹਾੜੀਆਂ 'ਤੇ ਭਾਰਤ ਦੀ ਫ਼ੌਜ ਦੂਰ-ਦੂਰ ਤਕ ਵੀ ਦਿਖਾਈ ਨਹੀਂ ਦਿੰਦੀ ਤਾਂ ਇਸ ਨੇ ਘੁਸਪੈਠੀਆਂ ਦੇ ਹੌਸਲੇ ਬੁਲੰਦ ਕਰ ਦਿੱਤੇ। ਉਨ੍ਹਾਂ ਨੇ ਬੜੀ ਤੇਜ਼ੀ ਨਾਲ ਭਾਰਤੀ ਫ਼ੌਜ ਦੇ ਜਵਾਨਾਂ ਵੱਲੋਂ ਤਿਆਗੀਆਂ ਬੈਰਕਾਂ 'ਤੇ ਕਬਜ਼ਾ ਕਰ ਲਿਆ। ਭਲਾ ਹੋਵੇ ਅੱਧਖੜ ਉਮਰ ਦੇ ਤਾਸ਼ੀ ਨਾਂ ਦੇ ਚਰਵਾਹੇ ਦਾ ਜਿਸ ਨੇ ਪਾਕਿਸਤਾਨ ਵੱਲੋਂ ਆਏ ਘੁਸਪੈਠੀਆਂ ਦੀ ਖ਼ਬਰ ਨਸ਼ਰ ਕੀਤੀ। ਤਾਸ਼ੀ ਆਪਣੇ ਗੁਆਚੇ ਯਾਕ ਦੀ ਤਲਾਸ਼ ਵਿਚ ਪਹਾੜ ਦੀ ਚੋਟੀ 'ਤੇ ਪੁੱਜ ਗਿਆ ਤਾਂ ਉਸ ਦੇ ਨਜ਼ਰੀਂ ਘੁਸਪੈਠੀਏ ਚੜ੍ਹ ਗਏ। ਆਪਣੇ ਯਾਕ ਨੂੰ ਲੱਭਣ ਦਾ ਖ਼ਿਆਲ ਛੱਡ ਕੇ ਉਸ ਨੇ ਪਹਾੜਾਂ ਦੇ ਪੈਰਾਂ ਵਿਚ ਬਣੀ ਫ਼ੌਜੀ ਪੋਸਟ ਵਿਖੇ ਜਾ ਕੇ ਘੁਸਪੈਠ ਬਾਰੇ ਖ਼ਬਰਦਾਰ ਕੀਤਾ। ਸ਼ੁਰੂ ਵਿਚ ਤਾਂ ਭਾਰਤੀ ਫ਼ੌਜੀਆਂ ਨੂੰ ਯਕੀਨ ਨਾ ਆਇਆ ਪਰ ਫਿਰ ਵੀ ਉਹ ਪਹਾੜ ਦਾ ਰਸਤਾ ਨਾਪਣ ਲੱਗੇ। ਦੁਵੱਲੀ ਫਾਇਰਿੰਗ ਨੇ ਪਹਾੜਾਂ ਨੂੰ ਖ਼ੂਨ ਨਾਲ ਰੰਗਣਾ ਸ਼ੁਰੂ ਕਰ ਦਿੱਤਾ। ਪਹਾੜਾਂ ਦਾ ਸਿਖਰ ਮੱਲੀ ਬੈਠਿਆਂ ਨੂੰ ਖਦੇੜਨਾ ਆਪਣੇ-ਆਪ ਵਿਚ ਬੇਹੱਦ ਵੱਡੀ ਚੁਣੌਤੀ ਸੀ। ਪਹਾੜ ਦੀ ਟੀਸੀ ਤੋਂ ਕੀਤੀ ਜਾਂਦੀ ਪੱਥਰਬਾਜ਼ੀ ਵੀ ਮੈਦਾਨ ਤੋਂ ਕੀਤੀ ਜਾ ਰਹੀ ਗੋਲ਼ੀਬਾਰੀ 'ਤੇ ਭਾਰੂ ਪੈ ਰਹੀ ਸੀ। ਵਿਡੰਬਣਾ ਇਹ ਹੈ ਕਿ ਪਾਕਿਸਤਾਨ ਦੇ ਤਤਕਾਲੀ ਵਜ਼ੀਰ-ਏ-ਆਜ਼ਮ ਨਵਾਜ਼ ਸ਼ਰੀਫ਼ ਨੂੰ ਕਾਰਗਿਲ ਦੀਆਂ ਪਹਾੜੀਆਂ 'ਤੇ ਕਬਜ਼ਾ ਕਰਨ ਦੇ ਮਨਸੂਬੇ ਬਾਰੇ 17 ਮਈ ਨੂੰ ਦੱਸਿਆ ਗਿਆ ਸੀ। ਖੁਰਾਫ਼ਾਤੀ ਪਾਕਿਸਤਾਨੀ ਜਰਨੈਲ ਉਸ ਨੂੰ ਜਚਾ ਰਹੇ ਸਨ ਕਿ ਪਾਕਿਸਤਾਨ ਦੇ ਬਾਨੀ ਕਾਇਦੇ ਆਜ਼ਮ ਮੁਹੰਮਦ ਅਲੀ ਜਿਨਾਹ ਤੋਂ ਬਾਅਦ ਤਵਾਰੀਖ਼ ਵਿਚ ਉਨ੍ਹਾਂ (ਨਵਾਜ਼ ਸ਼ਰੀਫ਼) ਦਾ ਨਾਮ ਦਰਜ ਹੋਵੇਗਾ। ਉਨ੍ਹਾਂ ਦਾ ਤਰਕ ਸੀ ਕਿ ਕਾਰਗਿਲ ਦੀਆਂ ਪਹਾੜੀਆਂ 'ਤੇ ਕਾਬਿਜ਼ ਹੋਣ ਤੋਂ ਬਾਅਦ ਭਾਰਤੀ ਫ਼ੌਜ ਨੂੰ ਸਪਲਾਈ ਬੰਦ ਹੋ ਜਾਵੇਗੀ ਤੇ ਭਾਰਤ ਨੂੰ ਕਸ਼ਮੀਰ ਮਸਲਾ ਹੱਲ ਕਰਨ ਲਈ ਮਜਬੂਰ ਹੋਣਾ ਪਵੇਗਾ। ਸਵੀਡਨ ਦੀਆਂ ਬਣੀਆਂ ਬੋਫ਼ਰਜ਼ ਤੋਪਾਂ ਨੇ ਕਾਰਗਿਲ ਯੁੱਧ ਦਾ ਰੁਖ਼ ਹੀ ਮੋੜ ਦਿੱਤਾ ਸੀ। ਬੋਫ਼ਰਜ਼ ਤੋਪਾਂ ਪਹਾੜਾਂ ਦੇ ਤੂੰਬੇ ਉਡਾਉਣ ਲੱਗੀਆਂ ਤਾਂ ਘੁਸਪੈਠੀਆਂ ਦੇ ਪੈਰ ਉੱਖੜ ਗਏ। ਇਹ ਉਹੀ ਤੋਪਾਂ ਸਨ ਜਿਨ੍ਹਾਂ ਕਾਰਨ ਅੱਸੀਵਿਆਂ ਤੇ ਨੱਬੇਵਿਆਂ ਵਿਚ ਸਿਆਸੀ ਤੂਫ਼ਾਨ ਉੱਠਿਆ ਸੀ। ਉਸ ਵੇਲੇ ਇਨ੍ਹਾਂ ਤੋਪਾਂ ਦਾ ਮੂੰਹ ਦੇਸ਼ ਦੇ ਸੱਤਾਧਾਰੀ ਸਿਆਸਤਦਾਨਾਂ ਵੱਲ ਸੀ। ਇਨ੍ਹਾਂ ਤੋਪਾਂ ਦਾ ਮੂੰਹ ਜਦੋਂ ਕਾਰਗਿਲ ਦੀਆਂ ਪਹਾੜੀਆਂ ਵੱਲ ਹੋਇਆ ਤਾਂ ਇਨ੍ਹਾਂ ਨੇ ਦੁਸ਼ਮਣ ਦੇ ਛੱਕੇ ਛੁਡਾ ਦਿੱਤੇ। ਹੱਡ-ਚੀਰਵੀਂ ਠੰਢ ਵਿਚ ਤੋਪਾਂ ਦੇ ਗੋਲ਼ਿਆਂ ਨੇ ਅੱਗ ਵਰ੍ਹਾ ਦਿੱਤੀ। ਪਹਾੜਾਂ 'ਤੇ ਚੜ੍ਹਨਾ ਮੁਹਾਲ ਹੁੰਦਾ ਹੈ ਪਰ ਦੁਸ਼ਮਣਾਂ ਲਈ ਉੱਥੋਂ ਉਤਰਨਾ ਹੋਰ ਵੀ ਮੁਸ਼ਕਲ ਹੋ ਗਿਆ। ਕਾਰਗਿਲ ਦੇ ਪਹਾੜ ਅਣਗਿਣਤ ਘੁਸਪੈਠੀਆਂ ਲਈ ਕਬਰਿਸਤਾਨ ਬਣ ਗਏ। ਭਾਰਤੀ ਹਵਾਈ ਸੈਨਾ ਨੇ ਕਾਰਗਿਲ ਯੁੱਧ ਲਈ ਕੋਡ "ਆਪ੍ਰੇਸ਼ਨ ਸਫ਼ੇਦ ਸਾਗਰ" ਰੱਖਿਆ ਸੀ। ਪੈਦਲ ਫ਼ੌਜ ਅਤੇ ਹਵਾਈ ਸੈਨਾ ਨੇ 1971 ਦੀ ਭਾਰਤ-ਪਾਕਿਸਤਾਨ ਜੰਗ ਦੀ ਯਾਦ ਤਾਜ਼ਾ ਕਰਵਾ ਦਿੱਤੀ ਜਿਨ੍ਹਾਂ ਦੇ ਤਾਲਮੇਲ ਸਦਕਾ ਬੰਗਲਾਦੇਸ਼ ਨਾਮ ਦਾ ਨਵਾਂ ਦੇਸ਼ ਦੁਨੀਆ ਦੇ ਨਕਸ਼ੇ 'ਤੇ ਉੱਭਰਿਆ ਸੀ। ਪਾਕਿ ਨੇ ਜੇ 1971 ਦੀ ਜੰਗ ਤੋਂ ਸਬਕ ਸਿੱਖਿਆ ਹੁੰਦਾ ਤਾਂ 'ਮੇਰਾ ਦਾਗਿਸਤਾਨ' ਦੇ ਲੇਖਕ ਰਸੂਲ ਹਮਜ਼ਾਤੋਵ ਦਾ ਕਥਨ ਯਾਦ ਕਿਵੇਂ ਆਉਂਦਾ ਕਿ 'ਜੇ ਬੀਤੇ 'ਤੇ ਗੋਲ਼ੀ ਚਲਾਓਗੇ ਤਾਂ ਭਵਿੱਖ ਤੁਹਾਨੂੰ ਤੋਪ ਨਾਲ ਫੁੰਡੇਗਾ!



ਵਰਿੰਦਰ ਵਾਲੀਆ

# ਯੂਨਾਨੀ ਵਿਰਾਸਤ ਦਾ ਰੋਲ ਮਾਡਲ ਸਨ, ਪੁਰਾਤਨ ਉਲੰਪਿਕ ਖੇਡਾਂ

ਯੂਨਾਨ (ਗਰੀਕ) ਨੂੰ ਉਲੰਪਿਕ ਖੇਡਾਂ ਦਾ ਜਨਮ ਦਾਤਾ ਹੋਣ ਦਾ ਮਾਣ ਹਾਸਲ ਹੈ.ਇਤਿਹਾਸਕਾਰਾਂ ਵਲੋਂ ਓਲੰਪਿਕ ਖੇਡਾਂ ਦੇ ਇਤਿਹਾਸ ਨੂੰ ਦੋ ਹਿੱਸਿਆਂ ਵਿਚ ਵੰਡਿਆ ਗਿਆ ਹੈ.ਇਤਿਹਾਸ ਦੇ ਇੱਕ ਹਿੱਸੇ ਵਿਚ ਪੁਰਾਤਨ ਓਲੰਪਿਕ ਖੇਡਾਂ ਦਾ ਵਰਣਨ ਹੈ ਅਤੇ ਦੂਸਰੇ ਹਿੱਸੇ ਵਿਚ ਆਧੁਨਿਕ ਖੇਡਾਂ27 ਦਾ.ਆਧੁਨਿਕ ਖੇਡਾਂ ਦੀ ਸੁਰੂਆਤ ਸੰਨ 1896 ਵਿਚ ਪੁਰਾਣੀਆਂ ਖੇਡਾਂ ਦੇ ਬੇ-ਹਦ ਰੌਚਿਕ ਇਤਿਹਾਸ ਤੋਂ ਪ੍ਰਭਾਵਿਤ ਹੋ ਕੇ ਕੀਤੀ ਗਈ ਹੈ,ਜਿਸ ਕਰਕੇ ਪੂਰੇ ਵਿਸਵ ਦੇ ਖਿਡਾਰੀਆਂ ਅਤੇ ਖੇਡ ਪ੍ਰੇਮੀਆਂ ਦੀਆਂ ਨਜਰਾਂ ਵਿਚ ਪੁਰਾਤਨ ਓਲੰਪਿਕ ਖੇਡਾਂ ਦਾ ਖਾਸ ਮਹਤਵ ਹੈ.ਇਹ ਤਾਂ ਅਸੀਂ ਜਾਣਦੇ ਹੀ ਹਾਂ ਕਿ ਹਜਾਰਾਂ ਸਾਲ ਪਹਿਲਾਂ ਵਿਸਵ ਦਾ ਸਕਤੀਸਾਲੀ ਦੇਸ ਹੋਣ ਕਰਕੇ ਹਰ ਖੇਤਰ ਵਿਚ ਯੂਨਾਨ ਦੀ ਤੂਤੀ ਬੋਲਦੀ ਸੀ.ਵਿਦਿਅਕ ਕੋਰਸਾਂ ਦੀਆਂ ਕਿਤਾਬਾਂ ਵਿਚ ਅਸੀਂ ਅਕਸਰ ਪੜਦੇ ਆਏ ਹਾਂ ਕਿ ਫਲਾਣਾ ਸਬਦ ਫਲਾਣੇ ਯੂਨਾਨੀ ਸਬਦ ਤੋ ਲਿਆ ਗਿਆ ਹੈ.ਇਹ ਨੁਕਤਾ ਅਮੀਰ ਯੂਨਾਨੀ ਵਿਰਾਸਤ ਦੀ ਨਿਸਾਨ ਦੇਹੀ ਕਰਦਾ ਹੈ.ਇਤਿਹਾਸਕਾਰਾਂ ਅਨੁਸਾਰ ਪੁਰਾਤਨ ਉਲੰਪਿਕ ਖੇਡਾਂ ਦੀ ਸੁਰੂਆਤ 776 ਬੀਸੀ ਦੌਰਾਨ ਏਥਨ ਵਿਖੇ ਕਲੋਡੀਅਸ ਦਰਿਆ ਦੇ ਕਿਨਾਰੇ ਉਲੰਪੀਆਡ ਦੇ ਸਥਾਨ ਤੇ ਹੋਈ ਮੰਨੀ ਜਾਂਦੀ ਹੈ.ਇਹਨਾਂ ਖੇਡਾਂ ਦੇ ਆਰੰਭ ਕਾਲ ਦਾ ਸਭ ਤੋਂ ਪੁਖਤਾ ਸਬੂਤ ਬਣੀ ਪੁਰਾਤਤਵ ਵਿਗਿਆਨੀਆਂ ਨੂੰ ਉਲੰਪੀਆਡ ਦੇ ਖੰਡਰਾਤਾਂ ਦੀ ਖੁਦਾਈ ਦੌਰਾਨ ਕਰੋਈਬੋਸ ਨਾਮ ਦੇ ਇੱਕ ਐਥਲੀਟ ਦੀ ਤਾਂਬੇ ਤੋਂ ਬਣੀ ਮੂਰਤੀ.ਏਲਿਸ ਸਹਿਰ ਨਾਲ ਸਬੰਧਿਤ ਇਸ ਐਥਲੀਟ ਦੀ ਮੂਰਤੀ ਉੱਤੇ ਉਸ ਦੇ ਬਾਇਓ ਡਾਟਾ ਸਮੇਤ ਉਲੰਪਿਕ ਚੈਂਪੀਅਨ 776 ਬੀਸੀ ਉਕਰਿਆ ਹੋਇਆ ਹੈ.ਪਹਿਲੀ ਵਾਰ ਇਹ ਐਥਲੀਟ ਸਿਰਫ 192 ਮੀਟਰ (600 ਫੁੱਟ) ਲੰਬੀ ਫਰਾਟਾ ਦੌੜ ਜਿੱਤ ਕੇ ਚੈਂਪਅਨ ਬਣਿਆ ਸੀ ਜਿਸ ਨੂੰ ਸਟੇਡ ਕਿਹਾ ਜਾਂਦਾ ਸੀ . ਸਟੇਡੀਅਮ ਸਬਦ ਦੀ ਉਤਪਤੀ ਇਸੇ ਸਟੇਡ ਸਬਦ ਤੋਂ ਹੋਈ ਹੈ. ਇਸ ਤੋਂ ਸਾਬਤ ਹੁੰਦਾ ਹੈ ਕਿ ਹੋ ਸਕਦਾ ਇਹ ਖੇਡਾਂ ਇਸ ਤੋਂ ਵੀ ਪਹਿਲਾਂ ਆਰੰਭ ਹੋਈਆਂ ਹੋਣ.776 ਬੀ ਸੀ ਤੋਂ ਇਹਨਾਂ ਖੇਡਾਂ ਦਾ ਲਿਖਤੀ ਇਤਿਹਾਸ ਮਿਲਣ ਦੇ ਵੀ ਪ੍ਰਮਾਣ ਮਿਲਦੇ ਹਨ.ਇਹਨਾ ਖੇਡਾਂ ਦਾ ਦੌਰ ਲੱਗ ਭੱਗ 12 ਸਦੀਆਂ ਤੱਕ ਚਲਦਾ ਰਿਹਾ.ਚਾਰ ਸਾਲ ਬਾਅਦ ਹੋਣ ਵਾਲੀਆਂ ਇਹਨਾਂ ਖੇਡਾਂ ਦੀ ਹਰਮਨ ਪਿਆਰਤਾ ਦਾ ਪਤਾ ਇਥੋ ਲਗਦਾ ਹੈ ਕਿ ਇਹਨਾਂ ਵਿਚ ਭਾਗ ਲੈਣ ਲਈ ਯੂਨਾਨ ਦੇ ਕੋਨੇ ਕੋਨੇ ਤੋਂ ਇਲਾਵਾ ਰੋਮ ਅਤੇ ਤੁਰਕੀ ਆਦਿ ਤੋਂ ਖਿਡਾਰੀ ਆਉਂਦੇ ਸਨ.ਖੇਡਾਂ ਸੁਰੂ ਹੋਣ ਤੋਂ ਕੁਝ ਮਹੀਨੇ ਪਹਿਲਾਂ ਇੱਕ ਤਰਾਂ ਨਾਲ ਜੰਗ ਬੰਦੀ ਦੀ ਰਵਾਇਤ ਸੀ ਜਿਸ ਨੂੰ ਗਰੀਕੀ ਵਿਚ Olympia Truce ਕਿਹਾ ਜਾਂਦਾ ਸੀ .ਤਕਰੀਬਨ ਤਿੰਨ ਮਹੀਨੇ ਪਹਿਲਾਂ ਇੱਕ ਦੂਜੀ ਰਿਆਸਤ ਖਿਲਾਫ ਚਲਦੀਆਂ ਫੌਜੀ ਕਾਰਵਾਈਆਂ ਨੂੰ ਮੁਅਤਲ ਕਰ ਦਿੱਤਾ ਜਾਂਦਾ ਸੀ .ਇਥੋਂ ਤੱਕ ਕਿ ਖੇਡਾਂ ਦੇ ਦੌਰਾਨ ਦਿੱਤੀਆਂ ਜਾਣ ਵਾਲੀਆਂ ਮੌਤ ਦੀਆਂ ਸਜਾਵਾਂ ਤੱਕ ਨੂੰ ਮੁਆਫ ਕਰ ਦਿੱਤਾ ਜਾਂਦਾ ਸੀ.ਇਸ ਰਵਾਇਤ ਦਾ ਉਦੇਸ ਦੂਰ ਦੁਰਾਡੇ ਤੋਂ ਆਉਣ ਵਾਲੇ ਖਿਡਾਰੀਆਂ ਦੀ ਸੁਰਖਿਅਤ ਪਹੁੰਚ ਅਤੇ ਵਾਪਸੀ ਨੂੰ ਯਕੀਨੀ ਬਣਾਉਣਾ ਸੀ.394 ਏਡੀ ਵਿਚ ਜਦੋਂ ਏਥਨ ਤੇ ਰੋਮਨ ਰਾਜਿਆਂ ਦਾ ਕਬਜਾ ਹੋਇਆ ਤਾਂ ਈਸਾਈ (ਕੈਥੋਲਿਕ) ਧਰਮ ਨਾਲ ਸਬੰਧਿਤ ਰਾਜਾ ਕਲੋਡਿਅਸ ਪਹਿਲੇ ਨੇ ਇਹਨਾਂ ਖੇਡਾਂ ਨੂੰ ਆਪਣੇ ਧਰਮ ਦੇ ਅਨੁਸਾਰੀ ਨਾ ਹੋਣ ਦਾ ਫਤਵਾ ਜਾਰੀ ਕਰਦਿਆਂ ਬੰਦ ਕਰਵਾ ਦਿੱਤਾ.ਇਥੇ ਹੀ ਬਸ ਨਹੀਂ ਉਸ ਨੇ ਇਸ ਮਹਾਨ ਉਲੰਪਿਕ ਲਹਿਰ ਨਾਲ ਸਬੰਧਿਤ ਹਰ ਨਿਸਾਨੀ ਨੂੰ ਤਹਿਸ ਨਹਿਸ ਕਰ ਦਿੱਤਾ.ਰਹਿੰਦੀ ਕਸਰ ਕਲੋਡੀਅਸ ਦਰਿਆ ਵਿਚ ਆਉਂਦੇ ਹੜਾਂ ਨੇ ਪੂਰੀ ਕਰ ਦਿੱਤੀ.ਭਾਈਚਾਰਕ ਸਾਂਝ ਨੂੰ ਮਜਬੂਤੀ ਬਖਸਣ ਵਾਲੀ ਇਹ ਖੇਡ ਲਹਿਰ ਕਈ ਸਦੀਆਂ ਤੱਕ ਆਪਣੀ ਹਾਜਰੀ ਲਵਾ ਕੇ ਵਕਤ ਦੀ ਗਰਦਿਸ ਹੇਠ ਦਬ ਕੇ ਦਮ ਤੋੜ ਗਈ.ਸੰਨ 1896 ਵਿਚ ਉਲੰਪਿਕ ਖੇਡਾਂ ਦੀ ਮੁੜ ਕੇ ਜੋਤ ਜਗਾਉਣ ਲਈ ਖੇਡ ਪ੍ਰੇਮੀ ਅਤੇ ਵਿਦਵਾਨ ਪੇਰੀਅਰ ਡੀ ਕੂਬਰਟਿਨ ਸਲਾਘਾ ਦੇ ਪਾਤਰ



ਹਨ.ਪੁਰਾਤਨ ਉਲੰਪਿਕ ਖੇਡਾਂ ਦੀ ਸੁਰੂਆਤ ਵਾਰੇ ਇਤਿਹਾਸਕਾਰ ਇੱਕ ਮੱਤ ਨਹੀਂ ਹਨ .ਕੁਝ ਦਾ ਖਿਆਲ ਹੈ ਕਿ ਉਪਰੋਕਤ ਦਰਿਆ ਦੇ ਨੇੜੇ ਮੌਜੂਦ ਪਹਾੜੀ ਉੱਤੇ ਯੂਨਾਨੀਆਂ ਦੇ ਸਭ ਤੋਂ ਵੱਡੇ ਮੰਨੇ ਜਾਂਦੇ ਜੀਅਸ ਦੇਵਤਾ ਦਾ ਮੰਦਰ ਸੀ/ਹੈ ਵਿਖੇ ਦੇਵਤਾ ਦੇ ਸਤਿਕਾਰ ਵਿਚ ਤਿਉਹਾਰ ਮਨਾਇਆ ਜਾਂਦਾ ਸੀ.ਇਸ ਪਵਿਤਰ ਮੰਨੇ ਜਾਂਦੇ ਅਵਸਰ ਤੇ ਸਰਧਾਲੂਆਂ ਦੇ ਮਨੋਰੰਜਨ ਵਾਸਤੇ ਕੁਝ ਖੇਡ ਕਰਤਵ ਦਿਖਾਏ ਜਾਂਦੇ ਸਨ ਜਿਹਨਾਂ ਨੇ ਹੌਲੀ ਹੌਲੀ ਵਿਆਪਕ ਖੇਡ ਮੇਲੇ ਦਾ ਰੂਪ ਧਾਰਨ ਕਰ ਲਿਆ.ਉਸ ਸਮੇਂ ਯੂਨਾਨ ਦੇਸ ਕਰੀਬ ਵੀਹ ਰਿਆਸਤਾਂ (Provicial States) ਵਿਚ ਵੰਡਿਆ ਹੋਇਆ ਸੀ.ਇਹਨਾਂ ਵਿਚ ਏਥਨ ਅਤੇ ਸਪਾਰਟਾ ਦੀਆਂ ਰਿਆਸਤਾਂ ਸਕਤੀਸਾਲੀ ਸਨ.ਜਿਥੇ ਏਥਨ ਵਿਚ ਸਮਕਾਲੀ ਲੋਕਤੰਤਰਿਕ ਰਾਜ ਪ੍ਰਣਾਲੀ ਸੀ ਉਥੇ ਸਪਾਰਟਾ ਵਿਚ ਇੱਕ ਪੁਰਖਾ ਰਾਜ ਪ੍ਰਬੰਧ ਸੀ.ਏਥਨ ਦਾ ਰਾਜ ਪ੍ਰਬੰਧ ਜਿਥੇ ਅਪਣੇ ਨਾਗਰਿਕਾਂ ਦੇ ਸਰੀਰਕ ਅਤੇ ਮਾਨਸਿਕ ਵਿਕਾਸ ਵਲ ਧਿਆਨ ਦਿੰਦਾ ਸੀ ਉਥੇ ਸਪਾਰਟਾ ਦਾ ਰਾਜਾ ਆਪਣੇ ਨਾਗਰਿਕਾਂ ਦੇ ਮਹਿਜ ਸਰੀਰਕ ਪਖੋਂ ਰਿਸਟ ਪੁਸਟ ਹੋਣ ਤੇ ਜੋਰ ਦਿੰਦਾ ਸੀ. ਇਹਨਾ ਵਖ ਵਖ ਰਾਜ ਪ੍ਰਣਾਲੀਆਂ ਦੇ ਫਲਸਰੂਪ ਏਥਨ ਵਿਚ ਯੋਧੇ ਅਤੇ ਵਿਦਵਾਨ ਦੋਵੇਂ ਪੈਦਾ ਹੋਏ ਜਿਵੇਂ ਸੁਕਰਾਤ ਅਰਸਤੂ ਅਤੇ ਸਿਕੰਦਰ ਮਹਾਨ ਆਦਿ.ਜਦੋਂ ਕਿ ਸਪਾਰਟਾ ਰਿਆਸਤ ਵਿਚ ਕੇਵਲ ਬਲਸਾਲੀ ਯੋਧੇ ਪੈਦਾ ਹੋਏ.ਸਪਾਰਟਾ ਦੀ ਫੌਜੀ ਹਕੂਮਤ ਵਲੋਂ ਸਰੀਰਕ ਤੌਰ ਤੇ ਅਪਾਹਜ ਜਾ ਕੰਮਜੋਰ ਬਚਿਆਂ ਨੂੰ ਟਿਬਰੀ ਨਾਮ ਦੀ ਪਹਾੜੀ ਤੋਂ ਸੁੱਟ ਕੇ ਮਾਰ ਦਿੱਤਾ ਜਾਂਦਾ ਸੀ.ਬਚਿਆਂ ਦੀ ਸਨਾਖਤੀ ਪਰੇਡ ਕਰਵਾਈ ਜਾਂਦੀ ਸੀ .ਬਚਪਨ ਦੌਰਾਨ ਹੀ ਉਹਨਾਂ ਨੂੰ ਕੁਝ ਸਮੇਂ ਵਾਸਤੇ ਫੌਜੀ ਬੈਰਕਾਂ ਵਿਚ ਰਖਿਆ ਜਾਂਦਾ ਸੀ.ਸਪਾਰਟਾ ਦੇ ਰਾਜੇ ਦਾ ਫੁਰਮਾਨ ਸੀ ਕਿ ਉਸ ਨੂੰ ਕੇਵਲ ਤੇ ਕੇਵਲ ਸਰੀਰਕ ਪਖੋਂ ਰਿਸਟ ਪੁਸਟ ਨਾਗਰਿਕਾਂ ਦੀ ਲੋੜ ਹੈ. ਫੌਜੀ ਸਿਖਲਾਈ ਹਰ ਇੱਕ ਨਾਗਰਿਕ ਵਾਸਤੇ ਲਾਜਮੀ ਸੀ.ਉਹਨਾ ਸਮਿਆਂ ਦੌਰਾਨ ਹੀ ਏਥਨ ਵਾਸੀਆਂ ਵਲੋਂ ਇਸ ਕਹਾਵਤ ਨੂੰ ਜਨਮ ਦਿੱਤਾ ਗਿਆ ਪਰਤੀਤ ਹੁੰਦਾ ਹੈ ਕਿ 'ਤੰਦਰੁਸਤ ਸਰੀਰ ਵਿਚ ਹੀ ਤੰਦਰੁਸਤ ਮਨ ਦਾ ਨਿਵਾਸ ਹੁੰਦਾ ਹੈ' .ਇਹਨਾਂ ਖੇਡਾਂ ਦੀ ਸੁਰੂਆਤ ਦੇ ਧਾਰਮਿਕ ਕਾਰਨ ਤੋਂ ਇਲਾਵਾ ਇੱਕ ਹੋਰ ਦੰਦ ਕਥਾ ਇਹਨਾਂ ਦੀ ਸੁਰੂਆਤ ਨਾਲ ਜੁੜੀ ਹੋਈ ਹੈ .ਕਿਹਾ ਜਾਂਦਾ ਹੈ ਕਿ ਯੂਨਾਨ ਦੀ ਇੱਕ ਰਿਆਸਤ ਦੇ ਤਾਕਤਵਰ ਰਾਜੇ ਨੇ ਆਪਣੀ ਧੀ ਦੇ ਵਿਆਹ ਵਾਸਤੇ ਇਹ ਸਰਤ ਰਖੀ ਕਿ ਜਿਹੜਾ ਰਾਜਕੁਮਾਰ ਉਸ ਦੀ ਧੀ ਨੂੰ ਆਪਣੇ ਰਥ ਤੇ ਬਿਠਾ ਕੇ ਸਹੀ ਸਲਾਮਤ ਉਸ ਤੋਂ ਜਾ ਉਸ ਵਲੋਂ ਨਿਯਤ ਕੀਤੇ ਯੋਧਿਆਂ ਤੋਂ ਬਚ ਕੇ ਮਿਥੀ ਹੱਦ ਨੂੰ ਪਾਰ ਕਰ ਜਾਵੇਗਾ ਉਹ ਆਪਣੀ ਧੀ ਦਾ ਵਿਆਹ ਉਸੇ ਰਾਜਕੁਮਾਰ ਨਾਲ ਕਰੇਗਾ.ਇਸ ਸਰਤ ਨੂੰ ਪੂਰਾ ਕਰਦਿਆਂ ਕਈ ਰਾਜਕੁਮਾਰ ਰਾਜੇ ਹਥੋਂ ਕਤਲ ਹੋ ਗਏ .ਆਖਰ ਏਥਨ ਦਾ ਰਾਜਕੁਮਾਰ ਇਹ ਸਰਤ ਪੂਰੀ ਕਰਨ ਵਿਚ ਸਫਲ ਹੋ ਗਿਆ.ਉਸ ਨੇ ਸਰਤ ਵਿਚ ਹਿੱਸਾ ਲੈਣ ਤੋਂ ਪਹਿਲਾਂ ਉਸ ਸਾਰਥੀ ਨਾਲ ਗੰਢ ਤੁੱਪ ਕਰ ਲਈ ਸੀ ਜਿਸ ਨੇ ਉਸ ਦਾ ਪਿਛਾ ਕਰਨ ਵਾਲੇ ਰਥ ਦੀ ਰਥਵਾਨੀ ਕਰਨੀ ਸੀ .ਉਸ ਰਥਵਾਨ ਨੇ ਮਿਲੀ ਭੁਗਤ ਨਾਲ ਸਬੰਧਿਤ ਰਥ ਦਾ ਪਹੀਆ ਕੰਮਜੋਰ ਪਾ ਲਿਆ ਜੋ ਕੁਝ ਦੂਰੀ ਉੱਤੇ ਜਾ ਕੇ ਤਹਿ ਸੁਦਾ ਸਕੀਮ ਅਨੁਸਾਰ ਟੁੱਟ ਗਿਆ ਅਤੇ ਰਾਜ ਕੁਮਾਰ ਮਿਥੀ ਹੱਦ ਟੱਪਣ ਵਿਚ ਸਫਲ ਹੋ ਗਿਆ.ਇਸ ਵਿਆਹ ਦੀ ਖੁਸੀ ਵਿਚ ਉਸ ਨੇ ਜੀਅਸ ਦੇਵਤਾ ਦੇ ਮੰਦਰ ਵਿਖੇ ਇੱਕ ਬਹੁਤ ਵੱਡਾ ਸਮਾਗਮ ਕਰਵਾਇਆ ਜਿਸ ਦੌਰਾਨ ਤਰਾਂ ਤਰਾਂ ਦੇ ਕਰਤਵ ਮੁਕਾਬਲੇ ਕਰਵਾਏ ਗਏ ਜੋ ਅੱਗੇ ਜਾ ਕੇ ਪੁਰਾਤਨ ਉਲੰਪਿਕ ਖੇਡਾਂ ਦੀ ਬੁਨਿਆਦ ਬਣੇ.ਔਰਤਾਂ ਨੂੰ ਪੁਰਾਤਨ ਉਲੰਪਿਕ ਖੇਡਾਂ ਵਿਚ ਭਾਗ ਲੈਣ ਅਤੇ ਖੇਡਾਂ ਨੂੰ ਦੇਖਣ ਦੀ ਸਖਤ ਮਨਾਹੀ ਸੀ. ਇਸ ਨਿਯਮ ਦੀ ਉਲੰਘਣਾ ਕਰਨ ਵਾਲੀ ਔਰਤ ਵਾਸਤੇ ਮੌਤ ਦੀ ਸਜਾ ਦਾ ਕਨੂੰਨ ਸੀ.ਇੱਕ ਵਾਰ 'ਕਾਲਿਪੇਤੀਆਰਾ'ਨਾਮ ਦੀ ਔਰਤ ਮਰਦਾਵਾਂ ਭੇਸ ਬਦਲ ਕੇ ਇਸ ਲਈ ਇਹਨਾਂ ਖੇਡਾਂ ਨੂੰ ਦੇਖਣ ਚਲੇ ਗਈ ਤਾਂ ਕਿ ਉਹ ਆਪਣੇ ਪੁਤਰ ਨੂੰ ਖੇਡਾਂ ਚ ਭਾਗ ਲੈਂਦਿਆਂ ਦੇਖ ਸਕੇ.ਜਦੋਂ ਉਹਦਾ ਪੁਤਰ ਮੁਕਾਬਲਾ ਜਿੱਤ ਕੇ ਉਲੰਪਿਕ ਚੈਂਪੀਅਨ ਬਣਿਆ ਤਾਂ ਉਹ ਖੁਸੀ ਵਿਚ ਉਛਲਣ ਲੱਗ ਪਈ.ਇਸ ਦੌਰਾਨ ਉਸ ਦੇ ਔਰਤ ਹੋਣ ਵਾਰੇ ਭੇਦ ਖੁੱਲ ਗਿਆ. ਉਸ ਔਰਤ ਦੇ ਪੁਤਰ ਤੋਂ ਇਲਾਵਾ ਉਸ ਦਾ ਪਿਤਾ ਅਤੇ ਭਰਾ ਵੀ ਆਪਣੇ ਸਮੇਂ ਦੇ ਚੈਂਪੀਅਨ ਸਨ ਜਿਹਨਾਂ ਦਾ ਸਤਿਕਾਰ ਕਰਕੇ ਔਰਤ ਨੂੰ ਮੁਆਫ ਕਰ ਦਿੱਤਾ ਗਿਆ.ਇਸ ਉਪਰੰਤ ਉਲੰਪੀਆਡ ਸਟੇਡੀਅਮ ਵਿਚ ਦਾਖਲ ਹੋਣ ਵਾਲਿਆਂ ਦੀ ਬਕਾਇਦਾ ਜਾਂਚ ਕਰਨੀ ਆਰੰਭ ਕਰ ਦਿੱਤੀ ਗਈ.ਖੁਦਾਈ ਦੌਰਾਨ ਮਿਲੀਆਂ ਮੂਰਤੀਆਂ ਅਤੇ ਧਾਤੂ ਵਸਤਾਂ ਉੱਤੇ ਉਕਰੀਆਂ ਤਸਵੀਰਾਂ ਤੋਂ ਪਤਾ ਲਗਦਾ ਹੈ ਕਿ ਖਿਡਾਰੀ ਅਲਫ ਨੰਗੇ ਹੋ ਕੇ ਇਹਨਾਂ ਖੇਡਾਂ ਵਿਚ ਸਰਿਕਤ ਕਰਦੇ ਸਨ.ਅਜਿਹਾ ਵਧ ਤੋਂ ਵਧ ਕਾਰਗੁਜਾਰੀ ਦਿਖਾਉਣ ਦੀ ਗਰਜ ਨਾਲ ਕੀਤਾ ਜਾਂਦਾ ਸੀ ਕਿਓਂ ਕੀ ਉਸ ਜਮਾਨੇ ਦੇ ਕਪੜੇ ਖਿਡਾਰੀਆਂ ਦੀ ਕਾਰਗੁਜਾਰੀ ਵਿਚ ਰੁਕਾਵਟ ਪੈਦਾ ਕਰਦੇ ਸਨ .ਪੁਰਾਤਨ ਉਲੰਪਿਕ ਖੇਡਾਂ ਚਾਰ ਸਾਲ ਬਾਅਦ 6 ਅਗਸਤ ਤੋਂ 18 ਸਤੰਬਰ ਦੇ ਵਿਚਕਾਰ ਕਰਵਾਈਆਂ ਜਾਂਦੀਆਂ ਸਨ. ਇਹਨਾ ਦੀ ਅਟਲਤਾ ਕਾਰਨ ਸਮਕਾਲੀ ਇਤਿਹਾਸਕਾਰ ਘਟਨਾਵਾਂ ਦਾ ਹਵਾਲਾ ਦੇਣ ਸਮੇਂ ਉਲੰਪਿਕ ਖੇਡਾਂ ਦੀ ਪੈਰਵੀ ਕਰਦੇ ਸਨ .ਪੁਰਾਣੀਆਂ ਉਲੰਪਿਕ ਖੇਡਾਂ ਵਿਚ ਸਮੇ ਦੇ ਨਾਲ ਈਵੈਂਟਸ ਦੀ ਗਿਣਤੀ ਵਧਦੀ ਗਈ.ਇਹਨਾਂ ਵਿਚ ਮੁਖ ਤੌਰ ਤੇ ਰਥ ਦੌੜਾਂ ,ਘੋੜ ਦੌੜਾਂ , ਮੱਲ ਯੁਧ (ਕੁਸਤੀ ਅਤੇ ਮੁੱਕੇ ਬਾਜੀ ਦਾ ਸੁਮੇਲ),ਵਖ ਵਖ ਦੂਰੀ ਦੀਆਂ ਦੌੜਾਂ,ਲੰਬੀ ਛਾਲ,ਉਚੀ ਛਾਲ ,ਡਿਸਕਸ ਥਰੋਅ ,ਜੈਵਲੀਅਨ ਥਰੋਅ,ਤਲਵਾਰਬਾਜੀ ,ਤੀਰ ਅੰਦਾਜੀ ਅਤੇ ਪਟੈਥਲਿਨ (ਪੰਜ ਟਰੈਕ ਅਤੇ ਫੀਲਡ ਇਵੈਂਟਸ)ਆਦਿ ਪ੍ਰਮੁਖ ਖੇਡ ਪ੍ਰਤੀਯੋਗਤਾਵਾਂ ਸਾਮਿਲ ਸਨ. ਰਥ ਦੌੜਾਂ ਦੀ ਈਵੈਂਟ ਨੂੰ ਸਭ ਤੋਂ ਖਤਰਨਾਕ ਅਤੇ ਜੋਖਮ ਵਾਲੀ ਮੰਨਿਆ ਜਾਂਦਾ ਸੀ .ਰਥ ਅੱਗੇ ਦੋ ਅਤੇ ਚਾਰ ਘੋੜ ਜੋੜੇ ਜਾਂਦੇ ਸਨ.ਰਥ ਦੌੜ ਦਾ ਫਾਸਲਾ 2.5 ਮੀਲ ਤੋਂ 8 ਮੀਲ ਦਾ ਰਖਿਆ ਹੁੰਦਾ ਸੀ.ਲੰਬੀ ਦੂਰੀ ਦੀ ਮੈਰਾਥਨ ਦੌੜ ਭਾਵੇਂ ਪੁਰਾਤਨ ਉਲੰਪਿਕ ਖੇਡਾਂ ਦੀ ਸੂਚੀ ਵਿਚ ਸਾਮਿਲ ਨਹੀਂ ਸੀ ਪਰ ਯੂਨਾਨੀ ਇਤਿਹਾਸ ਨਾਲ ਸਬੰਧਿਤ ਇੱਕ ਦਿਲਚਸਪ ਘਟਨਾ ਤੋਂ ਪ੍ਰਭਾਵਿਤ ਹੋ ਕੇ ਸੰਨ 1908 ਦੀਆਂ ਉਲੰਪਿਕ ਖੇਡਾਂ ਵਿਚ ਇਸ ਮਹਤਵਪੂਰਣ ਅਤੇ ਜਾਨ ਹੂਲਵੀਂ ਈਵੈਂਟ ਨੂੰ ਆਧੁਨਿਕ ਉਲੰਪਿਕ ਖੇਡਾਂ ਵਿਚ ਸਾਮਿਲ ਕੀਤਾ ਗਿਆ.ਇਸ ਘਟਨਾ ਅਨੁਸਾਰ ਏਥਨ ਰਾਜ ਦੀਆਂ ਫੌਜਾਂ ਦਾ ਦੁਸਮਨ ਰਿਆਸਤ ਦੀਆਂ ਫੌਜਾਂ ਨਾਲ ਯੁਧ ਏਥਨ ਤੋਂ ਛੱਬੀ ਮੀਲ ਦੀ ਦੂਰੀ ਤੇ ਸਥਿਤ ਮੈਰਾਥਨ ਮੈਦਾਨ ਵਿਚ ਹੋਇਆ ਸੀ.ਫਿਡਪੀਡਸ ਨਾਮ ਦੇ ਜਿਸ ਸੈਨਿਕ ਨੇ ਫੌਜੀ ਹੁਕਮ ਦੀ ਪਾਲਣਾ ਕਰਦਿਆਂ

ਸੂਰਜ ਦੇ ਅਸਤ ਹੋਣ ਤੋਂ ਪਹਿਲਾਂ ਏਥਨ ਵਾਸੀਆਂ ਨੂੰ ਜਿੱਤ ਦੀ ਖਬਰ ਦਿੱਤੀ ਸੀ ਉਹ ਤੇਜੀ ਨਾਲ ਖਤਮ ਕੀਤੇ ਪੰਧ ਕਾਰਨ ਲੱਗੇ ਹੱਦੋਂ ਵਧ ਜੋਰ ਸਦਕਾ ਖਬਰ ਦਿੰਦੇ ਸਾਰ ਦਮ ਤੋੜ ਗਿਆ ਸੀ. ਉਸ ਜਾਂਬਾਜ ਸੈਨਿਕ ਦੀ ਯਾਦ ਨੂੰ ਤਰੋਤਾਜਾ ਰਖਣ ਲਈ ਇਹ ਦੌੜ ਸੁਰੂ ਕੀਤੀ ਗਈ ਜਿਸ ਦੀ ਲੰਬਾਈ 26 ਮੀਲ 385 ਗਜ ਰਖੀ ਗਈ ਹੈ.ਸਭ ਤੋਂ ਦਿਲਚਸਪ ਗੱਲ ਇਹ ਹੈ ਕਿ ਪੁਰਾਤਨ ਉਲੰਪਿਕ ਖੇਡਾਂ ਦੇ ਜੇਤੂ ਖਿਡਾਰੀਆਂ ਨੂੰ ਉਲੰਪੀਆਡ ਸਥਿਤ ਜੀਅਸ ਦੇਵਤਾ ਦੇ ਮੰਦਰ ਵਿਖੇ ਲੱਗੇ ਪਵਿਤਰ ਮੰਨੇ ਜਾਂਦੇ ਜੈਤੂਨ ਦੇ ਰੁਖਾਂ ਦੀ ਛਿੱਲ,ਟਾਹਣੀਆਂ ਅਤੇ ਪੱਤਿਆਂ ਤੋਂ ਬਣੇ ਤਾਜ ਪਹਿਨਾਏ ਜਾਂਦੇ ਸਨ.ਉਸ ਵਕਤ ਇਸ ਨੂੰ ਸਭ ਤੋਂ ਕੀਮਤੀ ਇਨਾਮ ਮੰਨਿਆ ਜਾਂਦਾ ਸੀ.ਇਸ ਤੋਂ ਇਲਾਵਾ ਜੀਤੂਨ ਦਾ ਤੇਲ ਵੀ ਜੇਤੂਆਂ ਨੂੰ ਦਿੱਤਾ ਜਾਂਦਾ ਸੀ.ਯੂਨਾਨੀ ਲੋਕ ਜੈਤੂਨ ਨੂੰ ਤਾਕਤ ਅਤੇ ਬੁਧੀ ਦੀ ਦੇਵੀ ਦੇ ਪਰਤੀਕ ਵਜੋਂ ਮਾਨਤਾ ਦਿੰਦੇ ਆਏ ਹਨ.

*ਹਰਸਿੰਦਰ ਸਿਘ ਗੁਲਪੁਰ*
*ਮੈਲਬੌਰਨ (ਆਸਟਰੇਲੀਆ)*
*0061411218801*

# ਔਰਤ ਕਿਸਾਨ ਸੰਸਦ



ਦਿੱਲੀ ਦੀਆਂ ਬਰੂਹਾਂ ਉੱਤੇ ਕਿਸਾਨ ਅੰਦੋਲਨ ਦੇ ਅੱਠ ਮਹੀਨੇ ਪੂਰੇ ਹੋਣ ਵਾਲੇ ਦਿਨ ਸੰਯੁਕਤ ਕਿਸਾਨ ਮੋਰਚੇ ਵੱਲੋਂ ਕਰਾਈ ਗਈ ਮੁਤਵਾਜੀ ਔਰਤ ਕਿਸਾਨ ਸੰਸਦ ਕਈ ਨਿਵੇਕਲੇ ਸੁਨੇਹੇ ਦੇਣ ਵਿਚ ਕਾਮਯਾਬ ਰਹੀ। ਸਪੀਕਰ ਅਤੇ ਡਿਪਟੀ ਸਪੀਕਰਾਂ ਦੇ ਰੁਤਬੇ ਔਰਤਾਂ ਨੂੰ ਮਿਲੇ ਅਤੇ ਬੇਹੱਦ ਗੰਭੀਰਤਾ ਨਾਲ ਜਰੂਰੀ ਵਸਤਾਂ ਕਾਨੂੰਨ ਉੱਤੇ ਵਿਚਾਰ-ਚਰਚਾ ਕਰਦਿਆਂ ਇਸ ਨੂੰ ਕਾਲਾਬਾਜ਼ਾਰੀ ਵਧਾਉਣ ਵਾਲਾ ਕਾਨੂੰਨ ਕਰਾਰ ਦਿੰਦਿਆਂ ਤੁਰੰਤ ਵਾਪਸ ਲੈਣ ਦਾ ਮਤਾ ਪਾਸ ਕੀਤਾ ਗਿਆ। ਔਰਤ ਸੰਸਦ ਕੇਵਲ ਖੇਤੀ ਕਾਨੂੰਨ ਤੱਕ ਸੀਮਤ ਨਹੀਂ ਰਹੀ, ਇਸ ਨੇ ਔਰਤਾਂ ਦੇ ਆਰਥਿਕ, ਸਮਾਜਿਕ ਅਤੇ ਸਿਆਸੀ ਹੱਕ ਉੱਤੇ ਚਰਚਾ ਤੋਂ ਬਾਅਦ ਮਤੇ ਪਾਸ ਕਰਕੇ ਭਵਿੱਖ ਲਈ ਔਰਤਾਂ ਦੇ ਅਧਿਕਾਰਾਂ ਵਾਸਤੇ ਮੀਲ ਪੱਥਰ ਦਾ ਕੰਮ ਕੀਤਾ ਹੈ। ਔਰਤ ਸੰਸਦ ਨੇ ਹੁਕਮਰਾਨਾਂ ਅਤੇ ਸਮਾਜ ਨੂੰ ਸ਼ੀਸ਼ਾ ਦਿਖਾਉਂਦਿਆਂ ਮਤਾ ਪਾਸ ਕੀਤਾ ਹੈ ਕਿ ਖੇਤੀ ਖੇਤਰ ਵਿਚ ਔਰਤਾਂ ਦੀ ਵੱਡੀ ਭੂਮਿਕਾ ਦੇ ਬਾਵਜੂਦ ਇਸ ਨੂੰ ਅਜੇ ਤੱਕ ਬਣਦਾ ਸਨਮਾਨ ਅਤੇ ਰੁਤਬਾ ਨਹੀਂ ਮਿਲਿਆ; ਉਨ੍ਹਾਂ ਦੀ ਮਿਹਨਤ, ਕਾਬਲੀਅਤ, ਹੁਨਰ ਅਤੇ ਉਤਸ਼ਾਹ ਨੂੰ ਲੋਕ ਅੰਦੋਲਨਾਂ ਅਤੇ ਸਮਾਜ ਵਿਚ ਸਹੀ ਦਰਜਾ ਦੇਣਾ ਜਰੂਰੀ ਹੈ।

ਕਈ ਦਹਾਕਿਆਂ ਤੋਂ ਸੰਸਦ ਅਤੇ ਵਿਧਾਨ ਸਭਾਵਾਂ ਵਿਚ ਔਰਤਾਂ ਦੇ 33 ਫੀਸਦੀ ਰਾਖਵੇਂਕਰਨ ਦਾ ਬਿਲ ਠੰਡੇ ਬਸਤੇ ਵਿਚ ਪਿਆ ਹੋਇਆ ਹੈ। ਪਾਰਟੀਆਂ ਅੰਦਰਲੀ ਮਰਦ-ਪ੍ਰਧਾਨ ਸੋਚ ਦੇਸ਼ ਦੀ ਪੰਜਾਹ ਫੀਸਦੀ ਦੀ ਅਬਾਦੀ ਨੂੰ ਇਕ-ਤਿਹਾਈ ਹਿੱਸਾ ਦੇਣ ਵਾਲੇ ਕਾਨੂੰਨ ਦੇ ਰਾਹ ਦਾ ਰੋੜਾ ਬਣੀ ਹੋਈ ਹੈ। ਔਰਤ ਕਿਸਾਨ ਸੰਸਦ ਨੇ ਮਤਾ ਪਾਸ ਕਰਕੇ ਪੰਚਾਇਤੀ ਰਾਜ ਸੰਸਥਾਵਾਂ ਅਤੇ ਸਥਾਨਕ ਸਰਕਾਰਾਂ ਦੀ ਤਰ੍ਹਾਂ ਸੰਸਦ ਵਿਚ ਔਰਤਾਂ ਲਈ 33 ਫੀਸਦੀ ਰਾਖਵੇਂਕਰਨ ਦਾ ਮਤਾ ਪਾਸ ਕਰਕੇ ਸੰਸਦ ਅੰਦਰ ਬੈਠੇ ਮੈਂਬਰਾਂ ਨੂੰ ਹਲੂਣਾ ਦੇਣ ਦੀ ਕੋਸ਼ਿਸ਼ ਕੀਤੀ ਹੈ। ਔਰਤਾਂ ਨੂੰ ਪਤਾ ਹੈ ਕਿ ਇਹ ਲੜਾਈ ਲੰਬੀ ਹੈ ਕਿਉਂਕਿ ਜਿਨ੍ਹਾਂ ਪੰਚਾਇਤੀ ਰਾਜ ਸੰਸਥਾਵਾਂ ਅਤੇ ਸਥਾਨਕ ਸੰਸਥਾਵਾਂ ਵਿਚ ਔਰਤਾਂ ਨੂੰ 50 ਫੀਸਦੀ ਰਾਖਵਾਂਕਰਨ ਦਿੱਤਾ ਵੀ ਗਿਆ ਹੈ, ਉੱਥੇ ਉਨ੍ਹਾਂ ਵਾਸਤੇ ਕੰਮ ਕਰਨ ਦਾ ਮਾਹੌਲ ਬਣਨਾ ਅਜੇ ਬਾਕੀ ਹੈ।

ਮੁਤਵਾਜ਼ੀ ਔਰਤ ਸੰਸਦ ਦੌਰਾਨ ਸਪੀਕਰਾਂ ਅਤੇ ਡਿਪਟੀ ਸਪੀਕਰਾਂ ਵਜੋਂ ਜਨਤਕ ਖੇਤਰ ਅਤੇ ਕਿਸਾਨਾਂ-ਮਜ਼ਦੂਰਾਂ ਦੇ ਹੱਕਾਂ ਲਈ ਹੁੰਦੀਆਂ ਜਦੋਜਹਿਦਾਂ ਨੂੰ ਮਜਬੂਤ ਕਰਨ ਵਿਚ ਜੁਟੀਆਂ ਸ਼ਖਸੀਅਤਾਂ ਦੀ ਚੋਣ ਔਰਤ ਸੰਸਦ ਦਾ ਹਾਸਲ ਕਿਹਾ ਜਾ ਸਕਦਾ ਹੈ। ਮੁਤਵਾਜ਼ੀ ਕਿਸਾਨ ਸੰਸਦ ਅੱਠ ਮਹੀਨਿਆਂ ਤੋਂ ਚੱਲ ਰਹੇ ਕਿਸਾਨ ਅੰਦੋਲਨ ਦਾ ਅਗਲਾ ਪੜਾਅ ਹੈ। ਇਸ ਨੇ ਸਿਆਸੀ ਸੂਝ ਅਤੇ ਜਮਹੂਰੀ ਪ੍ਰਣਾਲੀ ਨੂੰ ਮਜਬੂਤ ਕਰਨ ਵੱਲ ਅਗਲਾ ਕਦਮ ਵਧਾਇਆ ਹੈ। ਇਸ ਨਾਲ ਦੇਸ਼ ਵਿਚ ਲੋਕ-ਪੱਖੀ ਮੁੱਦੇ ਉਠਾਉਣ ਦੀ ਸੰਭਾਵਨਾ ਵਧਣ ਲੱਗੀ ਹੈ। ਕਿਸਾਨ ਔਰਤਾਂ ਦੀ ਅੰਦੋਲਨ ਵਿਚ ਵੱਡੀ ਸ਼ਮੂਲੀਅਤ ਅਤੇ ਹੁਣ ਕਿਸਾਨ ਸੰਸਦ ਚਲਾਉਣ ਵਰਗੇ ਮੌਕੇ ਮਿਲਣ ਨਾਲ ਔਰਤਾਂ ਵਿਚ ਆਗੂ ਟੀਮਾਂ ਪੈਦਾ ਕਰਨ ਦੀਆਂ ਵੱਡੀਆਂ ਸੰਭਾਵਨਾਵਾਂ ਪੈਦਾ ਹੋਈਆਂ ਹਨ। ਇਹ ਕਦਮ ਕਿਸਾਨ-ਮਜ਼ਦੂਰ ਅਤੇ ਹੋਰ ਜਨਤਕ ਜਥੇਬੰਦੀਆਂ ਤੇ ਪਾਰਟੀਆਂ ਅੰਦਰ ਔਰਤਾਂ ਦੀ ਫੈਸਲਾਕੁਨ ਭੂਮਿਕਾ ਨੂੰ ਵਧਾਉਣ ਵਿਚ ਸਹਾਈ ਹੋਣਗੇ। ਤਿੰਨ ਖੇਤੀ ਕਾਨੂੰਨਾਂ ਅਤੇ ਫਸਲਾਂ ਦੇ ਘੱਟੋ ਘੱਟ ਸਮਰਥਨ ਮੁੱਲ ਉੱਤੇ ਖਰੀਦ ਦੀ ਗਰੰਟੀ ਬਾਰੇ ਸ਼ੁਰੂ ਹੋਏ ਅੰਦੋਲਨ ਦਾ ਦਾਇਰਾ ਸੁਭਾਵਿਕ ਤਰੀਕੇ ਨਾਲ ਹੀ ਵਿਆਪਕ ਹੁੰਦਾ ਜਾ ਰਿਹਾ ਹੈ। ਕਿਸਾਨ ਸੰਸਦ ਦੇਸ਼ ਦੀ ਜਮਹੂਰੀਅਤ ਨੂੰ ਮਜਬੂਤ ਕਰਨ ਵੱਲ ਇਕ ਠੋਸ ਕਦਮ ਹੈ।

# ਕੀ ਮੈਂ ਲਾਵਾਰਸ ਹਾਂ ?

ਗਰਮੀਆਂ ਦੀਆਂ ਛੁੱਟੀਆਂ ਹੋਈਆਂ ਤਾਂ ਬੱਲੀ ਦੀ ਧਰਮ ਪਤਨੀ ਸਰਬਜੋਤ ਨੇ ਸਲਾਹ ਦਿੱਤੀ ਕਿ ਇਸ ਸਾਲ ਗਰਮੀਆਂ ਦੀਆ ਛੁੱਟੀਆਂ ਕਨੇਡਾ ਬੀਤਾਈਆਂ ਜਾਣ। ਇੱਕ ਤਾਂ ਉਨਾਂ ਦੇ ਮਸੇਰ ਭਾਈ ਨੂੰ ਮਿਲ ਹੋ ਜਾਵੇਗਾ ਅਤੇ ਦੂਸਰਾ ਬੱਚਿਆਂ ਦਾ ਮਨਪ੍ਰਚਾਵਾ ਹੋ ਜਾਵੇਗਾ।ਬੱਲੀ ਨੂੰ ਵੀ ਆਪਣੀ ਧਰਮ ਪਤਨੀ ਦਾ ਸੁਝਾਉ ਪਸੰਦ ਆਇਆ ਅਤੇ ਇਨਾਂ ਨੇ ਆਪਣੇ ਦੋ ਬੱਚਿਆਂ ਸਮੇਤ ਪਿਛਲੇ ਸਾਲ ਗਰਮੀਆਂ ਵਿੱਚ ਟੋਰੰਟੋ ਜਾਣ ਦਾ ਪ੍ਰੋਗਰਾਮ ਬਣਾ ਲਿਆ।

ਬੱਲੀ ਨੇ ਆਪਣੇ ਮਸੇਰ ਭਾਈ ਗੁਰਭਜਨ ਨੂੰ ਜਦੋਂ ਆਪਣੀ ਕਨੇਡਾ ਜਾਣ ਦੀ ਸੂਚਨਾ ਦਿੱਤੀ, ਉਹ ਬਹੁਤ ਖੁਸ਼ ਹੋਇਆ ਅਤੇ ਹੈਰਾਨ ਹੋਇਆ ਆਖਣ ਲੱਗਾ, " ਉਏ ਬੱਲੀ ਇੱਥੇ ਆਉਣ ਦੇ ਲਾਰੇ ਤਾਂ ਤੂੰ ਪਿਛਲੇ ਕਈ ਸਾਲਾਂ ਦੇ ਲਾ ਰਿਹਾ ਹੈਂ, ਐਂਵੇਂ ਨਾ ਜੱਬਲੀਆਂ ਮਾਰੀ ਜਾਇਆ ਕਰ। ਤੇਰੇ 'ਤੇ ਮੈਨੂੰ ਹੁਣ ਰੱਤੀ ਇਤਬਾਰ ਨਹੀਂ।" " ਨਹੀਂ ਗੁਰਭਜਨ ਇਸ ਵਾਰ ਤਾਂ ਇੱਟ ਵਰਗਾ ਸੱਚ ਹੈ, ਸਾਡੇ ਤਾਂ ਬੱਚੇ ਵੀ ਕਨੇਡਾ ਜਾਣ ਨੂੰ ਰੱਸੇ ਤੁੜਵਾ ਰਹੇ ਕਹੀ ਜਾ ਰਹੇ ਹਨ , ਡੈਡ ਇਸ ਸਾਲ ਛੁੱਟੀਆਂ ਵਿੱਚ ਸਾਨੂੰ ਕਨੇਡਾ ਜਰੂਰ ਲੈ ਕੇ ਜਾਓ।" ਬੱਲੀ ਦੇ ਬੱਚੇ ਅਤੇ ਗੁਰਭਜਨ ਦੇ ਬੱਚੇ ਤਕਰੀਬਨ ਹਮ-ਉਮਰ ਹਨ।ਬੱਲੀ ਨੂੰ ਆਪਣੇ ਮਸੇਰ ਭਾਈ ਨੂੰ ਮਿਲਣ ਦੀ ਅਤੇ ਕਨੇਡਾ ਘੁੰਮਣ ਫਿਰਨ ਦੀ ਖੁਸ਼ੀ ਅਤੇ ਬੱਚਿਆਂ ਨੂੰ ਮਸੇਰ ਭਾਈ ਦੇ ਬੱਚਿਆਂ ਨੂੰ ਮਿਲਣ ਦੀ ਤਾਂਘ ਅਤੇ ਚਾਅ, ਦੇਖਿਆਂ ਹੀ ਬਣਦਾ ਸੀ

ਬੱਲੀ ਅਤੇ ਸਰਬਜੋਤ ਨੇ ਦਿਨਾਂ ਵਿੱਚ ਹੀ ਤਿਆਰੀ ਕੀਤੀ ਅਤੇ ਪਰਿਵਾਰ ਸਮੇਤ ਗੁਰਭਜਨ ਦੇ ਘਰ ਕਨੇਡਾ ਪਹੁੰਚ ਗਏ। ਮਸੇਰ ਭਾਈ ਅਤੇ ਉਨ੍ਹਾਂ ਦੀ ਧਰਮ ਪਤਨੀ ਸਿਮਰਨ ਨੇ ਬੱਲੀ ਪਰਿਵਾਰ ਦਾ ਰੱਜ ਕੇ ਸੁਆਗਤ ਕੀਤਾ। ਬੱਚੇ ਘਰ ਵੜਦਿਆਂ ਸਾਰ ਹੀ ਗੁਰਭਜਨ ਦੇ ਬੱਚਿਆਂ ਨਾਲ ਇੱਕ-ਮਿੱਕ ਹੋ ਗਏ ਅਤੇ ਬੱਲੀ ਹੋਰੀਂ ਗੁਰਭਜਨ ਅਤੇ ਸਿਮਰਨ ਨਾਲ ਆਪਣੀ ਖੁਸ਼ੀ ਦਾ ਪ੍ਰਗਟਾਵਾ ਕਰਦੇ ਹੋਏ ਇੱਕ ਦੂਸਰੇ ਦੀ ਸੁੱਖ ਸਾਂਦ ਪੁੱਛਣ ਲੱਗੇ।ਚਾਹ ਪਾਣੀ ਪੀਦਿਆਂ ਦੋਹਾਂ ਪਰਿਵਾਰਾਂ ਨੇ ਸਲਾਹ ਬਣਾਈ ਕਿ ਇਨਾਂ ਪਾਸ ਗਿਣਤੀ ਦੀਆਂ ਹੀ ਛੁੱਟੀਆਂ ਦੇ ਹਨ, ਕਿਉਂ ਨਾ ਕੱਲ੍ਹ ਸਵੇਰ ਤੋਂ ਹੀ ਟਰੰਟੋ ਦੀਆਂ ਵੱਖ-ਵੱਖ ਥਾਂਵਾਂ 'ਤੇ ਘੁੰਮਣਾ ਫਿਰਨਾ ਸ਼ੁਰੂ ਕਰੀਏ। ਮਸੇਰ ਭਾਈ ਅਤੇ ਸਿਮਰਨ ਨੂੰ ਬੱਲੀ ਦੀ ਸਲਾਹ ਚੰਗੀ ਲੱਗੀ ਅਤੇ ਦੋਹਾਂ ਪਰਿਵਾਰਾਂ ਨੇ ਦੂਸਰੇ ਹੀ ਦਿਨ ਟੋਰੰਟੋ ਦਾ ਨਿਆਗਰਾ ਫ਼ਾਲ ਅਤੇ ਸੀ ਐਨ ਟਾਵਰ ਦੇਖਣ ਦਾ ਪ੍ਰੋਗਰਾਮ ਬਣਾ ਲਿਆ।

ਯਾਤਰਾ ਦੀ ਥਕਾਵਟ ਅਤੇ ਇੰਗਲੈਂਡ ਅਤੇ ਕਨੇਡਾ ਦੇ ਸਮਾਂ-ਅੰਤਰ ਹੋਣ ਦੇ ਬਾਵਜੂਦ ਵੀ ਬੱਚੇ ਸਵੇਰੇ ਸੁਵੱਖਤੇ ਹੀ ਉਠ ਖੜ੍ਹੇ ਹੋਏ। ਸਾਰੇ ਪਰਿਵਾਰ ਨੇ ਨਾਸ਼ਤਾ ਕੀਤਾ ਅਤੇ ਗੁਰਭਜਨ ਨੇ ਰਸਤੇ ਵਿੱਚ ਕੁੱਝ ਖਾਣ ਪੀਣ ਦਾ ਸਮਾਨ ਕਾਰ ਦੀ ਡਿੱਘੀ ਵਿੱਚ ਰੱਖ ਕੇ ਸਾਰਿਆਂ ਨੇ ਨਿਆਗਰਾ ਫ਼ਾਲ ਨੂੰ ਦੇਖਣ ਲਈ ਚਾਲੇ ਪਾ ਲਏ। ਰਸਤੇ ਵਿੱਚ ਬੱਚੇ ਆਪਣੀਆਂ ਗੱਲਾਂ ਮਾਰਦੇ ਗਏ ਅਤੇ ਵੱਡਿਆਂ ਨੇ ਆਪਣੀਆਂ ਪਰਿਵਾਰਿਕ ਗੱਲਾਂ ਅਤੇ ਵਿੱਚ ਵਿੱਚ ਪੰਜਾਬ ਦੀ ਰਾਜਨੀਤੀ ਦੀ ਲੜੀ ਜਾਰੀ ਰੱਖੀ। ਗੁਰਭਜਨ ਆਖਣ ਲੱਗਾ, "ਬਈ ਬੱਲੀ ਜੇ ਕਿਸੇ ਨੇ ਪੰਜਾਬ ਦਾ ਭਲਾ ਕੀਤਾ ਤਾਂ ਸਿੱਖਾਂ ਵਾਲੀ ਪਾਰਟੀ ਨੇ ਹੀ ਕਰਨਾ ਹੈ, ਬਾਕੀ ਤਾਂ ਸਾਰੇ ਠੱਗ ਹੀ ਹਨ।" ਬੱਲੀ ਦੇ ਮਨ ਨੂੰ ਇਹ ਗੱਲ ਕੁੱਝ ਚੰਗੀ ਨਾ ਲੱਗੀ ਤਾਂ ਇਹ ਵਿੱਚੇ ਬੋਲ ਪਿਆ, "ਭਾਈ ਸਾਹਿਬ ਇਹ ਸਭ ਠੱਗ ਹਨ, ਦੁੱਧ ਧੋਤਾ ਕੋਈ ਵੀ ਨਹੀਂ।" ਸਿਆਸਤ ਦੀ ਬਹਿਸ ਚੱਲਦੀ ਗਈ ਜਦੋ ਨੂੰ ਨਿਆਗਰਾ ਫ਼ਾਲ ਆ ਗਿਆ। ਦੋਹਾਂ ਪਰਿਵਾਰਾਂ ਨੇ ਅਮਰੀਕਾ ਅਤੇ ਕਨੇਡਾ ਦੀ ਸਰਹੱਦ ਤੇ ਨਿਆਗਰਾ ਫ਼ਾਲ ਦੇ ਕੁਦਰਤੀ ਨਜ਼ਾਰੇ ਦਾ ਭਰਪੂਰ ਆਨੰਦ ਮਾਣਿਆ। ਲੱਖਾਂ ਟਨ ਬੇਰੋਕ ਡਿੱਗਦੇ ਬੜੀ ਹੀ ਉੱਚਾਈ ਤੋਂ ਪਾਣੀ ਦਾ ਕੁਦਰਤੀ ਨਜ਼ਾਰਾ ਬੜਾ ਹੀ ਮੰਨ ਮੋਹਣ ਵਾਲਾ ਸੀ। ਪਾਣੀ ਡਿੱਗਣ ਤੋਂ ਬਣਦੀ ਭਾਫ਼ ਇੱਕ ਅਲੌਕਿਕ ਦ੍ਰਿਸ਼ ਪੇਸ਼ ਕਰ ਰਹੀ ਸੀ, ਜਿਵੇਂ ਪ੍ਰਮਾਤਮਾ ਨੇ ਧਰਤੀ ਤੇ ਸਵਰਗ ਉਤਾਰ ਦਿੱਤਾ ਹੋਵੇ।ਦੋਹਾਂ ਪਰਿਵਾਰਾਂ ਨੇ ਪਾਣੀ ਵਿੱਚ ਤੈਰਦੀਆਂ ਬੋਟਾਂ ਦੀ ਵੀ ਸੈਰ ਕੀਤੀ ਅਤੇ ਇਸ ਸਾਰੇ ਨਜ਼ਾਰੇ ਦਾ ਖ਼ੂਬ ਆਨੰਦ ਮਾਣਿਆ।ਇਸ ਤੋਂ ਬਾਅਦ ਰੱਬ ਜੇਡਾ ਉੱਚਾ ਸੀ ਐਨ ਟਾਵਰ ਦੇਖਿਆ ਜਿਸ 'ਤੇ ਚੜ੍ਹ ਕੇ ਸੜਕਾਂ 'ਤੇ ਦੌੜਦੀਆਂ ਕਾਰਾਂ ਨਿਰੀਆਂ ਤੀਲਾਂ ਦੀਆਂ ਡੱਬੀਆਂ ਲੱਗਦੀਆਂ ਸਨ।

ਘੁੰਮਦਿਆਂ ਫਿਰਦਿਆਂ ਹੁਣ ਸ਼ਾਮਾਂ ਢੱਲਣ ਲੱਗੀਆਂ ਤਾਂ ਗੁਰਭਜਨ ਅਤੇ ਸਿਮਰਨ ਆਖਣ ਲੱਗੇ ਕਿ ਹੁਣ ਕਾਫ਼ੀ ਭੁੱਖ ਲੱਗ ਗਈ ਹੈ, ਚੱਲੋ ਘਰ ਜਾਣ ਤੋਂ ਪਹਿਲਾਂ ਕਿਸੇ ਰੈਸਟੋਰੈਂਟ ਵਿੱਚ ਕੁੱਝ ਖਾ ਪੀ ਲਈਏ। ਘੁੰਮਣ ਫਿਰਨ ਉਪਰੰਤ ਸਭ ਨਿਆਗਰਾ ਫ਼ਾਲ ਦੇ ਲਾਗੇ ਹੀ ਇੱਕ ਰੈਸਟੋਰੈਂਟ ਵਿੱਚ ਖਾਣਾ ਖਾਣ ਰੁਕ ਗਏ।

ਰੈਸਟੋਰੈਂਟ ਅੰਦਰ ਵੜਦਿਆਂ ਹੀ ਇੱਕ ਸੋਹਣੀ ਸੁਨੱਖੀ ਮੁਟਿਆਰ ਜਿਹੜੀ ਮੁਹਾਂਦਰੇ ਤੋਂ ਨਾ ਤਾਂ ਗੋਰੀ ਜਾਪਦੀ ਸੀ ਅਤੇ ਨਾ ਹੀ ਏਸ਼ੀਅਨ, ਨੇ ਗਾਹਕਾਂ ਦਾ ਨਿੱਘਾ ਸੁਆਗਤ ਕੀਤਾ। ਇਸ ਦੇ ਸਲੀਕੇ ਨਾਲ ਸੰਵਾਰੇ ਹੋਏ ਵਾਲ, ਹਲਕੀ ਫੁਲਕੀ ਕੀਤੀ ਮੇਕ ਅੱਪ ਅਤੇ ਰੈਸਟੋਰੈਂਟ ਦੇ ਦਿਲ ਖਿੱਚਵੇਂ ਪਹਿਰਾਵੇ ਵਿੱਚ, ਇਹ ਮੁਟਿਆਰ ਸੱਚਮੁੱਚ ਹੀ ਇੱਕ ਅਕਾਸ਼ 'ਤੋਂ ਉਤਰੀ ਪਰੀ ਜਾਪਦੀ ਸੀ। ਉਸਨੇ ਗੁੱਡ ਆਫ਼ਟਰਨੂਨ ਆਖ ਕੇ ਬੱਲੀ ਹੋਰਾਂ ਦਾ ਸੁਆਗਤ



ਕੀਤਾ ਅਤੇ ਪਹਿਲਾਂ ਹੀ ਸਾਫ਼ ਟੇਬਲ ਤੇ ਦੁਬਾਰਾ ਫਿਰ ਸੈਨੇਟਾਈਜ਼ਰ ਸਪਰੇਅ ਕਰਕੇ ਕੱਪੜਾ ਮਾਰਦੀ ਹੋਈ ਪੁੱਛਣ ਲੱਗੀ, "ਸਰ ਵੱਟ ਯੂ ਲਾਈਕ ਟੂ ਡਰਿੰਕ ਔਰ ਈਟ?" ਸਭਨਾਂ ਨੂੰ ਉਸ ਦੀ ਆਵਾਜ਼ ਬੜੀ ਪਿਆਰੀ ਲੱਗੀ। ਜਿਵੇਂ ਉਸਦੀ ਆਵਾਜ਼ ਵਿੱਚ ਕੋਈ ਛੁੱਪਿਆ ਦਰਦ ਅਤੇ ਅਪਣੱਤ ਹੋਵੇ। ਬੱਲੀ ਨੇ ਗੁਰਭਜਨ ਨੂੰ ਪੁੱਛਿਆ ਕਿ ਇਹ ਕੁੜੀ ਆਪਣੀ ਪੰਜਾਬਣ ਜਾਂ ਭਾਰਤੀ ਲੱਗਦੀ ਹੈ। ਉਹ ਆਖਣ ਲੱਗਾ ਕਿ "ਤੂੰ ਐਂਵੇਂ ਸਭ ਨੂੰ ਆਪਣਾ ਸਮਝਦਾ ਰਹਿੰਦਾ ਹੈਂ। ਤੂੰ ਉਸਦੀ ਨਾਮ ਵਾਲੀ ਪਲੇਟ 'ਤੇ 'ਸੈਂਡੀ' ਲਿਖਿਆ ਨਹੀਂ ਪੜ੍ਹਿਆ, ਉਹ ਕਿਵੇਂ ਆਪਣੀ ਪੰਜਾਬਣ ਕੁੜੀ ਹੋਈ?"

ਦਿੱਤੇ ਹੋਏ ਖਾਣੇ ਦੇ ਆਰਡਰ ਮੁਤਾਬਿਕ ਸੈਂਡੀ ਨੇ ਟੇਬਲ ਤੇ ਖਾਣਾ ਪਰੋਸ ਦਿੱਤਾ ਤੇ ਸੈਂਡੀ ਦੂਸਰੇ ਗਾਹਕਾਂ ਵਲ ਚਲੀ ਗਈ। ਇਸ ਸਵਾਦਿਸ਼ਟ ਖਾਣੇ ਦਾ ਸਭਨਾਂ ਨੇ ਭਰਪੂਰ ਆਨੰਦ ਮਾਣਿਆ।ਖਾਣਾ ਤਾਂ ਬੇਸ਼ੱਕ ਸੁਆਦ ਹੈ ਹੀ ਸੀ ਪਰ ਇਸ ਤੋਂ ਵੀ ਵੱਧ ਸੈਂਡੀ ਦਾ ਮੇਜ਼ਵਾਨਾ ਸਲੀਕਾ।ਖਾਣਾ ਖਾਂਦਿਆਂ ਪਤਾ ਨਹੀਂ ਕਿਉਂ ਬੱਲੀ ਦਾ ਧਿਆਨ ਇਸ ਕੁੜੀ ਦੀ ਪਿਆਰੀ ਸੂਰਤ ਅਤੇ ਮਸੂਮੀਅਤ ਵੱਲ ਕੇਂਦਰਿਤ ਰਿਹਾ। ਇਸ ਨੇ ਗੁਰਭਜਨ ਨੂੰ ਫੇਰ ਪੁੱਛਿਆ, "ਮੈਨੂੰ ਤਾਂ ਇਹ ਕੁੜੀ ਆਪਣੀ ਹੀ ਲੱਗਦੀ ਹੈ, ਤੂੰ ਭਾਵੇਂ ਮੰਨ ਜਾ ਨਾ ਮੰਨ!"

ਰੈਸਟੋਰੈਂਟ ਬਹੁਤਾ ਰੁੱਝਿਆ ਜਾ ਬਿੱਜ਼ੀ ਨਹੀਂ ਸੀ, ਸਿਰਫ਼ ਕੁਝ ਗਿਣਤੀ ਦੇ ਹੀ ਗਾਹਕ ਸਨ। ਗੁਰਭਜਨ ਨੇ ਸਲਾਹ ਦਿੱਤੀ ਕਿ ਜਦੋਂ ਇਹ ਕੁੜੀ ਬਿੱਲ ਦੇ ਪੈਸੇ ਲੈਣ ਆਈ ਤਾਂ ਤੇਰਾ ਮੱਥੁੜਾ ਦੂਰ ਕਰ ਹੀ ਲਵਾਂਗੇ ਕਿ ਉਹ ਕੌਣ ਹੈ। ਜਦੋ ਨੂੰ ਸੈਂਡੀ ਖਾਣੇ ਦਾ ਬਿੱਲ ਲੈ ਕੇ ਇਨਾਂ ਦੇ ਟੇਬਲ ਪਾਸ ਆ ਗਈ। ਬੱਲੀ ਨੇ ਹੌਂਸਲਾ ਕਰਕੇ ਸੈਂਡੀ ਨੂੰ ਪੁੱਛ ਹੀ ਲਿਆ, "ਆਰ ਯੂ ਇੰਡੀਅਨ?" ਉਸਨੇ ਸਿਰਫ਼ ਸੰਖੇਪ ਜਵਾਬ ਦਿੱਤਾ, "ਯੈਸ ਸਰ।" ਬੱਲੀ ਦੀ ਜਦੋਂ ਪੂਰੀ ਤਸੱਲੀ ਨਾ ਹੋਈ ਤਾਂ ਇਸ ਨੇ ਦੂਸਰਾ ਸਵਾਲ ਕਰ ਦਿੱਤਾ, "ਆਰ ਯੂ ਪੰਜਾਬੀ?" ਹੁਣ ਸੈਂਡੀ ਇਨਾਂ ਦੀ ਉਤਸੁਕਤਾ ਭਾਂਪ ਗਈ ਸੀ। ਉਸਨੇ ਹੁਣ ਸੰਖੇਪ ਦੀ ਬਿਜਾਏ ਖੁੱਲ੍ਹ ਕੇ ਜਾਣਕਾਈ ਦੇਣੀ ਮੁਨਾਸਬ ਸਮਝੀ।"ਹਾਂ ਜੀ, ਅੰਕਲ ਜੀ ਮੈਂ ਪੰਜਾਬ ਤੋਂ ਹੀ ਹਾਂ ਤੇ ਮੇਰਾ ਪੂਰਾ ਨਾਂ 'ਸੰਨਜੀਤ' ਹੈ।

ਬੱਲੀ ਨੂੰ ਸੰਨਜੀਤ (ਸੈਂਡੀ) ਦੇ ਬੋਲਾਂ ਵਿੱਚੋਂ ਕੋਈ ਅਪਣੱਤ ਅਤੇ ਭੋਲਾਪਣ ਦਿਸਿਆ।ਬੱਲੀ ਨੂੰ ਉਸ ਤੋਂ ਉਸ ਦਾ ਪਿਛੋਕੜ ਜਾਨਣ ਦੀ ਉਤਸੁਕਤਾ ਹੋਰ ਜਾਗੀ। "ਬੇਟਾ ਤੈਨੂੰ ਕਨੇਡਾ ਆਈ ਨੂੰ ਕਿੰਨਾ ਕੁ ਚਿਰ ਹੋ ਗਿਆ? ਕੀ ਤੇਰਾ ਪਰਿਵਾਰ ਜਾਂ ਰਿਸ਼ਤੇਦਾਰਾਂ 'ਚੋਂ ਕੋਈ ਕਨੇਡਾ ਰਹਿੰਦਾ ਹੈ?" ਬੱਲੀ ਨੇ ਆਪਣੇ ਦਿਲ ਦੇ ਕਿਸੇ ਕੋਨੇ ਵਿੱਚ ਲੁੱਕੇ ਸਵਾਲਾਂ ਦੀ ਝੜੀ ਲਾ ਦਿੱਤੀ। "ਸਰ ਮੈਂ ਪਿਛਲੇ ਸਾਲ ਤੋਂ ਇੱਥੇ ਪੜ੍ਹਨ ਲਈ ਆਈ ਹੋਈ ਹਾਂ, ਮੇਰਾ ਪਰਿਵਾਰ ਤਾਂ।" ਸੰਨਜੀਤ ਦੀਆਂ ਅੱਖਾਂ ਭਰ ਆਈਆਂ ਤੇ ਪੂਰਾ ਜਵਾਬ ਨਾ ਦੇ ਸਕੀ।

ਬੱਲੀ ਨੇ ਉੱਠ ਕੇ ਸੈਂਡੀ ਦਾ ਸਿਰ ਪਲੋਸਿਆ ਅਤੇ ਹੌਂਸਲਾ ਦਿੱਤਾ। " ਸਰ ਜੀ ਮੈਂ ਅਜੇ ਬੱਚੀ ਹੀ ਸਾਂ, ਜਦੋਂ ਮੇਰੀ ਮਾਤਾ ਸਾਡੇ ਪਿੰਡ ਦੇ ਜ਼ਿਮੀਦਾਰ ਸਰਦਾਰ ਭਰਪੂਰ ਸਿੰਘ ਦੀ ਰੋਟੀ ਟੁੱਕ ਅਤੇ ਘਰ ਦੀ ਸਫਾਈ ਬਗੈਰਾ ਦਾ ਕੰਮ ਕਰਕੇ ਗੁਜ਼ਾਰਾ ਕਰਿਆ ਕਰਦੀ ਸੀ। ਮੇਰਾ ਬਾਪ ਅਮਲੀ ਸੀ ਅਤੇ ਜਿਹੜੇ ਚਾਰ ਰੁਪਏ ਮੇਰੀ ਮਾਤਾ ਕਮਾਉਂਦੀ ਉਸਦਾ ਉਹ ਨਸ਼ਾ-ਪੱਤਾ ਕਰ ਛੱਡਦਾ। ਮੈਨੂੰ ਛੋਟੀ ਹੁੰਦੀ ਨੂੰ ਮਾਤਾ ਸਰਦਾਰ ਸਾਹਿਬ ਦੇ ਘਰ ਕੰਮ ਤੇ ਲੈ ਜਾਂਦੀ, 'ਤੇ ਮੈਂ ਵੀ ਆਪਣੀ ਮਾਤਾ ਦਾ ਕੰਮ ਵਿੱਚ ਹੱਥ ਵੰਡਾਂਉਂਦੀ।"

ਸੰਨਜੀਤ ਦੀ ਬਚਪਨ ਵਿੱਚ ਹੀ ਕੰਮ ਕਰਨ ਦੀ ਅਤੇ ਪਰਿਵਾਰਿਕ ਗ਼ਰੀਬੀ ਦੀਆਂ ਗੱਲਾਂ ਸੁਣ ਕੇ ਸਾਰਿਆਂ ਦੇ ਦਿਲ ਭਰ ਆਏ। ਪਰ ਵਿਰਾਗ ਦਾ ਹੜ੍ਹ ਉਦੋਂ ਆਇਆ ਜਦੋਂ ਸੈਂਡੀ ਦੱਸਣ ਲੱਗੀ, " ਸਰ ਜੀ, ਮੇਰੀ ਮਾਤਾ ਦੀ ਕਮਾਈ ਨਾਲ ਸਾਡਾ ਰੋਟੀ ਟੁੱਕ ਚੱਲਦਾ ਸੀ ਅਤੇ ਨਾਲ ਹੀ ਬਾਪੂ ਦਾ ਨਸ਼ਾ। ਅਸੀਂ ਕੰਮੀਂ ਹੋਣ ਕਰਕੇ ਸਾਡੀ ਜਮੀਨ ਦਾ ਤਾਂ ਕੋਈ ਮਰਲਾ ਵੀ ਨਹੀਂ ਸੀ। ਕਈ ਵਾਰ ਤਾਂ ਹਾਲਾਤ ਇਸ ਤਰਾਂ ਦੇ ਬਣ ਜਾਂਦੇ ਕਿ ਬਾਪੂ ਦਾ ਨਸ਼ਾ ਖਰੀਦਣ ਬਾਅਦ ਸਾਡੇ ਪਾਸ ਦੋ ਡੰਗ ਦੀ ਰੋਟੀ ਵੀ ਨਸੀਬ ਨਾ ਹੁੰਦੀ।ਬਾਪੂ ਦੇ ਦਿਮਾਗ਼ ਤੇ ਨਸ਼ੇ ਦਾ ਅਤੇ ਘਰ ਦੀ ਗ਼ਰੀਬੀ ਦਾ ਭੈੜਾ ਅਸਰ ਹੋਣਾ ਸ਼ੁਰੂ ਹੋ ਗਿਆ।ਇੱਕ ਦਿਨ ਨਸ਼ਾ ਨਾ ਮਿਲਣ ਦੀ ਘਾਟ ਕਰਕੇ ਬਾਪੂ ਨੇ ਫ਼ਾਹਾ ਲੈ ਕੇ ਖੁਦਕੁਸ਼ੀ ਕਰ ਲਈ ਅਤੇ ਮੇਰੇ ਸਿਰ ਤੋਂ ਬਾਪ ਦਾ ਸਾਇਆ ਚੁੱਕਿਆ ਗਿਆ।" ਹੁਣ ਸੰਨਜੀਤ ਦੀਆਂ ਅੱਖਾਂ ਦੇ ਹੰਝੂ ਬੇਮੁਹਾਰੇ ਵੱਗ ਰਹੇ ਸਨ ਅਤੇ ਬੱਲੀ ਹੋਰਾਂ ਦਾ ਵਿਰਾਗ ਵੀ ਰੋਕਿਆਂ ਨਹੀ ਸੀ ਰੁੱਕ ਰਿਹਾ।

ਏਨੀ ਹਮਦਰਦੀ ਨਾਲ ਬੱਲੀ ਹੋਰਾਂ ਨੂੰ ਸੁਣਦਿਆਂ ਦੇਖ ਕੇ ਸ਼ੈਂਡੀ ਬੇਮੁਹਾਰੇ ਆਪਣੀ ਹੱਡ ਬੀਤੀ ਸੁਣਾ ਰਹੀ ਸੀ। "ਸਰ ਜੀ ਬਾਪੂ ਦੇ ਗੁਜ਼ਰਨ ਤੋਂ ਬਾਅਦ ਮੈਂ ਅਤੇ ਮੇਰੀ ਮਾਤਾ ਜੀ ਦੋਵੇਂ ਸਰਦਾਰ ਭਰਪੂਰ ਸਿੰਘ ਦੇ ਘਰ ਦੇ ਘਰ ਵਿੱਚ ਕੰਮ ਕਰਦੇ ਰਹੇ। ਸਰਦਾਰ ਭਰਪੂਰ ਸਿੰਘ ਜੀ ਸਾਡੇ ਮਾਵਾਂ-ਧੀਆਂ ਲਈ ਇੱਕ ਫ਼ਰਿਸ਼ਤਾ ਵਾਂਗ ਵਿਚਰੇ। ਮੇਰਾ ਭੈਣ ਭਰਾ ਤਾਂ ਕੋਈ ਹੈ ਹੀ ਨਹੀਂ ਅਤੇ ਸਾਡੀਆਂ ਦੋਹਾਂ ਮਾਵਾਂ-ਧੀਆਂ ਦਾ ਗੁਜ਼ਾਰਾ ਤਾਂ ਸਰਦਾਰ ਸਾਹਿਬ ਦੇ ਘਰ ਦੀਆਂ ਬੁੱਤੀਆਂ ਕਰ ਕੇ ਹੀ ਚੱਲਦਾ ਸੀ। ਸਰਦਾਰ ਜੀ ਦੇ ਘਰ ਕੰਮ ਕਰਕੇ ਅਸੀਂ ਦੋਵੇਂ ਰੋਟੀ ਉਥੇ ਹੀ ਖਾ ਲੈਂਦੇ ਅਤੇ ਮਜ਼ਦੂਰੀ ਦੇ ਪੈਸਿਆਂ ਨਾਲ ਆਪਣਾ ਕੱਪੜਾ ਲੀੜਾ ਅਤੇ ਘਰ ਦੇ ਹੋਰ ਖਰਚ ਕਰਦੇ।

ਬਲਵੰਤ ਸਿੰਘ ਗਿੱਲ
(ਬੈਡਫੋਰਡ) ਯੂ. ਕੇ
ਐਮ.ਏ., ਬੀ.ਐਡ, ਡੀ.ਐਮ.ਐਸ
ਮੋ: 7400717165

"ਸਰ ਜੀ ਬਾਪੂ ਦੀ ਮੌਤ ਦੇ ਅੱਲੇ ਜ਼ਖ਼ਮ ਅਜੇ ਭਰੇ ਨਹੀਂ ਸਨ ਕਿ ਇੱਕ ਵਾਰ ਫਿਰ ਮੇਰੇ ਤੇ ਦੁੱਖਾਂ ਦਾ ਪਹਾੜ ਟੁੱਟ ਪਿਆ, ਜਦੋਂ ਮੇਰੀ ਮਾਤਾ ਜੀ ਮੇਰੇ ਪਿਤਾ ਜੀ ਦੀ ਮੌਤ ਤੋਂ ਸਾਲ ਕੁ ਬਾਅਦ ਹੀ ਇੱਕ ਭਿਆਨਕ ਬਿਮਾਰੀ ਦਾ ਸ਼ਿਕਾਰ ਹੋ ਕੇ ਰੱਬ ਨੂੰ ਪਿਆਰੀ ਹੋ ਗਈ । ਉਦੋਂ ਤਾਂ ਮੈਂ ਬਿਲਕੱਲ ਹੀ ਅਨਾਥ ਅਤੇ ਬੇ-ਸਹਾਰਾ ਹੋ ਗਈ ਸਾਂ।ਮੈਂ ਡਾਢੇ ਫ਼ਿਕਰਾਂ ਵਿੱਚ ਮਜ਼ੂਸ ਰਹਿਣ ਲੱਗ ਪਈ ਸੀ ਕਿ ਹੁਣ ਮੇਰਾ ਕੌਣ ਸਹਾਈ ਹੋਏਗਾ? ਸਰ ਜੀ ਮਾਂ ਬਾਪ ਦੀ ਮੌਤ ਦੀ ਸੱਟ ਤਾਂ ਕਿਸੇ ਲਈ ਵੀ ਅਸਹਿ ਹੁੰਦੀ ਹੈ। ਪਰ ਮੈਨੂੰ ਤਾਂ ਕੋਈ ਸਹਾਰਾ ਦੇਣ ਵਾਲਾ ਇਸ ਦੁਨੀਆਂ ਤੇ ਹੈ ਹੀ ਨਹੀਂ ਸੀ ।

ਮਾਪਿਆਂ ਦੀ ਅਣਹੋਂਦ ਕਰਕੇ ਮੈਨੂੰ ਆਪਣਾ ਭਵਿੱਖ ਧੁੰਦਲਾ ਜਾਪਣ ਲੱਗ ਪਿਆ ਸੀ।ਪਰ ਇਹੋ ਜਿਹੇ ਹਾਲਾਤਾਂ ਵਿੱਚ ਮੇਰੇ ਰੱਬ ਵਰਗੇ ਅੰਕਲ ਸਰਦਾਰ ਭਰਪੂਰ ਸਿੰਘ ਨੇ ਮੈਨੂੰ ਮਾਲੂਮ ਨਹੀਂ ਹੋਣ ਦਿੱਤਾ ਕਿ ਮੈਂ ਲਵਾਰਿਸ ਹਾਂ ਅਤੇ ਉਹ ਮੈਨੂੰ ਮੇਰੇ ਮਾਂ ਬਾਪ ਵਾਂਗ ਹੋ ਕੇ ਵਿਚਰੇ।ਮੇਰਾ ਪਾਲਣ ਪੋਸ਼ਣ ਅਤੇ ਪੜਾਈ ਆਪਣੇ ਪੁੱਤਰਾਂ ਧੀਆਂ ਵਾਂਗ ਕੀਤੀ।" ਸੰਨਜੀਤ ਦੇ ਮੂੰਹੋਂ ਦਰਦਨਾਕ ਕਹਾਣੀ ਦੀ ਤਸਵੀਰ ਇੱਕ ਫ਼ਿਲਮੀ ਰੀਲ੍ਹ ਵਾਂਗ ਘੁੰਮ ਰਹੀ ਸੀ ਅਤੇ ਸਾਡੇ ਸਾਰਿਆਂ ਦੀਆਂ ਅਖਾਂ ਵਿੱਚੋਂ ਬੇਰੋਕ ਹੰਝੂ।

" ਫੇਰ ਭਰਪੂਰ ਸਿੰਘ ਦੇ ਸ਼ਰੀਕੇਚਾਰੇ 'ਚ ਗੱਲਾਂ ਨਹੀਂ ਹੋਣ ਲੱਗੀਆਂ ਪਈ ਸਰਦਾਰ ਕੰਮੀਆਂ ਦੀ ਇੱਕ ਕੁੜੀ 'ਤੇ ਏਨਾ ਖਰਚਾ ਕਰੀ ਜਾ ਰਿਹਾ ਹੈ ਅਤੇ ਘਰ ਵਿੱਚ ਇਕ ਜੁਆਨ ਕੁੜੀ?" "ਲੋਕੀਂ ਤਰਾਂ ਤਰਾਂ ਦੀਆਂ ਵਥੇਰੀਆਂ ਤੂਤੀਆਂ ਬੋਲਦੇ ਸਨ, ਪਰ ਮੇਰੇ ਅੰਕਲ ਨੇ ਪਰਵਾਹ ਨਹੀਂ ਕੀਤੀ 'ਤੇ ਹਿੱਕ ਤਾਣ ਕੇ ਮੇਰੀ ਮੱਦਦ ਕਰਦਾ ਰਿਹਾ।"

"ਬੇਟਾ ਫਿਰ ਤੇਰਾ ਕਨੇਡਾ ਦਾ ਸਬੱਬ ਕਿਵੇਂ ਬਣਿਆ ?" ਬੱਲੀ ਹੋਰਾਂ ਦੀ ਉਤਸੁਕਤਾ ਹੋਰ ਪ੍ਰਬਲ ਹੋ ਗਈ, ਕਿਉਂਕਿ ਇੰਨੀ ਗ਼ਰੀਬੀ ਅਤੇ ਬਿਨਾਂ ਹੋਰ ਸਾਧਨਾਂ ਤੋਂ ਇੱਕ ਗ਼ਰੀਬ ਪਰਿਵਾਰ ਆਪਣੀ ਬੱਚੀ ਨੂੰ ਕਨੇਡਾ ਕਿਵੇਂ ਭੇਜ ਸਕਦਾ ਹੈ? "ਅੰਕਲ ਜੀ ਦੇ ਦੋਵੇਂ ਲੜਕਾ ਅਤੇ ਲੜਕੀ ਪਹਿਲੋਂ ਹੀ ਕਨੇਡਾ ਸੈੱਟ ਸਨ।ਕੁਝ ਸਮਾਂ ਪਹਿਲਾਂ ਅੰਕਲ ਜੀ ਵੀ ਆਪਣੇ ਬੱਚਿਆਂ ਪਾਸ ਪੱਕੇ ਤੌਰ ਤੇ ਕਨੇਡਾ ਰਹਿਣ ਗਏ ਸਨ, ਪਰ ਅੰਕਲ ਜੀ ਦਾ ਕੈਨੇਡਾ ਦਿਲ ਨਾ ਲੱਗਣ ਕਰਕੇ ਵਾਪਸ ਪਿੰਡ ਆ ਗਏ। ਪਤਾ ਨਹੀਂ ਰੱਬ ਨੇ ਸਾਡੇ ਗਰੀਬਾਂ ਦੀ ਉਸ ਰਾਹੀਂ ਮੱਦਦ ਕਰਾਉਣੀ ਹੋਵੇਗੀ ਅਤੇ ਇਸੇ ਕਰਕੇ ਅੰਕਲ ਜੀ ਨੂੰ ਮੈਂ ਉਨਾਂ ਦੀ ਧੀ ਨਜ਼ਰ ਆਉਂਦੀ ਹੋਵਾਂ।"

ਸੰਨਜੀਤ ਆਪਣੇ ਦੁੱਖਾਂ ਦੀ ਦਾਸਤਾਨ ਬੇਰੋਕ ਸੁਣਾਉਂਦੀ ਗਈ ਅਤੇ ਸਾਡੇ ਕੰਨ ਸੈਂਡੀ ਦੇ ਬੋਲਾਂ ਅਤੇ ਨਜ਼ਰਾਂ ਉਸ ਦੇ ਮਸੂਮ ਚਿਹਰੇ ਤੇ ਕੇਂਦਰਿਤ ਰਹੀਆਂ। "ਅੰਕਲ ਜੀ ਨੇ ਆਪਣੀ ਖਾਹਿਸ਼ ਮੁਤਾਬਿਕ ਮੈਨੂੰ ਆਈਲੈੱਟਸ ਤੱਕ ਦੀ ਪੜ੍ਹਾਈ ਵਿੱਚ ਪਾ ਦਿੱਤਾ ਤਾਂ ਕਿ ਮੈਂ ਕਨੇਡਾ ਜਾਂ ਕਿਸੇ ਹੋਰ ਵਿਕਸਿਤ ਮੁਲਕ ਵਿੱਚ ਆਪਣਾ ਚੰਗਾ ਗੁਜ਼ਾਰਾ ਕਰ ਸਕਾਂ।ਪੜ੍ਹਨ ਵਿੱਚ ਪ੍ਰਮਾਤਮਾ ਦੀ ਮੇਰੇ ਤੇ ਮਿਹਰ ਸੀ 'ਤੇ ਮੈਂ ਸਹਿਜੇ ਹੀ ਆਈਲੈੱਟਸ ਵਿੱਚ 6 ਗਰੇਡ ਲੈ ਲਏ। ਮੈਂ ਤਾਂ ਕਨੇਡਾ ਆਉਣਾ ਨਹੀਂ ਚਾਹੁੰਦੀ ਸੀ ਤਾਂ ਕਿ ਮੈਂ ਭਾਰਤ ਵਿਚ ਰਹਿ ਕੇ ਹੀ ਆਪਣੇ ਅੰਕਲ ਜੀ ਦੀ ਸੇਵਾ ਕਰਕੇ ਉਨਾਂ ਦੀ ਕੁਰਬਾਨੀ ਦਾ ਤੁਸ਼ ਮੁਲ ਮੋੜ ਸਕਾਂ। ਅੰਕਲ ਜੀ ਨੂੰ ਇਕੱਲਿਆਂ ਇੰਡੀਆ ਛੱਡ ਕੇ ਆਉਣ ਨੂੰ ਜਮਾਂ ਹੀ ਮੇਰੀ ਰੂਹ ਮੰਨਦੀ ਨਹੀਂ ਸੀ, ਪਰ ਉਨ੍ਹਾਂ ਨੇ ਮੈਨੂੰ ਬਹੁਤ ਹੀ ਪ੍ਰੇਰ ਕੇ ਕਨੇਡਾ ਭੇਜ ਦਿੱਤਾ।

"ਮੈਂ ਹੁਣ ਪੰਜ ਦਿਨ ਕਾਲਜ ਜਾਂਦੀ ਹਾਂ, ਸ਼ਨਿਚਰਵਾਰ ਅਤੇ ਐਤਵਾਰ ਇਸ ਰੈਸਟੋਰੈਂਟ ਵਿੱਚ ਕੰਮ ਕਰਦੀ ਹਾਂ।" "ਸੰਨਜੀਤ ਤੁਹਾਡਾ ਕਾਲਜ ਦੀ ਪੜ੍ਹਾਈ ਅਤੇ ਰਹਿਣ ਅਤੇ ਖਾਣ ਪੀਣ ਦਾ ਸਾਰਾ ਖਰਚਾ ਇਸ ਰੈਸਟੋਰੈਂਟ ਦੀ ਕਮਾਈ ਨਾਲ ਹੋ ਜਾਂਦਾ ਹੈ?" "ਕਿੱਥੋਂ ਸਰ ਜੀ! ਵੀਕ ਐਂਡ ਦੇ ਦੋ ਦਿਨ ਕੰਮ ਕੀਤਿਆਂ ਮੇਰੇ ਕਾਲਿਜ ਦਾ ਖਰਚਾ ਕਿੱਥੋਂ ਪੂਰਾ ਹੋਣਾਂ ਸੀ। ਮੇਰੇ ਅੰਕਲ ਜੀ ਇੰਡੀਆ 'ਚੋਂ ਅਜੇ ਵੀ ਆਪਣੀ ਪੈਨਸ਼ਨ ਵਿੱਚੋਂ ਬਚਾ ਕੇ ਕੁਝ ਪੈਸੇ ਹਰ ਮਹੀਨੇ ਭੇਜਦੇ ਹਨ।"

"ਸੰਨਜੀਤ ਕੀ ਤੁਹਾਡੇ ਅੰਕਲ ਜੀ ਦੇ ਕਨੇਡਾ ਵਸਦੇ ਮੁੰਡੇ, ਬੇਗਾਨੀ ਕੁੜੀ 'ਤੇ ਹੁੰਦੇ ਖਰਚੇ ਦਾ ਇਤਰਾਜ਼ ਨਹੀਂ ਕਰਦੇ?"



"ਕਦੇ ਵੀ ਨਹੀਂ, ਉਹ ਤਾਂ ਸਗੋਂ ਆਖਦੇ ਹਨ ਕਿ ਬਾਪੂ ਜੋ ਕਰਦਾ ਹੈ, ਚੰਗਾ ਹੀ ਕਰਦਾ ਹੈ। ਸਰ ਜੀ ਮੈਂ ਤਾਂ ਪਰਮਾਤਮਾ ਅੱਗੇ ਇਹ ਹੀ ਅਰਦਾਸ ਕਰਦੀ ਹਾਂ ਕਿ ਵਾਹਿਗੁਰੂ ਉਨਾਂ ਦੀ ਉਮਰ ਲੰਬੀ ਕਰੇ ਅਤੇ ਮੇਰੇ ਅੰਕਲ ਵਰਗੇ ਦੇਵਤੇ ਸਭ ਨੂੰ ਨਸੀਬ ਹੋਣ।ਮੈਂ ਤੁਹਾਨੂੰ ਦਿਲ ਦੀ ਗੱਲ ਦੱਸਦੀ ਹਾਂ ਕਿ ਜਦੋਂ ਮੈਂ ਕਨੇਡਾ ਪੱਕੀ ਹੋ ਗਈ, ਵਹਿਗੁਰੂ ਦੀ ਸੌਂਹ, ਮਿੰਨਤਾਂ ਤਰਲੇ ਕਰਕੇ ਅਤੇ ਪੈਰੀਂ ਹੱਥ ਲਾ ਕੇ ਵੀ ਮੈਂ ਉਨਾਂ ਨੂੰ ਕਨੇਡਾ ਸੱਦਾਂਗੀ ਅਤੇ ਆਪਣੇ ਪਾਸ ਰੱਖਾਂਗੀ।ਕਿਸੇ ਕਾਰਨ ਉਹ ਕਨੇਡਾ ਆਉਣ ਨੂੰ ਨਾ ਮੰਨੇ ਤਾਂ ਮੈਂ ਕਨੇਡਾ ਕਨੂਡਾ ਦੀ ਪਰਵਾਹ ਨਹੀਂ ਕਰਨੀ, ਪੰਜਾਬ ਜਾਕੇ ਜਿੰਦਗੀ ਭਰ ਉਨਾਂ ਦੀ ਸੇਵਾ ਕਰਦੀ ਰਵਾਂਗੀ। ਸਾਡੇ ਪਿੰਡ ਦੇ ਅਤੇ ਇੱਥੇ ਕਨੇਡਾ ਵਿੱਚ ਵੀ ਮੇਰੇ ਸੰਪਰਕ ਵਾਲੇ ਲੋਕ, ਮੈਨੂੰ ਹੁਣ ਤੱਕ ਲਾਵਾਰਸ ਕੁੜੀ ਹੀ ਸਮਝਦੇ ਹਨ।ਸਰ ਜੀ, ਹੁਣ ਤੁਸੀਂ ਹੀ ਦੱਸੋ, ਤੁਹਾਨੂੰ ਕੀ ਮੈਂ ਲਾਵਾਰਸ ਕੁੜੀ ਲੱਗਦੀ ਹਾਂ?" ਸੈਂਡੀ ਦੀ ਦਰਦ ਅਤੇ ਦਲੇਰੀ ਭਰੀ ਦਾਸਤਾਨ ਸੁਣ ਕੇ ਬੱਲੀ ਅਤੇ ਗੁਰਭਜਨ ਦੇ ਪਰਿਵਾਰਾਂ ਦੀਆਂ ਅੱਖਾਂ ਪਤਾ ਨਹੀਂ ਕਿੰਨੀ ਵਾਰ ਸੇਜਲ ਹੋਈਆਂ ਅਤੇ ਭਰਪੂਰ ਸਿੰਘ ਦੀ ਫ਼ਰਾਖ਼ਦਿਲੀ ਨੂੰ ਸਿੱਜਦਾ ਕਰਨ ਨੂੰ ਜੀਅ ਕੀਤਾ। ਇਸ ਦੇ ਨਾਲ ਹੀ ਪੰਜਾਬ ਤੋਂ ਤੁਰੀਆਂ ਹਜ਼ਾਰਾਂ ਸੈਂਡੀਆਂ ਦੀ ਯਾਦ ਆਈ, ਜਿਹੜੀਆਂ ਇਹੋ ਜਿਹੇ ਪਿਆਰ ਦੇ ਰਿਸ਼ਤਿਆਂ ਨੂੰ ਤਰਸਦੀਆਂ ਹਨ।

## ਚਿੜੀਆਂ ਕਿੱਥੇ ਨੇ ?

ਸ਼ਾਮ ਸਵੇਰੇ ਆਉਂਦੀਆਂ ਸੀ ਉਹ ਚਿੜੀਆਂ ਕਿੱਥੇ ਨੇ ?
ਰਿਸ਼ਤੇ ਕੀ ਸਮਝਾਉਂਦੀਆਂ ਸੀ ਉਹ ਚਿੜੀਆਂ ਕਿੱਥੇ ਨੇ ?
ਅਨੁਸ਼ਾਸਿਤ ਪੰਗਤੀ ਦੇ ਵਿਚ ਉਡਦੀਆਂ ਲਹਿਰਾਂ ਵਾਂਗੂੰ,
ਏਕੇ ਦੇ ਬਿੰਬ ਬਣਾਉਂਦੀਆਂ ਸੀ ਉਹ ਚਿੜੀਆਂ ਕਿੱਥੇ ਨੇ ?
ਫੁਦਕਣ, ਚਹਿਕਣ ਝੁੰਡ 'ਚ ਆ ਕੇ, ਸੁਰ ਸੰਗੀਤ ਬਣਾ ਕੇ,
ਗੀਤ ਇਲਾਹੀ ਗਾਉਂਦੀਆਂ ਸੀ ਉਹ ਚਿੜੀਆਂ ਕਿੱਥੇ ਨੇ ?
ਖਬਰੇ ਕਿਹੜਾ ਰਿਸ਼ਤਾ ਸੀ ਉਹਨਾਂ ਦੀ ਮਮਤਾ ਅੰਦਰ,
ਨਾ ਦਿਸਣ ਤਾਂ ਤੜਪਾਉਂਦੀਆਂ ਸੀ ਉਹ ਚਿੜੀਆਂ ਕਿੱਥੇ ਨੇ ?
ਇਕ ਕਟੋਰੀ ਪਾਣੀ ਪੀ ਕੇ ਫਿਰ ਅਭਿਵਾਦਨ ਕਰਦੀਆਂ,
ਸ਼ੁਭ ਅਸ਼ੀਸ਼ਾਂ ਪਾਉਂਦੀਆਂ ਸੀ ਉਹ ਚਿੜੀਆਂ ਕਿੱਥੇ ਨੇ ?
ਫੜ-ਫੜ ਕਰਦੇ ਤੇਤਰੇ ਮੇਤਰੇ ਕੋਮਲ ਖੰਭਾਂ ਦੇ ਨਾਲ,
ਬਾਰਿਸ਼ ਵਿਚ ਨੁਹਾਉਂਦੀਆਂ ਸੀ ਉਹ ਚਿੜੀਆਂ ਕਿੱਥੇ ਨੇ ?
ਨੂੰਹਾਂ-ਧੀਆਂ ਵਾਂਗੂੰ ਆਪਣੇ ਚਾਓ ਉਮੰਗਾਂ ਲੈ ਕੇ,
ਘਰ ਵਿਚ ਫੇਰਾ ਪਾਉਂਦੀਆਂ ਸੀ ਉਹ ਚਿੜੀਆਂ ਕਿੱਥੇ ਨੇ ?
ਕੱਚੇ ਕੋਠੇ ਵੱਲੀਆਂ ਨੁੱਕਰਾਂ ਦੇ ਵਿਚ ਆਲ੍ਹਣੇਂ ਪਾ ਕੇ,
ਸੁੱਖ ਦੀ ਨੀਂਦਰ ਸਾਉਂਦੀਆਂ ਸੀ ਉਹ ਚਿੜੀਆਂ ਕਿੱਥੇ ਨੇ ?
ਠੀਕ ਸਮੇਂ 'ਤੇ ਜੇਕਰ ਫੇਰਾ ਪਾਉਣਾ ਭੁੱਲ ਜਾਵਣ,
ਕਿੰਨਾ ਫੇਰ ਸਤਾਉਂਦੀਆਂ ਸੀ ਉਹ ਚਿੜੀਆਂ ਕਿੱਥੇ ਨੇ ?
ਭੋਰਾ-ਭੋਰਾ ਚੋਗਾ ਚੁਗ ਕੇ ਬੋਟਾਂ ਦੇ ਮੂੰਹ ਪਾਉਣਾ,
ਸੁਹਿਰਦ ਫਰਜ਼ ਨਿਭਾਉਂਦੀਆਂ ਸੀ ਉਹ ਚਿੜੀਆਂ ਕਿੱਥੇ ਨੇ ?
ਜੰਨਤ ਦੀ ਪਰਿਭਾਸ਼ਾ ਦੱਸਣ ਉਲਟ ਬਾਜ਼ੀਆਂ ਪਾ ਕੇ,
ਸੁੰਦਰ ਦ੍ਰਿਸ਼ ਬਣਾਉਂਦੀਆਂ ਸੀ ਉਹ ਚਿੜੀਆਂ ਕਿੱਥੇ ਨੇ ?
ਚੂੰ-ਚੂੰ, ਚੀਂ-ਚੀਂ ਲੈਅ ਅੰਦਰ ਸੂਰਜ ਨਿੱਤ ਹੀ ਨਿਕਲੇ,
ਨਿੱਤ ਸੁਬਹ ਜਗਾਉਂਦੀਆਂ ਸੀ ਉਹ ਚਿੜੀਆਂ ਕਿੱਥੇ ਨੇ ?
ਅਰਧ ਵਲੇਵੇਦਾਰ ਦ੍ਰਿਸ਼ ਝੁੰਡਾਂ ਦੇ ਵਿਚ ਬਣਾਵਣ,
ਬੱਚਿਆਂ ਦੇ ਮਨ ਨੂੰ ਭਾਉਂਦੀਆਂ ਸੀ ਉਹ ਚਿੜੀਆਂ ਕਿੱਥੇ ਨੇ ?
'ਬਾਲਮ' ਮਾਲਿਕ ਦੇ ਜੀਵਨ ਨੂੰ ਮਹਿਸੂਸਣ ਤੇ ਸਮਝਣ,
ਦੁੱਖ-ਸੁੱਖ ਦਰਦ ਵੰਡਾਉਂਦੀਆਂ ਸੀ ਉਹ ਚਿੜੀਆਂ ਕਿੱਥੇ ਨੇ ?

ਬਲਵਿੰਦਰ 'ਬਾਲਮ'

## ਇਕ ਦਿਨ ਦੀ ਆਜਾਦੀ

ਪੰਦਰਾਂ ਅਗਸਤ ਨੂੰ ਚੜ੍ਹਕੇ ਸਟੇਜਾਂ ਉਤੇ ਸਾਨੂੰ ਜੋ ਰਟਾਇਆ ਰਹੀਏ ਰਟਦੇ
ਇੱਕ ਦਿਨ ਵਾਸਤੇ ਹੀ ਹੁੰਦੇ ਹਾਂ ਅਜਾਦ ਪੂਰਾ ਸਾਲ ਫੇ ਗੁਲਾਮੀ ਅਸੀਂ ਕੱਟਦੇ
ਕੱਢ ਦਿਓ ਭੁਲੇਖੇ ਪੈਣਾ ਕੁਝ ਨਹੀਂ ਪੱਲੇ ,ਬੱਸ ਮੂਤ ਵਿੱਚੋ ਮੱਛੀਆਂ ਹੀ ਫੜਦੇ ਰਹਾਂਗੇ
ਇੱਕ ਦਿਨ ਮਾਣ ਕੇ ਅਜਾਦੀ ਕਦੋਂ ਤਕ ਦੱਸੋ, ਦਿੱਲੀ ਦੀ ਗੁਲਾਮੀ ਅਸੀਂ ਕਰਦੇ ਰਹਾਂਗੇ

ਜਨਮ ਤੋ ਅਜੇ ਵੀ ਗੁਲਾਮ ਸਰਕਾਰਾਂ ਦੇ,ਕਹਿਣ ਨੂੰ ਅਜਾਦੀ ਸਾਨੂੰ ਮਿਲੀ ਆ
ਲੈਕੇ ਸੰਤਾਲੀ ਤੋਂ ਕੀ ਹੱਥ ਲੱਗਾ ਅੱਜ ਤਕ,ਬੱਸ ਬਰਬਾਦੀ ਸਾਨੂੰ ਮਿਲੀ ਆ
ਚੜ੍ਹਕੇ ਸਟੇਜਾਂ ਉਤੇ  ਦੇ ਕਦ ਤਕ ਗੁਣਗਾਨ ਕਰਦੇ ਰਹਾਂਗੇ
ਇੱਕ ਦਿਨ ਮਾਣ ਕੇ ਅਜਾਦੀ ,ਕਦੋਂ ਤਕ ਦੱਸੋ  ਦਿੱਲੀ ਦੀ ਗੁਲਾਮੀ ਅਸੀਂ ਕਰਦੇ ਰਹਾਂਗੇ

ਪੰਜ ਸਾਲ ਰੀਝ ਨਾਲ ਲੁੱਟ ਲੈਂਦੀ ਇਕ ਧਿਰ ਵਾਰੀ ਫਿਰ ਦੂਜੀ ਨੂੰ ਫੜਾ ਦਿੰਦੀ
ਪੈਲੀ ਵਾਂਗੂ ਸਾਨੂੰ ਪੰਜਾਂ ਸਾਲਾਂ ਲਈ ਇਹ ਫਿਰਤੋਂ
ਚੁੱਪ ਚਾਪ ਠੇਕੇ ਤੇ ਚੜ੍ਹਾ ਦਿੰਦੀ
ਚੂਸ ਚੂਸ ਖ਼ੂਨ ਕਰ ਦਿੰਦੇ ਅੱਧਮੋਏ ਸਾਨੂੰ ਰਿੜਕ ਰਿੜਕ ਅਸੀ ਮਰਦੇ ਰਹਾਂਗੇ
ਇੱਕ ਦਿਨ ਮਾਣ ਕੇ ਅਜਾਦੀ ,ਕਦੋਂ ਤਕ ਦੱਸੋ ਦਿੱਲੀ ਦੀ ਗੁਲਾਮੀ ਅਸੀਂ ਕਰਦੇ ਰਹਾਂਗੇ

ਵੋਟ ਹਾਕਮਾਂ ਨੂੰ ਪਾਕੇ ਹੱਥ ਆਪਣੇ  ਵਢਾਕੇ ਫਿਰ ਪੰਜ ਸਾਲ ਰਹੀਏ ਅਸੀ ਤੱਕਦੇ
ਮੂਰਖ ਹਾਂ ਅਸੀਂ ਖਾਕੇ ਛਿੱਤਰ ਓਹਨਾ ਤੋਂ, ਤਲੇ ਓਹਨਾ ਦੇ ਹੀ ਵਾਰ ਵਾਰ ਚੱਟਦੇ
ਖੌਰੇ ਕਦੋਂ ਆਉਣੀ ਏ ਅਕਲ ਮੱਤ ਦਾਤਿਆਂ ਨੂੰ
ਕਦੋਂ ਤੱਕ ਬਿੱਟੂ ਇਵੇਂ ਜਰਦੇ ਰਹਾਂਗੇ
ਇੱਕ ਦਿਨ ਮਾਣ ਕੇ ਅਜਾਦੀ ਕਦੋਂ ਤਕ ਦੱਸੋ, ਦਿੱਲੀ ਦੀ ਗੁਲਾਮੀ ਅਸੀਂ ਕਰਦੇ ਰਹਾਂਗੇ।


ਸੁਰਿੰਦਰ ਤਲਵੰਡੀ

## ਡੂੰਘੇ ਜਜ਼ਬਾਤ

ਦਿਲ ਦੇ ਡੂੰਘੇ ਜਜ਼ਬਾਤ ਜੋ ਮੈਂ
ਇਨ੍ਹਾਂ ਕਾਗਜ਼ਾਂ ਉੱਤੇ ਉਕੇਰੇ ਨੇ
ਜੋ ਸ਼ਬਦ ਬਣ ਬਣ ਉੱਭਰੇ ਨੇ
ਕੁਝ ਤੇਰੇ ਨੇ ਤੇ ਕੁਝ ਮੇਰੇ ਨੇ

ਤੂੰ ਤਾਂ ਸ਼ਾਇਦ ਭੁੱਲ ਗਿਆ ਏਂ
ਪਰ ਦਿਲ 'ਚ ਤੇਰੇ ਹੀ ਡੇਰੇ ਨੇ
ਤੈਨੂੰ ਰਤਾ ਹੁਣ ਫ਼ਰਕ ਨਾ ਪੈਣਾ
ਮੈਨੂੰ ਤੇਰੇ ਹੀ ਖ਼ਿਆਲ ਚੁਫ਼ੇਰੇ ਨੇ

ਕਦੇ ਪੁੱਛ ਦੇਖੀਂ ਤਨਹਾਈਆਂ ਨੂੰ
ਤੰਗ ਕਰਦੇ ਜੋ ਫ਼ਿਕਰ ਬਥੇਰੇ ਨੇ
ਤੇਰੀ ਖੁਸ਼ੀ ਖ਼ਾਤਿਰ ਬਰਬਾਦ ਹੋਏ
ਦੇਖ ਸਾਡੇ ਵੀ ਤਾਂ ਕਿੱਡੇ ਜ਼ੇਰੇ ਨੇ

ਦਿਲ ਤੈਨੂੰ ਕਰਦਾ ਰਹਿਣਾ ਯਾਦ
ਸੁਪਨਿਆਂ 'ਚ ਵੀ ਤੇਰੇ ਚਿਹਰੇ ਨੇ
ਇਹ ਨਾ ਸੋਚੀਂ ਕਦੇ ਫ਼ੇਰ ਮਿਲਾਂਗੇ
'ਇੰਦਰ' ਜ਼ਿੰਦਗੀ ਦੇ ਪੰਧ ਲਮੇਰੇ ਨੇ


ਇੰਦਰ ਸਰਾਂ (ਫ਼ਰੀਦਕੋਟ)

## ਬੰਦਿਆ

ਸਦਕੇ ਮੈਂ ਜਾਵਾਂ ਤੇਰੀਆਂ ਫੁਰਤੀਆਂ ਤੋਂ ਬੰਦਿਆ,
ਵਗਦੀਆਂ ਹਵਾਵਾਂ ਵਿੱਚ ਕਿੱਸੇ ਬੇਹਿਸਾਬ ਹਨ।
ਪੰਛੀਆਂ ਦੀਆਂ ਡਾਰਾਂ ਨੇ ਘਰ ਪਰਤ ਕੇ ਤੱਕਿਆ,
ਉਨ੍ਹਾਂ ਵਿਚਾਰਿਆਂ ਦੇ ਆਲਣੇ ਹੀ ਗਾਇਬ ਹਨ।
ਦੋਸ਼ ਦੂਜਿਆਂ ਨੂੰ ਦੇਣਾ ਕੁਤਾਹੀ ਆਪਣੀ ਛੁਪਾਉਣਾ,
ਸ਼ਿਕਾਇਤਾਂ ਦੇ ਤਰੀਕੇ ਸਭ ਅਜ ਕਲ ਜਾਇਜ ਹਨ।

ਡਾ: ਦਵਿੰਦਰ ਸਿੰਘ ਜੀਤਲਾ
Dr. Davinder Singh Jitla


ਬਹੁਤ ਔਗੁਣ ਮੇਰੇ ਵਿੱਚ ਵੱਸਦੇ ਨੇ ਕੋਈ ਗੁਣ ਮੇਰੇ ਵਿੱਚ ਖ਼ਾਸ ਵੀ ਨਹੀਂ ,

ਧੰਨਵਾਦ ਮੇਰੇ ਉੱਤੇ ਭਰੋਸਾ ਕਰਨ ਵਾਲਿਆਂ ਦਾ
ਕੋਈ ਇਹਨੀਂ ਮੇਰੇ ਵਿੱਚ ਗੱਲਬਾਤ ਵੀ ਨਹੀਂ ,

ਸ਼ੁਕਰ ਗੁਜ਼ਾਰ ਹਾਂ ਉਸ ਪ੍ਰਮਾਤਮਾ ਦਾ ਜਿਹਨੇ
ਇਹਨਾਂ ਦਿੱਤਾ ਜਿਨੀ ਮੇਰੀ ਔਕਾਤ ਵੀ ਨਹੀਂ ।

**ਅਸੀ ਬੈਠੇ ਹਾਂ ਵਿੱਚ ਪਰਦੇਸਾਂ ਦੇ ਕੀ ਕਰੀਏ ਮਜਬੂਰੀ ਸੀ, ਘਰ ਦੀਆਂ ਤੰਗੀਆਂ ਕੱਟਣ ਲਈ ਪੈਸਾ ਵੀ ਬਹੁਤ ਜਰੂਰੀ ਸੀ..!**

**ਜਿਹੜਾ ਇਨਸਾਨ ਸਭ ਦਾ ਦਿਲ ਰੱਖਦਾ ਹੈ ਉਹ ਆਪਣੀ ਕਦਰ ਗਵਾ ਲੈਂਦਾ ਹੈ ...**

## ਕਿਸ ਭਾਂਡੇ 'ਚ ਵੜੀ ਜਾਂਦੀ ਕਮਾਈ ਬੰਦਿਆਂ ?

ਦੇਖ, ਤੇਰਾ ਲੱਕ ਤੋੜ ਦਿੱਤਾ, ਮਹਿੰਗਾਈ ਬੰਦਿਆ
ਸੋਚ, ਕਿਸ ਭਾਂਡੇ 'ਚ ਵੜੀ ਜਾਂਦੀ, ਕਮਾਈ ਬੰਦਿਆ ?

ਚੁੱਪਚਾਪ ਗੁਰਬਤ ਨੂੰ, ਮੰਨੀ ਜਾਂਦਾ ਰੱਬ ਦਾ ਭਾਣਾ
ਤੇਰਾ ਗਲਾ ਕੱਟਦੇ ਨੇ , ਲੋਟੂ ਬਣ ਕਸਾਈ ਬੰਦਿਆਂ।

ਧੌਣ ਸੁੱਟ ਕੰਮ-ਕਾਰ ਕਰੇਂ, ਸਵੇਰ ਤੋਂ ਸਾਮਾਂ ਤੱਕ
ਮਿਹਨਤਕਸ਼ ਨੂੰ , ਲੂਥੜ ਸਮਝਣ ਸੁਦਾਈ ਬੰਦਿਆ।

ਭੋਲੇ-ਭਾਲੇ ਲੋਕਾਂ ਦੀ ਜੇਬ 'ਤੇ, ਡਾਕੇ ਮਾਰਨ ਡਾਕੂ
ਤੂੰ ਹੀ ਫਾਹੇ ਲੈਂਦਾ , ਹੁੰਦੀ ਜੱਗ ਹਸਾਈ ਬੰਦਿਆ।

ਤੂੰ ਭਲੀਭਾਂਤ ਜਾਣਦਾ, ਰਲ ਗਈ ਕੁੱਤੀ ਚੋਰਾਂ ਨਾਲ
ਡੰਡਾ ਚੁੱਕ, ਕਰਨੀ ਪੈਣੀ, ਸਭ ਦੀ ਕੁਟਾਈ ਬੰਦਿਆ।


ਸੁਖਵਿੰਦਰ ਮਾਨ

## ਸੱਚੀ ਮੰਜ਼ਿਲ

ਸਮਿਆਂ ਦੀ ਗ਼ਰਦਸ਼ ਥੱਲੇ,
ਫਿਰਕੂਆਂ ਦੇ ਹੋਏ ਹੱਲੇ 'ਤੇ ਹੱਲੇ,
ਰਾਸ਼ਟਰਵਾਦ ਦੇ ਬੱਦਲਾਂ ਥੱਲੇ,
ਮੱਜ਼੍ਹਬਾਂ ਦੇ ਵਿੱਚ ਘਿਰੀ ਹੋਈ,
ਪੰਜਾਬੀ ਮਾਂ ਬੋਲੀ ਦੀ,
ਅੱਜ ਮੈਨੂੰ ਯਾਦ ਆਈ ਏ,
ਇਸ ਲਾਚਾਰ ਅਤੇ ਬੇਵੱਸ ਮਾਂ ਦੀ,
ਦਿਲੋਂ ਫ਼ਰਿਆਦ ਆਈ ਏ।
ਤੱੜਕੇ ਉੱਠਦੇ ਹਾਲੀਆਂ ਦੀ,
ਬੱਲਦਾਂ ਗੱਲ ਪੰਜਾਲੀਆਂ ਦੀ,
ਮੁੰਨੇ ਅਤੇ ਅੱਰਲੀਆਂ ਦੀ,
ਕੁਨੂੰ ਅਤੇ ਖੁੱਰਲੀਆਂ ਦੀ,
ਅੱਲ੍ਹੜ ਵਹਿੜਿਆਂ ਦੀਆਂ ਧੁੱਰਲੀਆਂ ਦੀ,
ਅੱਜ ਮੈਨੂੰ ਫੇਰ ਯਾਦ ਆਈ ਏ,
ਪੰਜਾਬੀ ਮਾਂ ਬੋਲੀ ਦੀ,
ਦਿਲੋਂ ਨਿੱਕਲੀ ਫ਼ਰਿਆਦ ਆਈ ਏ।
ਬੇਬੇ ਦੇ ਤੱੜਕੇ ਦੁੱਧ ਰਿੱੜਕਣ ਦੀ,
ਦਰਿੱੜਕਾ ਪੀਣ 'ਤੇ ਫਿਰ ਵੀ ਨਾ ਝਿੱੜਕਣ ਦੀ,
ਕੁੱਕੜ ਬਾਂਗੇ ਖੇਤਾਂ ਨੂੰ ਜਾਂਦੇ,
ਬਾਪੂ ਦੇ ਨ੍ਹੇਰੇ ਵਿੱੜਕਣ ਦੀ,
ਖੇਤਾਂ ਦੇ ਵਿੱਚ ਹੱਲਟ ਜੋੜ ਕੇ,
ਕੁੱਤੇ ਦੀ ਟਿੱਕ ਟਿੱਕ ਦੀ,
ਮਿੱਠੀ ਜਿਹੀ ਇੱਕ ਅਵਾਜ਼ ਆਈ ਏ,
ਅੱਜ ਫੇਰ ਮੈਨੂੰ ਯਾਦ ਆਈ ਏ,
ਪੰਜਾਬੀ ਮਾਂ ਬੋਲੀ ਦੀ,
ਦਿਲੋਂ ਨਿੱਕਲੀ ਫ਼ਰਿਆਦ ਆਈ ਏ।
ਫੱਟੀ ਨੂੰ ਗੂੜੀ ਗਾਜਣੀ ਮਲ੍ਹ ਕੇ,
ਰੱਬਾ ਰੱਬਾ ਧੁੱਪ ਚੜ੍ਹਾ ਦੇ,
ਮੇਰੀ ਫੱਟੀ ਛੇਤੀਂ ਸੁਕਾ ਦੇ,
ਖੜ੍ਹੇ ਹੋ ਕੇ ਪਹਾੜੇ ਕਹਾ ਕੇ,
ਜਦੋਂ ਕੋਈ ਗ਼ਲਤੀ ਹੋ ਜਾਏ,
ਧੁੱਪੇ ਕੁੱਕੜ ਬਣਨ ਦੀ,
ਅੱਜ ਮੈਨੂੰ ਫੇਰ ਯਾਦ ਆਈ ਏ,
ਪੰਜਾਬੀ ਮਾਂ ਬੋਲੀ ਦੀ
ਦਿਲੋਂ ਨਿੱਕਲੀ ਫ਼ਰਿਆਦ ਆਈ ਏ।
ਭਾਪਾ ਤੋਂ ਪਾਪਾ ਬਣੀ ਪੰਜਾਬੀ,
ਮਾਸਟਰ ਤੋਂ ਸਰ ਹੋਈ ਪੰਜਾਬੀ,
ਭੈਣ ਜੀ ਨੂੰ ਮੈਮ ਕਹਿ ਬੁਲਾਵੇ,
ਖੁਬਸੂਰਤ ਤੋਂ ਘੱਟ ਹੋਈ ਪੰਜਾਬੀ,
ਸੁੰਢਾਂ ਜੁਐਣਾਂ ਸੌਂਫਾਂ ਛੱਡ ਕੇ,
ਡਾਕਟਰਾਂ ਦੇ ਘਰ ਭਰੇ ਪੰਜਾਬੀ,
ਕੰਮ ਅਤੇ ਕਸਰਤ ਛੱਡਣ ਕਰਕੇ
ਬੀਮਾਰੀਆਂ ਦੀ ਭੈੜੀ ਸੁਗਾਤ ਆਈ ਏ,
ਪੰਜਾਬੀ ਮਾਂ ਬੋਲੀ ਦੀ ,
ਅੱਜ ਮੈਨੂੰ ਯਾਦ ਆਈ ਏ,
ਦਿਲੋਂ ਨਿੱਕਲੀ ਫ਼ਰਿਆਦ ਆਈ ਏ।
ਹਿੰਦੀ ਪੰਜਾਬੀ ਦੀ ਰਲਾਵਟ ਤੋਂ,
ਅੰਗਰੇਜ਼ੀ ਸਕੂਲਾਂ ਦੀ ਸਿਜਾਵਟ ਤੋਂ
ਜੇ ਬੱਚਦਾ ਹੈ ਤਾਂ ਬਚਾ ਲਓ ਪੰਜਾਬੀਓ,
ਪੰਜਾਬੀਅਤ ਨੂੰ ਕਿਨਾਰੇ ਕਰਦੇ,
ਕਲਾਕਾਰਾਂ ਨੂੰ ਨੱਥ ਪਾ ਲਓ ਪੰਜਾਬੀਓ,
ਪੰਜਾਬ ਪੰਜਾਬੀਅਤ ਦੇ ਉਜਲੇ ਭਵਿੱਖ ਦੀ
'ਗਿੱਲ' ਦੀ ਦਿਲੋਂ ਪੁਕਾਰ ਆਈ ਏ,
ਪੰਜਾਬੀ ਮਾਂ ਬੋਲੀ ਦੀ,
ਅੱਜ ਮੈਨੂੰ ਫੇਰ ਯਾਦ ਆਈ ਏ,
ਦਿਲੋਂ ਨਿੱਕਲੀ ਫਰਿਆਦ ਆਈ ਏ।


ਬਲਵੰਤ ਸਿੰਘ ਗਿੱਲ

## ਨੌਕਰੀਆਂ ਦੀ ਸੇਲ

ਨੌਕਰੀ ਜਿੰਨੇ ਲੈਣੀ ਲੈ ਲਓ,
ਨੌਕਰੀਆਂ ਦੀ ਲੱਗ ਗਈ ਸੇਲ।
ਟੈਸਟ ਵੈਸਟ ਦੀ ਲੋੜ ਨਹੀਂ ਕੋਈ,
ਸਿਆਸਤ ਦੇ ਨੇ ਵੱਖਰੇ ਖੇਲ।

ਨੌਕਰੀ ਦੇ ਉਹ ਹੋਊ ਲਾਇਕ,
ਜਿਸ ਦਾ ਬਾਪੂ ਹੋਊ ਵਿਧਾਇਕ।
ਤੋੜਨਾ ਹੋਊ ਜੋ ਤੋੜ ਲਵਾਂਗੇ,
ਕਨੂੰਨ ਦੇ ਕੰਨ ਮਰੋੜ ਲਵਾਂਗੇ।

ਨੌਕਰੀ ਲੈ ਕੇ ਮੋਨ ਧਾਰ ਲਓ,
ਸਾਡੇ ਕੋਈ ਉਲੱਟ ਨਾ ਬੋਲੇ।
ਡੱਟ ਕੇ ਮੇਰੇ ਨਾਲ ਖਲੋ ਜਾਓ,
ਅੰਦਰ ਦੇ ਕੋਈ ਭੇਦ ਨਾ ਖੋਲ੍ਹੇ।

ਲੋੜਵੰਦ ਲਈ ਨੌਕਰੀ ਹੈਨੀ,
ਉਨ੍ਹਾਂ ਦਾ ਰੱਬ ਵਾਲੀ ਆ।
ਸਭ ਖਜਾਨਾ ਖਾਲ੍ਹੀ ਆ।
ਸਭ ਖਜਾਨਾ ਖਾਲ੍ਹੀ ਆ।

ਹਰਪਾਲ ਸਿੰਘ ਨਾਗਰਾ

## ਸੁਰਖ਼ ਪੱਤਿਆਂ ਦਾ ਸਾਵਣ

ਮੈਂ ਪਹਿਲਾਂ ਕਦੇ ਨਹੀਂ ਤੱਕਿਆ ਐਸਾ ਮੰਦਭਾਗਾ
ਸੁਰਖ਼ ਪੱਤਿਆਂ ਦਾ ਸਾਵਣ

ਜਿਸ ਦੀ ਮਹਾਂਮਾਰੀ ਨਿਚੋੜੀ ਰੱਤ ਲੋਕਾਂ ਦੀ
ਤਾਹੀਓਂ ਤਾਂ ਹੋ ਨਾਂ ਪਾਈ
ਬੇਵਕਤੀ ਗਿਣਤੀ ਮੌਤਾਂ ਦੀ

ਲਾਸ਼ਾ ਦੇ ਅੰਬਾਰ ਲਗੇ ਹਸਪਤਾਲਾਂ ਦੇ ਵਿੱਚ
ਕਿਉਂ ਬਲਦਾ ਸਿਵਿਆਂ ਵਿੱਚ ਹੱਡਾਂ ਦਾ ਬਾਲਣ

ਮੈਂ ਪਹਿਲਾਂ ਕਦੇ ਨਹੀਂ ਤੱਕਿਆ ਐਸਾ ਮੰਦਭਾਗਾ
ਸੁਰਖ਼ ਪੱਤਿਆਂ ਦਾ ਸਾਵਣ

ਰੱਬਾ ਜੇ ਤੂੰ ਰੋਗ ਭੇਜਿਆ ਤਾਂ ਫੇਰ ਦਵਾ ਵੀ ਭੇਜ
ਹੁਣ ਜਰ ਨਹੀਂ ਹੁੰਦਾਂ ਤੇਰਾ ਤਿਰਛੀਆਂ ਨਜਰਾਂ ਦਾ ਤੇਜ
ਆਪੋ ਆਪਣੀ ਜਾਨ ਬਚਾਵੇ ਇਥੇ ਹਰ ਕੋਈ
ਅੰਤ ਵੇਲੇ ਆਪਣੇ ਵੀ ਅੱਗਾਂ ਨਾਂ ਲਾਵਣ
ਮੈਂ ਪਹਿਲਾਂ ਕਦੇ ਨਹੀਂ ਤੱਕਿਆ ਐਸਾ ਮੰਦਭਾਗਾ
ਸੁਰਖ਼ ਪੱਤਿਆਂ ਦਾ ਸਾਵਣ

ਦਾਤਾ ਜੇ ਤੂੰ ਚਾਹਵੇਂ ਤਾਂ ਕੀ ਹੋ ਨਹੀਂ ਸੱਕਦਾ
ਤੂੰ ਹੀ ਦਿਖਾ ਹੁਣ ਜੀਵਨ ਜਿਉਣ ਦਾ ਰਸਤਾ
ਤੇਰੇ ਦਰ ਤੇ ਰੱਖੀ ਆਸ ਡਿਗੇਰੀ ਪ੍ਰੀਤਾਂ ਦੀ
ਤੈਨੂੰ ਛੱਡ ਕੇ ਲੋਕੀ ਦਸ ਹੋਰ ਕਿਸ ਦਰ ਤੇ ਜਾਵਣ
ਮੈਂ ਪਹਿਲਾਂ ਕਦੇ ਨਹੀਂ ਤੱਕਿਆ ਐਸਾ ਮੰਦਭਾਗਾ
ਸੁਰਖ਼ ਪੱਤਿਆਂ ਦਾ ਸਾਵਣ

ਦਾਤਾ ਤੂੰ ਸਬ ਦੁਨੀਆਂ ਦਾ ਪਾਲਨਹਾਰਾ
ਕਿਤੇ ਖਤਮ ਨਾਂ ਹੋ ਜਾਏ ਦੁਨੀਆਂ ਤੇ ਤੇਰਾ ਪਾਸਾਰਾ
ਭਾਵੇਂ ਤੁਹੀਂ ਜੁਆਏਂ ਤੁਹੀਂ ਮਾਰ ਮੁਕਾਏਂ
ਸਬ ਤੇਰੇ ਦਰ ਤੋਂ ਮੰਗਦੇ ਤੇ ਤੇਰਾ ਹੀ ਦਿੱਤਾ ਖਾਵਣ
ਮੈਂ ਪਹਿਲਾਂ ਕਦੇ ਨਹੀਂ ਤੱਕਿਆ ਐਸਾ ਮੰਦਭਾਗਾ
ਸੁਰਖ਼ ਪੱਤਿਆਂ ਦਾ ਸਾਵਣ


ਕੀਰਤ ਸਿੰਘ ਤਪੀਆ

## ਆਮ ਬੰਦਾ

ਕਈ ਵਰ੍ਹੇ ਬੀਤ ਗਏ ਨੇ, ਹਾਲੇ ਗੱਲ ਕੋਈ ਤੋਰੀ ਨਹੀਂ,
ਇਹ ਯਾਦਾਂ ਨੇ ਟਾਹਲੀ ਵਰਗੀਆਂ ਕੋਈ ਗੰਨੇ ਦੀ ਪੋਰੀ ਨਹੀਂ।

ਕੀ ਹੋਇਆ ਜੇ ਮੰਦਰ ਤੱਕ ਵੀ ਚੋਰੀ ਖਾਤਰ ਜੰਦਰੇ ਨੇ,
ਮਨ ਦੀ ਗੱਲ ਜੇ ਕਹਿ ਦਿੰਦਾ ਹਾਂ ,ਇਹ ਕੋਈ ਠੱਗੀ ਠੋਰੀ ਨਹੀਂ।

ਨਾਲ ਜਿਨ੍ਹਾਂ ਦੇ ਮੇਲ-ਜੋਲ ਹੁਣ ,ਚੁੱਕ ਰੱਖਿਆ ਹੈ ਉੱਪਰ ਹੀ,
ਦਿਲ ਆਪਣਾ ਹੈ ਪਾਣੀ ਭਰਦਾ, ਆਪਣੇ ਨੇ ਕੋਈ ਹੋਰੀ ਨਹੀਂ।

ਕੀ ਹੋਇਆ ਜੇ ਹਾਲੇ ਤੱਕ ਵੀ ਸੱਦਕੇ ਜਾਈਏ ਸਾਂਝਾ ਦੇ ,
ਨਾ ਰਿਹਾ ਕੋਈ ਭਰਮ ਭੁਲੇਖਾ,ਨਾਲੇ ਦਿਲ ਵਿੱਚ ਚੋਰੀ ਨਹੀਂ।

ਘੁੰਮ ਲਵੀਂ ਦੇਸ ਪ੍ਰਦੇਸ,ਮਾਣ ਲਵੀਂ ਸੰਗੀਤ ਵੀ ਸਭ,
ਕੀ ਮਾਣੇਗਾ ਤਰਜ ਤੂੰਬੀ ਦੀ,ਚੇਤੇ ਮਾਂ ਦੀ ਲੋਰੀ ਨਹੀਂ।

ਹਾਲੇ ਤੱਕ ਵੀ ਆਮ ਬੰਦਾ ਤਾਂ ਇੱਕ ਗੱਲ ਸੋਚੀ ਹੈ ਜਾਂਦਾ ,
ਕਿੱਧਰ ਚਲਾ ਜਾਂਦਾ ਇਹ ਸੂਰਜ, ਕੋਈ ਪੱਛਮ ਵਿੱਚ ਮੋਰੀ ਨਹੀਂ।

ਦਿਲ ਕਿਸੇ ਦਾ ਜਿਤੱਣ ਖਾਤਰ,ਸੱਭ ਕੁੱਝ ਦਾਅ ਤੇ ਲੱਗ ਜਾਂਦਾ,
ਪਾਕ ਮੁਹੱਬਤ ਦੇ ਵਿੱਚ ਚਲਦੀ, ਕਦੇ ਵੀ ਸੀਨਾਜੋਰੀ ਨਹੀਂ।


ਮਾਸਟਰ ਸੁੱਖਜੀਤ ਅੱਭੇਵਾਲ

## ਅਨੋਖੀ ਖਾਹਿਸ

ਖਾਹਿਸ ਮੇਰੇ ਮਨ ਦੀ ਮੈਂ ਤ੍ਰਿਪਤ ਕਿਵੇਂ ਕਰਾਂ ।
ਨਾਮ ਦੀ ਖੁਸ਼ਬੂ ਪਿੱਛੇ ਭੱਜਿਆ ਮੈਂ ਫਿਰਾਂ ।
ਦੌੜ ਭੱਜਕੇ ਥੱਕ ਗਿਆ ਲੱਭੀ ਨ ਉਹ ਥਾਂ ।
ਬਾਰ ਬਾਰ ਉੱਠ ਲੱਭਣ ਦੀ ਕੋਸਸਿ ਮੈਂ ਕਰਾਂ ।
ਹੱਥ ਕੁੱਝ ਨ ਲੱਗਿਆ ਹੁਣ ਦੱਸੋ ਕੀ ਕਰਾਂ ।
ਖਾਹਿਸ ਮੇਰੇ ਮਨ ਦੀ ਮੈਂ ਤ੍ਰਿਪਤ ਕਿਵੇਂ ਕਰਾਂ ।

ਸੁਣਿਆਂ ਬਾਬਾ ਨਾਨਕ ਨੀਂਵ ਸਿੱਖੀ ਦੀ ਰੱਖ ਗਇਆ ।
ਮਨ ਤਨ ਦੀ ਭੁੱਖ ਪਿਆਸ ਦੇ ਬਾਰੇ ਦੱਸ ਗਇਆ ।
ਜੀਵਨ ਦੇ ਸਭ ਭੇਤ ਆਪਣੀ ਹੱਥੀ ਲਿਖ ਗਇਆ ।
ਕਮਾਈ ਨਾਮ ਦੀ ਜਿਸ ਕੀਤੀ ਸਭ ਕੁਛ ਮਿਲ ਗਇਆ ।
ਨਾਮ ਕਮਾਉਣ ਦੀ ਜਾਚ ਮੈਂ ਹਾਸਲ ਕਿਵੇਂ ਕਰਾਂ ।
ਖਾਹਿਸ ਮੇਰੇ ਮਨ ਦੀ ਮੈਂ ਤ੍ਰਿਪਤ ਕਿਵੇਂ ਕਰਾਂ ।

ਕਹਿੰਦੇ ਬਾਣੀ ਪੜ੍ਹਿਆਂ ਸੁਣਿਆਂ ਮਨ ਤ੍ਰਿਪਤ ਹੋ ਜਾਏ ।
ਗੁਰਬਾਣੀ ਵਿਚਾਰਨ ਲਈ ਬਾਬਾ ਬਾਰ ਬਾਰ ਸਮਝਾਏ ।
ਬਾਣੀ ਜਿਸਨੇ ਸੁਣੀ ਮੰਨੀ ਉਹ ਜੀਵਨ ਫਲ ਪਾਏ ।
ਕਾਸ "ਅਮਰੀਕ" ਦਾ ਉੱਦਮ ਵੀ ਸਫਲਾ ਹੋ ਜਾਏ ।
ਉੱਦਮ ਸਫਲਾ ਕਰਨ ਲਈ ਮੈਂ ਕੀ ਕੀ ਕੁਝ ਕਰਾਂ ।
ਖਾਹਿਸ ਮੇਰੇ ਮਨ ਦੀ ਮੈਂ ਤ੍ਰਿਪਤ ਕਿਵੇਂ ਕਰਾਂ ।
ਖਾਹਿਸ ਮੇਰੇ ਮਨ ਦੀ ਮੈਂ ਤ੍ਰਿਪਤ ਕਿਵੇਂ ਕਰਾਂ ।

ਅਮਰੀਕ ਸਿੰਘ ਡੋਗਰਾ

**ਸੁਣਿਆ ਸੀ ਕਿ ਇਨਸਾਨਾਂ ਵਿਚ ਹੀ ਰਬ ਹੁੰਦਾ,, ਪਰ ਦੁਨਿਆ ਤੇ ਬੇਬਸ ਇਨਸਾਨਾਂ ਵਿਚ ਹੀ ਰਬ ਦੇਖਿਆ,,, ਬਾਕੀਆਂ ਵਿਚ ਤਾਂ ਗਰੂਰ ਤੋਂ ਇਲਾਵਾ ਹੋਰ ਕੁਝ ਨਹੀ ਦਿਖਿਆ.....**

# ਓਲੰਪਿਕ ਫਾਈਨਲ 'ਚ ਪਹੁੰਚੀ ਕਮਲਪ੍ਰੀਤ ਕੌਰ, ਕੌਣ ਹੈ ਇਹ ਭਾਰਤ ਦੀ ਡਿਸਕਸ ਥ੍ਰੋ ਸਨਸਨੀ




ਭਾਰਤ ਦੀ ਮਹਿਲਾ ਖਿਡਾਰੀਆਂ ਦਾ ਪ੍ਰਦਰਸ਼ਨ ਟੋਕੀਓ ਓਲੰਪਿਕ 'ਚ ਬਹੁਤ ਹੀ ਸ਼ਾਨਦਾਰ ਰਿਹਾ ਹੈ। ਸ਼ਨਿਚਰਵਾਰ ਨੂੰ ਡਿਸਕਸ ਥ੍ਰੋ 'ਚ ਕਮਲਪ੍ਰਤੀ ਕੌਰ ਨੇ ਸ਼ਾਨਦਾਰ ਪ੍ਰਦਰਸ਼ਨ ਕਰਦੇ ਹੋਏ ਫਾਈਨਲ 'ਚ ਜਗ੍ਹਾ ਪੱਕੀ ਕੀਤੀ। 25 ਸਾਲ ਦੀ ਇਸ ਖਿਡਾਰੀ ਨੇ ਆਪਣੇ ਧਮਾਕੇਦਾਰ ਪ੍ਰਦਰਸ਼ਨ ਨਾਲ ਸਭ ਦਾ ਦਿਲ ਜਿੱਤਿਆ ਤੇ ਕੁਆਲੀਫਾਇਰ 'ਚ 64 ਮੀਟਰ ਦੀ ਦੂਰੀ ਤਕ ਚੱਕਾ ਸੁੱਟ ਕੇ ਫਾਈਨਲ 'ਚ ਇਤਿਹਾਸ ਦੇ ਪੰਨਿਆਂ 'ਚ ਨਾਮ ਦਰਜ ਕਰਵਾਇਆ।

25 ਸਾਲ ਦੀ ਕਮਲਪ੍ਰੀਤ ਕੌਰ ਦਾ ਜਨਮ ਪੰਜਾਬ ਦੇ ਪਟਿਆਲਾ 'ਚ ਹੋਇਆ ਸੀ। ਪੰਜਾਬ ਦੇ ਸ਼੍ਰੀ ਮੁਕਤਸਰ ਸਾਹਿਬ ਜ਼ਿਲ੍ਹੇ ਦੇ ਬਾਦਲ ਪਿੰਡ ਦੀ ਰਹਿਣ ਵਾਲੀ ਇਸ ਖਿਡਾਰੀ ਨੇ ਓਲੰਪਿਕ 'ਚ ਪੂਰੇ ਦੇਸ਼ ਦਾ ਨਾਮ ਰੋਸ਼ਨ ਕੀਤਾ ਹੈ। ਬਚਪਨ 'ਚ ਪੜ੍ਹਾਈ ਲਿਖਾਈ 'ਚ ਸੁਸਤ ਰਹਿਣ ਵਾਲੀ ਕਮਲਪ੍ਰੀਤ ਦਾ ਧਿਆਨ ਖੇਡ ਵੱਲ ਸੀ। ਉਨ੍ਹਾਂ ਦੀ ਦਿਲਚਸਪੀ ਪੜ੍ਹਾਈ 'ਚ ਘੱਟ ਦੇਖ ਕੇ ਸਰੀਰਕ ਸਿੱਖਿਆ ਕੋਚ ਨੇ ਐਥਲੇਟਿਕਸ ਵੱਲ ਧਿਆਨ ਦੇਣ ਦੀ ਸਲਾਹ ਦਿੱਤੀ। ਸਾਲ 2012 'ਚ ਉਨ੍ਹਾਂ ਨੇ ਐਥਲੇਟਿਕਸ 'ਚ ਭਾਗ ਲਿਆ ਤੇ ਪਹਿਲੀ ਸਟੇਟ ਮੀਟ 'ਚ ਉਨ੍ਹਾਂ ਨੇ ਉਮੀਦ ਤੋਂ ਜ਼ਿਆਦਾ ਵਧੀਆ ਪ੍ਰਦਰਸ਼ਨ ਕਰਦੇ ਹੋਏ ਚੌਥਾ ਸਥਾਨ ਹਾਸਲ ਕੀਤਾ।

# ਅਥਲੈਟਿਕਸ 'ਚ ਭਾਰਤ ਦੀ ਖਰਾਬ ਸ਼ੁਰੂਆਤ







ਟੋਕੀਓ ਓਲੰਪਿਕ 'ਚ ਭਾਰਤੀ ਅਥਲੀਟ ਅਵਿਨਾਸ਼ ਸਾਬਲੇ ਅੱਜ ਆਪਣੇ ਕੌਮੀ ਰਿਕਾਰਡ ਸਮੇਂ 'ਚ ਸੁਧਾਰ ਕਰਨ ਦੇ ਬਾਵਜੂਦ 3000 ਮੀਟਰ ਸਟੀਪਲਚੇਜ ਦੇ ਫਾਈਨਲ 'ਚ ਜਗ੍ਹਾ ਬਣਾਉਣ ਤੋਂ ਖੁੰਝ ਗਿਆ। ਜਦਕਿ ਤੇਜ ਦੌੜਾਕ ਦੂਤੀ ਚੰਦ ਔਸਤ ਪ੍ਰਦਰਸ਼ਨ ਕਾਰਨ ਸ਼ੁਰੂਆਤੀ ਦੌਰ 'ਚੋਂ ਹੀ ਬਾਹਰ ਹੋ ਗਈ। ਓਲੰਪਿਕ ਦੇ ਅਥਲੈਟਿਕਸ ਮੁਕਾਬਲਿਆਂ 'ਚ ਭਾਰਤੀ ਅਥਲੀਟਾਂ ਦੀ ਸ਼ੁਰੂਆਤ ਨਿਰਾਸ਼ਾਜਨਕ ਰਹੀ। ਐੱਮ.ਪੀ. ਜਬੀਰ ਵੀ ਪੁਰਸ਼ਾਂ ਦੀ 400 ਮੀਟਰ ਅੜਿੱਕਾ ਦੌੜ 'ਚੋਂ ਬਾਹਰ ਗਿਆ। ਇਸੇ ਦੌਰਾਨ ਭਾਰਤ ਦੀ 4400 ਮਿਕਸਡ ਰਿਲੇਅ ਟੀਮ ਵੀ ਦੂਜੀ ਹੀਟ 'ਚ 8ਵੇਂ (ਆਖਰੀ) ਸਥਾਨ 'ਤੇ ਰਹੀ। ਸਾਬਲੇ ਨੇ 3,000 ਮੀਟਰ ਦੀ ਦੂਜੀ ਹੀਟ 'ਚ 8 ਮਿੰਟ 18 ਸਕਿੰਟ ਤੇ 12 ਮਿਲੀ ਸਕਿੰਟ ਦਾ ਸਮਾਂ ਕੱਢਦਿਆਂ ਮਾਰਚ ਮਹੀਨੇ ਬਣਾਇਆ ਆਪਣਾ 8 ਮਿੰਟ 20 ਸਕਿੰਟ ਤੇ 20 ਮਿਲੀ ਸਕਿੰਟ ਦਾ ਰਿਕਾਰਡ ਤੋੜਿਆ। ਦੂਜੀ ਹੀਟ 'ਚੋਂ ਉਹ 7ਵੇਂ ਸਥਾਨ 'ਤੇ ਰਿਹਾ। ਸਾਬਲੇ ਕੁਆਲੀਫਾਇੰਗ ਹੀਟ 'ਚ 7ਵੇਂ ਅਤੇ ਕੁੱਲ 13ਵੇਂ ਸਥਾਨ 'ਤੇ ਰਿਹਾ। ਜਦਕਿ ਜਬੀਰ ਸੱਤਵੇਂ ਅਤੇ ਆਪਣੀ ਪੰਜਵੀਂ ਹੀਟ 'ਚੋਂ ਆਖਰੀ ਸਥਾਨ 'ਤੇ ਰਿਹਾ। ਉਹ 50.77 ਸਕਿੰਟ ਦਾ ਸਮਾਂ ਕੱਢ ਕੇ ਕੁੱਲ 36 ਦੌੜਾਕਾਂ ਵਿੱਚੋਂ 33ਵੇਂ ਸਥਾਨ 'ਤੇ ਰਿਹਾ। ਉਸ ਦਾ ਨਿੱਜੀ ਸਰਵੋਤਮ ਸਮਾਂ 49.13 ਸਕਿੰਟ ਦਾ ਹੈ। ਦੂਤੀ ਚੰਦ ਵੀ ਆਪਣਾ ਸਰਵੋਤਮ ਪ੍ਰਦਰਸ਼ਨ ਨਾ ਕਰ ਸਕੀ ਅਤੇ ਉਸ ਨੇ 100 ਮੀਟਰ ਦੌੜ 'ਚ 11.54 ਸਕਿੰਟਾਂ ਦਾ ਸਮਾਂ ਕੱਢਿਆ। ਸ਼ਾਮ ਦੇ ਸੈਸ਼ਨ 'ਚ 4x400 ਮੀਟਰ ਰਿਲੇਅ ਦੌੜ 'ਚ ਭਾਰਤ ਦੇ ਮੁਹੰਮਦ ਅਨਸ ਯਾਹੀਆ, ਰੇਵਤੀ ਵੀਰਾਮਨੀ, ਸੁਭਾ ਵੈਂਕਟੇਸਨ ਅਤੇ ਰਾਜੀਵ ਅਰੋਕੀਆ ਦੀ ਮਿਕਸਡ ਟੀਮ ਨੇ ਦੂਜੀ ਹੀਟ 'ਚ 3 ਮਿੰਟ 19 ਸਕਿੰਟ 93 ਮਿਲੀ ਸਕਿੰਟ ਦਾ ਸਮਾਂ ਕੱਢਿਆ। ਟੀਮ ਕੁੱਲ 13ਵੇਂ ਅਤੇ ਆਖਰੀ ਸਥਾਨ 'ਤੇ ਰਹੀ।

# ਮੁੱਕੇਬਾਜੀ: ਲਵਲੀਨਾ ਦੇ ਪੰਚ ਨਾਲ ਇਕ ਹੋਰ ਤਗਮਾ ਪੱਕਾ




ਆਪਣਾ ਪਲੇਠਾ ਓਲੰਪਿਕ ਖੇਡ ਰਹੀ ਲਵਲੀਨਾ ਬੋਰਗੋਹੇਨ (69 ਕਿਲੋ) ਨੇ ਸਾਬਕਾ ਵਿਸ਼ਵ ਚੈਂਪੀਅਨ ਚੀਨੀ ਤਾਇਪੇ ਦੀ ਨਿਯੇਨ ਚਿਨ ਚੇਨ ਨੂੰ ਹਰਾ ਕੇ ਸੈਮੀਫਾਈਨਲ ਵਿਚ ਦਾਖਲੇ ਦੇ ਨਾਲ ਟੋਕੀਓ ਓਲੰਪਿਕ ਦੇ ਮੁੱਕੇਬਾਜੀ ਮੁਕਾਬਲਿਆਂ 'ਚ ਭਾਰਤ ਦਾ ਤਗਮਾ ਪੱਕਾ ਕਰ ਦਿੱਤਾ ਹੈ। ਅਸਾਮ ਦੀ 23 ਸਾਲਾ ਮੁੱਕੇਬਾਜ ਨੇ 4-1 ਨਾਲ ਜਿੱਤ ਦਰਜ ਕੀਤੀ। ਲਵਲੀਨਾ, ਜੋ ਹੁਣ ਸੋਨ ਤਗਮੇ ਤੋਂ ਦੋ ਕਦਮ ਦੂਰ ਹੈ, ਸੈਮੀ ਫਾਈਨਲ ਵਿੱਚ ਮੌਜੂਦਾ ਵਿਸ਼ਵ ਚੈਂਪੀਅਨ ਤੁਰਕੀ ਦੀ ਬੁਸਾਨੇਜ ਸੁਰਮੇਨੇਲੀ ਨਾਲ ਮੱਥਾ ਲਾਏਗੀ। ਤੁਰਕ ਮੁੱਕੇਬਾਜ ਨੇ ਕੁਆਰਟਰ ਫਾਈਨਲ ਵਿੱਚ ਯੂਕਰੇਨ ਦੀ ਅੰਨਾ ਲਿਸੇਂਕੋ ਨੂੰ ਮਾਤ ਦਿੱਤੀ ਹੈ। ਇਸ ਦੌਰਾਨ ਪੰਜਾਬ ਨਾਲ ਸਬੰਧਤ ਮਹਿਲਾ ਮੁੱਕੇਬਾਜ ਸਿਮਰਨਜੀਤ ਕੌਰ ਪ੍ਰੀ-ਕੁਆਰਟਰ ਫਾਈਨਲ ਮੁਕਾਬਲੇ ਵਿੱਚ ਥਾਈਲੈਂਡ ਦੀ ਮੁੱਕੇਬਾਜ ਤੋਂ 5-0 ਨਾਲ ਹਾਰ ਕੇ ਬਾਹਰ ਹੋ ਗਈ।

ਵਿਸ਼ਵ ਚੈਂਪੀਅਨਸ਼ਿਪ ਵਿੱਚ ਦੋ ਵਾਰ ਕਾਂਸੇ ਦਾ ਤਗਮਾ ਜਿੱਤਣ ਵਾਲੀ ਲਵਲੀਨਾ ਨੇ ਮੈਚ ਦੌਰਾਨ ਜਬਰਦਸਤ ਸਬਰ ਦਾ ਪ੍ਰਦਰਸ਼ਨ ਕਰਦੇ ਹੋਏ ਚੀਨੀ ਤਾਇਪੇ ਦੀ ਆਪਣੀ ਉਸ ਵਿਰੋਧੀ ਨੂੰ ਹਰਾਇਆ, ਜਿਸ ਤੋਂ ਉਹ ਪਹਿਲਾਂ ਵੀ ਹਾਰ ਚੁੱਕੀ ਹੈ। ਹਮਲਾਵਰ ਸ਼ੁਰੂਆਤ ਮਗਰੋਂ ਭਾਰਤੀ ਮੁੱਕੇਬਾਜ ਨੇ ਆਖਰੀ ਤਿੰਨ ਮਿੰਟਾਂ ਵਿੱਚ ਆਪਣੇ ਡਿਫੈਂਸ ਨੂੰ ਵੀ ਕੰਟਰੋਲ ਵਿੱਚ ਰੱਖਿਆ ਤੇ ਜਵਾਬੀ ਹਮਲਿਆਂ 'ਚ ਕੋਈ ਕਸਰ ਨਹੀਂ ਛੱਡੀ। ਕੌਮੀ ਕੋਚ ਮੁਹੰਮਦ ਅਲੀ ਕਮਰ ਨੇ ਕਿਹਾ, "ਉਸ ਨੇ ਜਵਾਬੀ ਹਮਲਿਆਂ ਦੀ ਰਣਨੀਤੀ 'ਤੇ ਅਮਲ ਕੀਤਾ ਤੇ ਆਪਣੇ ਕੱਦ ਦਾ ਲਾਹਾ ਲਿਆ। ਪਿਛਲੇ ਮੁਕਾਬਲੇ ਵਿੱਚ ਇਸੇ ਵਿਰੋਧੀ ਖਲਿਾਫ ਹਮਲਾਵਰ ਹੋਣ ਦੀ ਕੋਸ਼ਿਸ਼ ਵਿੱਚ ਉਹ ਹਾਰ ਗਈ ਸੀ।' ਉਨ੍ਹਾਂ ਕਿਹਾ, "ਉਸ ਨੇ ਜਬਰਦਸਤ ਸਬਰ ਦਾ ਪ੍ਰਦਰਸ਼ਨ ਕੀਤਾ ਤੇ ਰੋਮਾਂਚਿਤ ਨਹੀਂ ਹੋਈ। ਉਸ ਨੇ ਵਧੇਰੇ ਹਮਲਾਵਰ ਹੋਣ ਦੀ ਵੀ ਕੋਸ਼ਿਸ਼ ਨਹੀਂ ਕੀਤੀ ਤੇ ਰਣਨੀਤੀ 'ਤੇ ਚੰਗੀ ਤਰ੍ਹਾਂ ਨਾਲ ਅਮਲ ਕੀਤਾ। ਉਹ ਹਮਲਾਵਰ ਹੁੰਦੀ ਤਾਂ ਸੱਟ ਫੇਟ ਲੁਆ ਸਕਦੀ ਸੀ।"

ਪਿਛਲੇ ਸਾਲ ਕਰੋਨਾ ਲਾਗ ਦਾ ਸ਼ਿਕਾਰ ਹੋਈ ਲਵਲੀਨਾ ਯੂਰੋਪ ਵਿੱਚ ਅਭਿਆਸ ਦੌਰੇ 'ਤੇ ਜਾਣ ਤੋਂ ਖੁੰਝ ਗਈ ਸੀ। ਰੈਫਰੀ ਨੇ ਜਿਵੇਂ ਹੀ ਜੇਤੂ ਵਜੋਂ ਉਸ ਦਾ ਹੱਥ ਉੱਤੇ ਚੁੱਕਿਆ ਤੇ ਉਹ ਖੁਸ਼ੀ ਦੇ ਮਾਰੇ ਜੋਰ ਨਾਲ ਚੀਕ ਪਈ। ਇਸ ਤੋਂ ਪਹਿਲਾਂ ਓਲੰਪਿਕ ਮੁੱਕੇਬਾਜੀ ਵਿਚ ਵਿਜੇਂਦਰ ਸਿੰਘ (2008) ਤੇ ਐੱਮ.ਸੀ.ਮੈਰੀ ਕੌਮ (2012) ਨੇ ਭਾਰਤ ਲਈ ਕਾਂਸੇ ਦਾ ਤਗਮਾ ਜਿੱਤਿਆ ਸੀ।

ਭਾਰਤ ਲਈ ਟੋਕੀਓ ਓਲੰਪਿਕ ਵਿੱਚ ਦੂਜਾ ਤਗਮਾ ਪੱਕਾ ਕਰਨ ਵਾਲੀ ਮੁੱਕੇਬਾਜ ਲਵਲੀਨਾ ਬੋਰਗੋਹੇਨ ਨੂੰ ਖੇਡ ਮੰਤਰੀ ਅਨੁਰਾਗ ਠਾਕੁਰ, ਸਾਬਕਾ ਖੇਡ ਮੰਤਰੀ ਤੇ ਮੌਜੂਦਾ ਕਾਨੂੰਨ ਮੰਤਰੀ ਕਿਰਨ ਰਿਜਿਜੂ, ਸਿਖਰਲੇ ਨਿਸਾਨੇਬਾਜ ਅਭਿਨਵ ਬਿੰਦਰਾ, ਓਲੰਪਿਕ ਮੁੱਕੇਬਾਜ ਵਿਜੇਂਦਰ ਸਿੰਘ, ਸਾਬਕਾ ਵਿਸ਼ਵ ਚੈਂਪੀਅਨ ਨਿਸ਼ਾਨੇਬਾਜ ਹਿਨਾ ਸਿੱਧੂ ਸਮੇਤ ਖੇਡ ਜਗਤ ਨਾਲ ਜੁੜੀਆਂ ਹੋਰਨਾਂ ਸ਼ਖਸੀਅਤਾਂ ਨੇ ਵਧਾਈ ਦਿੱਤੀ ਹੈ।

ਲਵਲੀਨਾ ਦੀ ਜਿੱਤ ਮਗਰੋਂ ਅਸਾਮ ਵਿੱਚ ਜਸ਼ਨ ਦਾ ਮਾਹੌਲ ਰਿਹਾ। ਲਵਲੀਨਾ ਦੇ ਪਿਤਾ ਟਿਕੇਨ ਬੋਰਗੋਹੇਨ ਨੇ ਭਰੋਸਾ ਜਤਾਇਆ ਕਿ ਉਸ ਦੀ ਧੀ ਯਕੀਨੀ ਤੌਰ 'ਤੇ ਦੋ ਹੋਰ ਮੈਚ ਜਿੱਤ ਕੇ ਕਾਂਸੇ ਦੇ ਤਗਮੇ ਨੂੰ ਸੋਨੇ ਵਿੱਚ ਤਬਦੀਲ ਕਰ ਦੇਵੇਗੀ। ਲਵਲੀਨਾ ਦਾ ਪਰਿਵਾਰ ਗੋਲਾਘਾਟ ਜ਼ਿਲ੍ਹੇ ਦੇ ਬਾਰਾ ਮੁਖੀਆ ਪਿੰਡ ਵਿੱਚ ਰਹਿੰਦਾ ਹੈ।

***ਪੰਜਾਬ ਦੀ ਮੁੱਕੇਬਾਜ ਸਿਮਰਨਜੀਤ ਕੌਰ ਪ੍ਰੀ-ਕੁਆਰਟਰ ਫਾਈਨਲ ਵਿੱਚ ਹਾਰੀ***

ਆਪਣਾ ਪਲੇਠਾ ਓਲੰਪਿਕ ਖੇਡ ਰਹੀ ਭਾਰਤ ਦੀ ਇਕ ਹੋਰ ਮਹਿਲਾ ਮੁੱਕੇਬਾਜ ਸਿਮਰਨਜੀਤ ਕੌਰ(60 ਕਿਲੋ) ਪ੍ਰੀ-ਕੁਆਰਟਰ ਫਾਈਨਲ ਵਿੱਚ ਥਾਈਲੈਂਡ ਦੀ ਸੁਦਾਪੋਰਨ ਸੀਸੋਂਦੀ ਤੋਂ ਹਾਰ ਕੇ ਬਾਹਰ ਹੋ ਗਈ। ਚੌਥਾ ਦਰਜਾ ਪ੍ਰਾਪਤ ਸਿਮਰਨਜੀਤ ਕੌਰ ਨੂੰ 0-5 ਨਾਲ ਹਾਰ ਦਾ ਸਾਹਮਣਾ ਕਰਨਾ ਪਿਆ। ਕੌਰ ਨੇ ਪਹਿਲੇ ਰਾਊਂਡ ਵਿੱਚ ਅਸਰਦਾਰ ਪ੍ਰਦਰਸ਼ਨ ਕਰਦੇ ਹੋਏ ਆਪਣੇ ਵਿਰੋਧੀ ਖਲਿਾਫ ਦਬਾਅ ਬਣਾਉਣ ਦੀ ਕੋਸ਼ਿਸ਼ ਕੀਤੀ ਤੇ ਚੰਗੇ ਜਵਾਬੀ ਹਮਲੇ ਕੀਤੇ। ਜੱਜਾਂ ਨੇ ਹਾਲਾਂਕਿ ਸਰਬਸੰਮਤੀ ਨਾਲ ਥਾਈ ਮੁੱਕੇਬਾਜ ਦੇ ਹੱਕ ਵਿਚ ਫੈਸਲਾ ਦਿੱਤਾ, ਜਿਸ ਨਾਲ ਦੂਜੇ ਰਾਊਂਡ ਵਿੱਚ ਸਿਮਰਨਜੀਤ ਦੇ ਪ੍ਰਦਰਸ਼ਨ 'ਤੇ ਅਸਰ ਪਿਆ। ਤੀਜੇ ਦੌਰ ਵਿੱਚ ਸਿਮਰਨਜੀਤ ਨੇ ਬਰਾਬਰੀ ਦੀ ਕੋਸ਼ਿਸ਼ ਕੀਤੀ, ਪਰ ਉਦੋਂ ਤੱਕ ਬਹੁਤ ਦੇਰ ਹੋ ਚੁੱਕੀ ਸੀ। ਥਾਈ ਮੁੱਕੇਬਾਜ ਦੋ ਵਾਰ ਦੀ ਵਿਸ਼ਵ ਚੈਂਪੀਅਨਸਪਿ ਤਗਮਾ ਜੇਤੂ ਹੈ ਤੇ ਉਸ ਨੇ 2018 ਏਸ਼ਿਆਈ ਖੇਡਾਂ ਵਿੱਚ ਵੀ ਚਾਂਦੀ ਦਾ ਤਗਮਾ ਜਿੱਤਿਆ ਸੀ।

## ਥੌਮਸਨ ਹੇਰਾ ਨੇ ਮਹਿਲਾਵਾਂ ਦੀ 100 ਮੀਟਰ 'ਚ ਓਲੰਪਿਕ ਰਿਕਾਰਡ ਤੋੜਿਆ




ਜਮਾਇਕਾ ਦੀ ਇਲੇਨ ਥੌਮਸਨ-ਹੇਰਾ ਨੇ ਮਹਿਲਾਵਾਂ ਦੀ 100 ਮੀਟਰ ਫਰਾਟਾ ਦੌੜ ਵਿੱਚ ਫਲੋਰੈਂਸ ਗ੍ਰਿਫਿਥ ਜੋਇਨਰ ਦੇ 33 ਸਾਲ ਪੁਰਾਣੇ ਓਲੰਪਿਕ ਰਿਕਾਰਡ ਨੂੰ ਤੋੜਦੇ ਹੋਏ ਲਗਾਤਾਰ ਦੂਜੀ ਵਾਰ ਸੋਨ ਤਗਮਾ ਆਪਣੇ ਨਾਂ ਕੀਤਾ ਹੈ। ਜਮਾਇਕਨ ਅਥਲੀਟ ਨੇ 10.61 ਸਕਿੰਟ ਦਾ ਸਮਾਂ ਲਿਆ, ਜੋ ਜੋਇਨਰ ਦੇ ਸਿਓਲ ਓਲੰਪਿਕ ਵਿੱਚ ਬਣਾਏ 10.62 ਸਕਿੰਟ ਦੇ ਰਿਕਾਰਡ ਤੋਂ ਬਿਹਤਰ ਹੈ।

# ਲੰਮੀ ਛਾਲ ਦੇ ਫਾਈਨਲ ਤੋਂ ਖੁੰਝਿਆ ਸ੍ਰੀਸੰਕਰ



ਭਾਰਤੀ ਅਥਲੀਟ ਸ੍ਰੀਸੰਕਰ ਟੋਕੀਓ ਓਲੰਪਿਕ ਦੇ ਲੰਮੀ ਛਾਲ ਦੇ ਮੁਕਾਬਲਿਆਂ ਦੇ ਫਾਈਨਲ ਵਿੱਚ ਥਾਂ ਬਣਾਉਣ ਤੋਂ ਖੁੰਝ ਗਿਆ ਹੈ। ਸ੍ਰੀਸ਼ੰਕਰ ਨੇ ਆਪਣੀ ਪਹਿਲੀ ਕੋਸ਼ਿਸ਼ ਵਿੱਚ 7.69 ਮੀਟਰ ਦੀ ਛਾਲ ਮਾਰੀ ਜਦੋਂਕਿ ਦੂਜੀ ਤੇ ਤੀਜੀ ਕੋਸ਼ਿਸ਼ ਵਿੱਚ ਇਸ ਤੋਂ ਬਿਹਤਰ ਨਹੀਂ ਕਰ ਸਕਿਆ। ਉਸ ਦੀ ਦੂਜੀ ਤੇ ਤੀਜੀ ਕੋਸ਼ਿਸ਼ ਕ੍ਰਮਵਾਰ 7.51 ਮੀਟਰ ਤੇ 7.43 ਮੀਟਰ ਰਹੀ। ਉਹ ਆਪਣੀ ਹੀਟ (ਪੂਲ) ਵਿੱਚ 13ਵੇਂ ਤੇ ਓਵਰਆਲ 25ਵੇਂ (32 ਖਿਡਾਰੀਆਂ 'ਚੋਂ) ਸਥਾਨ 'ਤੇ ਰਿਹਾ। ਉਂਜ ਫਾਈਨਲਜ ਵਿੱਚ ਕੁਆਲੀਫਾਈ ਕਰਨ ਦਾ ਮਾਰਕ 8.15 ਮੀਟਰ ਦਾ ਸੀ। ਕਿਊਬਾ ਦਾ ਜੁਆਂ ਮਿਗੁਇਲ 8.50 ਮੀਟਰ ਦੀ ਛਾਲ ਨਾਲ ਸਿਖਰ 'ਤੇ ਰਿਹਾ।

# ਜਿਮਨਾਸਟ ਪ੍ਰਤੀ ਬਿੱਲੀ ਦੀ ਉਤਸੁਕਤਾ ਲੋਕਾਂ ਨੂੰ ਖੂਬ ਆ ਰਹੀ ਐ ਪਸੰਦ

### ਵੀਡੀਓ ਹੋ ਰਹੀ ਵਾਇਰਲ



Tokyo Olympics ਨੂੰ ਦੁਨੀਆਭਰ ਦੇ ਲੋਕ ਘਰ ਬੈਠੇ ਦੇਖਦੇ ਰਹਿੰਦੇ ਹਨ ਇਹ ਸਭ ਤੋਂ ਜਆਿਦਾ ਚਰਚਿਤ ਖੇਡਾਂ 'ਚੋਂ ਇਕ ਹੈ। ਜਿੱਥੇ ਲੋਕ ਆਪਣੇ ਪਸੰਦੀਦਾ ਐਥਲੀਟਾਂ ਨੂੰ ਦੇਖਣਾ ਪਸੰਦ ਕਰਦੇ ਹਨ। ਹਾਲੇ ਪਿਛਲੇ ਦਿਨ ਦੀ ਹੀ ਗੱਲ ਹੈ ਜਦੋਂ ਓਲੰਪਿਕ 'ਚ ਕਾਕਰੋਚ ਨੂੰ ਲੈ ਕੇ ਸੋਸ਼ਲ ਮੀਡੀਆ 'ਤੇ ਇਕ ਵੀਡੀਓ ਵਾਇਰਲ ਹੋ ਰਿਹਾ ਸੀ। ਦੂਜੇ ਪਾਸੇ ਹੁਣ ਇਕ ਬਿੱਲੀ ਦਾ ਵੀਡੀਓ ਸੋਸ਼ਲ ਮੀਡੀਆ 'ਤੇ ਤੇਜੀ ਨਾਲ ਵਾਇਰਲ ਹੋ ਰਿਹਾ ਹੈ। ਵੀਡੀਓ ਨੂੰ ਦੇਖ ਕੇ ਅਜਿਹਾ ਲੱਗ ਰਿਹਾ ਹੈ ਕਿ ਇਸ ਮਨੋਰੰਜਨ ਨੇ ਬਿੱਲੀ ਦਾ ਵੀ ਧਿਆਨ ਆਪਣੇ ਵੱਲ ਖਿੱਚਿਆ ਹੈ ਜਿਸ 'ਚ ਬਿੱਲੀ ਬਹੁਤ ਹੀ ਉਤਸੁਕਤਾ ਨਾਲ ਜਿਮਨਾਸਟ ਨੂੰ ਪਰਫਾਰਮ ਕਰਦੇ ਹੋਏ ਦੇਖ ਰਹੀ ਹੈ ਤੇ ਉਨ੍ਹਾਂ ਦੀਆਂ ਹਰਕਤਾਂ ਤੋਂ ਕਾਫੀ ਪ੍ਰਭਾਵਿਤ ਨਜਰ ਆ ਰਹੀ ਹੈ। ਵੀਡੀਓ 'ਚ ਦੇਖ ਸਕਦੇ ਹੋ ਕਿ ਬਿੱਲੀ ਟੀਵੀ ਦੇ ਠੀਕ ਸਾਹਮਣੇ ਬੈਠੀ ਹੈ ਤੇ ਜਿਮਨਾਸਟਿਕ ਪ੍ਰੋਗਰਾਮ ਨੂੰ ਬਹੁਤ ਦਿਲਚਸਪੀ ਤੇ ਇਕਾਗਰਤਾ ਨਾਲ ਦੇਖ ਰਹੀ ਹੈ। ਜਿਵੇਂ ਜਿਸਨਾਸਟ ਸਿੰਕ੍ਰੋਨਾਈਜਡ ਮੂਵਮੈਂਟ ਕਰਦੇ ਹਨ ਬਿੱਲੀ ਵੀ ਉਸੇ ਦਿਸ਼ਾ 'ਚ ਆਪਣਾ ਸਿਰ ਘੁਮਾਉਂਦੀ ਹੈ ਤੇ ਉਨ੍ਹਾਂ ਨੂੰ ਫੜਣ ਦੀ ਕੋਸ਼ਿਸ਼ ਕਰਦੇ ਹੋਏ ਟੀਵੀ ਸਕਰੀਨ 'ਤੇ ਆਪਣਾ ਪੰਜਾ ਵੀ ਮਾਰਦੀ ਹੈ। ਜਦੋਂ ਤੋਂ ਇਸ ਵੀਡੀਓ ਨੂੰ ਸੋਸ਼ਲ ਮੀਡੀਆ ਪਲੇਟਫਾਰਮ ਟਵਿੱਟਰ 'ਤੇ ਅਪਲੋਡ ਕੀਤਾ ਗਿਆ ਹੈ ਉਦੋਂ ਤੋਂ ਹੀ ਇਹ ਬਿੱਲੀ ਖੂਬ ਸੁਰਖੀਆਂ ਬਟੋਰ ਰਹੀ ਹੈ।

# ਨਿਸ਼ਾਨੇਬਾਜੀ: ਫਾਈਨਲ ਤੋਂ ਖੁੰਝੀਆਂ ਅੰਜੁਮ ਤੇ ਤੇਜਸਵਿਨੀ



ਭਾਰਤੀ ਨਿਸ਼ਾਨੇਬਾਜ ਅੰਜੁਮ ਮੌਦਗਿਲ ਅਤੇ ਤੇਜਸਵਿਨੀ ਸਾਵੰਤ ਅੱਜ ਓਲੰਪਿਕ 'ਚ ਔਰਤਾਂ ਦੇ 50 ਮੀਟਰ ਰਾਈਫਲ ਥ੍ਰੀ-ਪੁਜੀਸ਼ਨ ਮੁਕਾਬਲੇ ਦੇ ਫਾਈਨਲ 'ਚ ਥਾਂ ਬਣਾਉਣ ਤੋਂ ਖੁੰਝ ਗਈਆਂ ਹਨ। ਉਹ ਇਸ ਮੁਕਾਬਲੇ 'ਚ ਕ੍ਰਮਵਾਰ 15ਵੇਂ ਤੇ 33ਵੇਂ ਸਥਾਨ 'ਤੇ ਰਹੀਆਂ। ਓਲੰਪਿਕ ਵਿੱਚ ਭਾਰਤੀ ਨਿਸ਼ਾਨੇਬਾਜਾਂ ਦਾ ਖਰਾਬ ਪ੍ਰਦਰਸ਼ਨ ਅੱਜ ਵੀ ਜਾਰੀ ਰਿਹਾ। ਸੌਰਭ ਚੌਧਰੀ ਨੂੰ ਛੱਡ ਕੇ ਹੋਰ ਕੋਈ ਵੀ ਨਿਸ਼ਾਨੇਬਾਜ ਫਾਈਨਲ 'ਚ ਥਾਂ ਨਹੀਂ ਬਣਾ ਸਕਿਆ। ਅੰਜੁਮ ਨੇ '54 ਇੰਨਰ 10' ਨਾਲ 1,167 ਅੰਕ ਬਣਾਏ ਜਦਕਿ ਤਜਰਬੇਕਾਰ ਤੇਜਸਵਿਨੀ ਸਟੈਂਡਿੰਗ, ਨੀਲਿੰਗ ਅਤੇ ਪ੍ਰੋਨ ਪੁਜੀਸ਼ਨ ਦੀ ਲੜੀ 'ਚ 1,154 ਅੰਕ ਹੀ ਬਣਾ ਸਕੀ। ਅੰਜੁਮ ਨੀਲਿੰਗ 'ਚੋਂ 390 (400 ਅੰਕਾਂ ਵਿੱਚੋਂ) ਅਤੇ ਪ੍ਰੋਨ 'ਚ 395 ਅੰਕਾਂ ਨਾਲ ਇੱਕ ਸਮੇਂ ਪੰਜਵੇਂ ਸਥਾਨ 'ਤੇ ਸੀ ਅਤੇ ਉਸ ਦੇ ਫਾਈਨਲ 'ਚ ਪਹੁੰਚਣ ਦੀ ਸੰਭਾਵਨਾ ਸੀ, ਪਰ ਸਟੈਂਡਿੰਗ 'ਚ ਉਹ ਇਹ ਲੈਅ ਬਰਕਰਾਰ ਨਾ ਰੱਖ ਸਕੀ।

# ਟੈਨਿਸ: ਬੈਲਿੰਡਾ ਬੇਨਸਿਚ ਨੇ ਜਿੱਤਿਆ ਮਹਿਲਾ ਸਿੰਗਲਜ ਦਾ ਖਿਤਾਬ



ਸਵਿਟਜਰਲੈਂਡ ਦੀ ਬੈਲਿੰਡਾ ਬੇਨਸਿਚ ਨੇ ਅੱਜ ਇਥੇ ਚੈੱਕ ਗਣਰਾਜ ਦੀ ਮਾਰਕੇਟਾ ਵੋਂਡਰੋਸੋਵਾ ਨੂੰ 7-5, 2-6, 6-3 ਨਾਲ ਹਰਾ ਕੇ ਟੋਕੀਓ ਓਲੰਪਿਕਸ ਵਿੱਚ ਟੈਨਿਸ ਮੁਕਾਬਲਿਆਂ ਦੇ ਮਹਿਲਾ ਵਰਗ ਵਿੱਚ ਸੋਨ ਤਗਮਾ ਜਿੱਤ ਲਿਆ ਹੈ। ਬੇਨਸਿਚ ਕੋਲ ਅਜੇ ਇਕ ਹੋਰ ਸੋਨ ਤਗਮਾ ਜਿੱਤਣ ਦਾ ਮੌਕਾ ਹੈ। ਉਹ ਭਲਕੇ ਆਪਣੀ ਜੋੜੀਦਾਰ ਵਿਕਟੋਰੀਆ ਗੋਲੁਬਿਚ ਨਾਲ ਮਹਿਲਾ ਡਬਲਜ ਵਰਗ ਦਾ ਫਾਈਨਲ ਵੀ ਖੇਡੇਗੀ।

TOKYO 2021

# The Future of Malls




This age-old question of staying relevant never gets old, as the malls 10 years ago were battling the same questions as they are now. In the year 2011, there was an article in Harvard Business Review magazine about what will happen in the next five years in technological advancements and how the future of retail will shape accordingly. Although at that time it was the stuff of dreams and science fiction, cut to the current times we can see that much of what was predicted is already applied as well. We do shopping at a click of a button, we spend more time in deliberation, in finding the perfect product for our expenses, scrolling frantically through various portals matching different products for their quality and price until we land on the perfect product, comes the delivery date and if we are not satisfied with our purchase we can not only return it we can submit its feedback on the portal as well. Whilst older business models are failing, e-commerce goes from strength to strength. Many new physical shops are also opening and finding strong success. Far from abandoned shopping malls and empty high streets, we're seeing growth in an entirely new direction.

Covid-19 has forced malls to think beyond the experience which they can provide physically, the AR and VR experiences can be now brought to homes and do not have the same appeal it once used to have.

Shopping malls in India are a community space, somewhere to have a first date, get your ears pierced and have teenagers hang out without parents. In the coming years, it is precisely the "community" element of shopping malls that will take centre stage. A sense of community will be enhanced and capitalised upon to create interactive spaces for socialising and collaborating with brands. This shopping centre of the future will host relevant, personalised, brands and events, which focus on genuinely improving their client's lives, amalgamating with technology.

The future of malls will be dependent on how quickly malls start adapting and putting some changes into effect.

Safety and convenience will be a major challenge, malls do not only have to think about the customers visiting but their employees as well.

Appointment based shopping - The concept of getting an appointment is not new for Indians, but including this as a shopping experience with personalized attention and calibration could quickly become a new fad. Shoppers can schedule one-on-one appointments in-store, select items for curbside pickup, or hop on a video chat with an expert Style Advisor. This allows customers to enjoy personal, engaging services much like they'd expect in a traditional mall setting that is safe and convenient.

Local Pickup - Allowing customers to pick up their orders from the centralised pickup centres at malls will make it convenient for an average buyer who doesn't want to get inside the mall.

Contactless Payments - Already widely implemented and used, there is still scope of improvement in terms of penetration even in urban market space as quoted by an employee at Paytm who wishes to remain undisclosed.

Redefined Outlet Stores - Personalised shopping is something we Indians are already aware of, before the shopping mall explosion our local businesses were already doing it for us, be it a food place or a clothing store with their sit-in tailors. The unorganised sector still does it, the big retail will have to start focusing on experience-driven shopping. Pop-up shops and micro-retailing have become increasingly popular. Aside from being less costly, they also encourage retailers to think outside the box. Many of these smaller-scale shops and boutique storefronts rely on experiential shopping. This approach helps them capture the look and feel of local mom-and-pop shops paired with technology that helps them drive sales. As a result, customers get to experience nostalgia for the old retail store concept and the ease of tech-equipped shopping.

Virtual Shopping Assistant - To give the customers that last push to add the product to the cart sometimes human interaction is needed. The same can be provided by virtual chat and video support, hence driving the sales.

Endless Aisle - The physical outlet will always have the barrier of space, and e-commerce platforms remove that barrier. The future of malls is micro retailing and experience-based shopping. In that case, in-store kiosks will empower retailers to display their complete online assortment in-store and allow customers to order products that are out of stock or not sold in-store and have them shipped to their homes. At DMA we are partially putting this to use as the physical outlet holds only part of the physical inventory, our vendors on DMA outlet can display their full range of products.

ਕਦੇ ਉਹ ਸੋਚਦਾ ਕਿ ਅੱਗੇ ਹੋਰ ਕੋਈ ਪੜ੍ਹਾਈ ਕਰ ਲਵੇ, ਈ.ਟੀ.ਟੀ. ਜਾਂ ਕੋਈ ਮਾਸਟਰ ਡਿਗਰੀ ਪਰ ਰੋਜ਼ਾਨਾ ਅਖ਼ਬਾਰਾਂ 'ਚ ਉਚ ਵਿੱਦਿਆ ਪ੍ਰਾਪਤ ਨੌਜਵਾਨਾਂ ਦੀ ਹੁੰਦੀ ਦੁਰਗਤੀ ਕਾਰਣ ਹੋਰ ਪੜ੍ਹਾਈ ਕਰਨ ਦਾ ਉਸਦਾ ਹੌਸਲਾ ਨਾ ਪੈਂਦਾ। ਹਰ ਤੀਜੇ ਦਿਨ ਕਿਤੇ ਨਾ ਕਿਤੇ ਪੜ੍ਹੇ ਲਿਖੇ ਬੇਰੋਜ਼ਗਾਰ ਨੌਜਵਾਨਾਂ 'ਤੇ ਪੁਲਿਸ ਵੱਲੋਂ ਤੇਜ਼ ਪਾਣੀ ਦੀਆਂ ਬੌਛਾਰਾਂ ਸਿੱਟੀਆਂ ਜਾਂਦੀਆਂ ਜਾਂ ਕਈ ਵਾਰ ਲਾਠੀਚਾਰਜ ਵੀ ਕੀਤਾ ਜਾਂਦਾ। ਨੌਜਵਾਨ ਮੁੰਡਿਆਂ ਦੀਆਂ ਪੱਗਾਂ ਤੱਕ ਰੋਲ ਦਿੱਤੀਆਂ




ਜਾਂਦੀਆਂ। ਇੱਕ ਪਿੰਡ 'ਚ ਤਾਂ ਹੱਦ ਹੀ ਹੋ ਗਈ ਜਦ ਪਿੰਡ ਦੇ ਸਰਪੰਚ ਨੇ ਪੜ੍ਹੀ ਲਿਖੀ ਨੌਜਵਾਨ ਬੇਰੋਜ਼ਗਾਰ ਕੁੜੀ ਦੇ ਥੱਪੜ ਮਾਰਿਆ। ਜਿੱਥੇ ਉਚ ਵਿੱਦਿਆ ਪ੍ਰਾਪਤ ਨੌਜਵਾਨਾਂ ਨਾਲ ਅਜਿਹਾ ਗ਼ੈਰ-ਮਨੁੱਖੀ ਵਿਵਹਾਰ ਹੋ ਰਿਹਾ ਸੀ, ਉਥੇ ਬੀ.ਏ. ਪਾਸ ਨੂੰ ਕਿਸ ਨੇ ਪੁੱਛਣਾ ਸੀ?

ਅਜੋਕੇ ਕੰਪੀਟੀਸ਼ਨ ਦੇ ਯੁੱਗ ਵਿਚ ਨਵੀਂ ਦੁਕਾਨਦਾਰੀ ਚਲਾਉਣੀ ਵੀ ਖਾਲਾ ਜੀ ਦਾ ਵਾੜਾ ਨਹੀਂ ਹੈ, ਜੇਕਰ ਵੱਡੇ ਪੱਧਰ ਦਾ ਕਾਰੋਬਾਰ ਕੀਤਾ ਜਾਵੇ ਤਾਂ ਕਾਮਯਾਬੀ ਮਿਲਣ ਦੇ ਮੌਕੇ ਵਧੇਰੇ ਹਨ ਪਰ ਜੋ ਆਰਥਿਕ ਹਾਲਾਤ ਮਾਸਟਰ ਬਲਵਿੰਦਰ ਸਿੰਘ ਤੇ ਉਸਦੇ ਪਰਿਵਾਰ ਦੇ ਸਨ, ਉਸ ਨਾਲ ਅਜਿਹਾ ਕਾਰੋਬਾਰ ਕਰਨਾ ਸੰਭਵ ਨਹੀਂ ਸੀ। ਰਾਜਵੀਰ ਦੇ ਹੋਣਹਾਰ ਹੋਣ ਦੇ ਬਾਵਜੂਦ ਸਾਰੇ ਰਸਤੇ ਬੰਦ ਨਜ਼ਰ ਆਉਂਦੇ ਸਨ। ਇਸ ਲਈ ਹੁਣ ਉਹ ਸੋਚ ਰਹੇ ਸਨ ਕਿ ਜੇਕਰ ਰਾਜਵੀਰ ਵਿਦੇਸ਼ ਜਾ ਕੇ ਸੈੱਟ ਹੋ ਜਾਵੇ ਤਾਂ ਉਸਦੇ ਕੈਰੀਅਰ ਨੂੰ ਸਹੀ ਦਿਸ਼ਾ ਮਿਲ ਜਾਵੇਗੀ।

ਟ੍ਰੈਵਲ ਏਜੰਟਾਂ ਨਾਲ ਮੀਟਿੰਗਾਂ ਤੇ ਬਹੁਤ ਸੋਚ ਵਿਚਾਰ ਕਰਨ ਤੋਂ ਬਾਅਦ ਇਹੀ ਫੈਸਲਾ ਕੀਤਾ ਗਿਆ ਕਿ ਰਾਜਵੀਰ ਆਸਟ੍ਰੇਲੀਆ ਚਲਾ ਜਾਵੇ, ਕਿਉਂਜੋ ਵਿਦਿਆਰਥੀਆਂ ਲਈ ਆਸਟ੍ਰੇਲੀਆ ਜਾਣਾ ਕੁਝ ਸੌਖਾ ਸੀ। ਨਾਲ ਹੀ ਇੱਕ ਹੋਰ ਪੱਖ ਉਨ੍ਹਾਂ ਲਈ ਇਹ ਵੀ ਵਿਚਾਰਨਯੋਗ ਸੀ ਕਿ ਜੇਕਰ ਰਾਜਵੀਰ ਖੁਦ ਵਿਦਿਆਰਥੀ ਬਣ ਕੇ ਜਾਏਗਾ ਤਾਂ ਪੜ੍ਹਾਈ ਦੇ ਨਾਲ ਕਮਾਈ ਕਦੋਂ ਕਰੇਗਾ? ਸ਼ੋ, ਏਜੰਟਾਂ ਨੇ ਸਲਾਹ ਦਿੱਤੀ ਕਿ ਕੋਈ ਅਜਿਹੀ ਕੁੜੀ ਲੱਭੀ ਜਾਏ ਜੋ ਕਿ ਵਿਦਿਆਰਥੀ ਬਣਕੇ ਤੇ ਰਾਜਵੀਰ ਨਾਲ ਵਿਆਹ ਕਰਵਾ ਕੇ ਆਸਟ੍ਰੇਲੀਆ ਜਾ ਸਕੇ। ਇਸ ਨਾਲ ਆਸਟ੍ਰੇਲੀਆ ਜਾਣ ਦਾ ਜੋ ਖਰਚਾ ਹੋਏਗਾ, ਉਹ ਕਮਾਈ ਕਰਕੇ ਪੂਰਾ ਕੀਤਾ ਜਾ ਸਕੇਗਾ। ਉਹ ਸੋਚਦੇ ਸਨ ਕਿ ਜੇਕਰ ਰਾਜਵੀਰ ਵਿਦੇਸ਼ 'ਚ ਸੈੱਟ ਹੋ ਜਾਏਗਾ ਤਾਂ ਉਸਦੀ ਛੋਟੀ ਭੈਣ ਦਾ ਰਿਸ਼ਤਾ ਵੀ ਚੰਗੇ ਘਰ ਕੀਤਾ ਜਾ ਸਕੇਗਾ। ਨਹੀਂ ਤਾਂ ਜੋ ਚਾਰ ਸਿਆੜ ਸਨ, ਉਹਨਾਂ ਵਿਚ ਵੀ ਬੇਗਾਨਾ ਹੱਲ ਚੱਲਦਾ ਨਜ਼ਰੀਂ ਆਉਂਦਾ ਸੀ।

ਮਾਸਟਰ ਬਲਵਿੰਦਰ ਸਿੰਘ ਦੇ ਪਿੰਡ ਦਾ ਵਸਨੀਕ ਸੱਜਣ ਸਿੰਘ ਚੱਲਦਾ ਪੁਰਜਾ ਸੀ। ਕਈ ਕਿਸਮ ਦੀ ਅਜਿਹੀ ਜੋੜ ਤੋੜ ਕਰਨ 'ਚ ਮਾਹਿਰ ਸੀ। ਜਦ ਮਾਸਟਰ ਜੀ ਨੇ ਆਪਣੀ ਸਮੱਸਿਆ ਦਾ ਜਿਕਰ ਉਸ ਕੋਲ ਕੀਤਾ ਤਾਂ ਉਸ ਆਪਣੇ ਮਿੱਤਰ ਮਹਿੰਦਰ ਸਿੰਘ ਦੀ ਕੁੜੀ ਸਰਬਪ੍ਰੀਤ ਬਾਰੇ ਗੱਲਬਾਤ ਚੱਲਾ ਲਈ ਸੀ। ਅੱਜ ਉਹ ਦੋਵੇਂ ਇਸੇ ਬਾਬਤ ਗੱਲਬਾਤ ਸਿਰੇ ਚੜ੍ਹਾਉਣ ਦੀ ਮੰਸ਼ਾ ਨਾਲ ਮਹਿੰਦਰ ਸਿੰਘ ਦੇ ਘਰ ਆਏ ਹੋਏ ਸਨ।

"ਲੈ ਬਈ ਮਾਸ਼ਟਰ ਜੀ! ਤੁਸ਼ੀਂ ਪਹਿਲਾਂ ਚਾਹ ਪੀਓ, ਗੱਲਾਂ ਤਾਂ ਨਾਲ ਦੀ ਨਾਲ ਚੱਲਦੀਆਂ ਰਹਿਣਗੀਆਂ, ਹੀ ਹੀ ਹੀ!", ਮਹਿੰਦਰ ਸਿੰਘ ਨੇ ਕਰੇੜੇ ਵਾਲੇ ਪੀਲੇ ਪਏ ਦ ੰ ਦ ਕੱਢਦਿਆਂ ਕਿਹਾ। ਹੁਣ ਤੱਕ ਦੀ ਹੋਈ ਗੱਲਬਾਤ ਤੋਂ ਉਹ ਸਮਝ ਚੁੱਕਾ ਸੀ ਕਿ ਤੱਕੜੀ ਦਾ ਓਹਦੇ ਵਾਲਾ ਪੱਲੜਾ ਭਾਰੂ ਸੀ ਤੇ ਆਇਆ ਮਹਿਮਾਨ ਕਾਫ਼ੀ ਮਜ਼ਬੂਰ ਸੀ।

"ਆਹ ਬਿਸ਼ਕਟ ਵੀ ਲਓ ਮਾਸ਼ਟਰ ਜੀ!", ਮਹਿੰਦਰ ਸਿੰਘ ਨੇ ਬਿਸਕੁਟਾਂ ਦੀ ਪਲੇਟ ਅੱਗੇ ਕੀਤੀ।

"ਸਰਦਾਰ ਮਹਿੰਦਰ ਸਿੰਘ ਜੀ, ਤੁਹਾਡੀਆਂ ਸਾਰੀਆਂ ਗੱਲਾਂ ਸੱਚੀਆਂ ਕਿ ਬੇਟੀ ਨੇ ਪੜ੍ਹਾਈ ਕਰਨ ਤੇ ਬਹੁਤ ਮਿਹਨਤ ਕੀਤੀ ਪਰ ਫਿਰ ਵੀ ਆਪਣੇ ਵਰਗੇ ਮੱਧ ਵਰਗੀ ਪਰਿਵਾਰਾਂ ਲਈ ਪੰਦਰਾਂ ਲੱਖ ਦਾ ਇੰਤਜ਼ਾਮ ਕਰਨਾ ਬਹੁਤ ਔਖਾ ਹੈ। ਸਾਡੇ ਲਈ ਏਨਾਂ ਭਾਰ ਝੱਲਣਾ ਔਖਾ ਹੈ। ਜੇਕਰ ਦੋਹੇਂ ਬੱਚੇ ਬਾਹਰ ਜਾਂਦੇ ਨੇ ਤਾਂ ਤੁਹਾਡਾ ਵੀ ਤਾਂ ਬਰਾਬਰ ਦਾ ਫਾਇਦਾ ਹੈ। ਬੇਟੀ ਬਾਹਰ ਜਾ ਕੇ ਸੈੱਟ ਹੋ ਜਾਏਗੀ!" ਮਾਸਟਰ ਨੇ ਤਰਕ ਦੇਣਾ ਚਾਹਿਆ।

"ਮਾਸ਼ਟਰ ਜੀ! ਤੁਸ਼ੀਂ ਪੜ੍ਹੇ ਲਿਖੇ ਬੰਦੇ ਹੋ, ਸ਼ਾਰਾ ਕੁਸ਼ ਜਾਣਦੇ ਹੋ ਕਿ 'ਸ਼ਟ੍ਰੇਲੀਆ ਜਾ ਕੇ ਵੀ ਪੜ੍ਹਾਈ ਕਰਨੀ ਕਿੰਨੀ ਔਖੀ ਐ। ਆਪਣੇ ਕਾਕਾ ਜੀ ਨੇ ਤਾਂ ਬਾਹਰ ਜਾ ਕੇ ਕਮਾਈ ਹੀ ਕਰਨੀ ਐ। ਗੁੱਡੀ ਨੂੰ ਤਾਂ ਫੇਰ ਦੋ ਸ਼ਾਲ ਜਾ ਕੇ ਕਿਤਾਬਾਂ ਨਾਲ ਮੱਥਾ ਮਾਰਨਾ ਪੈਣਾ, ਉਹ ਵੀ 'ਗਰੇਜੀ 'ਚ। ਸ਼ੋ ਮੁੱਕਦੀ ਜਹੀ ਗੱਲ ਤਾਂ ਆਹ ਹੈ ਬਈ ਮੈਨੂੰ ਕੋਈ ਹਿਸ਼ਾਬ ਕਿਤਾਬ ਸਿਰੇ ਆਉਂਦਾ ਨਹੀਂ ਲੱਗਦਾ ਬਈ ਕੁੜੀ ਪੜ੍ਹੇ ਵੀ ਤੇ ਪੈਸ਼ੇ ਵੀ ਸ਼ਾਨੂੰ ਖਰਚਣੇ ਪੈਣ। ਸ਼ੱਜਣ ਸਿਆਂ ਤੂੰ ਈ ਦੱਸ਼ ਬਈ ਜੇ ਪੈਸ਼ੇ ਅਸ਼ੀਂ ਖਰਚਣੇ ਐਂ ਤਾਂ ਕੁੜੀ ਨੂੰ 'ਗਰੇਜੀ ਦਾ ਟੈਸ਼ਟ ਪਾਸ਼ ਕਰਨ ਦਾ ਕੀ ਫੈਦਾ ਹੋਇਆ?"

"ਕੋਈ ਨਾ ਮਿੰਦਰ ਸਿਆਂ, ਏਨਾ ਵੱਡਾ ਵਪਾਰੀ ਵੀ ਨਾ ਬਣ। ਮਾੜਾ ਮੋਟਾ ਸਹਿਜ ਸੁਭਾ ਨਾਲ ਸੋਚ ਲੈ, ਜੇ ਕਿਤੇ ਮੁੰਡੇ ਕੁੜੀ ਨੂੰ ਚੰਗਾ ਲੱਗਾ ਤਾਂ ਆਪਾਂ ਉਨ੍ਹਾਂ ਦਾ ਪੱਕਾ ਵਿਆਹ ਕਰ ਦਿਆਂਗੇ। ਕੱਲ ਨੂੰ ਕੁੜੀ ਦੇ ਵਿਆਹ 'ਤੇ ਵੀ ਤਾਂ ਖਰਚ ਆਉਣਾ ਈ ਐ। ਸੁੱਖ ਨਾਲ ਦੋਵੇਂ ਜੀਅ ਪੱਕੇ ਹੋ ਗਏ ਤਾਂ ਆਪੇ ਬੈਠੇ ਕਮਾਈ ਕਰੀ ਜਾਣਗੇ। ਨਾਲੇ ਰਲ ਕੇ ਬਾਕੀ ਭੈਣਾਂ ਭਰਾਵਾਂ ਨੂੰ ਵੀ ਸਾਂਭ ਲੈਣਗੇ!"

"ਹੈਂ? ਹੈਂ?? ਹੈਂ??? ਆਹ ਕੀ ਕਹੀ ਜਾਨੈ ਸ਼ੱਜਣ ਸਿਆਂ? ਬਈ ਤੁਸ਼ੀਂ ਕੁੜੀ ਦਾ ਸ਼ਾਕ ਲੈ ਕੇ ਆਏ ਹੋਂ ਕਿ ਮੁੰਡਾ ਬਾਹਰ ਭੇਜਣ ਦੀ ਸ਼ਕੀਮ ਕਰਨ ਲਈ? ਅਜੇ ਕੁੜੀ ਦੀ ਉਮਰ ਈ ਕੀ ਐ? ਉਹ ਤਾਂ ਕਹਿੰਦੀ ਐ ਬਈ ਮੈਂ ਤਾਂ ਅਜੇ ਪੜ੍ਹਨੈਂ, ਤਾਂ ਕਰਕੇ ਓਸ਼ਨੇ 'ਗਰੇਜੀ ਦਾ ਟੈਸ਼ਟ ਪਾਸ਼ ਕੀਤੈ!"

"ਚੱਲੋ ਸਰਦਾਰ ਮਹਿੰਦਰ ਸਿੰਘ ਜੀ! ਜਿਵੇਂ ਤੁਹਾਡੀ ਮਰਜ਼ੀ, ਤੁਸੀਂ ਮਾੜਾ ਮੋਟਾ ਪਤਾ ਤਾਂ ਕੀਤਾ ਹੀ ਹੋਣੈ ਕਿ ਹੁਣ ਕਿੰਨੇ ਪੈਸੇ ਭਰਨੇ ਪੈਣਗੇ ਤੇ ਬਾਅਦ 'ਚ ਕਿੰਨੇ? 'ਕੱਠਾ ਪੰਦਰਾਂ ਲੱਖ ਭਰਨਾ ਤਾਂ ਸਾਡੇ ਲਈ ਸੰਭਵ ਨਹੀਂ!", ਮਾਸਟਰ ਜੀ ਨੇ ਜਿਵੇਂ ਹਥਿਆਰ ਸੁੱਟ ਦਿੱਤੇ ਹੋਣ।

"ਹੀ ਹੀ ਹੀ ਮਾਸ਼ਟਰ ਜੀ! ਪਤਾ ਕੀਤੈ, ਸ਼ਾਰਾ ਕੁਸ਼ ਪਤਾ ਕੀਤੈ। ਤੁਸ਼ੀਂ ਪਹਿਲਾਂ ਚਾਹ ਤਾਂ ਪੀ ਲਓ। ਆਹ ਇੱਕ ਮੱਠੀ ਖਾ ਕੇ ਦੇਖੋ। ਅਜੇ ਕੱਲ ਹੀ ਸ਼ਹਿਰ ਗਿਆ ਸ਼ੀ। ਦੀਨਾ ਹਲਵਾਈ ਤਾਜ਼ੀਆਂ ਈ ਕੱਢੀ ਜਾਂਦਾ ਸ਼ੀ। ਮੈਂ ਕਿਹਾ ਚੱਲ ਦੋ ਕਿੱਲੋ ਭੁਰਦੀਆਂ ਈ ਜਾਂਦੀਆਂ ਜੀ। ਮੈਂ ਦੋ ਕਿੱਲੋ ਲਈਆਂ, ਕਰਾੜ ਨੇ ਦੋ ਰੁਪਈਏ ਘੱਟ ਨਹੀਂ ਕੀਤੇ, ਹੱਟੀ ਚੱਲਦੀ ਐ ਜੀ ਦੀਨੇ ਦੀ, ਧੇਲੀ ਵੀ ਕਿੱਥੇ ਘਟਾਉਂਦੈ? ਤੁਸ਼ੀਂ ਟੇਸ਼ਟ ਕਰਕੇ ਦੇਖੋ ਮਾਸ਼ਟਰ ਜੀ। ਕੁੜੇ ਸ਼ਰਬੋ! ਪੁੱਤ ਆ ਕੇ ਮਾਸ਼ਟਰ ਜੀ ਨੂੰ ਦੱਸ਼ੀਂ, ਏਜੰਟ ਨੇ ਖਰਚਾ ਕਿਵੇਂ ਦੱਸਿਆ ਸ਼ੀ?", ਮਹਿੰਦਰ ਸਿੰਘ ਨੇ ਆਪਣੀ ਧੀ ਸਰਬਪ੍ਰੀਤ ਨੂੰ ਆਵਾਜ਼ ਮਾਰੀ।

"ਸਤਿ ਸ੍ਰੀ ਅਕਾਲ ਅੰਕਲ ਜੀ!", ਲੰਮ ਸਲੰਮੀ ਸਰਬਪ੍ਰੀਤ ਨੇ ਆ ਕੇ ਸਭ ਨੂੰ ਹੱਥ ਜੋੜੇ।

"ਸਤਿ ਸ੍ਰੀ ਅਕਾਲ ਪੁੱਤਰ ਜੀ! ਕਿੰਨਾ ਕੁ ਖਰਚਾ ਦੱਸਿਆ ਏਜੰਟ ਨੇ ਤੇ ਕਿਹੜੀ ਪੜ੍ਹਾਈ ਕਰੋਗੇ ਆਸਟ੍ਰੇਲੀਆ ਜਾ ਕੇ?", ਮਾਸਟਰ ਬਲਵਿੰਦਰ ਸਿੰਘ ਨੇ ਪੁੱਛਿਆ।

"ਅੰਕਲ! ਉਨ੍ਹਾਂ ਨੇ ਕੁੱਕਰੀ 'ਚ ਐਡਮੀਸ਼ਨ ਲੈਣ ਬਾਰੇ ਸਜੈੱਸਟ ਕੀਤਾ ਸੀ, ਕਹਿੰਦੇ ਸੀ ਕਿ ਉਨ੍ਹਾਂ ਦੇ ਲਿੰਕ ਹੈਗੇ ਨੇ, ਕੋਈ ਪੰਜਾਬੀਆਂ ਦਾ ਹੀ ਕਾਲਜ ਹੈ ਤੇ ਆਪੇ ਹੀ ਐਡਮੀਸ਼ਨ ਕਰਵਾ ਦੇਣਗੇ। ਛੇ ਮਹੀਨੇ ਦੀ ਫ਼ੀਸ ਐਡਵਾਂਸ ਦੇਣੀ ਪਵੇਗੀ ਤੇ ਉਸਤੋਂ ਪਹਿਲਾਂ ਦਸ ਹਫ਼ਤਿਆਂ ਦੀ 'ਐਲੀਕੋ' ਕਲਾਸ ਲੈਣੀ ਪੈਣੀ ਐ। ਕੁੱਕਰੀ ਬਾਦ 'ਚ ਸਟਾਰਟ ਹੋਵੇਗੀ!"

"ਮੁਆਫ਼ ਕਰਨਾ ਬੇਟਾ ਜੀ, ਮੈਂ ਸਮਝਿਆ ਨਹੀਂ 'ਐਲੀਕੋ' ਕਲਾਸ ਬਾਰੇ। ਉਹ ਕਾਹਦੇ ਲਈ ਹੁੰਦੀ ਹੈ?"

"ਅੰਕਲ! ਆਈਲੈਟਸ 'ਚੋਂ ਮੇਰੇ ਪੰਜ ਬੈਂਡ ਆਏ ਨੇ, ਕੁੱਕਰੀ 'ਚ ਐਡਮੀਸ਼ਨ ਲਈ ਸਾਢੇ ਪੰਜ ਬੈਂਡ ਚਾਹੀਦੇ ਹੁੰਦੇ ਨੇ, ਮੇਰਾ ਹਾਫ਼ ਬੈਂਡ ਘੱਟ ਰਹਿ ਗਿਆ, ਏਸ ਲਈ ਦਸ ਹਫ਼ਤਿਆਂ ਦੀ ਐਲੀਕੋ ਵੀ ਲੱਗਣੀ ਐ। ਇਹ ਕੁੱਕਰੀ ਸ਼ੁਰੂ ਹੋਣ ਤੋਂ ਪਹਿਲਾਂ ਅੰਗ੍ਰੇਜ਼ੀ ਦੀਆਂ ਕਲਾਸਾਂ ਲੱਗਣਗੀਆਂ ਤੇ ਘੱਟ ਆਏ ਅੱਧੇ ਬੈਂਡ ਦਾ ਫ਼ਰਕ ਪੂਰਾ ਹੋ ਜਾਵੇਗਾ!"

"ਤਾਂ ਓਹਦੇ ਲਈ ਕੀ ਕਰਨਾ ਪਵੇਗਾ?"

"ਅੰਕਲ ਕਰਨਾ ਤਾਂ ਕੁਛ ਨਹੀਂ, ਬੱਸ ਢਾਈ ਕੁ ਹਜ਼ਾਰ ਡਾਲਰ ਫੀਸ ਭਰਨੀ ਪਵੇਗੀ!"

"ਢਾਈ ਹਜ਼ਾਰ ਅੱਡ ਤੋਂ ਭਰਨਾ ਪਵੇਗਾ??? ਤੇ ਕੁੱਕਰੀ ਲਈ ਕਿੰਨੀ ਫੀਸ ਭਰਨੀ ਹੋਵੇਗੀ?

"ਅੰਕਲ ਦੋ ਸਾਲ ਦੀ ਫੀਸ ਬਾਈ ਹਜ਼ਾਰ ਡਾਲਰ ਹੈ ਪਰ ਪਹਿਲਾਂ ਤਾਂ ਛੇ ਮਹੀਨੇ ਦੀ ਭਰਨੀ ਹੈ, ਸਾਰੀ ਨਹੀਂ। ਬਾਕੀ ਦੀ ਫੀਸ ਛੇ-ਛੇ ਮਹੀਨਿਆਂ ਤੋਂ ਭਰਨੀ ਐ!"

"ਮਤਲਬ ਢਾਈ ਹਜ਼ਾਰ ਐਲੀਕੋ ਦੀ ਤੇ ਪਚਵੰਜਾ ਸੌ ਕੁੱਕਰੀ ਦੀ, ਇਹ ਹੋ ਗਏ ਅੱਠ ਹਜ਼ਾਰ ਡਾਲਰ, ਤਕਰੀਬਨ ਚਾਰ ਲੱਖ ਰੁਪਈਆ!"

"ਆਹੋ ਮਾਸ਼ਟਰ ਜੀ, ਚਾਰ ਲੱਖ ਇਹ ਤੇ ਬਾਕੀ ਜਹਾਜ਼ ਦੀਆਂ ਟਿਕਟਾਂ ਦਾ। ਦਿੱਲੀ ਜਾਣ ਵਾਸ਼ਤੇ ਸ਼ਾਡੇ ਪਿੰਡ ਆਲਾ ਭੋਲਾ ਡਰੈਵਰ ਈ ਕਰ ਲਾਂਗੇ। ਕੋਈ ਸ਼ੌ, ਦੋ ਸ਼ੌ ਦਾ ਤੁਹਾਡਾ ਫੈਦਾ ਕਰਾ ਦਿਆਂਗੇ!"

"ਸਰਦਾਰ ਮਹਿੰਦਰ ਸਿੰਘ ਜੀ, ਦੋਹਾਂ ਦੀਆਂ ਟਿਕਟਾਂ ਵੀ ਸਾਨੂੰ ਹੀ ਖਰਚਣੀਆਂ ਪੈਣੀਆਂ?"

"ਚੱਲੋ ਛੱਡੋ ਮਾਸਟਰ ਜੀ, ਜਿੱਥੇ ਲੱਖਾਂ ਰੁਪਈਆ ਲੱਗਣੈ, ਓਥੇ ਤੀਹ-ਪੈਂਤੀ ਹਜ਼ਾਰ ਨਾਲ ਕੋਈ ਫ਼ਰਕ ਨਹੀਂ ਜੇ ਪੈਣ ਲੱਗਾ। ਜਦੋਂ ਏਨੀ ਗੱਲ ਖੁੱਲ ਗਈ ਐ ਤਾਂ ਹੁਣ ਮਾੜੇ ਮੋਟੇ ਪਿੱਛੇ ਨੰਨਾ ਨਾ ਪਾਓ। ਆਖਰ ਆਪਣੇ ਮੁੰਡੇ ਦੀ ਜ਼ਿੰਦਗੀ ਦਾ ਵੀ ਤਾਂ ਸੁਆਲ ਹੈ!", ਸੱਜਣ ਸਿੰਘ ਨੇ ਦਖ਼ਲ ਦਿੰਦਿਆਂ ਕਿਹਾ।

"ਜਿਵੇਂ ਤੈਨੂੰ ਠੀਕ ਲੱਗੇ ਸੱਜਣ ਸਿਹਾਂ, ਮੇਰਾ ਤਾਂ ਲੱਕ ਟੁੱਟਿਆ ਪਿਐ, ਤੈਨੂੰ ਪਤਾ ਤਾਂ ਹੈ, ਤੇਰੀ ਭਰਜਾਈ ਦੀ ਬਿਮਾਰੀ ਨੇ ਕਿਸੇ ਪਾਸੇ ਜੋਗਾ ਨਹੀਂ ਛੱਡਿਆ। ਕਈ ਵਾਰ ਤਾਂ ਸੋਚਦਾਂ ਬਈ ਜੇ ਸਰਕਾਰੀ ਨੌਕਰੀ ਨਾ ਹੁੰਦੀ ਤਾਂ ਸ਼ਾਇਦ ਰੋਟੀਆਂ ਵੱਲੋਂ ਵੀ ਆਵਾਜ਼ਾਰ ਹੋਣਾ ਪੈਣਾ ਸੀ!"

"ਚੰਗਾ ਵਪਾਰੀਆ! ਅਸੀਂ ਹੁਣ ਚੱਲਦੇ ਆਂ ਤੇ ਤੁਸੀਂ ਕਰੋ ਬਾਕੀ ਦਾ ਪਤਾ ਸੁਤਾ ਏਜੰਟ ਕੋਲੋਂ, ਕਦੋਂ ਭੇਜਣੈ ਮੁੰਡੇ ਕੁੜੀ ਨੂੰ ਬਾਹਰ?", ਸੱਜਣ ਸਿੰਘ ਨੇ ਮਹਿੰਦਰ ਨੂੰ ਨਿਹੋਰਾ ਮਾਰਦਿਆਂ ਕਿਹਾ।

"ਬੇਟਾ ਜੀ, ਇੱਕ ਗੱਲ ਪੁੱਛਾਂ ਜੇ ਬੁਰਾ ਨਾ ਮੰਨੋ ਤਾਂ?", ਮਾਸਟਰ ਬਲਵਿੰਦਰ ਸਿੰਘ ਨੇ ਝਿਜਕ ਮੰਨਦਿਆਂ ਸਰਬਪ੍ਰੀਤ ਕੋਲੋਂ ਪੁੱਛਿਆ।

"ਹਾਂ ਜੀ ਅੰਕਲ, ਪਲੀਜ਼!"

"ਬੇਟਾ, ਤੁਸੀਂ ਕੁੱਕਰੀ 'ਚ ਦਾਖਲਾ ਲੈਣਾ ਚਾਹੁੰਦੇ ਹੋ। ਕੋਈ ਹੋਰ ਕੋਰਸ ਠੀਕ ਨਹੀਂ ਸੀ, ਜਿਵੇਂ ਕਿ, ਸੁਣਿਐ ਕਿ ਬਾਹਰ ਨਰਸਿੰਗ ਵਾਲਿਆਂ ਦੀ ਬਹੁਤ ਡਿਮਾਂਡ ਹੈ। ਬੰਦਾ ਛੇਤੀ ਪੱਕਾ ਹੋ ਜਾਂਦਾ ਹੈ!"

"ਅੰਕਲ, ਗੱਲ ਤਾਂ ਤੁਹਾਡੀ ਠੀਕ ਐ ਕਿ ਨਰਸਿੰਗ ਦੀ ਕਾਫ਼ੀ ਡਿਮਾਂਡ ਹੈ ਪਰ ਐਡਮੀਸ਼ਨ ਲਈ ਆਈਲੈਟਸ ਦੇ ਹੋਰ ਬੈਂਡ ਚਾਹੀਦੇ ਨੇ। ਸੈਕਿੰਡਲੀ ਨਰਸਿੰਗ ਦੀ ਪੜ੍ਹਾਈ ਵੀ ਕਾਫ਼ੀ ਟਫ਼ ਹੈ, ਇਸ ਲਈ ਕੁੱਕਰੀ ਬਾਰੇ ਸੋਚਿਆ ਹੈ!"

"ਚੱਲ ਛੱਡੋ ਮਾਸਟਰ ਸਾਹਿਬ! ਕੁੱਕਰੀ ਹੋਵੇ ਜਾਂ ਨਰਸਿੰਗ, ਮਸਲਾ ਤਾਂ ਪੱਕੇ ਹੋਣ ਤੱਕ ਹੀ ਐ ਨਾ?", ਸੱਜਣ ਸਿੰਘ ਨੇ ਜੁਆਬ ਦਿੱਤਾ।

"ਚੰਗਾ ਜੀ, ਜਿਵੇਂ ਤੁਹਾਨੂੰ ਠੀਕ ਲੱਗੇ।"

"ਚੰਗਾ ਮਾਸ਼ਟਰ ਜੀ, ਸ਼ਸ਼ਰੀਕਾਲ! ਅਸ਼ੀਂ ਫੇਰ ਦੱਸ਼ਦੇ ਆਂ ਸ਼ੱਜਣ ਸਿੰਘ ਨੂੰ ਸ਼ਾਰੀ ਰੈਅ ਕਰਕੇ, ਹੀ ਹੀ ਹੀ!", ਮਹਿੰਦਰ ਸਿੰਘ ਨੇ ਖਚਰੀ ਜਿਹੀ ਹਾਸੀ ਹੱਸਦਿਆਂ ਹੱਥ ਜੋੜੇ।

ਸਰਬਪ੍ਰੀਤ ਤੇ ਰਾਜਵੀਰ ਦਾ ਵਿਆਹ ਕਰ ਦਿੱਤਾ ਗਿਆ। ਵਿਆਹ ਕਾਹਦਾ ਸੀ, ਬੱਸ ਕਾਗਜ਼ੀ ਖਾਨਾਪੂਰਤੀ ਸੀ, ਜਿਸ ਨਾਲ ਰਾਜਵੀਰ ਨੇ ਸਰਬਪ੍ਰੀਤ ਦੇ ਪਤੀ ਦੇ ਤੌਰ 'ਤੇ ਆਸਟ੍ਰੇਲੀਆ ਜਾਣਾ ਸੀ। ਕੀਤੀ ਹੋਈ ਗੱਲਬਾਤ ਮੁਤਾਬਿਕ ਵਿਆਹ ਦਾ ਸਾਰਾ ਖ਼ਰਚਾ ਮਾਸਟਰ ਜੀ ਨੇ ਝੱਲਿਆ।

ਟ੍ਰਿਨ! ਟ੍ਰਿਨ!! ਟ੍ਰਿਨ!!!

ਸਰਬਪ੍ਰੀਤ ਦੇ ਮੋਬਾਇਲ ਦੀ ਧੁਨ ਨੇ ਉਸਦੀ ਨੀਂਦ ਉਖੇੜ ਦਿੱਤੀ। ਉਹ ਦੁਪਹਿਰ ਦੀ ਰੋਟੀ ਖਾ ਕੇ ਧੁੱਪੇ ਲੇਟੀ ਹੋਈ ਸੀ। ਮੰਜੀ 'ਤੇ ਅੱਧਸੁੱਤੀ ਜਿਹੀ, ਉਹ ਆਪਣੇ ਉਪਰ ਪਤਲੀ ਜਿਹੀ ਚਾਦਰ ਲਈ ਪਈ ਸੀ। ਪੋਹ ਮਹੀਨੇ 'ਚ ਨਿੱਘੀ ਨਿੱਘੀ ਧੁੱਪ ਉਸਨੂੰ ਬਹੁਤ ਆਨੰਦ ਦੇ ਰਹੀ ਸੀ। ਅੱਧੀ ਜਿਹੀ ਅੱਖ ਖੋਲ ਕੇ ਉਸਨੇ ਮੋਬਾਇਲ 'ਤੇ ਕਾਲ ਕਰਨ ਵਾਲੇ ਦਾ ਨੰਬਰ ਦੇਖਿਆ ਤਾਂ ਚਾਦਰ ਵਗਾ ਮਾਰੀ। ਉਸਦੀ ਨੀਂਦ ਇੱਕ ਦਮ ਕਾਫ਼ੂਰ ਹੋ ਗਈ ਤੇ ਉਸਨੇ ਕਾਲ ਕੱਟ ਦਿੱਤੀ। ਕੁਝ ਸਕਿੰਟਾਂ ਬਾਅਦ ਫਿਰ ਮੋਬਾਇਲ ਨੇ ਰੌਲਾ ਪਾ ਦਿੱਤਾ ਪਰ ਉਸ ਫਿਰ ਬੰਦ ਕਰ ਦਿੱਤਾ। ਹੁਣ ਦੀ ਵਾਰ ਮੋਬਾਇਲ ਦੀ ਘੰਟੀ ਵੱਖਰੀ ਤਰ੍ਹਾਂ ਦੀ ਸੀ, ਉਸਨੇ ਦੇਖਿਆ ਤਾਂ ਮੈਸੇਜ ਆਇਆ ਹੋਇਆ ਸੀ;

"ਤੇਰਾ ਗੁੱਸਾ ਤਾਂ ਜਾਪਦੈ, ਮੇਰੀ ਜਾਨ ਲੈਕੇ ਰਹੇਗਾ
ਤੇਰੇ ਵਿਛੋੜੇ ਦਾ ਦੁੱਖ, ਇਹ ਬੇਗੁਨਾਹ ਕਿੰਨਾ ਹੋਰ ਸਹੇਗਾ
ਤੇਰੀ ਬੇਰੁਖੀ ਕਰਕੇ 'ਰਵੀ' ਦੁਨੀਆਂ ਤੋਂ ਤੁਰ ਜਾਏਗਾ
ਮੁੜ ਸ਼ਾਇਦ ਕੋਈ ਆ ਕੇ ਮੜ੍ਹੀ ਮੇਰੀ 'ਤੇ ਬਹੇਗਾ!"

ਇਹ ਮੈਸੇਜ ਪੜ੍ਹਦਿਆਂ ਸਰਬਪ੍ਰੀਤ ਖਿੜਖਿੜਾ ਕੇ ਹੱਸ ਪਈ ਤੇ ਏਨੇ ਨੂੰ ਮੋਬਾਇਲ ਫਿਰ ਬੋਲ ਪਿਆ। ਚੌਂਕੜੀ ਮਾਰ ਮੰਜੇ 'ਤੇ ਬੈਠ ਹੱਸਦਿਆਂ ਉਹ ਬੜੀ ਅਦਾ ਨਾਲ ਬੋਲੀ, "ਕਿਉਂ ਜਨਾਬ! ਅਜੇ ਤਾਂ ਮੋਬਾਇਲ 'ਤੇ ਕਾਲਾਂ ਹੀ ਕੱਟੀਆਂ ਨੇ ਤੇ ਗੱਲ ਮੜ੍ਹੀਆਂ ਤੱਕ ਪਹੁੰਚ ਗਈ, ਤੇ ਜੇ ਕਿਤੇ ਸੱਚੀਮੁੱਚੀ ਕਾਟਾ ਮਾਰ ਦਿੱਤਾ ਤਾਂ ਕੀ ਬਣੂ ?"

"ਬਣਨਾ ਕਰਨਾ ਕੀ ਐ ਪ੍ਰੀਤ, ਆਹ ਮੈਂ ਕੀ ਸੁਣ ਰਿਹਾਂ? ਤੇਰਾ ਵਿਆਹ ਹੋ ਗਿਆ?"

"ਹਾਂ ਮੇਰੇ ਐਕਸ ਮਾਹੀਆ! ਮਾਪਿਆਂ ਨੇ ਮਜ਼ਬੂਰ ਕਰ 'ਤੀ, ਤੇਰੀ ਹੀਰ ਬੇਗਾਨੀ ਹੋ ਗੀ, ਰਾਂਝਣਾਂ!"

"ਕੀ ਬਕਵਾਸ ਕਰੀ ਜਾਂਦੀ ਐਂ? ਸਿੱਧੀ ਤਰ੍ਹਾਂ ਦੱਸ, ਚੱਕਰ ਕੀ ਐ?"

"ਚੱਕਰ ਚੁੱਕਰ ਕੁਛ ਨਹੀਂ ਮਾਹੀਆ, ਬੱਸ ਹੁਣ ਤਾਂ ਸਾਰੀ ਉਮਰ ਵਿਛੋੜਾ ਝੱਲਣਾਂ ਪੈਣਾ। ਤੈਨੂੰ ਚੂਰੀਆਂ ਖਵਾਉਣ ਵਾਲੇ ਹੱਥਾਂ 'ਚ ਰੱਤਾ ਚੂੜਾ ਪੈ ਗਿਆ ਰਾਂਝਣਾਂ!"

"ਪ੍ਰੀਤ! ਮੇਰੀ ਜਾਨ 'ਤੇ ਬਣੀ ਐ। ਤੂੰ ਕੀ ਝੱਲ ਵਲੱਲੀਆਂ ਮਾਰੀ ਜਾਂਦੀ ਐਂ? ਜਲਦੀ ਦੱਸ, ਕਦੋਂ ਮਿਲਣ ਆ ਸਕਦੀ ਐਂ?"

"ਰਾਂਝਣਾਂ, ਹੁਣ ਤਾਂ ਮੇਲੇ ਅਗਲੇ ਜਨਮਾਂ 'ਚ ਹੋਣਗੇ। ਏਸ ਜਨਮ ਤਾਂ ਖੇੜਿਆਂ ਦੇ ਵੱਸ ਪੈ ਗਈ ਇਹ ਜਿੰਦ ਨਿਮਾਣੀ। ਜੇ ਮਿਲਣਾਂ ਈ ਐ ਤਾਂ ਮੱਝਾਂ ਚਰਾਉਣ ਦਾ ਕੋਰਸ ਕਰਨਾਂ ਪਊ, ਫੇਰ ਭਾਵੇਂ ਬਾਰਾਂ ਸਾਲ ਮਿਲੀ ਜਾਂਈਂ!"

"ਪ੍ਰੀਤ!! ਬਕਵਾਸ ਬੰਦ ਕਰ, ਮੇਰਾ ਮਰੇ ਦਾ ਮੂੰਹ ਦੇਖੇਂ ਜੇ ਹੁਣ ਇੰਝ ਕਹੇਂ, ਸੱਚ ਦੱਸ ਕਹਾਣੀ ਕੀ ਐ?", ਰਵੀ ਲੱਗਭੱਗ ਚੀਕਦਿਆਂ ਬੋਲਿਆ। ਇਹ ਸੁਣਕੇ ਸਰਬਪ੍ਰੀਤ ਦਾ ਹਾਸਾ ਨਿੱਕਲ ਗਿਆ, "ਜਾ ਵੇ ਮੇਰਿਆ ਸ਼ੇਰ ਦਿਲ ਰਾਂਝਣਾਂ! ਤੂੰ ਪਾਏਂਗਾ ਪੂਰੀਆਂ। ਏਨਾ ਕੁ ਈ ਯਕੀਨ ਐ ਆਪਣੀ ਪ੍ਰੀਤ 'ਤੇ? ਹੁਣ ਧਿਆਨ ਨਾਲ ਮੇਰੀ ਗੱਲ ਸੁਣ। ਮੇਰਾ ਵਿਆਹ ਤਾਂ ਗਿਆ ਹੋ, ਪਰ ਕਾਗਜ਼ੀਂ ਪੱਤਰੀਂ। ਉਂ ਤਾਂ ਮੈਂ ਆਪਣੇ ਰਵੀ ਦੀ ਹੀ ਆਂ, ਬੱਸ ਵਿਆਹ ਹੀ ਹੋਰ ਥਾਂ ਕਰਵਾਇਐ!"

"ਕੀ ਮਤਲਬ?"

"ਮਤਲਬ ਇਹ ਰਾਂਝਣਾਂ"

"ਆਹ ਕੀ ਰਾਂਝਣਾਂ ਰਾਂਝਣਾਂ ਲਾਈ ਐ, ਸਿੱਧੀ ਤਰ੍ਹਾਂ ਗੱਲ ਨਹੀਂ ਕਰ ਸਕਦੀ? ਮੈਨੂੰ ਟੈਂਸ਼ਨ ਹੋਈ ਪਈ ਐ, ਇਹਨੂੰ ਰੋਮਾਂਸ ਸੁੱਝਦੈ। ਮੈਂ ਪੰਦਰਾਂ ਦਿਨਾਂ ਬਾਅਦ ਆਇਆਂ ਤਾਂ ਆਹ ਖਬਰ ਸੁਣਨ ਨੂੰ ਮਿਲੀ ਐ, ਤੂੰ ਫੋਨ ਵੀ ਨਹੀਂ ਕੀਤਾ!"

"ਚੱਲ ਠੀਕ ਐ, ਹੁਣ ਨਹੀਂ ਕਹਿੰਦੀ ਰਾਂਝਣਾਂ। ਬੱਸ? ਗੱਲ ਇਹ ਹੈ ਰਾਂਝਣਾਂ ਓ ਸੌਰੀ, ਰਾਂਝਣਾਂ ਨਹੀਂ ਮੇਰਾ ਮਤਲਬ ਰਵੀ ਜੀ ਕਿ ਮਾਪਿਆਂ ਨੇ ਇੱਕ ਮੁੰਡਾ ਲੱਭਿਐ, ਜਿਹੜਾ ਆਸਟ੍ਰੇਲੀਆ ਜਾਣਾ ਚਾਹੁੰਦਾ ਸੀ। ਉਹ ਆਪ ਜਾ ਨਹੀਂ ਸੀ ਸਕਦਾ ਤੇ ਆਪਣੀ ਆਈਲੈਟਸ ਕੀਤੀ ਕੰਮ ਆ ਗਈ। ਹੁਣ ਕਾਗਜ਼ੀਂ ਪੱਤਰੀਂ ਉਹਦੇ ਨਾਲ ਵਿਆਹ ਹੋ ਗਿਐ। ਦੋ ਸਾਲ ਦੀਆਂ ਫੀਸਾਂ ਤੇ ਟਿਕਟਾਂ ਦਾ ਖ਼ਰਚ ਉਹ ਝੱਲਣਗੇ। ਜਾ ਕੇ ਆਪਾਂ ਕਰਨੀ ਮਾੜੀ ਮੋਟੀ ਪੜ੍ਹਾਈ ਤੇ ਬਾਕੀ ਐਸ਼ਾਂ! ਜਦੋਂ ਹੋ ਗਏ ਪੱਕੇ ਤਾਂ ਪਤੀ ਪ੍ਰਮੇਸ਼ਰ ਨਾਲ ਹੋ ਜਾਣੈ ਤਲਾਕ ਤੇ ਫੇਰ ਇੱਕ ਤੂੰ ਹੋਵੇਂ ਇੱਕ ਮੈਂ ਹੋਵਾਂ, ਇੱਕ ਬੱਕਰੀ ਬੰਨਣ ਨੂੰ ਥਾਂ ਮਿੱਤਰਾ! ਰਹੀ ਗੱਲ ਫੋਨ ਦੀ ਤਾਂ, ਸ਼ੈਡਿਊਲ ਹੀ ਬਹੁਤ ਬਿਜ਼ੀ ਰਿਹਾ, ਸਟਡੀ ਬਾਰੇ ਪਤਾ ਕਰਨਾ, ਏਜੰਟਾਂ ਦੇ ਗੇੜੇ, ਕਚਿਹਰੀਆਂ ਦੇ ਗੇੜੇ, ਕਾਗਜ਼ੀ ਫਾਰਮੈਲਟੀਆਂ ਬੱਸ ਮੱਤ ਹੀ ਮਾਰੀ ਰਹੀ!"

"ਪਰ ਪ੍ਰੀਤ! ਦੋ ਸਾਲ? ਦੋ ਸਾਲ ਤਾਂ ਬਹੁਤ ਲੰਬਾ ਅਰਸਾ ਹੁੰਦੈ, ਇੱਕ ਦੂਜੇ ਬਿਨਾਂ ਕਿਵੇਂ ਰਹਾਂਗੇ? ਨਹੀਂ ਨਹੀਂ ਤੂੰ ਛੱਡ ਪਰ੍ਹੇ, ਆਪਾਂ ਏਥੇ ਪੱਕੇ ਹੀ ਠੀਕ ਆਂ!"

"ਰਵੀ, ਏਥੇ ਰਹਿ ਕੇ ਕਿਹੜਾ ਬਾਪੂ ਹੋਰੀਂ ਮੈਨੂੰ ਤੇਰੇ ਨਾਲ ਤੋਰੀ ਬੈਠੇ ਐ? ਤੂੰ ਵੀ ਤਾਂ ਕੰਪਿਊਟਰ ਡਿਪਲੋਮਾ ਕਰਕੇ ਅਜੇ ਵਿਹਲਾ ਈ ਤੁਰਿਆ ਫਿਰਦੈਂ? ਰਹੀ ਦੁਕਾਨ ਤਾਂ ਉਹ ਤੇਰੇ ਪਾਪਾ ਦੀ ਐ। ਘਰ ਦੇ ਚੰਗੀ ਪੈਲੀ ਆਲੇ ਘਰ ਦੀਆਂ ਆਸਾਂ ਲਾਈ ਫਿਰਦੇ ਨੇ। ਤੈਨੂੰ ਹੱਟੀ ਆਲੇ ਨੂੰ ਨਹੀਂ ਮਿਲਣੀ ਇਹ ਹੀਰ!"

"ਫੇਰ ਪ੍ਰੀਤ!!!"

"ਫੇਰ ਕੀ? ਮੇਰਿਆ ਚੰਨਾਂ, ਜਿੱਥੇ ਆਪਾਂ ਨੂੰ ਏਨੇ ਸਾਲ ਹੋ ਗਏ ਲੁਕ ਛਿਪ ਕੇ ਮਿਲਦਿਆਂ ਨੂੰ, ਦੋ ਸਾਲ ਫੋਨ 'ਤੇ ਜਾਂ ਵਟਸਐਪ 'ਤੇ ਮਿਲ ਲਿਆ ਕਰਾਂਗੇ। ਰਵੀ, ਸੱਚ ਪੁੱਛੇਂ ਤਾਂ ਮੇਰਾ ਕਿਹੜਾ ਦਿਲ ਕਰਦੈ, ਤੇਰੇ ਤੋਂ ਜੁਦਾ ਹੋਣ ਨੂੰ? ਪਰ ਆਪਣੇ ਸੁਨਿਹਰੇ ਭਵਿੱਖ ਲਈ ਸਾਨੂੰ ਦੋਹਾਂ ਨੂੰ ਦੋ ਸਾਲ ਦੇ ਵਿਛੋੜੇ ਦੀ ਇਹ ਮਾਰ ਤਾਂ ਝੱਲਣੀ ਹੀ ਪਵੇਗੀ!"

"ਪ੍ਰੀਤ ਹੋਰ ਕੋਈ ਹੱਲ ਨਹੀਂ? ਤੇਰੇ ਬਿਨਾਂ ਦੋ ਪਲ ਜਿਉਣ ਦੀ ਕਲਪਨਾ ਕਰਨਾ ਵੀ ਮੇਰੇ ਲਈ ਮੌਤ ਬਰਾਬਰ ਹੈ, ਤੂੰ ਗੱਲ ਕਰਦੀ ਹੈਂ ਦੋ ਸਾਲ ਦੀ ਤੇਰਾ ਰਵੀ ਮਰ ਜਾਵੇਗਾ ਪ੍ਰੀਤ!", ਕਹਿੰਦਿਆਂ ਹੋਇਆਂ ਭਾਵੁਕ ਹੋ ਕੇ ਰਵੀ ਦਾ ਗੱਚ ਭਰ ਆਇਆ।

"ਜਾ ਵੇ ਰਵੀ, ਜੋ ਕੰਮ ਮੈਨੂੰ ਕਰਨਾ ਚਾਹੀਦਾ ਉਹ ਤੂੰ ਕਰੀ ਜਾਂਦੈਂ, ਮੈਂ ਤੈਨੂੰ ਹੌਸਲਾ ਦੇਈ ਜਾਂਦੀ ਐਂ, ਤੂੰ ਰੋਈ ਜਾਂਦੈਂ!"

"ਨਹੀਂ ਬੱਸ ਐਂਵੇਂ ਹੀ ਅਸਲ 'ਚ ਪ੍ਰੀਤ ਤੈਨੂੰ ਪਿਆਰ ਹੀ ਏਨਾ ਕਰਦਾ ਹਾਂ ਕਿ ਤੇਰੇ ਵਿਛੋੜੇ ਬਾਰੇ ਸੋਚਣਾ ਵੀ ਗੁਨਾਹ ਲੱਗਦਾ ਹੈ। ਚੱਲ ਛੱਡ, ਕੱਲ ਨੂੰ ਮਿਲਣ ਆ ਰਹੀਂ ਹੈਂ?"

"ਜ਼ਰੂਰ ਰਾਂਝਣਾਂ ਕੱਲ ਨੂੰ ਨੌਂ ਵਾਲੀ ਬੱਸ 'ਤੇ ਤੁਹਾਡੇ ਸ਼ਹਿਰ 'ਚ ਆ ਰਹੀਆਂ ਨੇ ਸਰਕਾਰਾਂ, ਬੱਸ ਰੈੱਡ ਕਾਰਪੈਟ ਵਿਛਾ ਕੇ ਰੱਖਣਾਂ!"

"ਰੈੱਡ ਕਾਰਪੈਟ ਤਾਂ ਕੀ ਪ੍ਰੀਤ, ਤੇਰੇ ਰਾਹ 'ਚ ਮੈਂ ਆਪਣੀਆਂ ਪਲਕਾਂ ਵਿਛਾ ਕੇ ਰੱਖਾਂਗਾ। ਚੰਗਾ ਫੋਨ ਰੱਖਦਾਂ, ਕੱਲ ਮਿਲਦੇ ਆਂ!"

ਰਾਜਵੀਰ ਤੇ ਸਰਬਪ੍ਰੀਤ ਦੋਹਾਂ ਦੇ ਘਰਾਂ 'ਚ ਜ਼ੋਰਾਂ ਸ਼ੋਰਾਂ ਨਾਲ ਆਸਟ੍ਰੇਲੀਆ ਜਾਣ ਦੀਆਂ ਤਿਆਰੀਆਂ ਸ਼ੁਰੂ ਹੋ ਗਈਆਂ। ਫਰਕ ਏਨਾ ਕੁ ਸੀ ਕਿ ਜਿੱਥੇ ਸਰਬਪ੍ਰੀਤ ਵਿਦੇਸ਼ ਜਾ ਕੇ ਸੈੱਟ ਹੋਣ ਦੇ ਬਾਅਦ ਰਵੀ ਨਾਲ ਜ਼ਿੰਦਗੀ ਬਤੀਤ ਕਰਨ ਦੇ ਸੁਪਨਿਆਂ 'ਚ ਉਡੀ ਫਿਰਦੀ ਸੀ, ਉਥੇ ਰਾਜਵੀਰ ਦੇ ਘਰ ਮਾਤਮ ਛਾਇਆ ਮਹਿਸੂਸ ਹੁੰਦਾ ਸੀ, ਕਿਉਂ ਜੋ ਫੀਸਾਂ ਭਰਨ ਲਈ ਪੈਲੀ 'ਚ ਬੇਗਾਨਾ ਹਲ ਚਲਵਾਉਣਾ ਪੈ ਗਿਆ।

ਆਸਟ੍ਰੇਲੀਆ ਪੁੱਜ ਕੇ ਬੜੀ ਜੱਦੋ ਜਹਿਦ ਤੋਂ ਬਾਅਦ ਰਾਜਵੀਰ ਨੂੰ ਖੇਤਾਂ 'ਚ ਕੰਮ ਮਿਲਿਆ। ਪੰਜਾਬ ਰਹਿੰਦਿਆਂ ਕਦੇ ਏਨੀ ਮਿਹਨਤ ਨਹੀਂ ਸੀ ਕਰਨੀ ਪਈ ਪਰ ਹੁਣ 35-40 ਡਿਗਰੀ ਤਾਪਮਾਨ 'ਚ ਕੜਕਦੀ ਧੁੱਪ 'ਚ ਸਾਰੀ ਦਿਹਾੜੀ ਮਿਹਨਤ ਕਰਨੀ ਪੈਂਦੀ। ਦਿਨ, ਹਫ਼ਤੇ ਤੇ ਮਹੀਨੇ ਗੁਜ਼ਰਨ ਲੱਗੇ। ਰਾਜਵੀਰ ਨੇ ਕਮਾਈ ਕਰਨ ਲਈ ਦਿਨ ਰਾਤ ਇੱਕ ਕੀਤਾ ਹੋਇਆ ਸੀ ਪਰ ਆਸਟ੍ਰੇਲੀਆ 'ਚ ਬਹੁਤ ਸਾਰੇ ਸਟੂਡੈਂਟ ਆ ਜਾਣ ਕਾਰਨ ਇੱਕ ਤਾਂ ਕੰਮ ਘੱਟ ਮਿਲਦਾ ਤੇ ਦੂਜਾ ਲੇਬਰ ਦਾ ਰੇਟ ਵੀ ਕਾਫ਼ੀ ਡਿੱਗ ਪਿਆ ਸੀ। ਲੇਬਰ ਦੇ ਬਹੁਤ ਸਾਰੇ ਠੇਕੇਦਾਰ ਸਨ, ਜੋ ਵਿਦਿਆਰਥੀਆਂ ਦੀ ਮਜ਼ਬੂਰੀ ਦਾ ਫਾਇਦਾ ਉਠਾਉਂਦੇ। ਕਈ ਵਿਦਿਆਰਥੀ ਖੇਤ ਮਾਲਕਾਂ ਕੋਲ ਲੇਬਰਾਂ ਕਰਨ ਲਈ ਸਿੱਧੀ ਪਹੁੰਚ ਕਰਦੇ, ਪਰ ਉਹ ਮਾਲਕ ਵੀ ਭਰੇ ਢਿੱਡ ਹੋਣ ਦੇ ਬਾਵਜੂਦ ਭੁੱਖੇ ਢਿੱਡਾਂ 'ਚੋਂ ਆਪਣੀਆਂ ਰੋਟੀਆਂ ਕੱਢਦੇ। ਵਿਦਿਆਰਥੀਆਂ ਨੂੰ ਪੱਕੇ ਕਰਵਾਉਣ ਲਈ ਖੇਤਾਂ ਮਾਲਕਾਂ, ਰੈਸਟੋਰੈਂਟਾਂ ਵਾਲਿਆਂ ਤੇ ਹੋਰ ਕਾਰੋਬਾਰੀਆਂ ਨੇ ਸਪੌਂਸਰਾਂ ਵਾਲਾ ਨਵਾਂ ਹੀ ਬਿਜ਼ਨਿਸ ਵਿੱਢ ਲਿਆ ਸੀ।

ਸਰਬਪ੍ਰੀਤ ਨੇ ਏਜ਼ਡ ਕੇਅਰ ਦਾ ਕੋਰਸ ਕਰ ਲਿਆ ਤੇ ਉਸਨੂੰ ਵਾਹਵਾ ਸਿਫਟਾਂ ਮਿਲਣ ਲੱਗ ਪਈਆਂ। ਉਸਦਾ ਇੱਕੋ ਇੱਕ ਟੀਚਾ ਸੀ, ਵੱਧ ਤੋਂ ਵੱਧ ਪੈਸਾ ਕਮਾ ਕੇ ਘਰ ਭੇਜਣਾ ਤਾਂ ਜੋ ਆਪਣੇ ਪੈਸੇ ਦੇ ਜ਼ੋਰ 'ਤੇ ਰਵੀ ਬਾਰੇ ਗੱਲ ਕਰ ਸਕੇ। ਰਾਜਵੀਰ ਕਮਾਈ ਕਰਦਾ ਤੇ ਪੈਸੇ ਫੀਸ 'ਤਾਰਨ ਲਈ ਸਰਬਪ੍ਰੀਤ ਦੀ ਤਲੀ 'ਤੇ ਧਰ ਦਿੰਦਾ। ਮਾੜੇ ਕਰਮਾਂ ਨੂੰ ਇੰਮੀਗ੍ਰੇਸ਼ਨ ਦੇ ਨਿਯਮਾਂ 'ਚ ਭਾਰੀ ਉਲਟ ਫੇਰ ਹੋ ਗਈ।

"ਹੈਲੋ! ਸਰਬਪ੍ਰੀਤ, ਮੈਂ ਰਾਜਵੀਰ ਬੋਲਦਾਂ!"

"ਹਾਂ ਰਾਜਵੀਰ, ਦੱਸੋ ਕਿਵੇਂ ਫੋਨ ਕੀਤਾ?"

"ਮੇਰੇ ਸੁਣਨ 'ਚ ਆਇਐ ਕਿ ਇੰਮੀਗ੍ਰੇਸ਼ਨ ਦੇ ਰੂਲ ਚੇਂਜ ਹੋ ਰਹੇ ਨੇ। ਜੇਕਰ ਤਿੰਨ ਮਹੀਨਿਆਂ ਦੇ ਵਿੱਚ ਵਿੱਚ ਤੁਸੀਂ ਟੀ.ਆਰ. (ਆਰਜ਼ੀ ਰਿਹਾਇਸ਼ ਵੀਜ਼ਾ) ਪਾ ਦਿਓ ਤਾਂ ਕੁਝ ਆਸਾਨੀ ਹੋ ਜਾਵੇਗੀ, ਨਹੀਂ ਤਾਂ ਨਵੇਂ ਰੂਲ ਅਪਲਾਈ ਹੋ ਜਾਣਗੇ ਤੇ ਪ੍ਰਾਬਲਮ ਵਧ ਜਾਏਗੀ!"

"ਰਾਜਵੀਰ, ਤਿੰਨ ਮਹੀਨਿਆਂ 'ਚ ਟੀ.ਆਰ.? ਪਰ ਮੇਰਾ ਤਾਂ ਐਕਸਪੀਰੀਐਂਸ ਈ ਪੂਰਾ ਨਹੀਂ ਹੋਇਆ। ਇਟਜ਼ ਨਾਟ ਪੌਸੀਬਲ!"

"ਪਰ ਸਰਬਪ੍ਰੀਤ, ਜੇ ਟੀ.ਆਰ. ਨਾ ਪਈ ਤਾਂ ਕੀ ਕਰਾਂਗੇ? ਸਾਡੀ ਤਾਂ ਪੈਲੀ ਵੀ ਨਹੀਂ ਛੁਡਾਈ ਗਈ ਮੇਰੇ ਕੋਲੋਂ। ਜਿੰਨੀ ਕਮਾਈ ਕੀਤੀ, ਸਾਰੀ ਦੀ ਸਾਰੀ ਤੁਹਾਡੀ ਫੀਸ ਭਰਨ ਲਈ ਭੇਜ ਦਿੱਤੀ। ਘਰ ਤਾਂ ਊਠ ਦੇ ਮੂੰਹ 'ਚ ਜ਼ੀਰੇ ਜਿੰਨੇ ਪੈਸੇ ਵੀ ਨਹੀਂ ਭੇਜ ਸਕਿਆ। ਤੁਸੀਂ ਤੁਸੀਂ ਤਾਂ ਆਸਾਨੀ ਨਾਲ ਕਹਿ ਰਹੇ ਹੋ ਕਿ ਨਾਟ ਪੌਸੀਬਲ, ਮੇਰਾ ਤਾਂ ਪਰਿਵਾਰ ਹੀ ਉਜੜ ਜਾਏਗਾ, ਜੇਕਰ ਕੁਝ ਨਾ ਹੋ ਪਾਇਆ ਤਾਂ!"

"ਸੌਰੀ ਰਾਜਵੀਰ! ਐਕਚੁਲੀ ਮੈਨੂੰ ਜੌਬ ਤੋਂ ਹੀ ਛੁੱਟੀ ਨਾ ਮਿਲਣ ਕਰਕੇ ਐਕਸਪੀਰੀਐਂਸ ਲਈ ਨਹੀਂ ਜਾ ਸਕੀ। ਪਰ ਮੈਂ ਕੱਲ ਹੀ ਕੰਸਲਟੈਂਟ ਨਾਲ ਗੱਲ ਕਰਕੇ ਕੋਈ ਹੱਲ ਕੱਢਣ ਦੀ ਕੋਸ਼ਿਸ਼ ਕਰਦੀ ਹਾਂ!"

"ਪਲੀਜ਼ ਸਰਬਪ੍ਰੀਤ, ਮੇਰੀ ਮਿੰਨਤ ਐ, ਤੁਹਾਨੂੰ ਪਤਾ ਈ ਐ ਸਾਡੀਆਂ ਮਜ਼ਬੂਰੀਆਂ ਦਾ। ਛੋਟੀ ਭੈਣ ਵੀ ਵਿਆਹੁਣ ਜੋਗੀ ਹੋਈ ਬੈਠੀ ਐ, ਪੈਲੀ ਵੀ ਛੁਡਵਾਉਣੀ ਐ, ਮੇਰੇ ਅੱਗੇ ਤਾਂ ਹੋਰ ਕੋਈ ਰਸਤਾ ਨਹੀਂ ਇੱਥੇ ਰਹਿ ਕੇ ਮਿਹਨਤ ਕਰਨ ਤੋਂ ਇਲਾਵਾ ਅਤੇ ਰਹਿ ਤਾਂ ਹੀ ਸਕਦਾ ਹਾਂ, ਜੇਕਰ ਤੁਸੀਂ ਕੁਝ ਕਰੋਗੇ!"

"ਸ਼ਿਓਰ ਰਾਜਵੀਰ, ਆਈ ਵਿਲ ਟ੍ਰਾਈ ਮਾਈ ਬੈਸਟ! ਹੁਣ ਮੈਨੂੰ ਜਾਣਾ ਪੈਣਾ ਕਿਉਂਜੋ ਜੌਬ ਦਾ ਟਾਈਮ ਹੁੰਦਾ ਜਾਂਦੈ ਅਗੇਨ ਸੌਰੀ, ਪਰ ਮੈਂ ਆਪਣੀ ਪੂਰੀ ਕੋਸ਼ਿਸ਼ ਜ਼ਰੂਰ ਕਰਾਂਗੀ, ਆਖਿਰ ਮੇਰੇ ਵੀ ਤਾਂ ਕੈਰੀਅਰ ਦਾ ਸੁਆਲ ਹੈ। ਐਨੀ ਵੇ, ਸੀ ਯੂ ਲੇਟਰ!"

"ਓ.ਕੇ. ਸਰਬਪ੍ਰੀਤ ਬਾਏ!", ਉਦਾਸ ਮਨ ਨਾਲ ਰਾਜਵੀਰ ਨੇ ਫੋਨ ਬੰਦ ਕਰ ਦਿੱਤਾ। ਸਰਬਪ੍ਰੀਤ ਐਕਸਪੀਰੀਐਂਸ ਪੂਰਾ ਨਾ ਕਰ ਸਕੀ ਤੇ ਉਹਨਾਂ ਨੂੰ ਇੱਕ ਸਾਲ ਦੀ ਹੋਰ ਪੜ੍ਹਾਈ ਲੈਣੀ ਪੈ ਗਈ। ਇੱਕ ਸਾਲ ਦੀ ਪੜ੍ਹਾਈ ਭਾਵ ਇੱਕ ਸਾਲ ਹੋਰ ਫੀਸ ਭਰਨੀ ਪੈਣੀ ਸੀ। ਰਾਜਵੀਰ ਤੇ ਉਸਦੇ ਪਰਿਵਾਰ ਨੇ ਕੋਸ਼ਿਸ਼ ਕੀਤੀ ਕਿ ਇਸ ਸਾਲ ਦੇ ਖ਼ਰਚੇ ਅੱਧੋ-ਅੱਧ ਭਰੇ ਜਾਣ ਪਰ ਮਹਿੰਦਰ ਸਿੰਘ ਨੇ ਕੋਈ ਪੇਸ਼ ਨਾ ਜਾਣ ਦਿੱਤੀ।

ਆਸਟ੍ਰੇਲੀਆ ਦੀਆਂ ਵੀਜ਼ਾ ਸ਼ਰਤਾਂ ਸਖ਼ਤ ਹੋ ਜਾਣ ਕਾਰਨ ਭਾਰਤ ਤੋਂ ਵਿਦਿਆਰਥੀ ਆਉਣੇ ਘਟ ਗਏ ਤੇ ਬਹੁਤ ਸਾਰਿਆਂ ਨੂੰ ਵਾਪਸ ਵੀ ਜਾਣਾ ਪੈ ਗਿਆ। ਜੋ ਲੋਕ ਖੇਤਾਂ ਵਿਚ ਕੰਮ ਕਰਦੇ ਸਨ, ਉਹਨਾਂ ਵਿਚੋਂ ਬਹੁਤ ਸਾਰੇ ਵੱਡੇ ਸ਼ਹਿਰਾਂ 'ਚ ਸੈੱਟ ਹੋ ਗਏ ਤੇ ਖੇਤਾਂ ਵਿਚ ਲੇਬਰ ਦੀ ਘਾਟ ਹੋਣ ਕਾਰਨ ਰਹਿ ਗਿਆਂ ਨੂੰ ਚੰਗਾ ਕੰਮ ਮਿਲਣ ਲੱਗ ਪਿਆ। ਸਭ ਨੂੰ ਕੰਮਾਂ ਕਾਰਾਂ ਦਾ ਤਜ਼ਰਬਾ ਹੋਣ ਕਾਰਨ ਲੇਬਰ ਦੇ ਰੇਟ ਵੀ ਵਧੀਆ ਮਿਲਣ ਲੱਗ ਪਏ। ਨਵੇਂ ਵਿਦਿਆਰਥੀ ਨਾ ਆਉਣ ਕਾਰਨ ਤੇ ਕਾਲਜਾਂ ਦੇ ਆਪਸੀ ਕੰਪੀਟੀਸ਼ਨ ਕਾਰਨ ਕੁਝ ਕੋਰਸਾਂ ਦੀ ਫ਼ੀਸ ਵੀ ਘੱਟ ਹੋ ਗਈ ਤੇ ਸਰਬਪ੍ਰੀਤ ਨੂੰ ਵੀ ਇੱਕ ਸਸਤੇ ਕਾਲਜ 'ਚ ਦਾਖਲਾ ਮਿਲ ਗਿਆ। ਘੱਟ ਫ਼ੀਸ ਤੇ ਵਧੀ ਆਮਦਨ ਦੇ ਸਦਕਾ ਰਾਜਬੀਰ ਨੇ ਆਪਣੀ ਪੈਲੀ ਛੁਡਾ ਲਈ। ਇਹ ਸਾਲ ਵੀ ਨੇੜੇ ਆਉਣ ਨੂੰ ਹੋ ਗਿਆ।

ਸਰਬਪ੍ਰੀਤ ਤੇ ਰਾਜਵੀਰ ਦੀ ਗੱਲਬਾਤ ਤਾਂ ਉਂਝ ਵੀ ਘੱਟ ਹੀ ਹੁੰਦੀ ਸੀ, ਕਿਉਂਜੋ ਉਹ ਤਾਂ ਸਿਰਫ਼ ਨਾਮ ਦੇ ਹੀ ਪਤੀ ਪਤਨੀ ਸਨ। ਦੋਹਾਂ ਧਿਰਾਂ ਵਿਚ ਇੱਕ ਸਮਝੌਤਾ ਹੋਇਆ ਸੀ ਕਿ ਰਾਜਵੀਰ ਸਾਰਾ ਖਰਚਾ ਕਰੇਗਾ ਤੇ ਸਰਬਪ੍ਰੀਤ ਉਸਨੂੰ ਪੱਕਾ ਕਰਵਾਏਗੀ। ਇਤਨੇ ਸਾਲ ਪਰਿਵਾਰਾਂ ਤੋਂ ਦੂਰ ਰਹਿਣ ਦੇ ਬਾਵਜੂਦ ਉਹਨਾਂ ਵਿਚ ਕਿਸੇ ਕੋਮਲ ਭਾਵਨਾ ਜਾਂ ਅਹਿਸਾਸ ਪੈਦਾ ਹੋਣਾ ਤਾਂ ਦੂਰ, ਦੋਸਤੀ ਤੱਕ ਨਹੀਂ ਸੀ ਹੋਈ। ਪਿਛਲੇ ਕੁਝ ਮਹੀਨਿਆਂ ਤੋਂ ਸਰਬਪ੍ਰੀਤ ਨੇ ਰਾਜਵੀਰ ਦਾ ਫੋਨ ਚੁੱਕਣਾ ਵੀ ਘਟਾ ਦਿੱਤਾ ਸੀ ਪਰ ਰਾਜਵੀਰ ਕੋਲ ਕਾਰਨ ਪੁੱਛਣ ਦਾ ਅਧਿਕਾਰ ਵੀ ਤਾਂ ਨਹੀਂ ਸੀ। ਇੱਕ ਦਿਨ

"ਹੈਲੋ ਸਰਬਪ੍ਰੀਤ ਸਤਿ ਸ੍ਰੀ ਅਕਾਲ। ਰਾਜਵੀਰ ਬੋਲ ਰਿਹਾਂ, ਕੀ ਹਾਲ ਨੇ!"

"ਜੀ ਰਾਜਵੀਰ, ਮੈਂ ਠੀਕ ਹਾਂ!"

"ਬਹੁਤ ਦਿਨਾਂ ਤੋਂ ਤੁਹਾਡੇ ਨਾਲ ਗੱਲ ਕਰਨ ਦੀ ਕੋਸ਼ਿਸ਼ ਕਰ ਰਿਹਾਂ ਪਰ ਤੁਹਾਡਾ ਨੰਬਰ ਨੋ-ਰਪਲਾਈ ਚੱਲ ਰਿਹਾ ਸੀ!"

"ਸੌਰੀ, ਕਾਫ਼ੀ ਬਿਜ਼ੀ ਸੀ, ਇਸ ਲਈ ਫੋਨ ਅਟੈਂਡ ਨਹੀਂ ਕਰ ਸਕੀ!"

"ਗੱਲ ਇੰਝ ਹੈ ਸਰਬਪ੍ਰੀਤ, ਹੁਣ ਕੁਝ ਕੁ ਮਹੀਨੇ ਰਹਿ ਗਏ ਨੇ ਸਟੱਡੀ ਪੂਰੀ ਹੋਣ 'ਚ, ਅੱਗੇ ਬਾਰੇ ਕੀ ਸੋਚਿਆ?"

"ਅੱਗੇ ਦੀ ਸਮੱਸਿਆ ਇਹ ਹੈ ਕਿ ਮੇਰੀ ਆਈਲੈਟਸ ਕਲੀਅਰ ਨਹੀਂ ਹੋ ਰਹੀ, ਦੋ-ਤਿੰਨ ਵਾਰ ਟੈਸਟ ਦੇ ਚੁੱਕੀ ਹਾਂ!"

"ਆਈਲੈਟਸ ਕਲੀਅਰ ਨਹੀਂ ਹੋ ਰਹੀ? ਦੱਸਿਆ ਹੀ ਨਹੀਂ!"

"ਰਾਜਵੀਰ, ਆਪਣੀ ਜ਼ਿੰਦਗੀ ਦੀ ਹਰ ਗੱਲ ਤਾਂ ਮੈਂ ਤੁਹਾਨੂੰ ਨਹੀਂ ਦੱਸ ਸਕਦੀ ਨਾ!"

ਤਦੇ ਪਿੱਛੋਂ ਰਾਜਵੀਰ ਨੂੰ ਫੋਨ 'ਤੇ ਕਿਸੇ ਗੋਰੇ ਦੀ ਆਵਾਜ਼ ਸੁਣਾਈ ਦਿੰਦੀ ਹੈ, "ਓ ਸਰਬ! ਪਲੀਜ਼ ਕਮ ਆਨ, ਹੂ ਇਜ਼ ਔਨ ਦ ਫੋਨ ਡਿਸ ਟਾਈਮ?"

"ਜਸਟ ਵੇਟ ਡਾਰਲਿੰਗ! ਕਮਿੰਗ ਵਿਦ ਇਨ ਸੈਕਿੰਡ!", ਇਹ ਸਰਬਪ੍ਰੀਤ ਦੀ ਮੱਧਮ ਜਿਹੀ ਆਵਾਜ਼ ਸੀ।

"ਹੈਲੋ, ਸਰਬਪ੍ਰੀਤ ਫਿਰ ਕਰਨਾ ਕੀ ਹੈ, ਹੁਣ ਤਾਂ ਇੱਕ ਸਾਲ ਹੋਰ ਫੀਸਾਂ ਵੀ ਭਰ ਦਿੱਤੀਆਂ। ਆਖਿਰ ਕੋਈ ਤਾਂ ਹੱਲ ਲੱਭਣਾ ਹੀ ਪਵੇਗਾ। ਪੜ੍ਹਾਈ ਤਾਂ ਤੁਹਾਨੂੰ ਹੀ ਕਰਨੀ ਪੈਣੀ ਹੈ, ਆਈਲੈਟਸ ਟੈਸਟ ਵੀ ਤੁਹਾਨੂੰ ਹੀ ਕਲੀਅਰ ਕਰਨਾ ਪੈਣਾ ਹੈ, ਮੈਂ ਤਾਂ ਖ਼ਰਚ ਕਰਨਾ ਸੀ, ਕਰ ਦਿੱਤਾ। ਪੜ੍ਹਾਈ ਲਈ ਤਾਂ ਤੁਹਾਨੂੰ ਹੀ ਮਿਹਨਤ ਕਰਨੀ ਪੈਣੀ ਹੈ। ਆਖਿਰ ਆਪਣੀ ਕਮਿਟਮੈਂਟ ਹੋਈ ਸੀ, ਤੁਹਾਨੂੰ ਉਸ ਬਾਰੇ ਸੋਚਣਾ ਚਾਹੀਦਾ ਹੈ!", ਰਾਜਵੀਰ ਦੀ ਆਵਾਜ਼ 'ਚ ਕੁਝ ਬੇਚੈਨੀ ਤੇ ਕੁਝ ਤਲਖ਼ੀ ਸੀ। ਇਸੇ ਦੌਰਾਨ ਲਗਾਤਾਰ ਕੋਈ ਗੋਰਾ ਸਰਬਪ੍ਰੀਤ ਨੂੰ ਬੁਲਾ ਰਿਹਾ ਸੀ।

"ਮੈਂ ਆਪਣੀ ਪੂਰੀ ਕੋਸ਼ਿਸ਼ ਕਰ ਰਹੀ ਹਾਂ। ਜਦ ਟੈਸਟ ਕਲੀਅਰ ਹੋ ਗਿਆ, ਦੱਸ ਦਿਆਂਗੀ। ਹੁਣ ਮੈਂ ਬਿਜ਼ੀ ਹਾਂ। ਬਾਦ 'ਚ ਫੋਨ ਕਰਾਂਗੀ!", ਕਹਿ ਕੇ ਸਰਬਪ੍ਰੀਤ ਨੇ ਫੋਨ ਕੱਟ ਦਿੱਤਾ। ਰਾਜਵੀਰ ਬਹੁਤ ਮਹੀਨਿਆਂ ਤੋਂ ਇਹੀ ਕੁਝ ਬਰਦਾਸ਼ਤ ਕਰ ਰਿਹਾ ਸੀ, ਉਸਦਾ ਵੀ ਪਾਰਾ ਚੜ੍ਹ ਗਿਆ।

"ਏਸਨੇ ਸਮਝ ਕੀ ਰੱਖਿਐ? ਜਿੰਨਾਂ ਮੈਂ ਸ਼ਰਾਫ਼ਤ ਤੋਂ ਕੰਮ ਲੈ ਰਿਹਾਂ, ਉਨ੍ਹਾਂ ਸਿਰ ਚੜ੍ਹੀ ਜਾਂਦੀ ਐ। ਲੱਖਾਂ ਰੁਪਈਆ ਫੂਕ ਦਿੱਤਾ ਇਹਦੀ ਪੜ੍ਹਾਈ 'ਤੇ ਤੇ ਏਹਨੂੰ ਕੋਈ ਚਿੰਤਾ ਹੀ ਨਹੀਂ। ਅੱਜ ਫੈਸਲਾ ਕਰਕੇ ਹੀ ਰਹਿਣਾਂ, ਚਾਹੇ ਜੋ ਮਰਜ਼ੀ ਹੋ ਜਾਵੇ!", ਆਪਣੇ ਆਪ 'ਚ ਕਲਪਦਾ ਹੋਇਆ ਰਾਜਵੀਰ ਵਾਰ ਵਾਰ ਮੋਬਾਇਲ ਟਰਾਈ ਕਰਦਾ ਰਿਹਾ, ਪਰ ਬਹੁਤ ਵਾਰ ਤੋਂ ਬਾਅਦ ਸਰਬਪ੍ਰੀਤ ਨੇ ਫੋਨ ਚੁੱਕਿਆ।

"ਦੱਸੋ ਰਾਜਵੀਰ! ਕਿਉਂ ਤੰਗ ਕੀਤਾ ਹੋਇਐ? ਤੁਹਾਨੂੰ ਇੱਕ ਵਾਰ ਕਹਿ ਦਿੱਤਾ ਕਿ ਜਦ ਆਈਲੈਟਸ ਟੈਸਟ ਕਲੀਅਰ ਹੋ ਗਿਆ, ਦੱਸ ਦਿਆਂਗੀ। ਮੈਨੂੰ ਦੋਬਾਰਾ ਫੋਨ ਕਰਨ ਦੀ ਲੋੜ ਨਹੀਂ!"

"ਸਰਬ, ਹੂ ਇਜ਼ ਦਿਸ ਬਲੱਡੀ ਬਾਸਟਰਡ? ਵਾਏ ਹੀ ਇਜ਼ ਕਾਲਿੰਗ ਯੂ ਅਗੇਨ ਐਂਡ ਅਗੇਨ?", ਪਿੱਛੋਂ ਗੋਰੇ ਦੀ ਆਵਾਜ਼ ਆਈ।

"ਜਸਟ ਵੇਟ ਹਨੀ! ਗੱਲ ਸੁਣ ਲਓ ਰਾਜਵੀਰ ਮੇਰੀ ਧਿਆਨ ਨਾਲ, ਜੇ ਅੱਜ ਤੋਂ ਬਾਅਦ ਮੈਨੂੰ ਫੋਨ ਕਰਕੇ ਤੰਗ ਕੀਤਾ ਤਾਂ ਪੁਲਿਸ 'ਚ ਤੁਹਾਡੀ ਕੰਪਲੇਂਟ ਕਰ ਦਿਆਂਗੀ!"

"ਤੰਗ? ਤੰਗ ਮੈਂ ਕਰਦਾਂ ਕਿ ਤੂੰ ਮੇਰਾ ਖ਼ੂਨ ਪੀ ਰੱਖਿਐ ਸਰਬਪ੍ਰੀਤ? ਤਿੰਨ ਸਾਲ ਹੋ ਗਏ ਤੀਹ-ਪੈਂਤੀ ਹਜ਼ਾਰ ਡਾਲਰ ਤੇ ਤੇਰੀ ਤਲੀ 'ਤੇ ਧਰ ਚੁੱਕਿਆਂ। ਮੇਰੇ ਹੱਡ ਖੁਰ ਗਏ ਨੇ ਖੇਤਾਂ ਵਿਚ ਟੱਕਰਾਂ ਮਾਰ ਮਾਰ ਕੇ, ਤੂੰ ਮੇਰੀ ਕੰਪਲੇਂਟ ਕਰੇਂਗੀ? ਕਿਸ ਗੱਲ ਦੀ ਕੰਪਲੇਂਟ ਕਿ ਤੈਨੂੰ ਡਾਲਰਾਂ ਦੇ ਥੱਬੇ ਦੇਈ ਬੈਠਾਂ, ਇਸ ਗੱਲ ਦੀ ਕੰਪਲੇਂਟ? ਅੱਜ ਕਰਦਾਂ ਗੱਲ ਪਿੰਡ ਕਿ ਜਾ ਕੇ ਆਉਣਗੇ ਥੋਡੇ ਘਰੇ!"

"ਜਾ ਕਰ ਲੈ, ਜੋ ਕੁਝ ਕਰਨੈ। ਖਬਰਦਾਰ ਜੇ ਅੱਜ ਤੋਂ ਬਾਅਦ ਮੈਨੂੰ ਫੋਨ ਕੀਤਾ। ਮਾਰ ਆਓ ਟੱਕਰਾਂ ਸਾਰਾ ਟੱਬਰ ਜਾ ਕੇ ਸਾਡੇ ਬੂਹੇ 'ਤੇ। ਮੈਨੂੰ ਵੀ ਦੱਸ ਦੇਈਂ ਜੇ ਕੁਝ ਬਣ ਗਿਆ ਤਾਂ। ਵੱਡਾ ਸਰਦਾਰ! ਮੈਨੂੰ ਪਹਿਲਾਂ ਹੀ ਜਾਪਦਾ ਸੀ, ਏਹੋ ਜਿਹਾ ਹੀ ਹੋਏਂਗਾ ਤਾਂ ਹੀ ਤੇਰੇ 'ਤੇ ਕਦੇ ਭਰੋਸਾ ਨਹੀਂ ਕੀਤਾ। ਮੇਰੀ ਗੱਲ ਸੁਣ ਲੈ ਧਿਆਨ ਨਾਲ ਆਖਰੀ ਵਾਰ, ਤੇਰੇ ਕੋਲ ਦੋ ਮਹੀਨੇ ਦਾ ਟਾਇਮ ਹੈਗਾ ਅਜੇ, ਜੇ ਅਗਾਂਹ ਨੂੰ ਆਪਣੇ ਵੀਜ਼ੇ ਦਾ ਕੁਝ ਕਰ ਸਕਦੈਂ ਤਾਂ ਕਰ ਲੈ, ਮੇਰੇ ਆਸਰੇ ਰਹਿਣ ਦੀ ਲੋੜ ਨਹੀਂ!"

"ਕੀ ਮਤਲਬ? ਮੈਂ ਕੀ ਕਰ ਲਵਾਂ? ਸਾਰਾ ਕੇਸ ਤੇਰੇ ਨਾਮ 'ਤੇ ਪਾਇਆ ਹੋਇਆ, ਪੜ੍ਹਾਈ ਤੂੰ ਕੀਤੀ ਐ, ਮੈਂ ਹੁਣ ਕੀ ਕਰ ਸਕਦੈਂ? ਤੇ ਤੂੰ ਕੀ ਕਰੇਂਗੀ ਦੋ ਮਹੀਨਿਆਂ ਬਾਅਦ? ਜਾਣਾ ਤਾਂ ਪਿੰਡ ਈ ਐ ਨਾ, ਓਥੇ ਜਾ ਕੇ ਹਿਸਾਬ ਕਰ ਲਵਾਂਗੇ, ਏਡੀ ਵੀ ਕੀ ਗੱਲ ਐ?", ਰਾਜਵੀਰ ਲੋਹਾ ਲਾਖਾ ਹੋ ਗਿਆ ਸੀ।

"ਪਿੰਡ ਕਿਹੜੇ ਪਿੰਡ ਦੀ ਗੱਲ ਕਰਦੈਂ ਤੂੰ ਰਾਜਵੀਰ?", ਸਰਬਪ੍ਰੀਤ ਦਾ ਹਾਸਾ ਨਿੱਕਲ ਗਿਆ।

"ਥੋਡੇ ਪਿੰਡ ਹੋਰ ਕਿਹੜੇ ਪਿੰਡ ਜਾਏਂਗੀ ਤੂੰ? ਪੰਚਾਇਤ ਬੈਠਾ ਕੇ ਇੱਕ ਇੱਕ ਪੈਸੇ ਦਾ ਹਿਸਾਬ ਲੈਣਾ ਮੈਂ ਤਿੰਨ ਸਾਲ ਮੇਰੀ ਮਿਹਨਤ ਦੀ ਕਮਾਈ 'ਤੇ ਐਸ਼ਾਂ ਕਰਦੀ ਰਹੀ। ਹੁਣ ਧੋਖਾ ਦੇ ਰਹੀ ਏਂ? ਕੋਈ ਨਾ, ਸਭ ਭੁਗਤਣਾ ਪੈਣਾ ਥੋਡੇ ਟੱਬਰ ਨੂੰ, ਏਨੀ ਸੌਖੀ ਨਹੀਂ ਮੈਂ ਆਪਣੀ ਖ਼ੂਨ ਪਸੀਨੇ ਦੀ ਕਮਾਈ ਹਜ਼ਮ ਕਰਨ ਦਿੰਦਾ ਥੋਨੂੰ!"

"ਰਾਜਵੀਰ ਤੂੰ ਬੜਾ ਭੋਲਾ ਏਂ, ਆਹ ਪਿੱਛੇ ਸੁਣਦਾ ਨਹੀਂ ਜਿਹੜਾ ਲੇਲੜੀਆਂ ਕੱਢੀ ਜਾਂਦੈ। ਕੁਝ ਹਫ਼ਤਿਆਂ ਤੱਕ ਮੈਂ ਇਹਦੇ ਨਾਲ ਵਿਆਹ ਕਰ ਰਹੀ ਆਂ। ਮੈਨੂੰ ਲੱਭਣ ਦੀ ਕੋਸ਼ਿਸ਼ ਨਾ ਕਰੀਂ ਕਿਉਂ ਜੋ ਦੋ ਮਹੀਨਿਆਂ ਤੋਂ ਕਾਲਜ ਵੀ ਨਹੀਂ ਗਈ ਤੇ ਸ਼ਹਿਰ ਤਾਂ ਮੈਂ ਕਈ ਹਫ਼ਤੇ ਪਹਿਲਾਂ ਹੀ ਛੱਡ ਚੁੱਕੀ ਆਂ। ਫਿਰ ਵੀ ਤੂੰ ਮੇਰਾ ਪਤੀ ਪ੍ਰਮੇਸ਼ਰ ਹੈਂ, ਤੈਨੂੰ ਸੱਚ ਦੱਸ ਦਿੱਤਾ ਤਾਂ ਜੋ ਆਪਣਾ ਕੋਈ ਇੰਤਜ਼ਾਮ ਕਰ ਸਕੇਂ। ਚੰਗਾ ਬਾਏ ਬਾਏ!", ਭਿਆਨਕ ਹਾਸਾ ਹੱਸਦੀ ਸਰਬਪ੍ਰੀਤ ਨੇ ਫੋਨ ਕੱਟ ਦਿੱਤਾ।

"ਕੀ ਕਿਹਾ? ਕੀ ਕਿਹਾ ਸਰਬਪ੍ਰੀਤ ਤੂੰ? ਵਿਆਹ ਕਰਵਾ ਰਹੀ ਏਂ ਤੇ ਮੈਂ ਮੇਰਾ ਕੀ ਬਣੂਗਾ, ਸੋਚਿਆ? ਕਦੀ ਸੋਚਿਆ ਕਿ ਆਪਣੀ ਪੈਲੀ ਗਹਿਣੇ ਰੱਖ ਕੇ ਤੇਰੇ 'ਤੇ ਖਰਚਾ ਕੀਤਾ ਸੀ। ਤਿੰਨ ਸਾਲ ਆਪਣੇ ਹੱਡ ਵੱਢ ਕੇ ਕਮਾਈ ਕੀਤੀ ਜੋ ਤੇਰੀ ਤਲੀ 'ਤੇ ਧਰ ਦਿੱਤੀ। ਏਡਾ ਵੱਡਾ ਧੋਖਾ? ਓ ਮੇਰਿਆ ਰੱਬਾ ਮੈਂ ਕੀ ਕਰਾਂ ਕਿੱਧਰ ਜਾਵਾਂ? ਹਾਏ ਓਏ ਰੱਬਾ! ਤੈਨੂੰ ਵੀ ਧੋਖਾ ਦਿੱਤਾ ਸੀ, ਝੂਠੀਆਂ ਲਾਵਾਂ ਲਈਆਂ ਸੀ ਓਏ! ਝੂਠ ਵੀ ਤੈਨੂੰ ਹਾਜ਼ਰ ਨਾਜ਼ਰ ਮੰਨ ਕੇ? ਓਏ ਰੱਬਾ ਮੇਰਿਆ, ਓਸੇ ਦੀ ਸਜ਼ਾ ਮਿਲੀ ਮੈਨੂੰ ਓਏ! ਮੈਨੂੰ ਕਿਸੇ ਪਾਸੇ ਜੋਗਾ ਨਹੀਂ ਛੱਡਿਆ ਉਜਾੜ ਕੇ ਰੱਖ ਦਿੱਤਾ ਓਏ! ਏਸ ਚੰਦਰੀ ਨਾਲ ਆਉਣ ਨਾਲੋਂ ਤਾਂ ਮੈਂ ਖ਼ੁਦ ਹੀ ਆਈਲੈਟਸ ਦਾ ਪੇਪਰ ਦੇ ਕੇ ਆ ਜਾਂਦਾ। ਪੜ੍ਹਾਈ ਲਈ ਥੋੜਾ ਜਿਹਾ ਹੌਸਲਾ ਕਰ ਲੈਂਦਾ। ਹੁਣ ਤਾਂ ਕੁਝ ਵੀ ਪੱਲੇ ਨਾ ਪਿਆ! ਹਾਏ ਓਏ ਰੱਬਾ ਓਏ! ਚੱਕ ਲੈ ਮੈਨੂੰ ਓਏ ਕੀ ਕਰਾਂ? ਕਿੱਧਰ ਜਾਵਾਂ ਓਏ?", ਰਾਜਵੀਰ ਬੁਰੀ ਤਰ੍ਹਾਂ ਰੋ ਕੁਰਲਾ ਰਿਹਾ ਸੀ ਪਰ ਉਸਦੀ ਸੁਣਨ ਵਾਲਾ ਕੋਈ ਨਹੀਂ ਸੀ।

*ਰਿਸ਼ੀ ਗੁਲਾਟੀ, ਐਡੀਲੇਡ*
*(ਆਸਟ੍ਰੇਲੀਆ)*
*ਮੋਬਾਇਲ: +61 433 442 722*

ਹਾਸ ਰਸ

# ਕਾਂ ਦਾ ਬੜਕਾ ਗਟਾਰ ਦਾ ਮਾਮਾ

ਸੰਤੀ ਦਰਵਾਜੇ ਵਿੱਚ ਮੰਜੀ ਡਾਹੀ ਬੈਠੀ ਸੀ। ਆਉਂਦੀਆਂ ਜਾਂਦੀਆਂ ਜਨਾਨੀਆਂ ਸੰਤੀ ਦਾ ਦੁੱਖ ਸੁੱਖ ਪੁੱਛਦੀਆਂ ਜਾਂਦੀਆਂ। ਕਈ ਬੇਬੇ ਜੀ ਮੱਥਾ ਟੇਕਦੀਆਂ ਕਹਿ ਕੇ ਲੰਘ ਜਾਂਦੀਆਂ ਤੇ ਸੰਤੀ ਅਸੀਸਾਂ ਦਿੰਦੀ ਬੁੱਢਸੁਹਾਗਣ ਪੁੱਤੀਂ ਫਲੇਂ ਦੁੱਧੀ ਨਹਾਵੇਂ ਭਾਈ ਭਤੀਜ ਜਿਓਣ। ਸਭ ਨੂੰ ਖੁਸ਼ ਕਰ ਦਿੰਦੀ। ਪਾਸ਼ੋ ਸੰਤੀ ਕੋਲ ਆ ਕੇ ਰੁਕੀ ਤੇ ਗਲੀ ਵਿੱਚ ਆਉਂਦੀ ਕਾਰ ਦੇਖ ਕੇ ਬੋਲੀ ਬੇਬੇ ਕਾਰ ਆ ਰਹੀ ਹੈ ਪਤਾ ਨਹੀਂ ਕਿਸ ਦੇ ਘਰ ਜਾਊਗੀ। ਇੰਨੇ ਨੂੰ ਕਾਰ ਆ ਕੇ ਰੁਕੀ ਤੇ ਇੱਕ ਲੰਬੇ ਕੱਦ ਦਾ 40-45 ਸਾਲ ਦੇ ਆਦਮੀ ਨੇ ਆ ਕੇ ਸੰਤੀ ਦੇ ਪੈਰੀਂ ਹੱਥ ਲਾ ਕੇ ਕਿਹਾ ਮਾਸੀ ਮੱਥਾ ਟੇਕਦਾਂ। ਆਪਣੀ ਭੈਣ ਦੇ ਜਵਾਈ ਨੂੰ ਪਛਾਣਦੀ ਹੋਈ ਬੋਲੀ ਜਿਉਂਦਾ ਰਹਿ ਭਾਈ ਟਹਿਲ ਸਿਆਂ ਰਾਜੀ ਖੁਸ਼ੀ ਏਂ ਹੋਰ ਸਾਰੇ ਪਰਿਵਾਰ ਵਾਲੇ ਕਿਵੇਂ ਨੇ ਘਰ ਸਾਰੇ ਸੁੱਖ ਸਾਂਦ ਹੈ? ਸੰਤੀ ਨੇ ਇੱਕੋ ਸਾਹ ਵਿੱਚ ਸਾਰਾ ਕੁਜ ਪੁੱਛ ਲਿਆ। ਹਾਂ ਮਾਸੀ ਸਾਰੇ ਠੀਕ ਹਨ। ਮੇਰੇ ਨਾਲ਼ ਕੁਝ ਸਵਾਰੀਆਂ ਨੇ ਇਨ੍ਹਾਂ ਨੇ ਬਾਹਰ ਅੰਦਰ ਜਾਣਾ ਸੀ, ਰਸਤੇ ਵਿੱਚ ਗੱਡੀ ਰੋਕਣੀ ਸੀ। ਪਰ ਮੈਂ ਕਿਹਾ, ਮਾਸੀ ਦੇ ਘਰ ਚੱਲਦੇ ਹਾਂ, ਨਾਲੇ ਮਾਸੀ ਨੂੰ ਮਿਲ ਕੇ ਲੰਘ ਜਾਵਾਂਗੇ।



ਬਲਜੀਤ ਕੌਰ ਚੀਮਾ

ਟਹਿਲ ਸਿੰਘ ਨੇ ਆਉਣ ਦੀ ਵਜ੍ਹਾ ਦੱਸੀ ਤੇ ਸਵਾਰੀਆਂ ਨੂੰ ਗੱਡੀ ਵਿੱਚੋਂ ਬੁਲਾਉਣ ਚਲਾ ਗਿਆ।

ਸੰਤੀ ਸੋਚ ਹੀ ਰਹੀ ਸੀ ਕਿ ਸਵਾਰੀਆਂ ਕੌਣ ਹਨ। ਇੰਨੇ ਨੂੰ



ਟਹਿਲ ਸਿੰਘ ਦੇ ਨਾਲ ਇੱਕ ਨਵਾਂ ਵਿਆਹਿਆ ਮੁੰਡਾ, ਕੁੜੀ, ਵਿਚੋਲਣ, ਨੈਣ, ਕੁੜੀ ਦੇ ਭਰਾ ਸਾਰੇ ਦਰਵਾਜੇ ਵਿੱਚ ਡਾਹੇ ਹੋਏ ਪਲੰਘਾਂ ਤੇ ਬੈਠ ਗਏ। ਸੰਤੀ ਨੇ ਆਪਣੀ ਨੂੰਹ ਨੂੰ ਪਹਿਲਾਂ ਹੀ ਚਾਹ ਧਰਨ ਲਈ ਆਖ ਦਿੱਤਾ ਸੀ। ਪੁਰਾਣੇ ਜਮਾਨੇ ਵਿੱਚ ਸੋਫੇ ਜਾਂ ਡਰਾਇੰਗ ਰੂਮ ਨਹੀਂ ਹੁੰਦੇ ਸਨ। ਬੂਹੇ ਤੋਂ ਵੜਦੇ ਹੀ ਇੱਕ ਲੰਮਾ ਕਮਰਾ ਹੁੰਦਾ ਸੀ ਜਿਸ ਨੂੰ ਦਰਵਾਜਾ ਕਿਹਾ ਜਾਂਦਾ ਸੀ। ਦਰਵਾਜੇ ਦੇ ਇੱਕ ਪਾਸੇ ਵੱਡੇ ਵੱਡੇ ਪਲੰਘ ਡਾਹ ਦਿੱਤੇ ਜਾਂਦੇ ਸਨ। ਜਿੱਥੇ ਮਹਿਮਾਨਾਂ ਨੂੰ ਬਿਠਾਇਆ ਜਾਂਦਾ ਸੀ ਤੇ ਚਾਹ ਪਾਣੀ ਛਕਾਇਆ ਜਾਂਦਾ ਸੀ।

ਸੰਤੀ ਦੀ ਨੂੰਹ ਨੇ ਸਾਰਿਆਂ ਨੂੰ ਚਾਹ ਫੜਾਈ ਤੇ ਪੁੱਛਣ ਲੱਗੀ, ਟਹਿਲ ਸਿਆਂ, ਇਹ ਬੀਬੀਆਂ ਕੌਣ ਹਨ। "ਭੈਣ ਜੀ ਮੈਂ ਟੈਕਸੀ ਚਲਾਉਂਦਾ ਹਾਂ, ਆਹ ਨਾਲ ਦੇ ਪਿੰਡ ਕੱਲ ਬਰਾਤ ਲੈ ਕੇ ਆਇਆ ਸੀ। ਅੱਜ ਮੁਕਲਾਵਾ ਸੀ। ਹੁਣ ਅਸੀਂ ਇੱਥੋਂ ਦੀ ਲੰਘ ਰਹੇ ਸੀ। ਬੀਬੀਆਂ ਨੇ ਬਾਹਰ ਅੰਦਰ ਜਾਣਾ ਸੀ। ਮੈਂ ਸੋਚਿਆ ਮਾਸੀ ਦੇ ਘਰ ਚੱਲਦੇ ਹਾਂ ਨਾਲ਼ੇ ਅਸੀਂ ਹੋਰਾਂ ਨੂੰ ਮਿਲ਼ ਲਵਾਂਗੇ, ਨਾਲੇ ਬੀਬੀਆਂ ਦਾ ਕੰਮ ਹੋ ਜਾਊ।" ਟਹਿਲ ਸਿੰਘ ਨੇ ਸਾਰੀ ਕਹਾਣੀ ਦੱਸੀ। ਚਲੋ ਭਾਈ ਕੋਈ ਨਾ ਜੀ ਆਇਆਂ ਨੂੰ, ਨਾਲ਼ੇ ਤੂੰ ਮਿਲ ਗਿਆ। ਸਾਰਿਆਂ ਦੀ ਸੁੱਖ ਸਾਂਦ ਦੱਸ ਗਿਆ। (ਉਦੋਂ ਟੈਲੀਫੋਨ ਨਹੀਂ ਹੁੰਦੇ ਸੀ। ਕੋਈ ਆਉਂਦਾ ਤਾਂਹੀ ਸੁੱਖ ਸਾਂਦ ਪਤਾ ਲਗਦੀ ਸੀ।) ਸੰਤੀ ਤੇ ਉਸ ਦੀ ਨੂੰਹ ਨੇ ਖੁਸ਼ੀ ਪ੍ਰਗਟ ਕੀਤੀ। ਕੁਝ ਦੇਰ ਬਾਅਦ ਸਾਰੇ ਜਾਣ ਲਈ ਉੱਠ ਖੜੇ ਹੋਏ ਤੇ ਸਾਰਿਆਂ ਨੇ ਸੰਤੀ ਹੋਰਾਂ ਨੂੰ ਸਤਿ ਸ੍ਰੀ ਅਕਾਲ ਬੁਲਾ ਕੇ ਕਾਰ ਵਿੱਚ ਬੈਠ ਕੇ ਚੱਲੇ ਗਏ।

ਪਾਸ਼ੋ ਨੇ ਉਹਨਾਂ ਨੂੰ ਜਾਂਦਿਆਂ ਦੇਖ ਕੇ ਝੱਟ ਸੰਤੀ ਕੋਲ ਆਈ ਤੇ ਬੋਲੀ ਬੇਬੇ ਇਹ ਬਹੂਆਂ ਕੌਣ ਸੀ। ਸੰਤੀ ਬੋਲੀ, ਨੀ ਇਹ ਸੀ ਕਾਂ ਦਾ ਬੜਕਾਂ ਗਟਾਰ ਦਾ ਮਾਮਾ। ਹਾਏ ਨੀ ਬੇਬੇ ਇਹ ਕੀ ਮਤਲਬ। ਮਤਲਬ ਇਹ ਕਿ ਜਿਸ ਨਾਲ਼ ਰਿਸ਼ਤਾ ਕੋਈ ਨਾ ਹੋਵੇ ਤੇ ਉਹ ਪ੍ਰਾਹੁਣੇ ਬਣ ਕੇ ਆ ਜਾਣ ਤੇ ਉਹ ਰਿਸ਼ਤਾ ਹੋਇਆ ਕਾਂ ਦਾ ਬੜਕਾਂ ਗਟਾਰ ਦਾ ਮਾਮਾ।

# ਜਿਊਂਦੀਆਂ ਲਾਸ਼ਾਂ ਦੀ ਦਾਸਤਾਨ

ਪਿੱਛੇ ਜਿਹੇ ਮੀਡੀਆ ਵਿਚ ਉੱਤਰ ਪ੍ਰਦੇਸ਼ 'ਚ ਗੰਗਾ ਵਿਚ ਰੁੜ੍ਹੀਆਂ ਜਾਂਦੀਆਂ ਬੇਸ਼ੁਮਾਰ ਲਾਸ਼ਾਂ ਚਰਚਾ ਦਾ ਵਿਸ਼ਾ ਬਣੀਆਂ ਹੋਈਆਂ ਸਨ। ਉਸ ਵਰਤਾਰੇ ਲਈ ਪ੍ਰਸ਼ਾਸਨ ਵੱਲੋਂ ਧਾਰਮਿਕ ਰੀਤੀ-ਰਿਵਾਜ਼, ਗਰੀਬੀ, ਬਿਮਾਰੀ ਅਤੇ ਲਾਚਾਰੀ ਆਦਿ ਕਾਰਨਾਂ ਨੂੰ ਦੋਸ਼ੀ ਮੰਨਿਆ ਗਿਆ ਸੀ। ਇਸੇ ਦੇਸ਼ ਵਿਚ ਪੰਜਾਬ ਨਾਂ ਦਾ ਵੀ ਇਕ ਸੂਬਾ ਹੈ ਜਿਸ ਵਿਚ ਘਰਾਂ ਵਿਚ ਪਈਆਂ ਲਾਸ਼ਾਂ ਸਸਕਾਰ ਹਿੱਤ ਆਪਣੇ ਕਿਸੇ ਅਜ਼ੀਜ਼ ਦੀ ਆਮਦ ਦੀ ਉਡੀਕ ਵਿਚ ਹਨ। ਇਸ ਵਰਤਾਰੇ ਲਈ ਕਿਸ ਨੂੰ ਦੋਸ਼ੀ ਠਹਿਰਾਇਆ ਜਾਵੇ? ਇਹ ਉਹ ਲਾਸ਼ਾਂ ਹਨ ਜੋ ਲਾਸ਼ ਬਣਨ ਲਈ ਪਹਿਲਾਂ ਜਿਊਂਦੀਆਂ ਲਾਸ਼ਾਂ ਬਣੀਆਂ। ਜਿਨ੍ਹਾਂ ਨੇ ਆਪਣੇ ਜਿਗਰ ਦੇ ਟੁਕੜੇ ਰੁਜ਼ਗਾਰ ਲਈ ਵਿਦੇਸ਼ਾਂ ਵੱਲ ਤੋਰ ਦਿੱਤੇ। ਉਮਰ ਦੇ ਆਖ਼ਰੀ ਪੜਾਅ ਵਿਚ ਕਰਜ਼ੇ ਦੀ ਪੰਡ ਚੁੱਕ ਕੇ ਆਪਣੇ ਬੁਢਾਪੇ ਦੀ ਲਾਠੀ ਨੂੰ ਵਿਦੇਸ਼ਾਂ ਵਿਚ ਰੁਲਣ ਲਈ ਤੋਰ ਦਿੱਤਾ ਅਤੇ ਆਪ ਇੱਧਰ ਰੁਲ ਰਹੇ ਹਨ। ਇਕਲਾਪੇ ਅਤੇ ਗ਼ਰੀਬੀ ਦਾ ਸੰਤਾਪ ਭੋਗ ਰਹੇ ਹਨ।

ਜਿਨ੍ਹਾਂ ਦੇ ਦਿਨ ਦੀ ਸ਼ੁਰੂਆਤ ਵਿਦੇਸ਼ ਤੋਂ ਆਏ ਟੈਲੀਫੋਨ ਅਤੇ ਕੁਝ ਖ਼ਰਚਾ ਮਿਲਣ ਦੀ ਆਸ ਨਾਲ ਹੁੰਦੀ ਹੈ। ਇਹ ਰਹਿ-ਰਹਿ ਕੇ ਮੌਜੂਦਾ ਹਾਕਮਾਂ ਕੋਲੋਂ ਸਵਾਲ ਕਰਦੇ ਹਨ ਕਿ ਕੀ ਸਾਡੇ 90% ਤੋਂ ਵੱਧ ਨੰਬਰ ਲੈਣ ਵਾਲੇ ਬੱਚਿਆਂ ਲਈ ਤੁਹਾਡੇ ਕੋਲ ਰੁਜ਼ਗਾਰ ਨਹੀਂ? ਇੱਥੇ ਬੇਰੁਜ਼ਗਾਰਾਂ ਦੇ ਸੁਪਨਿਆਂ ਦੀ ਮੌਤ ਪੁਲਿਸ ਦੀਆਂ ਲਾਠੀਆਂ, ਗੋਲ਼ੀਆਂ ਅਤੇ ਖਿੱਚ-ਧੂਹ ਕਾਰਨ ਹੁੰਦੀ ਹੈ। ਉਹ ਆਪਣੇ ਹੀ ਦੇਸ਼ ਵਿਚ ਆਪਣੇ ਹੀ ਰਹਿਨੁਮਾਵਾਂ ਕੋਲੋਂ ਰੁਜ਼ਗਾਰ ਦੀ ਭੀਖ ਮੰਗਦੇ ਹਨ ਜਾਂ ਫਿਰ ਨਿਗੂਣੀ ਜਿਹੀ ਤਨਖ਼ਾਹ ਵਿਚ ਵਾਧੇ ਲਈ ਟੈਂਕੀਆਂ ਉੱਤੇ ਚੜ੍ਹਦੇ ਹਨ ਅਤੇ ਨਹਿਰਾਂ ਵਿਚ ਛਾਲਾਂ ਮਾਰਦੇ ਹਨ।

ਸਾਡੀਆਂ ਬੇਟੀਆਂ ਪੁਲਿਸ ਦੇ ਲਾਠੀਚਾਰਜ, ਅੱਤ ਦੀ ਠੰਢ ਵਿਚ ਛੋਟੇ ਮਾਸੂਮ ਬੱਚਿਆਂ ਨਾਲ ਸੜਕਾਂ 'ਤੇ ਆਪਣੇ ਹੱਕਾਂ ਲਈ ਠੰਢੇ ਪਾਣੀਆਂ ਦੀਆਂ ਬੁਛਾੜਾਂ ਝੱਲਦੀਆਂ ਨੇ। ਕੀ ਉਨ੍ਹਾਂ ਨੂੰ ਇੰਨਾ ਵੀ ਪੁੱਛਣ ਦਾ ਅਧਿਕਾਰ ਨਹੀਂ ਕਿ ਜਦੋਂ ਅਸੀਂ ਉੱਚ ਸਿੱਖਿਆ ਪ੍ਰਾਪਤ ਕਰ ਲਈ, ਫਿਰ ਸਾਨੂੰ ਰੁਜ਼ਗਾਰ ਕਿਉਂ ਨਹੀਂ ਦੇ ਰਹੇ? ਤੁਹਾਡੇ ਬੱਚੇ ਬਿਨਾਂ ਮੈਰਿਟ ਤੋਂ ਉੱਚ ਅਹੁਦਿਆਂ 'ਤੇ ਕਿਵੇਂ ਅਡਜਸਟ ਹੋ ਜਾਂਦੇ ਹਨ? ਸਾਡੇ ਲਈ ਤੁਹਾਡਾ ਜ਼ੁਲਮ-ਤਸ਼ੱਦਦ ਹੀ ਕਿਉਂ ਰਹਿ ਜਾਂਦਾ ਹੈ?

ਇਨ੍ਹਾਂ 'ਚੋਂ ਕੁਝ ਤਾਂ ਥੱਕ-ਹਾਰ ਕੇ ਮੌਜੂਦਾ ਹਾਲਾਤ ਨਾਲ ਸਮਝੌਤਾ ਕਰਦੇ ਹੋਏ ਆਪਣਾ ਸ਼ੋਸ਼ਣ ਕਿਸੇ ਪ੍ਰਾਈਵੇਟ ਅਦਾਰੇ ਕੋਲੋਂ ਕਰਾਉਣ ਲਈ ਤਿਆਰ ਹੋ ਜਾਂਦੇ ਹਨ। ਕੁਝ ਤਾਂ ਹਾਲਾਤ ਨਾਲ ਲੜਨ ਦੀ ਬਜਾਏ ਖ਼ੁਦਕੁਸ਼ੀਆਂ ਜਾਂ ਨਸ਼ੇ ਨੂੰ ਪਹਿਲ ਦਿੰਦੇ ਹਨ। ਕੁਝ ਨੌਜਵਾਨ ਹਾਲਾਤ ਨਾਲ ਲੜਦੇ ਹੋਏ ਆਪਣੇ ਪੁਰਖਿਆਂ ਦੀ ਜਾਇਦਾਦ ਵੇਚ-ਵੱਟ ਕੇ ਵਿਦੇਸ਼ ਜਾਣਾ



ਬਿਹਤਰ ਸਮਝਦੇ ਹਨ। ਇਹ ਬੱਚੇ ਜਦੋਂ ਆਪਣੇ ਮਾਪਿਆਂ ਨੂੰ ਪੁੱਛਦੇ ਹਨ ਕਿ ਜੇਕਰ ਉਨ੍ਹਾਂ ਨੇ ਵਿਦੇਸ਼ੀਆਂ ਦੀ ਗ਼ੁਲਾਮੀ ਹੀ ਕਰਨੀ ਸੀ ਤਾਂ ਫਿਰ ਉਨ੍ਹਾਂ ਨੂੰ ਇੱਥੋਂ ਜਾਣ ਹੀ ਕਿਉਂ ਦਿੱਤਾ ਸੀ! ਕਿਉਂ ਉਨ੍ਹਾਂ ਨੂੰ ਇੱਥੋਂ ਕੱਢਣ ਲਈ ਸਾਡੇ ਦੇਸ਼ ਵਾਸੀਆਂ ਨੇ ਫਾਂਸੀ ਦੇ ਫੰਦੇ ਚੁੰਮੇ? ਇਨ੍ਹਾਂ ਅੰਤਹੀਣ ਸਵਾਲਾਂ ਦੇ ਜਵਾਬ ਉਨ੍ਹਾਂ ਦੇ ਮਾਪਿਆਂ ਕੋਲ ਨਹੀਂ ਹੁੰਦੇ। ਇਹ ਜਿਊਂਦੀਆਂ ਲਾਸ਼ਾਂ ਹਰ ਪਲ ਆਪਣੇ ਵਿਦੇਸ਼ ਗਏ ਬੱਚਿਆਂ ਬਾਰੇ ਹੀ ਗੱਲ ਕਰਦੀਆਂ ਹਨ। ਬੱਚਿਆਂ ਦੀਆਂ ਮਹਿੰਗੀਆਂ ਫੀਸਾਂ ਬਾਰੇ ਫ਼ਿਕਰ ਕਰਦੀਆਂ ਹਨ। ਇਹ ਦੁੱਖ ਤੇ ਇਕੱਲਾਪਣ ਹੰਢਾਉਂਦੀਆਂ ਹੋਈਆਂ ਆਪਣੇ ਬੱਚਿਆਂ ਦਾ ਰਾਹ ਦੇਖਦੀਆਂ ਹੋਈਆਂ ਇਕ ਦਿਨ ਖ਼ੁਦ ਹੀ ਲਾਸ਼ ਬਣ ਜਾਂਦੀਆਂ ਹਨ। ਸਸਕਾਰ ਮੌਕੇ ਔਲਾਦ ਦਾ ਹੋਣਾ ਇਕ ਸਮਾਜਿਕ ਮਜਬੂਰੀ ਬਣ ਜਾਂਦਾ ਹੈ।

ਸੁਨੇਹਾ ਮਿਲਦਾ ਹੈ ਕਿ ਅਜੇ 6-7 ਦਿਨ ਕੋਈ ਫਲਾਈਟ ਨਹੀਂ ਹੈ। ਫਿਰ ਮੋਰਚਰੀ 'ਚ ਲਾਸ਼ ਦਾ ਆਖ਼ਰੀ ਆਰਜ਼ੀ ਬਸੇਰਾ ਕੀਤਾ ਜਾਂਦਾ ਹੈ। ਜਿੱਥੇ ਜਾਣ ਵਾਲਾ ਆਪਣੇ ਕਿਸੇ ਆਉਣ ਵਾਲੇ ਦੀ ਉਡੀਕ ਕਰਦਾ ਹੈ। ਸਮੇਂ ਦੇ ਹੁਕਮਰਾਨੋ! ਕਦੇ ਮੌਕਾ ਮਿਲੇ ਤਾਂ ਜਨਮ/ਮੌਤ ਅਦਾਰੇ ਵਿਚ ਤਤਕਾਲੀ ਰਿਕਾਰਡ ਦੇਖਣ ਦੀ ਖੇਚਲ ਕਰਨਾ ਤੇ ਮੌਤ ਅਤੇ ਸੰਸਕਾਰ ਵਿਚ ਪਏ ਅੰਤਰਾਲ ਨੂੰ ਦੇਖਣਾ। ਤੁਹਾਨੂੰ ਜਵਾਬ ਮਿਲ ਜਾਵੇਗਾ। ਅਜੇ ਵੀ ਮੌਕਾ ਹੈ। ਕੁਝ ਆਪਣੀ ਜ਼ਿੰਮੇਵਾਰੀ ਸਮਝੋ, ਕੁਝ ਕਰੋ। ਤੁਹਾਡੀਆਂ ਨੀਤੀਆਂ ਨੇ ਤਾਂ ਸਾਡੇ ਜਿਊਂਦੇ ਬੱਚੇ ਹੀ ਖੋਹ ਕੇ ਸਾਨੂੰ ਮੁਰਦਾ ਬਣਾ ਦਿੱਤਾ ਹੈ। ਰੱਬ ਦੇ ਵਾਸਤੇ ਕੁਝ ਕਰੋ।

ਸਾਡਾ ਆਖ਼ਰੀ ਪੜਾਅ ਇਹ ਮੋਰਚਰੀ 'ਚ ਪਈਆਂ ਫਰੀਜ਼ਰ ਮਸ਼ੀਨਾਂ ਨਹੀਂ, ਬੱਚਿਆਂ ਨਾਲ ਹੱਸਦਾ-ਵਸਦਾ ਵਿਹੜਾ ਹੈ। ਇਨ੍ਹਾਂ ਬਜ਼ੁਰਗ ਮਾਪਿਆਂ, ਨੌਜਵਾਨਾਂ ਦੀ ਹਾਅ ਨਾ ਲਵੋ। ਯਾਦ ਰੱਖੋ, ਤੁਹਾਡੀਆਂ ਕੋਝੀਆਂ ਸਿਆਸਤਾਂ ਹੁਣ ਵਧੇਰੇ ਸਮਾਂ ਨਹੀਂ ਚੱਲਣੀਆਂ। ਤੁਸੀਂ ਲੱਖ ਸੱਤਾ ਦੇ ਜ਼ੋਰ 'ਤੇ ਸਾਡੇ ਹੱਕ ਖੋਹ ਲਓ। ਤੁਹਾਡੇ ਜ਼ੁਲਮਾਂ ਨੇ ਹੁਣ ਸਾਨੂੰ ਹੱਕਾਂ ਪ੍ਰਤੀ ਸੁਚੇਤ ਕਰ ਦਿੱਤਾ ਹੈ। ਲੋਕਾਂ ਨੇ ਹੁਣ ਤੁਹਾਨੂੰ ਕਟਹਿਰੇ 'ਚ ਖੜ੍ਹਾ ਕਰ ਦਿੱਤਾ ਹੈ। ਤੁਹਾਡਾ ਦਾਖਲਾ ਪਿੰਡ-ਪਿੰਡ ਸ਼ਹਿਰ-ਸ਼ਹਿਰ ਰੋਕਿਆ ਜਾ ਰਿਹਾ ਹੈ। ਤੁਹਾਡੇ ਕੋਲੋਂ ਤੁਹਾਡੇ ਦੁਆਰਾ ਕੀਤੇ ਝੂਠੇ ਵਾਅਦਿਆਂ ਦਾ ਹਿਸਾਬ ਪੁੱਛਿਆ ਜਾ ਰਿਹਾ ਹੈ। ਤੁਸੀਂ ਸਿਰਫ਼ ਆਪਣੇ ਪਰਿਵਾਰ ਬਾਰੇ ਹੀ ਸੋਚਿਆ ਹੈ। ਜੇਕਰ ਤੁਹਾਡਾ ਕੋਈ ਬਜ਼ੁਰਗ ਅੱਤਵਾਦ ਦੀ ਭੇਟ ਚੜ੍ਹ ਵੀ ਗਿਆ ਤਾਂ ਤੁਸੀਂ ਉਸ ਦੀ ਕੁਰਬਾਨੀ ਦਾ ਮੁੱਲ 35-40 ਸਾਲ ਬਾਅਦ ਵੀ ਵੱਟ ਲਿਆ। ਆਪਣੇ ਪੁੱਤਾਂ-ਪੋਤਰਿਆਂ ਨੂੰ ਉੱਚ ਸਰਕਾਰੀ ਨੌਕਰੀਆਂ ਨਾਲ ਨਿਵਾਜ ਦਿੱਤਾ ਜਦੋਂਕਿ ਉਹ ਆਪਣੇ ਬਜ਼ੁਰਗ ਦੀ ਮੌਤ ਸਮੇਂ ਅਜੇ ਜੰਮੇ ਹੀ ਨਹੀਂ ਸਨ।

ਹੁਣ ਜਦੋਂ ਦੇਸ਼ 'ਚ ਤੁਹਾਡੇ ਕਹਿਣ ਮੁਤਾਬਕ ਵਿਕਾਸ ਦੀ ਹਨੇਰੀ ਚੱਲ ਰਹੀ ਹੈ ਤੇ ਭਾਰਤ ਵਿਕਾਸ ਦੀਆਂ ਬੁਲੰਦੀਆਂ ਨੂੰ ਛੂਹ ਰਿਹਾ ਹੈ, ਵਿਦੇਸ਼ੀ ਆਪਣੇ ਧਨ ਦਾ ਨਿਵੇਸ਼ ਭਾਰਤ ਵਿਚ ਕਰ ਰਹੇ ਹਨ ਤਾਂ ਫਿਰ ਰੁਜ਼ਗਾਰ ਦੇ ਵਸੀਲੇ ਕਿਉਂ ਘਟ ਰਹੇ ਹਨ? ਪਤਾ ਨਹੀਂ ਤੁਸੀਂ ਜ਼ਿਆਦਾ ਸਿਆਣੇ ਹੋ ਜਾਂ ਲੋਕ ਜ਼ਿਆਦਾ ਮੂਰਖ ਹਨ। ਦੁਨੀਆ ਵਿਚ ਸਿਰਫ਼ ਸਰਟੀਫਿਕੇਟਿਡ ਵਿੱਦਿਆ ਹੀ ਅਜਿਹੀ ਹੈ ਜੋ ਸਦੀਵੀ ਹੁੰਦੀ ਹੈ। ਇਸ ਦੀ ਮਿਆਦ ਕਦੇ ਨਹੀਂ ਮੁੱਕਦੀ ਪਰ ਸਦਕੇ ਜਾਈਏ ਤੁਹਾਡੇ ਤੁਗਲਕੀ ਫਰਮਾਨਾਂ ਦੇ-ਅਖੇ ਫਲਾਣੇ ਟੈਸਟ ਦੀ ਮਿਆਦ ਖ਼ਤਮ ਹੋ ਗਈ ਹੈ, ਹੁਣ ਤੁਸੀਂ ਦੁਬਾਰਾ ਟੈਸਟ ਕਲੀਅਰ ਕਰੋ।

ਫਿਰ ਲੋਕ ਰੋਹ ਅੱਗੇ ਝੁਕਦੇ ਹੋਏ ਫਰਮਾਨ ਵਾਪਸ ਵੀ ਲੈ ਲੈਂਦੇ ਹੋ। ਕਿਆ ਵਰਤਾਰਾ ਹੈ ਜਦੋਂਕਿ ਤੁਹਾਡੇ ਵਾਸਤੇ ਕੋਈ ਵਿੱਦਿਅਕ ਯੋਗਤਾ ਹੀ ਨਿਰਧਾਰਤ ਨਹੀਂ ਹੈ। ਪੈਨਸ਼ਨਾਂ ਇਕ ਤੋਂ ਵੱਧ ਜਿੰਨੀਆਂ ਮਰਜ਼ੀ ਲੈ ਲਵੋ। ਕੋਈ ਪੇ-ਕਮਿਸ਼ਨ ਦੀ ਰਿਪੋਰਟ ਤੁਹਾਡੇ 'ਤੇ ਲਾਗੂ ਨਹੀਂ। ਆਪੇ ਬੈਠੋ, ਆਪੇ ਆਪਣੀਆਂ ਤਨਖਾਹਾਂ-ਭੱਤੇ ਵਧਾਓ, ਕੋਈ ਪੁੱਛਣ ਵਾਲਾ ਨਹੀਂ। ਕੋਈ ਇਨਕਮ ਟੈਕਸ ਨਹੀਂ। ਆਪਣੇ-ਆਪ ਨੂੰ ਸੇਵਕ ਕਹਿੰਦੇ ਹੋ। ਫਿਰ ਵੀ ਰਾਜ ਕਰਦੇ ਹੋ। ਅਜੀਬ ਗੱਲ ਹੈ। ਤੁਸੀਂ ਜਾਣਬੁੱਝ ਕੇ ਕੁਝ ਕੁ ਨੌਕਰੀਆਂ ਦਾ ਇਸ਼ਤਿਹਾਰ ਕੱਢਦੇ ਹੋ ਜਿਸ ਨਾਲ ਮਹਿੰਗੀ ਪੇਪਰ ਫੀਸ/ਇੰਟਰਵਿਊ ਫੀਸ ਵਸੂਲਦੇ ਹੋ।

ਕਿਸੇ ਵੱਡੇ ਸ਼ਹਿਰ ਵਿਚ ਪੇਪਰ ਰੱਖ ਕੇ ਬੇਰੁਜ਼ਗਾਰਾਂ ਦਾ ਸ਼ੋਸ਼ਣ ਕਰਦੇ ਹੋ। ਆਪਣੇ ਕਿਸੇ ਚਹੇਤੇ ਕੋਲੋਂ ਕੋਰਟ ਵਿਚ ਰਿੱਟ ਪੁਆ ਕੇ ਪੇਪਰਾਂ 'ਤੇ ਰੋਕ ਲੁਆ ਦਿੰਦੇ ਹੋ। ਬੇਰੁਜ਼ਗਾਰਾਂ ਕੋਲੋਂ ਅਖੌਤੀ ਨੌਕਰੀਆਂ ਦੇ ਨਾਂ 'ਤੇ ਲਈ ਫੀਸ ਹੜੱਪ ਲਈ ਜਾਂਦੀ ਹੈ। ਦੇਸ਼ ਦੀ ਆਜ਼ਾਦੀ ਵੇਲੇ ਤੁਸੀਂ ਵਾਅਦਾ ਕੀਤਾ ਸੀ ਕਿ ਹੁਣ ਲੋਕਾਂ ਦਾ ਰਾਜ ਆਵੇਗਾ। ਹੁਣ ਰਾਜਾ ਕਿਸੇ ਰਾਣੀ ਦੇ ਪੇਟ ਵਿੱਚੋਂ ਨਹੀਂ ਆਏਗਾ ਬਲਕਿ ਲੋਕ-ਰਾਇ ਨਾਲ ਆਏਗਾ ਪਰ ਹੋਇਆ ਇਸ ਦੇ ਉਲਟ। ਅੱਜ ਤੁਹਾਡੀ ਤੀਸਰੀ, ਚੌਥੀ ਪੀੜ੍ਹੀ ਰਾਜ ਸੱਤਾ ਭੋਗ ਰਹੀ ਹੈ। ਸੰਭਲ ਜਾਓ! ਅਜੇ ਵੀ ਮੌਕਾ ਹੈ। ਨੌਜਵਾਨ ਵਰਗ ਬਗ਼ਾਵਤ ਦੇ ਮੁਹਾਣੇ 'ਤੇ ਖੜ੍ਹਾ ਹੈ।

ਰਣਬੀਰ ਸੂਦ

# ਅਣਖੀਲਾ ਸ਼ਹੀਦ ਊਧਮ ਸਿੰਘ

## ਪੈਟਨਵਿਲੇ ਜੇਲ੍ਹ ’ਚ 31 ਜੁਲਾਈ 1940 ਨੂੰ ਊਧਮ ਸਿੰਘ ਨੇ ਫਾਂਸੀ ਦਾ ਰੱਸਾ ਚੁੰਮ ਲਿਆ



ਬਲਵਿੰਦਰ ਸਿੰਘ ਧਾਲੀਵਾਲ

**ਉਡਵਾਇਰ ਨੇ ਆਪਣੇ ਭਾਸ਼ਣ ’ਚ ਭਾਰਤ ’ਚ ਕੀਤੇ ਕੰਮਾਂ ਦਾ ਜ਼ਿਕਰ ਕਰਦਿਆਂ ਭਾਰਤੀਆਂ ਪ੍ਰਤੀ ਬੜੇ ਮੰਦੇ ਸ਼ਬਦ ਵਰਤੇ। ਉਹ ਅਜੇ ਭਾਸ਼ਣ ਖ਼ਤਮ ਕਰ ਕੇ ਹਟਿਆ ਹੀ ਸੀ ਕਿ ਊਧਮ ਸਿੰਘ...**

**ਦੇਸ਼ ਦੀ** ਆਜ਼ਾਦੀ ਲਈ ਚੱਲੇ ਸੰਘਰਸ਼ ਦੌਰਾਨ 1919 ਵਿਚ ਵਾਪਰਿਆ ਜਲ੍ਹਿਆਂਵਾਲੇ ਬਾਗ਼ ਦਾ ਖ਼ੂਨੀ ਸਾਕਾ ਅਹਿਮ ਹਾਦਸਾ ਸੀ ਜਿਸ ਨੇ ਪੰਜਾਬ ਤੇ ਖ਼ਾਸ ਤੌਰ ’ਤੇ ਰਾਸ਼ਟਰੀ ਆਜ਼ਾਦੀ ਅੰਦੋਲਨ ਨੂੰ ਇਕ ਨਵਾਂ ਮੋੜ ਦਿੱਤਾ। ਜਲ੍ਹਿਆਂਵਾਲੇ ਬਾਗ਼ ਵਿਚ ਵਾਪਰੇ ਕਤਲੇਆਮ ਦੇ ਜ਼ਿੰਮੇਵਾਰ ਮਾਈਕਲ ਉਡਵਾਇਰ ਨੂੰ ਸਦਾ ਦੀ ਨੀਂਦ ਸੁਆਉਣ ਵਾਲੇ ਬਹਾਦਰ ਯੋਧੇ ਊਧਮ ਸਿੰਘ ਉਰਫ਼ ਰਾਮ ਮੁਹੰਮਦ ਸਿੰਘ ਆਜ਼ਾਦ ਦਾ ਜਨਮ 26 ਦਸੰਬਰ 1899 ਨੂੰ ਸ. ਟਹਿਲ ਸਿੰਘ ਦੇ ਘਰ ਮਾਤਾ ਨਰੈਣ ਕੌਰ ਦੀ ਕੁੱਖੋਂ ਸੁਨਾਮ (ਪੰਜਾਬ) ਵਿਖੇ ਹੋਇਆ ਸੀ। ਟਹਿਲ ਸਿੰਘ ਜੰਮੂ ਰੇਲਵੇ ਵਿਭਾਗ ਵਿਚ ਰੇਲਵੇ ਫਾਟਕ ਦੇ ਚੌਕੀਦਾਰ ਵਜੋਂ ਨੌਕਰੀ ਕਰਦੇ ਸਨ। ਊਧਮ ਸਿੰਘ ਦੇ ਵੱਡੇ ਭਰਾ ਦਾ ਨਾਮ ਸਾਧੂ ਸਿੰਘ ਸੀ। ਛੋਟੀ ਉਮਰ ਵਿਚ ਹੀ ਉਨ੍ਹਾਂ ਦੇ ਸਿਰ ਤੋਂ ਮਾਂ-ਬਾਪ ਦਾ ਸਾਇਆ ਉੱਠ ਗਿਆ। ਊਧਮ ਸਿੰਘ ਅਤੇ ਉਸ ਦੇ ਭਰਾ ਦਾ ਪਾਲਣ-ਪੋਸ਼ਣ ਅੰਮ੍ਰਿਤਸਰ ਦੇ ਸੈਂਟਰਲ ਖ਼ਾਲਸਾ ਯਤੀਮਖ਼ਾਨੇ ਵਿਚ ਹੋਇਆ ਜਿੱਥੇ ਉਨ੍ਹਾਂ ਨੇ ਮੁੱਢਲੀ ਵਿੱਦਿਆ ਪ੍ਰਾਪਤ ਕੀਤੀ। ਉਸ ਦਾ ਵੱਡਾ ਭਰਾ ਸਾਧੂ ਸਿੰਘ 19 ਸਾਲ ਦੀ ਉਮਰ ਵਿਚ ਬਿਮਾਰੀ ਉਪਰੰਤ ਇਸ ਦੁਨੀਆ ਨੂੰ ਅਲਵਿਦਾ ਕਹਿ ਗਿਆ ਅਤੇ ਊਧਮ ਸਿੰਘ ਸੰਸਾਰ ਵਿਚ ਇਕੱਲਾ ਰਹਿ ਗਿਆ। ਤੇਰਾਂ ਅਪ੍ਰੈਲ 1919 ਨੂੰ ਵਿਸਾਖੀ ਵਾਲੇ ਦਿਨ ਜਲ੍ਹਿਆਂਵਾਲੇ ਬਾਗ਼ ਦਾ ਖ਼ੂਨੀ ਸਾਕਾ ਵਾਪਰਿਆ।

ਊਧਮ ਸਿੰਘ ਦੀ ਅਗਵਾਈ ਹੇਠ ਯਤੀਮਖ਼ਾਨੇ ਦੇ ਵਿਦਿਆਰਥੀਆਂ ਦਾ ਇਕ ਜਥਾ ਜਲ੍ਹਿਆਂਵਾਲੇ ਬਾਗ਼ ਦੇ ਜ਼ਖ਼ਮੀਆਂ ਦੀ ਸੇਵਾ-ਸੰਭਾਲ ਲਈ ਉੱਥੇ ਭੇਜਿਆ ਗਿਆ। ਕਈ ਇਤਿਹਾਸਕਾਰਾਂ ਅਨੁਸਾਰ ਜਦੋਂ ਗੋਲ਼ੀ ਚੱਲੀ ਤਾਂ ਊਧਮ ਸਿੰਘ ਉੱਥੇ ਹੀ ਮੌਜੂਦ ਸੀ ਅਤੇ ਉਸ ਨੇ ਖ਼ੁਦ ਲਾਸ਼ਾਂ ਨਾਲ ਭਰਦੇ ਖ਼ੂਹ ਨੂੰ ਅੱਖੀਂ ਡਿੱਠਾ ਸੀ। ਇਸ ਭਿਆਨਕ ਦ੍ਰਿਸ਼ ਦਾ ਉਸ ਦੇ ਮਨ ਉੱਤੇ ਬਹੁਤ ਡੂੰਘਾ ਅਸਰ ਪਿਆ। ਉਸ ਨੇ ਮਨ ਵਿਚ ਧਾਰ ਲਿਆ ਕਿ ਉਹ ਇਸ ਘਟਨਾ ਲਈ ਜ਼ਿੰਮੇਵਾਰ ਸਰ ਮਾਈਕਲ ਉਡਵਾਇਰ ਤੋਂ ਬਦਲਾ ਜ਼ਰੂਰ ਲਵੇਗਾ। ਤੀਹ ਮਈ 1919 ਨੂੰ ਉਡਵਾਇਰ ਇੰਗਲੈਂਡ ਪਰਤ ਗਿਆ ਅਤੇ ਉੱਥੇ ਇਸ ਵਹਿਸ਼ੀਆਨਾ ਕਰਤੂਤ ਨੂੰ ਬਹਾਦਰੀ ਦਾ ਕਾਰਨਾਮਾ ਦੱਸ ਕੇ ਵਡਿਆਈ ਹਾਸਲ ਕਰਨ ਲੱਗਾ। ਲੰਡਨ ਵਿਚ ਉਸ ਦੇ ਬ੍ਰਿਟਿਸ਼ ਪ੍ਰਸ਼ੰਸਕਾਂ ਨੇ ਉਸ ਨੂੰ 20 ਹਜ਼ਾਰ ਪੌਂਡ ਦੇ ਕੇ ਸਨਮਾਨਿਤ ਵੀ ਕੀਤਾ। ਇਹ ਖ਼ਬਰਾਂ ਹਿੰਦੁਸਤਾਨ ’ਚ ਵੀ ਪੁੱਜ ਗਈਆਂ ਅਤੇ ਇਨ੍ਹਾਂ ਨੇ ਬਲਦੀ ਉੱਤੇ ਤੇਲ ਪਾਉਣ ਦਾ ਕੰਮ ਕੀਤਾ। ਉਸ ਨੇ ਆਪਣਾ ਨਾਂ ਬਦਲ ਕੇ ਰਾਮ ਮੁਹੰਮਦ ਸਿੰਘ ਆਜ਼ਾਦ ਰੱਖ ਲਿਆ ਸੀ। ਉਸ ਦੀ ਇਹ ਦੁਕਾਨ ਇਨਕਲਾਬੀ ਸਰਗਰਮੀਆਂ ਦਾ ਅੱਡਾ ਬਣ ਗਈ। ਇਸ ਜਗ੍ਹਾ ਕ੍ਰਾਂਤੀਕਾਰੀਆਂ ਦਾ ਆਉਣਾ-ਜਾਣਾ ਬਣਿਆ ਰਹਿੰਦਾ ਸੀ। ਉਸ ਦਾ ਸਬੰਧ ਭਗਤ ਸਿੰਘ ਅਤੇ ਉਸ ਦੀ ਪਾਰਟੀ ਦੇ ਕਈ ਮੈਂਬਰਾਂ ਨਾਲ ਵੀ ਬਣ ਗਿਆ। ਭਗਤ ਸਿੰਘ ਅਤੇ ਉਸ ਦੇ ਸਾਥੀਆਂ ਨੇ ਊਧਮ ਸਿੰਘ ਦੀ ਸੂਝ-ਬੂਝ ਨੂੰ ਵੇਖਦੇ ਹੋਏ ਉਸ ਨੂੰ ਧਨ ਇਕੱਠਾ ਕਰਨ ਅਤੇ ਵਿਦਰੋਹੀ ਸਾਹਿਤ ਦਾ ਪ੍ਰਬੰਧ ਕਰਨ ਲਈ ਅਮਰੀਕਾ ਭੇਜਿਆ। ਇੱਥੇ ਉਸ ਦਾ ਸੰਪਰਕ ਲਾਲਾ ਹਰਦਿਆਲ ਅਤੇ ਹੋਰ ਗ਼ਦਰੀ ਆਗੂਆਂ ਨਾਲ ਹੋਇਆ। ਊਧਮ ਸਿੰਘ ਗ਼ਦਰ ਪਾਰਟੀ ਦੇ ਆਗੂਆਂ ਦੀ ਸਲਾਹ ਮੰਨ ਕੇ 1927 ਦੇ ਸ਼ੁਰੂ ਵਿਚ ਪੰਜਾਬ ਪਹੁੰਚ ਗਿਆ। ਤੀਹ ਅਗਸਤ 1927 ਨੂੰ ਸੀਆਈਡੀ ਨੇ ਉਸ ਨੂੰ ਅੰਮ੍ਰਿਤਸਰ ਵਿਖੇ ਗ੍ਰਿਫ਼ਤਾਰ ਕਰ ਲਿਆ। ਉਸ ਨੇ ਪੇਸ਼ਾਵਰ ਅਤੇ ਮੁਲਤਾਨ ਦੀ ਜੇਲ੍ਹ ਵਿਚ ਪੰਜ ਸਾਲ ਸਖ਼ਤ ਕੈਦ ਦੀ ਸਜ਼ਾ ਭੁਗਤੀ।



ਊਧਮ ਸਿੰਘ ਰਾਮ ਮੁਹੰਮਦ ਸਿੰਘ ਆਜ਼ਾਦ ਦੇ ਨਾਂ ਉੱਤੇ ਪਾਸਪੋਰਟ ਲੈ ਕੇ 1933 ਵਿਚ ਇੰਗਲੈਂਡ ਪਹੁੰਚ ਗਿਆ। ਭਾਰਤ ’ਚ ਰਹਿ ਚੁੱਕੇ ਅੰਗਰੇਜ਼ ਅਫ਼ਸਰਾਂ ਦੀਆਂ ਮੀਟਿੰਗਾਂ ਲੰਡਨ ’ਚ ਅਕਸਰ ਹੋਇਆ ਕਰਦੀਆਂ ਸਨ। ਤੇਰਾਂ ਮਾਰਚ 1940 ਨੂੰ ਅਜਿਹੀ ਹੀ ਇਕ ਮੀਟਿੰਗ ਲੰਡਨ ਦੇ ਕੈਕਸਟਨ ਹਾਲ ਵਿਚ ਈਸਟ ਇੰਡੀਆ ਐਸੋਸੀਏਸ਼ਨ ਅਤੇ ਰਾਇਲ ਸੈਂਟਰਲ ਸੁਸਾਇਟੀ ਵੱਲੋਂ ਸਾਂਝੇ ਤੌਰ ਉੱਤੇ ਹੋ ਰਹੀ ਸੀ। ਊਧਮ ਸਿੰਘ ਪਹਿਲਾਂ ਹੀ ਤਿਆਰ ਹੋ ਕੇ ਉੱਥੇ ਪੁੱਜ ਚੁੱਕਾ ਸੀ। ਇਸ ਮੀਟਿੰਗ ਦੀ ਪ੍ਰਧਾਨਗੀ ਲਾਰਡ ਜੈੱਟਲੈਂਡ ਸੈਕਰੇਟਰੀ ਆਫ ਸਟੇਟ ਫਾਰ ਇੰਡੀਆ ਕਰ ਰਿਹਾ ਸੀ ਅਤੇ ਇਸ ਮੀਟਿੰਗ ’ਚ ਸਰ ਮਾਈਕਲ ਉਡਵਾਇਰ ਸਾਬਕਾ ਲੈਫਟੀਨੈਂਟ ਗਵਰਨਰ ਪੰਜਾਬ, ਲਾਰਡ ਲੀਪਿੰਗਟਨ ਗਵਰਨਰ ਮੁੰਬਈ, ਸਰ ਪਰਸੀ ਮਾਈਕ, ਸਰ ਲਾਊਿਸ ਡੇਨ ਅਤੇ ਹੋਰ ਕਈ ਉੱਚ ਅਧਿਕਾਰੀ ਮੌਜੂਦ ਸਨ। ਸਰ ਪਰਸੀ ਮਾਈਕ ਤੋਂ ਪਿੱਛੋਂ ਉਡਵਾਇਰ ਨੇ ਭਾਸ਼ਣ ਦਿੱਤਾ। ਉਸ ਨੇ ਬੜੇ ਫ਼ਖ਼ਰ ਨਾਲ ਆਪਣੇ ਭਾਸ਼ਣ ਵਿਚ ਭਾਰਤ ’ਚ ਕੀਤੇ ਕੰਮਾਂ ਦਾ ਜ਼ਿਕਰ ਕਰਦਿਆਂ ਭਾਰਤੀਆਂ ਪ੍ਰਤੀ ਬੜੇ ਅਪਮਾਨਜਨਕ ਸ਼ਬਦਾਂ ਦਾ ਉਪਯੋਗ ਕੀਤਾ। ਉਡਵਾਇਰ ਅਜੇ ਆਪਣਾ ਭਾਸ਼ਣ ਖ਼ਤਮ ਕਰ ਕੇ ਹਟਿਆ ਹੀ ਸੀ ਕਿ ਊਧਮ ਸਿੰਘ ਵੱਲੋਂ ਚਲਾਈ ਗਈ ਪਹਿਲੀ ਗੋਲ਼ੀ ਹੀ ਉਸ ਦੀ ਹਿੱਕ ’ਚੋਂ ਪਾਰ ਹੋ ਗਈ। ਦੂਜੀ ਅਤੇ ਤੀਜੀ ਗੋਲ਼ੀ ਨਾਲ ਊਧਮ ਸਿੰਘ ਨੇ ਉਸ ਨੂੰ ਇੰਗਲੈਂਡ ਦੀ ਧਰਤੀ ਉੱਤੇ ਸਦਾ ਦੀ ਨੀਂਦ ਸੁਆ ਦਿੱਤਾ। ਲਾਰਡ ਜੈੱਟਲੈਂਡ ਊਧਮ ਸਿੰਘ ਦੇ ਹੱਥੋਂ ਜ਼ਖ਼ਮੀ ਹੋ ਕੇ ਧਰਤੀ ਉੱਤੇ ਡਿੱਗ ਪਿਆ। ਇਸ ਤੋਂ ਬਾਅਦ ਸਰ ਲਾਊਿਸ ਡੇਨ ਅਤੇ ਲਾਰਡ ਲਿਪਿੰਗਟਨ ਵੀ ਜ਼ਖ਼ਮੀ ਹੋ ਗਏ। ਸਾਰੇ ਹਾਲ ’ਚ ਭਾਜੜ ਮਚ ਗਈ ਪਰ ਊਧਮ ਸਿੰਘ ਨਿਧੜਕਤਾ ਨਾਲ ਆਪਣੀ ਥਾਂ ’ਤੇ ਖੜ੍ਹਾ ਰਿਹਾ। ਉਸ ਨੂੰ ਆਪਣੇ ਕੀਤੇ ਉੱਤੇ ਕੋਈ ਪਛਤਾਵਾ ਅਤੇ ਡਰ ਨਹੀਂ ਸੀ। ਉਸ ਨੇ ਬੜੇ ਫ਼ਖ਼ਰ ਨਾਲ ਕਿਹਾ, “ਮੈਨੂੰ ਕਿਸੇ ਕੌਮ ਜਾਂ ਦੇਸ਼ ਨਾਲ ਕੋਈ ਨਫ਼ਰਤ ਨਹੀਂ। ਇਹ ਇਕ ਵਿਅਕਤੀ ਦੇ ਵਿਅਕਤੀਗਤ ਅਮਲਾਂ ਦਾ ਫ਼ਲ ਹੈ ਜੋ ਉਸ ਨੂੰ ਭੁਗਤਣਾ ਪਿਆ।”

ਉਸ ਨੇ ਇਨਕਲਾਬ ਜ਼ਿੰਦਾਬਾਦ ਦੇ ਨਾਅਰੇ ਵੀ ਲਗਾਏ। ਊਧਮ ਸਿੰਘ ਨੂੰ ਗ੍ਰਿਫ਼ਤਾਰ ਕਰ ਕੇ ਬ੍ਰਿਸਟਨ ਜੇਲ੍ਹ ਵਿਚ ਭੇਜ ਦਿੱਤਾ ਗਿਆ। ਉਸ ਉੱਪਰ ਮੁਕੱਦਮਾ ਚਲਾਇਆ ਗਿਆ। ਲੰਡਨ ਦੀ ਜੇਲ੍ਹ ’ਚ ਹੀ ਉਸ ਨੇ ਵਾਰਿਸ ਸ਼ਾਹ ਦੀ ਹੀਰ ਮੰਗਵਾਈ ਤੇ ਦੇਰ ਰਾਤ ਤਕ ਹੀਰ ਗਾਉਂਦਾ ਰਹਿੰਦਾ। ਉਸ ਦੀ ਜੇਲ੍ਹ ਵਾਲੀ ਹੀਰ ’ਤੇ ਉਸ ਦੇ ਦਸਤਖ਼ਤ ਵੀ ਹਨ ਤੇ ਉਹ ਦੇਸ਼ ਭਗਤ ਯਾਦਗਾਰ ਹਾਲ ਜਲੰਧਰ ਵਿਚ ਪਈ ਹੈ। ਕੋਰਟ ’ਚ ਊਧਮ ਸਿੰਘ ਨੇ ਬੜੇ ਫ਼ਖ਼ਰ ਨਾਲ ਆਪਣੇ ਕਾਰਨਾਮੇ ਦਾ ਇਕਬਾਲ ਕੀਤਾ। ਊਧਮ ਸਿੰਘ ਨੂੰ 5 ਜੂਨ 1940 ਨੂੰ ਸੈਂਟਰਲ ਕ੍ਰਿਮੀਨਲ ਕੋਰਟ ਓਲਡ ਬੇਲੀ ਤੋਂ ਫਾਂਸੀ ਦੀ ਸਜ਼ਾ ਹੋਈ। ਸਜ਼ਾ ਪਿੱਛੋਂ ਉਸ ਨੂੰ ਪੈਟਨਵਿਲੇ ਜੇਲ੍ਹ ਭੇਜ ਦਿੱਤਾ ਗਿਆ। ਇਨਕਲਾਬ ਜ਼ਿੰਦਾਬਾਦ ਦੇ ਨਾਅਰੇ ਲਾਉਂਦਿਆਂ ਭਾਰਤ ਦੇ ਇਸ ਬਹਾਦਰ ਸਪੂਤ ਨੇ ਪੈਟਨਵਿਲੇ ਜੇਲ੍ਹ ’ਚ 31 ਜੁਲਾਈ 1940 ਨੂੰ ਫਾਂਸੀ ਦਾ ਰੱਸਾ ਚੁੰਮ ਲਿਆ। ਇਸ ਮਹਾਨ ਸ਼ਹੀਦ ਦੀ ਅੰਤਿਮ ਇੱਛਾ ਅਨੁਸਾਰ ਉਸ ਦੀਆਂ ਅਸਥੀਆਂ 19 ਜੁਲਾਈ 1974 ਨੂੰ ਭਾਰਤ ਲਿਆਂਦੀਆਂ ਗਈਆਂ ਤੇ 31 ਜੁਲਾਈ 1974 ਨੂੰ ਸਰਕਾਰੀ ਸਨਮਾਨਾਂ ਨਾਲ ਸਸਕਾਰ ਸੁਨਾਮ ਵਿਖੇ ਕੀਤਾ ਗਿਆ।

-ਮੋਬਾਈਲ : 99141-88618

# ਮੀਂਹ ਦੇ ਪਾਣੀ ਦੀ ਸੰਭਾਲ ਜ਼ਰੂਰੀ



ਭਾਰਤ ’ਚ ਹਰ ਸਾਲ ਔਸਤਨ 125 ਸੈਂਟੀਮੀਟਰ ਬਾਰਿਸ਼ ਹੁੰਦੀ ਹੈ ਜਿਸ ’ਚੋਂ ਜ਼ਿਆਦਾਤਰ ਦੱਖਣ-ਪੱਛਮੀ ਮੌਨਸੂਨ ਸਦਕਾ ਹੁੰਦੀ ਹੈ। ਜੇ ਅਸੀਂ ਮੌਨਸੂਨ ਦੇ ਦਿਨਾਂ ’ਚ ਬਾਰਿਸ਼ ਦੇ ਪਾਣੀ ਨੂੰ ਭੰਡਾਰ ਕਰਨ ਪ੍ਰਤੀ ਸੰਜੀਦਾ ਹੋ ਜਾਈਏ ਤਾਂ ਸਾਨੂੰ ਸਾਲ ਭਰ ਦੀ ਲੋੜ ਵਾਸਤੇ ਲੋੜੀਂਦੀ ਮਾਤਰਾ ’ਚ ਪਾਣੀ ਸੁਰੱਖਿਅਤ ਭੰਡਾਰ ’ਚੋਂ ਮਿਲ ਸਕਦਾ ਹੈ। ਦੁਨੀਆ ਦੀ ਕੋਈ ਵੀ ਨਸਲ ‘ਜਲ, ਜੰਗਲ ਤੇ ਜ਼ਮੀਨ’ ਬਿਨਾਂ ਜਿਊਂਦੀ ਨਹੀਂ ਰਹਿ ਸਕਦੀ। ਧਰਤੀ ਦੇ ਦੋ ਤਿਹਾਈ ਤੋਂ ਜ਼ਿਆਦਾ ਭਾਗ ’ਤੇ ਪਾਣੀ ਹੈ। ਫਿਰ ਵੀ ਜਲ ਮਾਹਿਰਾਂ ਦੇ ਤੌਖਲੇ ਅਨੁਸਾਰ ਅਗਲਾ ਵਿਸ਼ਵ ਯੁੱਧ ਪਾਣੀ ਲਈ ਮਤਲਬ ਜਲ ਸਰੋਤਾਂ ’ਤੇ ਕਬਜ਼ੇ ਲਈ ਲੜਿਆ ਜਾਵੇਗਾ। ਦੁਨੀਆ ਦੀ ਆਬਾਦੀ ਦਾ ਵੱਡਾ ਹਿੱਸਾ ਅੱਜ ਪੀਣ ਵਾਲੇ ਸਾਫ਼ ਪਾਣੀ ਤੋਂ ਵਾਂਝਾ ਹੈ। ਪੰਜਾਬ ਦੀ ਗੱਲ ਕਰੀਏ ਤਾਂ ਇਸ ਦਾ 40 ਫ਼ੀਸਦੀ ਪਾਣੀ ਪੀਣਯੋਗ ਨਹੀਂ। ਇਸ ਵਿਚ ਮਿੱਥੀ ਹੱਦ ਤੋਂ ਵੱਧ ਰਸਾਇਣ ਅਤੇ ਭਾਰੀ ਮਾਤਰਾ ਵਿਚ ਧਾਤਾਂ ਮਿਲੀਆਂ ਹੋਈਆਂ ਹਨ। ਇੱਥੇ ਕਈ ਜਗ੍ਹਾ ਤਾਂ ਧਰਤੀ ਹੇਠਲਾ ਪਾਣੀ ਵੀ ਸਿੰਚਾਈ ਲਈ ਵਰਤਣ ਦੇ ਯੋਗ ਨਹੀਂ ਰਿਹਾ। ਬਠਿੰਡਾ, ਮੁਕਤਸਰ, ਫਿਰੋਜ਼ਪੁਰ, ਅੰਮ੍ਰਿਤਸਰ ਅਤੇ ਗੁਰਦਾਸਪੁਰ ਜ਼ਿਲ੍ਹਿਆਂ ਦਾ ਪਾਣੀ ਸਭ ਤੋਂ ਵੱਧ ਦੂਸ਼ਿਤ ਹੈ। ਅਸੀਂ ਜਲ ਦਾ ਦੋਹਨ ਕਰਨ ਦੇ ਆਦੀ ਹੋ ਚੁੱਕੇ ਹਾਂ ਪਰ ‘ਰੀਚਾਰਜਿੰਗ’ ਦੀ ਜ਼ਰੂਰਤ ਨੂੰ ਨਹੀਂ ਸਮਝਦੇ। ਪੰਦਰਾਂ ਲੱਖ ਤੋਂ ਵੱਧ ਟਿਊਬਵੈੱਲ ਧਰਤੀ ਹੇਠੋਂ ਪਾਣੀ ਤੇਜ਼ ਰਫ਼ਤਾਰ ਨਾਲ ਖਿੱਚੀ ਜਾ ਰਹੇ ਹਨ। ਪਾਣੀ ਦੀ ਸਾਂਭ-ਸੰਭਾਲ ਤੇ ਸੁਰੱਖਿਆ ਦੀ ਅਣਹੋਂਦ ਕਾਰਨ ਹੀ ਖੂਹ, ਬਾਉਲੀਆਂ, ਜਲਗਾਹਾਂ, ਛੱਪੜ ਟੋਭੇ ਆਦਿ ਲੋਪ ਹੋ ਰਹੇ ਹਨ। ਵਿਕਾਸ ਦੇ ਨਾਂ ’ਤੇ ਨਦੀਆਂ ਨੂੰ ਅਸੀਂ ਪ੍ਰਦੂਸ਼ਿਤ ਕਰ ਦਿੱਤਾ ਹੈ। ਪਿੱਛੇ ਜਿਹੇ ‘ਕੈਚ ਦਿ ਰੇਨ’ ਮੁਹਿੰਮ ਸ਼ੁਰੂ ਕੀਤੀ ਗਈ ਸੀ ਜਿਸ ਤਹਿਤ ਖ਼ਰਾਬ ਬੋਰਵੈੱਲ ਤੇ ਸੁੱਕੇ ਖੂਹ ਠੀਕ ਕਰਵਾ ਕੇ ਬਾਰਿਸ਼ ਦਾ ਪਾਣੀ ਧਰਤੀ ਹੇਠ ਭੇਜਿਆ ਜਾਣਾ ਸੀ। ਕੁਝ ਪਿੰਡਾਂ ਦੇ ਛੱਪੜ ਸਾਫ਼ ਤੇ ਡੂੰਘੇ ਕਰਵਾਏ ਗਏ ਸਨ ਪਰ ਨਤੀਜੇ ਅਜੇ ਸਾਹਮਣੇ ਨਹੀਂ ਆਏ। ਪਿੱਛੇ ਜਿਹੇ ਨੀਤੀ ਆਯੋਗ ਨੇ ਆਪਣੀ ਰਿਪੋਰਟ ਵਿਚ ਕਿਹਾ ਸੀ ਕਿ ਦੇਸ਼ ਦੀ ਆਬਾਦੀ ਦੇ 40% ਹਿੱਸੇ ਨੂੰ 2030 ਤਕ ਪਾਣੀ ਦੀ ਸਹਿਜ ਉਪਲਬਧਤਾ ਨਹੀਂ ਹੋਵੇਗੀ। ਪ੍ਰਧਾਨ ਮੰਤਰੀ ਜਲ ਮਿਸ਼ਨ ‘ਹਰ ਘਰ ਜਲ’ ਯੋਜਨਾ ਤਹਿਤ 2024 ਤਕ ਪੇਂਡੂ ਖੇਤਰ ਦੇ ਹਰ ਪਿੰਡ ਵਿਚ ਸਾਫ਼ ਪੀਣ ਵਾਲਾ ਪਾਣੀ ਮੁਹੱਈਆ ਹੋਣ ਦਾ ਵਾਅਦਾ ਕੀਤਾ ਗਿਆ ਹੈ। ਬਾੜਮੇੜ ਜ਼ਿਲ੍ਹੇ ਦੇ ਕਈ ਪਿੰਡਾਂ ਦੇ ਲੋਕਾਂ ਨੇ ਦੱਸਿਆ ਕਿ ਸਾਡੇ ਕੋਲ ਘਿਉ ਤਾਂ ਵੱਡੀ ਮਾਤਰਾ ਵਿਚ ਹੈ ਪਰ ਪਾਣੀ ਨਹੀਂ ਤਾਂ ਕਿ ਅਸੀਂ ਕੋਰੋਨਾ ਤੋਂ ਬਚਣ ਲਈ ਵਾਰ-ਵਾਰ ਹੱਥ ਧੋ ਸਕੀਏ’। ਪ੍ਰਾਚੀਨ ਕਾਲ ’ਚ ਬਰਸਾਤਾਂ ਵਿਚ ਜਦੋਂ ਨਦੀਆਂ ਦਾ ਪਾਣੀ ਉੱਛਲਦਾ ਸੀ ਤਾਂ ਵਾਧੂ ਪਾਣੀ ਨੂੰ ਕਿਨਾਰਿਆਂ ਨੇੜੇ ਬਣਾਈਆਂ ਬਾਉਲੀਆਂ, ਜਲਗਾਹਾਂ, ਖੂਹਾਂ ਅਤੇ ਤਲਾਬਾਂ ਆਦਿ ਵਿਚ ਸਮੇਟ ਲਿਆ ਜਾਂਦਾ ਸੀ। ਅੱਜ ਵੀ ਮਾਨਵ ਨਿਰਮਤ ਜਲ ਸਰੋਤਾਂ ਦੀ ਲੋੜ ਹੈ। ਆਓ! ਬਾਰਿਸ਼ ਦੇ ਪਾਣੀ ਨੂੰ ਭੰਡਾਰ ਕਰਨ ਪ੍ਰਤੀ ਸੁਚੇਤ ਹੋਈਏ।

ਮੁਖ਼ਤਾਰ ਗਿੱਲ

# My Literary Journey

## ● Avtar S. Sangha ●

I composed two small books of short fiction in English (1. Storm in a Tea Cup and Other Stories, 1982 2. The Harmonies in collaboration with another writer, 1988 ). I started my literary career with my first short story named ' Official Tour' in The Tribune , Chandigarh, dated November 6, 1983. The corruption from top to bottom in India is the theme of this story and it got overwhelming response from the readers at that time. Then The Tribune published my stories named ' The Stag' , 'Never Again , Please' ( April 15 , 1984 ), ' Tenants Extraordinary' ( June 16,1991), 'The Boys Also Speak Sense' ( September 8, 1991) , ' The Arranged Marriage' (March21,1993) and my articles entitled ' Portfolios in my College ' (March 10 , 1985), 'Hoshiarpur : A Town of Chos and Chaudharys' (February 4,1989), 'A Place called OTS', ' The Tailor in Me' , ' Down Memory Lane' and 'A Contemporary Writer in Hiding' (A middle piece in The Tribune in early nineteen-tees). These short stories were later selected by VIPULA , a Telegu Monthly of Hyderabad (A.P.) for publication.That Telegu journal sought permission from me through 'The Tribune' and translated them into Telegu. Then they were used in different editions of this journal. The editor of this journal also invited more creations from me. As a result, my stories like ' Marriage Gift ' , ' Visa ' , 'Serpentine Course', 'Delhi Again' and ' The Spy' were also used by that journal.

In 2000 I moved to Sydney with my family. In Sydney I became a regular columnist in a Punjabi newspaper and my column ' Sidni dian Railgaddian ' became very popular. This column continued for 14 long years. During the last three years I changed the name of this column as 'Dubbri ton Darling Harbour Tak'. I was concentrating on various aspects of the life of migrants in this column. My characters would meet in the train or on the railway platforms and would discuss a peculiar issue and then disappear. Light humour , satire and wit were also an integral part of this column. In 2009 I selected good articles and episodes from this column and provided them the shape of a book named ' Sidni dian Railgaddian'. In 2011, I published my first novel under the title ' Dilhu Mohabat Jin' (Lok Geet Parkashan, Chandigarh; now S.A.S. Nagar). It was beautifully reviewed by Om Parkash Gaso, a renowned novelist and prose writer of Punjabi in 'Daily Ajit Jalandhar'.This novel encompasses the purview of Canada , Australia and Punjab and the theme is unanimity and reformation in the villages. 'Sidni dian Railgaddian' was also reviewed by 'Punjabi Tribune' and 'Daily Ajit' . In 2013 came his anthology of short stories' Billauri Akhaan' ( Punj-aab Parkashan Jalandhar). It carries 18 short stories which portray the different aspects of social life.

I launched my own monthly news magazine named 'The Punjab Herald' (www.thepunjabhelard.com.au) in Feb. 2014 in Sydney. I have published many short stories , essays and articles in this magazine during the last four years. My latest stories in Punjabi like, 'Milni', Ruchi Da Ghora','Humsaaye', 'Ik Din Di Kamai', Sirnama', 'Akhri Poshaaq', 'Roongha', 'Vichara William', 'Jad Harnek Chinta Muqt Ho Gya', 'Sewa Singh Ho Ke Vee Sewa Karni Nahin Jande?', 'London Vali Bhooa', 'Girl Friend', 'City Father', 'Mamaji', 'Puro Da Putt' and 'Jafa Marwin te Lucy' got good response and acclaim from the readers. Some of these creations were published by some newspapers of USA. My second novel '.....te Prikhiya Chaldi Rahi (The Ongoing Test)' has also been appearing serial wise in 'The Punjab Herald' for last four years. This novel has three themes:1. Political saga of Punjab since the time of Britishers 2. Literally farcical situation of examinations in the colleges of Punjab during militancy 3. Love affair of two college lecturers while on duty as invigilators in an examination centre. My popular essays and articles are 'Jat Vee Hattian Karan Lagge', 'Telephone Te Ladai', 'Asin Ik di bijaye do do Hath Milande Han', 'Punjabi Sabhiyachar te Gora Sabhiyachar', 'Satinder Sartaj Di Samvedansheel Soch', 'Akhe Asi Parhe Likhe Hune Aan', 'Job Ton Jahaaj Taq', 'Anna Hajaare, Hor Samaj Sudharak te Bharti Dhancha', ' Sewamukt Sailani', 'Maa Boli Nu Koi Khaas Khatra Nahin', 'Sidni De Taxian Vale Bhaaji' and many more. I also write two one-act plays named 'Vichara William' and 'Vidya Vichari'.Lately I published three stories in English named 'Beyond Municipal Limits', 'Saaro' and 'The Dent' wich I culled from my diary of 1984 and 1985. A month ago I composed the story named 'In the Greener Pastures' wich portrays the contrast between Australian and Indian way of life. My interview of Om Parkash Gaso is also quite thought-provoking. My Ph.D thesis on American novelist Thomas Pynchon was the first thesis on this novelist in India when I completed my Ph.D degree in 1988. I was working as a lecturer in English in two colleges of Punjab University for 25 years before migrating to Australia in 2000.

I was invited by Dr. M. L. Sood of Ludhiana for writing an article on AGEING. I did so and my essay named AGEING : CAUTIOUSLY AND CONSCIENTIOUSLY is part of the book which is edited by him and is published in Singapore.

Now my new novel 'Te Prikhya Chaldi Rahi' is coming into the market in this month. It will be available at Azad Book Shop, Hall Bazar, Amritsar.








Specimens of some books and articles of Dr. Avtar S. Sangha.

KPG TAXATION

1300 KPG TAX
574 829
(02) 9064 4046

www.kpgtaxation.com.au

## Services

- Partnership & Trust Formation
- Small Business Planning
- Payroll Setup
- TFN & ABN Registration
- Income Tax Returns
- Book Keeping
- GST/BAS Statements
- Company Formation
- Accurate Business Advice



Scan to Contact Us

**KPG Taxation Blacktown**
29/15-17 Kildare Rd,
Blacktown NSW 2148

**Let us SOLVE all your TAX PROBLEMS!**

## OTHER BRANCHES

- Dandenong (Head Office)
- Derrimut
- Shepparton
- Melton
- Geelong
- Hobart (TAS)
- Pakenham
- Craigieburn
- South Morang

# Minhas & Co

Certified Practising Accountant



# Professional Accounting Services

for Individual and Businesses

Get a maximum tax refund you are legally entitled to.

Tax Return From

$69

## OUR SERVICES

- Tax Planning and Returns
- Financial Reports
- Bookkeeping and Payroll
- Company and Trust Setup
- SMSF Administration
- Business Structure Optimisation

*call for an appointment*

**1300 941 180**

CPA

Minhas & Co is a CPA Practice

myob PARTNER

xero BRONZE PARTNER CERTIFIED ADVISOR

Email: admin@minhas.com.au
Web: www.minhas.com.au

Address:
8/24-30 Flushcombe Rd,
Blacktown NSW 2148

Limited liability by a scheme approved under Professional Standards Legislation.